**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
*Jassi Gill*
CA DRE Lic.#01180969
CA DRE# 00966763

ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
*ਵਧੀਆ, ਸਾਫ ਆਵਾਜ਼
*ਬਗੈਰ ਪਿੰਨ ਤੋਂ ਵਰਤੋ
*ਸਪੀਡ ਵਾਲੇ ਨੰਬਰ ਸੈਟ ਕਰੋ
*ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
$25 2500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ
Limited Time Offer. Restrications & Additional Fees Apply.
800-914-1013 408-659-9400

ਵਧੀਆ ਅਤੇ ਸਸਤੀ ਇੰਸ਼ੋਰੈਂਸ
GILL FINANCIAL & INSURANCE SERVICES
AUTO | HOME | LIFE | BUSINESS | HEALTH
510-888-1180 WWW.GILLFINANCIAL.COM
SAVE UPTO $475!!!!
CALL TODAY FOR A FREE QUOTE!
ਕਾਰ, ਘਰ, ਲਿਕਰ ਸਟੋਰ ਅਤੇ ਬਿਜਨਸ ਇੰਸ਼ੋਰੈਂਸ



Fifteenth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 15, Issue 33, August 16, 2014 20451 N Plum Grove Rd., Palatine, IL 60074 Ph:847-359-0746, Fax:847-705-9388


# ਸਿੱਖਾਂ ਉਤੇ ਨਸਲੀ ਹਮਲਿਆਂ ਖਿਲਾਫ ਮੁਹਿੰਮ ਨੂੰ ਨਵਾਂ ਮੋੜਾ

## ਚੁਫੇਰਿਓਂ ਮਿਲੇ ਹੁੰਗਾਰੇ ਨੇ ਰਾਹ ਮੋਕਲਾ ਕੀਤਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਿਊ ਯਾਰਕ ਵਿਚ ਸਿੱਖਾਂ ਉਪਰ ਹੋਏ ਦੋ ਉਪਰੋਥਲੀ ਹਮਲਿਆਂ ਤੋਂ ਬਾਅਦ ਸਿੱਖ ਸ਼ਨਾਖਤ ਬਾਰੇ ਚਲਾਈ ਜਾ ਰਹੀ ਮੁਹਿੰਮ ਅਗਲੇ ਪੜਾਅ ਵਿਚ ਦਾਖਲ ਹੋ ਗਈ ਹੈ। ਇਸ ਮੁਹਿੰਮ ਨੂੰ ਹੁਣ ਅਮਰੀਕੀ ਸਿੱਖਾਂ ਅਤੇ ਸਿੱਖ ਸੰਸਥਾਵਾਂ ਨੇ ਹੋਰ ਮੋਕਲਾ ਕਰਨ ਦਾ ਫੈਸਲਾ ਕੀਤਾ ਹੈ। ਯਾਦ ਰਹੇ ਕਿ ਅਮਰੀਕਾ ਵਿਚ ਸਾਲ 2001 ਵਿਚ 9 ਸਤੰਬਰ ਨੂੰ ਹੋਏ ਦਹਿਸ਼ਤੀ ਹਮਲਿਆਂ ਤੋਂ ਬਾਅਦ ਸਿੱਖਾਂ ਉਤੇ ਲਗਾਤਾਰ ਨਸਲੀ ਹਮਲੇ ਹੋ ਰਹੇ ਹਨ। ਇਸ ਸਬੰਧ ਵਿਚ ਸਿੱਖ ਭਾਈਚਾਰੇ ਤੇ ਸਿੱਖ ਸੰਸਥਾਵਾਂ ਨੇ ਉਦੋਂ ਤੋਂ ਹੀ ਸਿੱਖ ਸ਼ਨਾਖਤ ਬਾਰੇ ਚੇਤਨਾ ਮੁਹਿੰਮ ਅਰੰਭੀ ਹੋਈ ਹੈ ਤਾਂ ਕਿ ਸਥਾਨਕ ਲੋਕਾਂ ਨੂੰ ਸਿੱਖਾਂ ਅਤੇ ਉਨ੍ਹਾਂ ਦੇ ਸਭਿਆਚਾਰ ਬਾਰੇ ਚੇਤੰਨ ਕੀਤਾ ਜਾ ਸਕੇ। ਇਸ ਚੇਤਨਾ ਮੁਹਿੰਮ ਵਿਚ ਵਿਅਕਤੀਗਤ ਪੱਧਰ ਉਤੇ ਲਗਾਤਾਰ ਪਹਿਰਾ ਦਿੱਤਾ ਜਾ ਰਿਹਾ ਹੈ ਅਤੇ ਅਮਰੀਕਾ ਵਿਚਲੇ ਗੁਰੂ ਘਰਾਂ ਵੱਲੋਂ ਵੀ ਇਸ ਮੁਹਿੰਮ ਵਿਚ ਉਚੇਚਾ ਯੋਗਦਾਨ ਪਾਇਆ ਜਾ ਰਿਹਾ ਹੈ।

ਨਿਊ ਯਾਰਕ ਵਿਚ ਸੰਦੀਪ ਸਿੰਘ ਉਤੇ ਹੋਏ ਹਮਲੇ ਨੂੰ ਅਮਰੀਕੀ ਮੀਡੀਆ ਨੇ ਵੀ ਮੁਕਾਬਲਤਨ ਸੰਜੀਦਾ ਢੰਗ ਨਾਲ ਲਿਆ ਹੈ। ਸਿੱਖ ਆਗੂਆਂ ਦਾ ਕਹਿਣਾ ਹੈ ਕਿ ਇਹ ਸਭ ਉਨ੍ਹਾਂ ਵੱਲੋਂ ਚਲਾਈ ਚੇਤਨਾ ਮੁਹਿੰਮ ਦਾ ਹੀ ਸਿੱਟਾ ਹੈ। ਸਿੱਖਾਂ ਦੀ ਸੰਸਥਾ ਸਿੱਖ ਕੁਲੀਸ਼ਨ ਨੇ ਸਿੱਖਾਂ ਨੂੰ ਨਸਲੀ ਅਪਰਾਧਾਂ ਦਾ ਸ਼ਿਕਾਰ ਬਣਾਏ ਜਾਣ ਖ਼ਿਲਾਫ਼ ਕਾਨੂੰਨੀ ਚਾਰਾਜ਼ੋਈ ਅਰੰਭ ਕਰਨ ਦਾ ਫ਼ੈਸਲਾ ਵੀ ਕੀਤਾ ਹੈ।

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

*(ਬਾਕੀ ਸਫਾ 6 ਉਤੇ)*




## ਰਾਜ ਸਭਾ ਵਿਚ ਵੀ ਮੁੱਦਾ ਗੂੰਜਿਆ

**ਨਵੀਂ ਦਿੱਲੀ:** ਰਾਜ ਸਭਾ ਵਿਚ ਪੰਜਾਬ ਨਾਲ ਸਬੰਧਤ ਕੁਝ ਮੈਂਬਰਾਂ ਨੇ ਅਮਰੀਕਾ, ਕੈਨੇਡਾ, ਪਾਕਿਸਤਾਨ ਤੇ ਅਫਗਾਨਿਸਤਾਨ ਵਿਚ ਸਿੱਖਾਂ 'ਤੇ ਹੋਏ ਹਮਲਿਆਂ ਬਾਰੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਬੰਧਤ ਸਰਕਾਰਾਂ ਕੋਲ ਇਹ ਮਾਮਲਾ ਉਠਾਉਣ ਲਈ ਕਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਮੈਂਬਰ ਬਲਵਿੰਦਰ ਸਿੰਘ ਭੂੰਦੜ ਨੇ ਸਿਫਰ ਕਾਲ ਦੌਰਾਨ ਇਹ ਮਾਮਲਾ ਉਠਾਉਂਦਿਆਂ ਕਿਹਾ ਕਿ ਅਮਰੀਕਾ ਅਤੇ ਪਾਕਿਸਤਾਨ ਜਿਹੇ ਦੇਸ਼ਾਂ ਵਿਚ ਘੱਟ-ਗਿਣਤੀ ਸਿੱਖਾਂ 'ਤੇ ਹਮਲੇ ਕੀਤੇ ਜਾ ਰਹੇ ਹਨ। ਕਈ ਸਿੱਖਾਂ ਨੂੰ ਤਾਂ ਇਨ੍ਹਾਂ ਨਫਰਤੀ ਹਮਲਿਆਂ ਵਿਚ ਜਾਨਾਂ ਵੀ ਗੁਆਉਣੀਆਂ ਪਈਆਂ ਹਨ। ਉਨ੍ਹਾਂ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਸਬੰਧਤ ਦੇਸ਼ਾਂ ਕੋਲ ਇਹ ਮਾਮਲਾ ਉਠਾ ਕੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ। ਸ. ਭੂੰਦੜ ਨੇ ਅਫਗਾਨਿਸਤਾਨ ਤੋਂ ਆਉਣ ਵਾਲੇ ਸਿੱਖਾਂ ਨੂੰ ਭਾਰਤ ਵਿਚ ਨਾਗਰਿਕਤਾ ਦੇ ਅਧਿਕਾਰ ਨਾ ਦਿੱਤੇ ਜਾਣ ਦਾ ਮੁੱਦਾ ਵੀ ਉਠਾਇਆ ਅਤੇ ਕਿਹਾ ਕਿ ਸਿੱਖਾਂ ਨੇ ਬਹੁਤ ਸਾਰੇ ਆਜ਼ਾਦੀ ਅੰਦੋਲਨਾਂ ਵਿਚ ਹਿੱਸਾ ਪਾਇਆ ਤੇ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

## 9/11 ਤੋਂ ਬਾਅਦ ਸਿੱਖਾਂ ਉਤੇ ਹੋਏ ਨਸਲੀ ਹਮਲੇ

**15 ਸਤੰਬਰ 2001:** 11 ਸਤੰਬਰ 2001 ਨੂੰ ਅਮਰੀਕਾ ਉਤੇ ਵੱਡੇ ਅਤਿਵਾਦੀ ਹਮਲਿਆਂ ਤੋਂ ਚਾਰ ਦਿਨ ਬਾਅਦ ਹੀ 49 ਸਾਲਾ ਬਲਬੀਰ ਸਿੰਘ ਸੋਢੀ ਉਤੇ ਮੈਸਾ (ਐਰੀਜ਼ੋਨਾ) ਵਿਖੇ ਇਕ ਪੈਟਰੋਲ ਪੰਪ ਦੇ ਬਾਹਰ ਹਮਲਾ ਕੀਤਾ ਗਿਆ। ਇਸ ਹਮਲੇ ਵਿਚ ਉਸ ਦੀ ਮੌਤ ਹੋ ਗਈ।

**18 ਨਵੰਬਰ 2001:** ਤਿੰਨ ਕਿਸ਼ੋਰ ਉਮਰ ਦੇ ਮੁੰਡਿਆਂ ਨੇ ਨਿਊ ਯਾਰਕ ਵਿਚ ਪਲੇਰਮੋ ਵਿਖੇ ਗੁਰਦੁਆਰਾ ਗੋਬਿੰਦ ਸਦਨ ਵਿਚ ਅੱਗ ਲਾਉਣ ਦੀ ਕੋਸ਼ਿਸ਼ ਕੀਤੀ।

**12 ਦਸੰਬਰ 2001:** ਲਾਸ ਏਂਜਲਸ (ਕੈਲੀਫੋਰਨੀਆ) ਵਿਚ ਇਕ ਲਿੱਕਰ ਸਟੋਰ ਦੇ ਮਾਲਕ ਸੁਰਿੰਦਰ ਸਿੰਘ ਉਤੇ ਹਮਲਾ ਕੀਤਾ ਗਿਆ।

**6 ਅਗਸਤ 2002:** ਬਲਬੀਰ ਸਿੰਘ ਸੋਢੀ ਦੇ ਭਰਾ ਸੁਖਪਾਲ ਸਿੰਘ ਉਤੇ ਡਾਲੀ ਸਿਟੀ (ਕੈਲੀਫੋਰਨੀਆ) 'ਚ ਹਮਲਾ ਕਰ ਦਿੱਤਾ ਗਿਆ। ਹਮਲੇ ਵੇਲੇ ਉਹ ਆਪਣੀ ਕਾਰ ਚਲਾ ਰਿਹਾ ਸੀ।

**20 ਮਈ 2003:** ਫੀਨਿਕਸ (ਐਰੀਜ਼ੋਨਾ) ਵਿਚ 52 ਸਾਲਾ ਟਰੱਕ ਡਰਾਇਵਰ ਅਵਤਾਰ ਸਿੰਘ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਗਿਆ।

**25 ਸਤੰਬਰ 2003:** ਟੈਂਪਲ (ਐਰੀਜ਼ੋਨਾ) ਵਿਚ 33 ਸਾਲਾ ਸੁਖਬੀਰ ਸਿੰਘ ਉਤੇ ਚਾਕੂ ਨਾਲ ਹਮਲਾ ਕਰ ਕੇ ਉਸ ਨੂੰ ਮਾਰ ਦਿੱਤਾ ਗਿਆ।

**13 ਮਾਰਚ 2004:** ਫਰਿਜ਼ਨੋ (ਕੈਲੀਫੋਰਨੀਆ) ਦੇ ਇਕ ਗੁਰਦੁਆਰੇ ਵਿਚ ਭੰਨਤੋੜ।

**12 ਜੁਲਾਈ 2004:** ਨਿਊ ਯਾਰਕ ਵਿਚ ਰਜਿੰਦਰ ਸਿੰਘ ਖਾਲਸਾ ਅਤੇ ਗੁਰਚਰਨ ਸਿੰਘ ਦੀ ਕੁੱਟਮਾਰ।

**24 ਮਈ 2007:** ਕੁਈਨਜ਼ (ਨਿਊ ਯਾਰਕ) ਵਿਚ 15 ਸਾਲਾ ਵਿਦਿਆਰਥੀ ਨੂੰ ਉਸੇ ਸਕੂਲ ਦੇ ਇਕ ਵਿਦਿਆਰਥੀ ਨੇ ਵਾਲਾਂ ਤੋਂ ਫੜ ਕੇ ਧੂਹਿਆ।

**14 ਜਨਵਰੀ 2008:** ਨਿਊ ਯਾਰਕ ਦੀ ਨਿਊ ਹਾਈਡ ਪਾਰਕ ਵਿਚ 63 ਸਾਲਾ ਬਲਜੀਤ ਸਿੰਘ ਉਤੇ ਹਮਲਾ।

**4 ਅਗਸਤ 2008:** ਫੀਨਿਕਸ (ਐਰੀਜ਼ੋਨਾ) ਵਿਚ ਗੋਲੀ ਮਾਰ ਕੇ ਇੰਦਰਜੀਤ ਸਿੰਘ ਜੱਸਲ ਦੀ ਹੱਤਿਆ।

**29 ਅਕਤੂਬਰ 2008:** ਨਿਊ ਜਰਸੀ ਵਿਚ ਅਜੀਤ ਸਿੰਘ ਚੀਮਾ ਉਤੇ ਹਮਲਾ।

**30 ਜਨਵਰੀ 2009:** ਕੁਈਨਜ਼ ਵਿਚ ਜਸਮੇਰ ਸਿੰਘ ਉਤੇ ਹਮਲਾ।

**29 ਨਵੰਬਰ 2010:** ਸੈਕਰਾਮੈਂਟੋ ਵਿਚ ਕੈਬ ਡਰਾਈਵਰ ਹਰਭਜਨ ਸਿੰਘ ਉਤੇ ਹਮਲਾ।

**6 ਫਰਵਰੀ 2012:** ਸਟਰਲਿੰਗ ਹਾਈਟਸ (ਮਿਸ਼ੀਗਨ) ਦੇ ਗੁਰਦੁਆਰੇ ਵਿਚ ਬੁਰਛਾਗਰਦੀ।

**5 ਅਗਸਤ 2012:** ਓਕ ਕਰੀਕ (ਵਿਸਕਾਨਸਿਨ) ਦੇ ਗੁਰਦੁਆਰੇ ਵਿਚ 6 ਸਿੱਖ ਸ਼ਰਧਾਲੂਆਂ ਦੀ ਹੱਤਿਆ।

**5 ਅਗਸਤ 2014:** ਨਿਊ ਯਾਰਕ ਵਿਚ ਸਿੱਖ ਨੌਜਵਾਨ ਸੰਦੀਪ ਸਿੰਘ ਉਤੇ ਟਰੱਕ ਚੜ੍ਹਾਇਆ।

**7 ਅਗਸਤ 2014:** ਕੁਈਨਜ਼ ਵਿਚ ਸਿੱਖ ਮਾਂ-ਪੁੱਤ 'ਤੇ ਹਮਲਾ।


REAL ESTATE & HOME LOANS
✓ Low Interest Rate
✓ 3.5% Down Payment
✓ Free Credit Report
✓ Free Pre-Approval
ਸਾਡੀ ਆਪਣੀ ਮਾਰਗੇਜ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL Broker / Associate
Century 21
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja SWEETS & CATERING
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chafing Dishes, China & Silverware, Linen Rental, Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra *Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਪੰਜਾਬ ਦੀ ਹਿਨਾ ਸਿੱਧੂ ਸਮੇਤ 15 ਖਿਡਾਰੀਆਂ ਦੀ ਅਰਜੁਨ ਪੁਰਸਕਾਰਾਂ ਲਈ ਚੋਣ

**ਨਵੀਂ ਦਿੱਲੀ:** ਸਰਕਾਰ ਨੇ ਪੰਜਾਬ ਦੀ ਨਿਸ਼ਾਨੇਬਾਜ਼ ਹਿਨਾ ਸਿੱਧੂ ਸਮੇਤ 15 ਖਿਡਾਰੀਆਂ ਨੂੰ ਅਰਜੁਨ ਪੁਰਸਕਾਰਾਂ ਦੇਣ ਦਾ ਐਲਾਨ ਕਰ ਦਿੱਤਾ ਹੈ। ਇਹ ਪੁਰਸਕਾਰ 29 ਅਗਸਤ ਨੂੰ ਰਾਸ਼ਟਰਪਤੀ ਭਵਨ ਵਿਚ ਕੌਮੀ ਖੇਡ ਦਿਵਸ ਵਾਲੇ ਦਿਨ ਦਿੱਤੇ ਜਾਣਗੇ। ਅਰਜੁਨ ਪੁਰਸਕਾਰ ਵਿਚ ਇਕ ਸਨਮਾਨ ਚਿੰਨ੍ਹ, ਮਾਣ ਪੱਤਰ, ਸਮਾਰੋਹ ਦੀ ਪੁਸ਼ਾਕ ਤੇ ਪੰਜ ਲੱਖ ਰੁਪਏ ਦਾ ਚੈੱਕ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਦੇਣ ਮੌਕੇ ਸਾਲ 2010 ਤੋਂ 2013 ਤੱਕ ਦੇ ਚਾਰ ਸਾਲ ਦੇ ਪ੍ਰਦਰਸ਼ਨ ਦਾ ਮੁਲੰਕਣ ਕੀਤਾ ਗਿਆ ਹੈ।

ਅਰਜੁਨ ਪੁਰਸਕਾਰ ਹਾਸਲ ਕਰਨ ਵਾਲਿਆਂ ਵਿਚ ਕ੍ਰਿਕਟ ਸਟਾਰ ਆਰ ਅਸ਼ਵਿਨ ਵੀ ਸ਼ਾਮਲ ਹੈ। ਉਹ ਹੁਣੇ-ਹੁਣੇ ਅੰਤਰਰਾਸ਼ਟਰੀ ਕ੍ਰਿਕਟ ਕੌਂਸਲ ਦੀ ਆਲਮੀ ਦਰਜਾਬੰਦੀ ਮੁਤਾਬਕ ਵਿਸ਼ਵ ਦਾ ਨੰਬਰ ਇਕ ਹਰਫਨਮੌਲਾ ਖਿਡਾਰੀ ਬਣ ਗਿਆ ਹੈ। ਇਸ ਵਾਰ ਕਿਸੇ ਵੀ ਖਿਡਾਰੀ ਨੂੰ ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ ਲਈ ਨਹੀਂ ਵਿਚਾਰਿਆ ਗਿਆ।



ਹਿਨਾ ਸਿੱਧੂ

ਅਰਜੁਨ ਪੁਰਸਕਾਰ ਹਾਸਲ ਕਰਨ ਵਾਲਿਆਂ ਵਿਚ ਹਿਨਾ ਸਿੱਧੂ (ਨਿਸ਼ਾਨੇਬਾਜ਼ੀ), ਆਰ ਅਸ਼ਵਿਨ (ਕ੍ਰਿਕਟ), ਅਖਿਲੇਸ਼ ਵਰਮਾ (ਤੀਰਅੰਦਾਜ਼ੀ), ਟਿੰਟੂ ਲੂਕਾ (ਅਥਲੈਟਿਕਸ), ਐਚ.ਐਨ. ਗਿਰੀਸ਼ਾ (ਪੈਰਾਲੰਪਿਕ) ਵੀ ਦੀਜੂ (ਬੈਡਮਿੰਟਨ), ਗੀਤੂ ਆਨ ਜੋਸ (ਬਾਸਕਟਬਾਲ), ਜੈ ਭਗਵਾਨ (ਮੁੱਕੇਬਾਜ਼ੀ), ਅਨਿਬਾਰਨ ਲਹਿੜੀ (ਮੁੱਕੇਬਾਜ਼ੀ), ਮਮਤਾ ਪੁਜਾਰੀ (ਕਬੱਡੀ), ਸਾਜੀ ਥਾਮਸ (ਰੋਇੰਗ), ਅਨਾਕਾ ਅਲੰਕਾਮੋਨੀ (ਸਕੁਐਸ਼), ਟੌਮ ਜੋਸਫ (ਵਾਲੀਬਾਲ), ਰੇਨੂਬਾਲਾ ਚਾਨੂ (ਵੇਟਲਿਫਟਿੰਗ) ਤੇ ਸੁਨੀਲ ਰਾਣਾ (ਕੁਸ਼ਤੀ) ਦੇ ਨਾਂ ਸ਼ਾਮਲ ਹਨ।

ਖੇਡ ਪੁਰਸਕਾਰਾਂ ਬਾਰੇ ਚੋਣ ਕਮੇਟੀ ਦੇ ਇਕ ਮੈਂਬਰ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਚੋਣ ਕਮੇਟੀ ਨੇ ਰਾਜੀਵ ਖੇਲ ਰਤਨ ਪੁਰਸਕਾਰ ਲਈ ਆਏ ਸੱਤ ਨਾਵਾਂ ਉੱਤੇ ਚਰਚਾ ਕੀਤੀ ਪਰ ਕਿਸੇ ਵੀ ਨਾਂ ਉੱਤੇ ਸਹਿਮਤੀ ਨਹੀਂ ਬਣੀ ਤੇ ਕਿਸੇ ਨੂੰ ਵੀ ਪੁਰਸਕਾਰ ਦੇ ਯੋਗ ਨਹੀਂ ਮੰਨਿਆ ਗਿਆ। ਕਪਿਲ ਦੇਵ ਦੀ ਅਗਵਾਈ 'ਚ ਕਮੇਟੀ ਵਿਚ ਖੇਲ ਰਤਨ ਪੁਰਸਕਾਰ ਲਈ ਜੀਵ ਮਿਲਖਾ ਸਿੰਘ ਦੇ ਨਾਂ ਉੱਤੇ ਕਾਫੀ ਚਰਚਾ ਹੋਈ ਆਖਿਰ ਨੂੰ ਸਹਿਮਤੀ ਨਹੀਂ ਬਣੀ।

## ਜਾਅਲੀ ਵੀਜ਼ੇ ਲਗਾਉਣ ਵਾਲਾ ਭਾਰਤੀ ਜੋੜਾ ਫ਼ਰਾਰ

**ਮੈਲਬਰਨ:** ਆਸਟਰੇਲੀਅਨ ਇਮੀਗਰੇਸ਼ਨ ਵਿਭਾਗ ਵਿਚ ਕੰਮ ਕਰ ਰਹੀ ਭਾਰਤੀ ਮਹਿਲਾ 'ਤੇ ਦੋਸ਼ ਲੱਗੇ ਹਨ ਕਿ ਉਹ ਪਤੀ ਨਾਲ ਮਿਲ ਕੇ ਮੁਲਕ ਵਿਚ ਜਾਅਲੀ ਵੀਜ਼ੇ ਲਗਾਉਣ ਦਾ ਧੰਦਾ ਚਲਾਉਂਦੇ ਰਹੇ ਹਨ। ਰੀਤੀਕਾ ਅਜਾਨ ਤੇ ਉਸ ਦਾ ਪਤੀ ਜਤਿੰਦਰ 2011 ਵਿਚ ਛਾਪਾ ਪੈਣ ਤੋਂ ਬਾਅਦ 10 ਲੱਖ ਡਾਲਰ ਤੋਂ ਵੱਧ ਦੀ ਰਕਮ ਲੈ ਕੇ ਭਾਰਤ ਫਰਾਰ ਹੋ ਗਏ ਸਨ।

ਫੇਅਰਫੈਕਸ ਮੀਡੀਆ ਮੁਤਾਬਕ ਇਹ ਜੋੜਾ ਨਵੀਂ ਦਿੱਲੀ ਵਿਚ ਰਹਿ ਰਿਹਾ ਹੈ। ਰਿਪੋਰਟ ਮੁਤਾਬਕ ਰੀਤੀਕਾ 'ਤੇ ਧੋਖਾਧੜੀ, ਚੋਰੀ ਤੇ ਹੋਰ ਇਲਜ਼ਾਮਾਂ ਤਹਿਤ ਕੇਸ ਚੱਲ ਸਕਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰੀਤੀਕਾ ਦਾ 30 ਲੱਖ ਡਾਲਰ ਮਾਈਗਰੇਸ਼ਨ ਦਾ ਕਾਰੋਬਾਰ ਸੀ ਜੋ ਉਸ ਦਾ ਪਤੀ ਤੇ ਪਰਵਾਸ ਏਜੰਟ ਮਹੀਮਨ ਸੋਢਾਨੀ ਚਲਾਉਂਦੇ ਸਨ। ਇਹ ਘੁਟਾਲਾ ਉਸ ਸਮੇਂ ਸਾਹਮਣੇ ਆਇਆ ਜਦੋਂ ਪਰਵਾਸ ਮੰਤਰੀ ਸਕੌਟ ਮੌਰੀਸਨ ਨੇ ਵੀਜ਼ਾ ਜਾਅਲਸਾਜ਼ੀ ਤੇ ਪਰਵਾਸ ਅਪਰਾਧਾਂ ਦੇ ਲੱਗ ਰਹੇ ਦੋਸ਼ਾਂ ਤੋਂ ਬਾਅਦ ਆਪਣੇ ਵਿਭਾਗ ਤੋਂ ਰਿਪੋਰਟ ਮੰਗੀ ਸੀ।

## ਭਾਰਤ-ਆਸੀਆਨ ਮੁਕਤ ਵਪਾਰ ਸਮਝੌਤਾ ਇਸੇ ਮਹੀਨੇ ਸਹੀਬੰਦ ਹੋਣ ਦੀ ਉਮੀਦ

**ਨੇਅ ਪਾਇ ਤਾਅ (ਮਿਆਂਮਾਰ):** ਭਾਰਤ ਤੇ ਆਸੀਆਨ ਦੇ 10 ਮੁਲਕਾਂ ਦਰਮਿਆਨ ਇਥੇ ਇਸ ਮਹੀਨੇ ਦੇ ਅਖੀਰ ਵਿਚ ਹੋਣ ਵਾਲੇ ਸੰਮੇਲਨ ਦੌਰਾਨ ਸੇਵਾਵਾਂ ਤੇ ਨਿਵੇਸ਼ ਬਾਰੇ ਖੁੱਲ੍ਹਾ ਵਪਾਰ ਸਮਝੌਤਾ ਸਹੀਬੰਦ ਹੋਣ ਦੀ ਉਮੀਦ ਹੈ। ਆਸੀਆਨ ਦੇ ਵਿਦੇਸ਼ ਮੰਤਰੀਆਂ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨੇ ਉਮੀਦ ਜ਼ਾਹਰ ਕੀਤੀ ਹੈ ਕਿ 25 ਅਗਸਤ ਤੋਂ ਭਾਰਤ ਤੇ ਆਸੀਆਨ ਦੇ ਆਰਥਿਕ ਤੇ ਵਪਾਰ ਮੰਤਰੀਆਂ ਦੀ ਸ਼ੁਰੂ ਹੋਣ ਵਾਲੀ ਚਾਰ ਰੋਜ਼ਾ ਮੀਟਿੰਗ ਦੌਰਾਨ ਸਮਝੌਤੇ 'ਤੇ ਸਹੀ ਪਾਈ ਜਾਵੇਗੀ। ਭਾਰਤ-ਆਸੀਆਨ ਵਿਦੇਸ਼ ਮੰਤਰੀਆਂ ਦੀ ਮੁਲਾਕਾਤ ਤੋਂ ਬਾਅਦ ਇਸਜੁੱਟ ਨੇ ਇਕ ਬਿਆਨ ਵਿਚ ਦੱਸਿਆ ਕਿ ਉਸ ਨੂੰ ਇਸ ਮਹੀਨੇ ਦੇ ਅਖੀਰ ਵਿਚ ਸੇਵਾਵਾਂ ਤੇ ਨਿਵੇਸ਼ ਬਾਰੇ ਆਸੀਆਨ-ਭਾਰਤ ਮੁਕਤ ਵਪਾਰ ਸਮਝੌਤਾ ਸਹੀਬੰਦ ਹੋਣ ਦੀ ਆਸ ਹੈ।

## ਕੁਦਰਤੀ ਆਫ਼ਤਾਂ ਬਾਰੇ ਜਾਣਕਾਰੀ ਦੇਵੇਗਾ ਚੀਨ ਦਾ ਨਵਾਂ ਉਪਗ੍ਰਹਿ

**ਪੇਇਚਿੰਗ:** ਚੀਨ ਨੇ ਇਕ ਅਤਿ ਆਧੁਨਿਕ ਉਪ ਗ੍ਰਹਿ ਦਾਗਿਆ। ਇਹ ਉਪ ਗ੍ਰਹਿ ਵਿਗਿਆਨਕ ਤਜਰਬੇ ਕਰਨ ਤੇ ਕੁਦਰਤੀ ਆਫ਼ਤਾਂ ਬਾਰੇ ਅਗਾਊਂ ਜਾਣਕਾਰੀ ਦੇਣ ਵਿਚ ਸਹਾਈ ਸਿੱਧ ਹੋਵੇਗਾ। ਇਸ ਉਪ ਗ੍ਰਹਿ ਨੂੰ ਰਿਮੋਟ ਨਾਲ ਕੰਟਰੋਲ ਕੀਤਾ ਜਾ ਸਕੇਗਾ। ਇਹ ਉਪ ਗ੍ਰਹਿ ਚੀਨ ਦੇ ਉੱਤਰ-ਪੱਛਮੀ ਗੋਬੀ ਰੇਗਿਸਤਾਨ ਵਿਚ ਸਥਿਤ ਜਿਕੁਆਨ ਉਪ ਗ੍ਰਹਿ ਪੁਲਾੜ ਕੇਂਦਰ ਤੋਂ ਸਥਾਨਕ ਸਮੇਂ ਮੁਤਾਬਕ 1.45 ਵਜੇ ਦਾਗਿਆ ਗਿਆ।

ਇਹ ਜਾਣਕਾਰੀ ਉਪ ਗ੍ਰਹਿ ਰੇਂਜ ਦੇ ਸੂਤਰਾਂ ਨੇ ਦਿੱਤੀ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ ਇਸ ਉਪ ਗ੍ਰਹਿ ਦੀ ਵਰਤੋਂ ਵਿਗਿਆਨਕ ਤਜਰਬੇ ਕਰਨ ਲਈ ਕੀਤੀ ਜਾਵੇਗੀ।

# ਆਸਕਰ ਇਨਾਮ ਜੇਤੂ ਅਦਾਕਾਰ ਰੌਬਿਨ ਵਿਲੀਅਮਜ਼ ਦਾ ਦੇਹਾਂਤ

**ਲਾਸ ਏਂਜਲਸ:** ਆਸਕਰ ਜੇਤੂ ਅਦਾਕਾਰ ਕਾਮੇਡੀਅਨ ਰੌਬਿਨ ਵਿਲੀਅਮਜ਼ ਦੀ ਇਥੇ ਮੌਤ ਹੋ ਗਈ ਜੋ ਮੁੱਢਲੇ ਰੂਪ ਵਿਚ ਖੁਦਕੁਸ਼ੀ ਜਾਪਦੀ ਹੈ। 'ਗੁੱਡ ਵਿੱਲ ਹਟਿੰਗ', 'ਡੈੱਡ ਪੋਇਟਸ ਸੁਸਾਇਟੀ' ਤੇ 'ਗੁੱਡ ਮਾਰਨਿੰਗ ਵੀਅਤਨਾਮ' ਜਿਹੀਆਂ ਫਿਲਮਾਂ ਵਿਚ ਉਨ੍ਹਾਂ ਨੇ ਯਾਦਗਾਰੀ ਭੂਮਿਕਾ ਨਿਭਾਈ ਸੀ।

ਮੇਰੀਨ ਕਾਊਂਟੀ ਕੈਲੀਫੋਰਨੀਆ ਦੀ ਪੁਲਿਸ ਅਨੁਸਾਰ 63 ਸਾਲਾ ਵਿਲੀਅਮਜ਼ ਤਿਬਰਨ ਸਥਿਤ ਆਪਣੇ ਘਰ 'ਚ ਬੇਹੋਸ਼ ਪਿਆ ਮਿਲਿਆ ਸੀ ਤੇ ਉਸ ਨੂੰ ਸਾਹ ਨਹੀਂ ਆ ਰਿਹਾ ਸੀ। ਉਸ ਦੀ ਪ੍ਰਚਾਰਕ ਮਾਰਾ ਬਲਸਬਾਮ ਅਨੁਸਾਰ ਉਹ ਪਿਛਲੇ ਕੁਝ ਸਮੇਂ ਤੋਂ ਡਿਪਰੈਸ਼ਨ ਵਿਚ ਸੀ। ਉਸ ਦੀ ਪਤਨੀ ਸੁਜ਼ੈਨ ਸ਼ੈਨੇਡਰ ਨੇ ਕਿਹਾ ਕਿ ਉਸ ਨੇ ਸਵੇਰੇ ਆਪਣਾ ਪਤੀ, ਆਪਣਾ ਸਭ ਤੋਂ ਵਧੀਆ ਦੋਸਤ ਗੁਆ ਲਿਆ ਹੈ ਜਦਕਿ ਦੁਨੀਆਂ ਨੇ ਆਪਣਾ ਇਕ ਪਿਆਰਾ ਕਲਾਕਾਰ ਤੇ ਖ਼ੂਬਸੂਰਤ ਇਨਸਾਨ ਗੁਆ ਲਿਆ ਹੈ।




Harmit Toor

Professional Real Estate Services

For a Real Estate Broker with an in-depth knowledge of both the area and market, contact Harmit Toor!

925.202.7027 hdtoor@gmail.com

WWW.MissionPeakBrokers.Com

Broker Associate
BRE Lic. #01462579
NMLS #358820

For Buying/Selling Home, Business & Loans

550 Credit Scores FHA Purchase Loans Available

Serving Bay Area and Central Valley Over 10 Years

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈਂ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Since 1990

PCS SACRAMENTO (USA)

Presents

Non Profit

14ਵੀਆਂ

ਤੀਆਂ

TEEYAN

On Sunday, the 17th AUGUST 2014

At 1.00 P. M.

AT

S.E.S. Hall

10427 E. STOCKTON BLVD.
ELK GROVE, CA 95624



Featuring : Songs, Gidha, Dances, Skits, D.J. and Much More

ALL LADIES AND GIRLS ARE INVITED

ORGANIZING COMMITTEE

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

For Participation\ & Stalls Please Call : Mandeep Pharwala @ 916-212-1826, Rashpal Parhar @ 730-7191, Baldev Kaur @ 996-2010

Email: palpharwala@yahoo.com | Website : www.sacpcs.com

ਐਂਟਰੀ ਬਿਲਕੁਲ ਮੁਫ਼ਤ No Cameras Will Be Allowed Inside The Hall ਵੱਲੋਂ : ਪ੍ਰਬੰਧਕ ਕਮੇਟੀ

# ਜ਼ਿਮਨੀ ਚੋਣਾਂ 'ਚ ਵੀ ਭਾਰੂ ਹੋਇਆ ਪੰਜਾਬ ਕਾਂਗਰਸ ਦਾ ਆਪਸੀ ਕਲੇਸ਼

**ਚੰਡੀਗੜ੍ਹ:** ਆਪਸੀ ਫੁੱਟ ਕਾਰਨ ਕਈ ਚੋਣਾਂ ਵਿਚ ਹਾਰ ਦਾ ਮੂੰਹ ਦੇਖ ਚੁੱਕੀ ਪੰਜਾਬ ਕਾਂਗਰਸ 21 ਅਗਸਤ ਨੂੰ ਸੂਬੇ ਦੇ ਦੋ ਵਿਧਾਨ ਸਭਾ ਹਲਕਿਆਂ ਵਿਚ ਹੋ ਰਹੀ ਚੋਣ ਦੌਰਾਨ ਵੀ ਆਪਣੇ ਕਲੇਸ਼ ਦਾ ਖੁੱਲ੍ਹ ਕੇ ਮੁਜ਼ਾਹਰਾ ਕਰ ਰਹੀ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਿਥੇ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਵਿਖੇ ਚੋਣ ਪ੍ਰਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਉਥੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਵੀ ਪਟਿਆਲਾ ਵਿਧਾਨ ਸਭਾ ਹਲਕੇ ਵਿਚ ਚੋਣ ਪ੍ਰਚਾਰ ਕਰਨ ਦੀ ਕੋਈ ਸੰਭਾਵਨਾ ਨਹੀਂ ਹੈ।

ਚੋਣ ਪ੍ਰਕਿਰਿਆ ਦੇ ਮੁੱਢ ਵਿਚ ਹੀ ਕੈਪਟਨ ਵੱਲੋਂ ਇਹ ਕਹਿ ਕੇ ਫੁੱਟ ਦਾ ਮੁਜ਼ਾਹਰਾ ਕਰ ਦਿੱਤਾ ਗਿਆ ਸੀ ਕਿ ਉਹ ਸਿਰਫ ਪਟਿਆਲੇ ਦੀ ਵਿਧਾਨ ਸਭਾ ਸੀਟ ਲਈ ਚੋਣ ਪ੍ਰਚਾਰ ਕਰਨਗੇ ਤੇ ਤਲਵੰਡੀ ਸਾਬੋ ਦੀ ਸੀਟ ਸ. ਬਾਜਵਾ ਆਪ ਦੇਖਣ। ਕੈਪਟਨ ਖੇਮੇ ਦੇ ਤਕਰੀਬਨ ਸਾਰੇ ਵਿਧਾਇਕ ਤੇ ਆਗੂ ਵੀ ਸਿਰਫ ਪਟਿਆਲਾ ਵਿਧਾਨ ਸਭਾ ਸੀਟ ਲਈ ਹੀ ਪ੍ਰਚਾਰ ਕਰਨ ਤੱਕ ਸੀਮਤ ਹਨ। ਇਸ ਕਾਰਨ ਇਨ੍ਹਾਂ ਜ਼ਿਮਨੀ ਚੋਣਾਂ ਦੌਰਾਨ ਵੀ ਪੰਜਾਬ ਕਾਂਗਰਸ ਵਿਚ ਸਮੁੱਚੀ ਪਾਰਟੀ ਵੱਲੋਂ ਇਕਜੁੱਟਤਾ ਨਾਲ ਪ੍ਰਚਾਰ ਕਰਨ ਦੀ ਥਾਂ ਨਿੱਜ ਭਾਰੂ ਹੈ।

ਇਸ ਵਰਤਾਰੇ 'ਤੇ ਕਾਂਗਰਸ ਦੀ ਹਾਈਕਮਾਂਡ ਵੀ ਬੇਵੱਸ ਹੋਈ ਖ਼ਾਮੋਸ਼ ਹੈ। ਸੂਤਰਾਂ ਮੁਤਾਬਕ ਪੰਜਾਬ ਕਾਂਗਰਸ ਦੀਆਂ ਕੁਝ ਧਿਰਾਂ ਵੱਲੋਂ ਤਲਵੰਡੀ ਸਾਬੋ ਤੇ ਪਟਿਆਲਾ ਵਿਧਾਨ ਸਭਾ ਹਲਕਿਆਂ ਵਿਚ ਬਰਾਬਰ ਚੋਣ ਪ੍ਰਚਾਰ ਚਲਾਉਣ ਲਈ ਹਾਈਕਮਾਂਡ ਕੋਲ ਗੁਹਾਰ ਲਾਈ ਗਈ ਹੈ ਪਰ ਚੋਣਾਂ ਵਿਚ ਸਿਰਫ ਨੌਂ ਦਿਨ ਹੀ ਬਾਕੀ ਰਹਿ ਜਾਣ


ਕੈਪਟਨ ਅਮਰਿੰਦਰ ਸਿੰਘ


ਪ੍ਰਤਾਪ ਸਿੰਘ ਬਾਜਵਾ

ਦੇ ਬਾਵਜੂਦ ਹਾਈਕਮਾਂਡ ਇਸ ਦਾ ਕੋਈ ਹੱਲ ਨਹੀਂ ਕੱਢ ਸਕੀ। ਦੱਸਣਯੋਗ ਹੈ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਚੋਣ ਜਿੱਤਣ ਤੋਂ ਬਾਅਦ ਕੈਪਟਨ ਨੇ ਪਟਿਆਲਾ ਵਿਧਾਨ ਸਭਾ ਸੀਟ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹੁਣ ਇਸ ਸੀਟ ਤੋਂ ਉਨ੍ਹਾਂ ਦੀ ਪਤਨੀ ਤੇ ਸਾਬਕਾ ਕੇਂਦਰੀ ਰਾਜ ਮੰਤਰੀ ਪ੍ਰਨੀਤ ਕੌਰ ਚੋਣ ਲੜ ਰਹੇ ਹਨ। ਇਸੇ ਤਰ੍ਹਾਂ ਹੀ ਲੋਕ ਸਭਾ ਚੋਣਾਂ ਦੌਰਾਨ ਵੀ ਕਾਂਗਰਸੀ ਆਗੂ ਇਕਸੁਰਤਾ ਨਾਲ ਸੂਬੇ ਵਿਚ ਚੋਣ ਪ੍ਰਚਾਰ ਕਰਨ ਦੀ ਥਾਂ ਆਪਣੇ ਚਹੇਤਿਆਂ ਦੇ ਚੋਣ ਪ੍ਰਚਾਰ ਤੱਕ ਸੀਮਤ ਰਹੇ ਸੀ।

ਲੋਕ ਸਭਾ ਚੋਣਾਂ ਦੌਰਾਨ ਜਿਥੇ ਕੈਪਟਨ ਗੁਰਦਾਸਪੁਰ ਹਲਕੇ ਵਿਚ ਸ. ਬਾਜਵਾ ਦੀ ਹਮਾਇਤ 'ਤੇ ਨਹੀਂ ਗਏ ਸਨ, ਉਸੇ ਤਰ੍ਹਾਂ ਸ. ਬਾਜਵਾ ਵੀ ਅੰਮ੍ਰਿਤਸਰ ਵਿਚ ਕੈਪਟਨ ਦੀ ਹਮਾਇਤ ਵਿਚ ਚੋਣ ਪ੍ਰਚਾਰ ਕਰਨ ਲਈ ਨਹੀਂ ਗਏ ਸਨ। ਦੂਜੇ ਪਾਸੇ ਸ. ਬਾਜਵਾ ਤਲਵੰਡੀ ਸਾਬੋ ਵਿਖੇ ਪਾਰਟੀ ਦੇ ਉਮੀਦਵਾਰ ਹਰਮਿੰਦਰ ਸਿੰਘ ਜੱਸੀ ਦੇ ਚੋਣ ਪ੍ਰਚਾਰ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਪਿਛਲੇ ਕੁਝ ਦਿਨਾਂ ਤੋਂ ਉਥੇ ਹੀ ਡੇਰੇ ਲਾਏ ਹੋਏ ਹਨ।

ਸ. ਬਾਜਵਾ ਦਾ ਕਹਿਣਾ ਹੈ ਕਿ ਉਹ ਪੂਰਾ ਯਤਨ ਕਰ ਰਹੇ ਹਨ ਕਿ ਪਾਰਟੀ ਦੇ ਹਰੇਕ ਪੱਧਰ ਦੇ ਆਗੂ ਤਲਵੰਡੀ ਸਾਬੋ ਹਲਕੇ ਵਿਚ ਪ੍ਰਚਾਰ ਕਰਨ ਵਿਚ ਜੁਟਣ।

ਪਟਿਆਲਾ ਵਿਧਾਨ ਸਭਾ ਹਲਕੇ ਵਿਚ ਚੋਣ ਪ੍ਰਚਾਰ ਕਰਨ ਜਾਣ ਬਾਰੇ ਪੁੱਛਣ 'ਤੇ ਉਨ੍ਹਾਂ ਗੋਲਮੋਲ ਜਵਾਬ ਦਿੰਦਿਆਂ ਕਿਹਾ ਕਿ ਉਹ ਫਿਲਹਾਲ ਤਲਵੰਡੀ ਸਾਬੋ ਵਿਖੇ ਰੁੱਝੇ ਹਨ। ਉਨ੍ਹਾਂ ਕਿਹਾ ਕਿ ਲੋਕ ਬਾਦਲ ਸਰਕਾਰ ਤੋਂ ਅੱਕੇ ਪਏ ਹਨ ਤੇ ਤਲਵੰਡੀ ਸਾਬੋ ਹਲਕੇ ਦੇ ਲੋਕਾਂ ਨੂੰ ਜੀਤ ਮੋਹਿੰਦਰ ਸਿੰਘ ਸਿੱਧੂ ਵੱਲੋਂ ਕਾਂਗਰਸ ਛੱਡ ਕੇ ਅਕਾਲੀ ਦਲ ਵਿਚ ਜਾਣ ਦੀ ਗੱਲ ਵੀ ਪਚ ਨਹੀਂ ਰਹੀ ਜਿਸ ਕਾਰਨ ਇਸ ਹਲਕੇ ਦੇ ਲੋਕ ਜਿਥੇ ਬਾਦਲ ਸਰਕਾਰ ਨੂੰ ਸਬਕ ਸਿਖਾਉਣਾ ਚਾਹੁੰਦੇ ਹਨ ਉਥੇ ਸ੍ਰੀ ਸਿੱਧੂ ਦੀ ਦਲਬਦਲੀ ਦਾ ਵੀ ਜਵਾਬ ਦੇਣਾ ਚਾਹੁੰਦੇ ਹਨ।

ਕਾਂਗਰਸ ਦੇ ਸਾਬਕਾ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਨ੍ਹਾਂ ਜ਼ਿਮਨੀ ਚੋਣਾਂ ਦੌਰਾਨ ਕਾਂਗਰਸ ਦਾ ਮੁੱਖ ਟੀਚਾ ਸ. ਬਾਦਲ ਨੂੰ ਉਨ੍ਹਾਂ ਦੇ ਘਰ (ਤਲਵੰਡੀ ਸਾਬੋ) ਵਿਚ ਹੀ ਹਰਾਉਣਾ ਹੈ। ਇਸ ਲਈ ਇਨ੍ਹਾਂ ਚੋਣਾਂ ਵਿਚ ਪਾਰਟੀ ਦੀ ਮੁੱਖ ਲੜਾਈ ਤਲਵੰਡੀ ਸਾਬੋ ਹਲਕੇ ਵਿਚ ਹੈ ਤੇ ਇਹ ਸਮਾਂ ਖੁਸ਼ਾਮਦ ਕਰਨ ਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਪਟਿਆਲਾ ਦੀ ਕਾਂਗਰਸ ਦੀ ਰਵਾਇਤੀ ਸੀਟ ਤਾਂ ਪਾਰਟੀ ਨੇ ਜਿੱਤੀ ਹੀ ਲੈਣਾ ਹੈ।

# ਪੰਜਾਬ ਸਰਕਾਰ ਦੀ ਨਸ਼ਿਆਂ ਵਿਰੁਧ ਮੁਹਿੰਮ ਨੂੰ ਬਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਡਿੱਕ-ਡੋਲੇ ਖਾਣ ਲੱਗ ਪਈ ਹੈ। ਸ਼ੁਰੂਆਤ ਵਿਚ ਦਵਾਈਆਂ ਦੀ ਘਾਟ ਕਾਰਨ ਇਸ ਦੀ ਸਫਲਤਾ 'ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਸਨ ਤੇ ਹੁਣ ਬਾਹਰਲੇ ਸੂਬਿਆਂ ਤੋਂ ਮਨੋਰੋਗ ਦੇ ਮਾਹਿਰ ਲੱਭਣ ਦੀਆਂ ਕੋਸ਼ਿਸ਼ਾਂ ਵੀ ਠੁੱਸ ਹੋ ਗਈਆਂ ਹਨ।

ਸਿਹਤ ਵਿਭਾਗ ਵੱਲੋਂ ਦੂਜੇ ਸੂਬਿਆਂ ਤੋਂ ਮਨੋਰੋਗ ਦੇ ਮਾਹਿਰ ਭਰਤੀ ਕਰਨ ਲਈ ਦਿੱਲੀ ਵਿਚ ਵਾਕ ਇਨ ਇੰਟਰਵਿਊ ਲਈ ਤਿੰਨ ਉਮੀਦਵਾਰਾਂ ਨੇ ਹਾਮੀ ਭਰੀ ਸੀ। ਵਿਭਾਗ ਵੱਲੋਂ ਚੁਣੇ ਗਏ ਉਮੀਦਵਾਰ ਅਜੇ ਤਾਈਂ ਨਿਯੁਕਤੀ ਪੱਤਰ ਲੈਣ ਨਹੀਂ ਆਏ ਹਨ। ਦਿਲਚਸਪ ਗੱਲ ਇਹ ਕਿ ਸਰਕਾਰ ਵੱਲੋਂ ਨੌਕਰੀ ਲਈ ਮਨੋਰੋਗ ਦੇ ਮਾਹਿਰਾਂ ਲਈ ਅਕਾਦਮਿਕ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦੀ ਸ਼ਰਤ ਨਹੀਂ ਰੱਖੀ ਗਈ ਸੀ, ਇਸ ਦੇ ਬਾਵਜੂਦ ਕੋਈ ਇਥੇ ਆਉਣ ਲਈ ਰਾਜ਼ੀ ਨਹੀਂ ਹੋਇਆ ਹੈ।

ਮਿਲੀ ਜਾਣਕਾਰੀ ਮੁਤਾਬਕ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਛੇੜਣ ਵੇਲੇ ਸੂਬਿਆਂ ਵਿਚ 13 ਹੋਰ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਗਿਆ ਸੀ। ਪਹਿਲਾਂ ਚੱਲ ਰਹੇ ਕੇਂਦਰਾਂ ਵਿਚੋਂ ਦੋ ਮਾਹਿਰਾਂ ਤੋਂ ਸੱਖਣੇ ਪਏ ਹਨ। ਇਸ ਤਰ੍ਹਾਂ ਪੰਦਰਾਂ ਮਨੋਰੋਗ ਦੇ ਮਾਹਿਰ ਡਾਕਟਰਾਂ ਦੀ ਭਰਤੀ ਲਈ ਇੰਟਰਵਿਊ ਲਈ ਗਈ ਸੀ। ਇਸ ਵਾਰ ਪੰਜਾਬ ਵਿਚੋਂ ਹੱਥ ਖ਼ਾਲੀ ਰਹਿਣ 'ਤੇ ਵਿਭਾਗ ਵੱਲੋਂ ਦੂਜੇ ਰਾਜਾਂ ਤੋਂ ਡਾਕਟਰ ਭਰਤੀ ਕਰਨ ਦਾ ਫੈਸਲਾ ਲਿਆ ਗਿਆ ਸੀ। ਵਿਭਾਗ ਵੱਲੋਂ 15 ਮਾਹਿਰਾਂ ਦੀ ਭਰਤੀ ਲਈ ਇਸ਼ਤਿਹਾਰ ਦੇ ਕੇ ਦਿੱਲੀ ਦੇ ਕਪੂਰਥਲਾ ਹਾਊਸ ਵਿਚ ਇੰਟਰਵਿਊ ਰੱਖੀ ਗਈ ਸੀ। ਦੂਜੇ ਰਾਜਾਂ ਦੇ ਪੰਜ ਉਮੀਦਵਾਰਾਂ ਨੇ ਅਪਲਾਈ ਕੀਤਾ ਸੀ ਪਰ ਇੰਟਰਵਿਊ ਲਈ ਤਿੰਨ ਹੀ ਆਏ ਸਨ। ਵਿਭਾਗ ਨੇ ਇਨ੍ਹਾਂ ਨੂੰ ਨਿਯੁਕਤੀ ਲਈ ਹਾਮੀ ਭਰ ਕੇ ਬਿਨਾਂ ਦੇਰੀ ਡਿਊਟੀ 'ਤੇ ਹਾਜ਼ਰ ਹੋਣ ਲਈ ਕਿਹਾ ਸੀ।

ਦੱਸਣਯੋਗ ਹੈ ਕਿ ਪੰਜਾਬ ਵਿਚ ਐਮ.ਬੀ.ਬੀ.ਐਸ. ਅਤੇ ਐਮ.ਡੀ. ਡਾਕਟਰਾਂ ਨੂੰ ਇਕੋ ਤਨਖਾਹ ਸਕੇਲ 15600-39100-5400 ਗਰੇਡ ਪੇਅ ਦਿੱਤਾ ਜਾ ਰਿਹਾ ਹੈ। ਮਾਹਿਰ ਸਿਰਫ ਦੂਜਿਆਂ ਨਾਲੋਂ ਭੱਤੇ ਦੀ ਰਕਮ ਹੀ ਜ਼ਿਆਦਾ ਲੈ ਰਹੇ ਹਨ। ਇਸ ਕਾਰਨ ਡਾਕਟਰ ਸਰਕਾਰੀ ਨੌਕਰੀ ਤੋਂ ਦੂਰ ਰਹਿ ਰਹੇ ਹਨ ਜਾਂ ਫਿਰ ਸਰਕਾਰੀ ਖ਼ਰਚ 'ਤੇ ਪੋਸਟ ਗਰੈਜੂਏਸ਼ਨ ਕਰਕੇ ਨੌਕਰੀ ਨੂੰ ਅਲਵਿਦਾ ਆਖ ਜਾਂਦੇ ਹਨ। ਕੇਂਦਰ ਸਮੇਤ ਦੂਜੇ ਰਾਜਾਂ ਵਿਚ ਐਮ.ਬੀ.ਬੀ.ਐਸ. ਨਾਲੋਂ ਮਾਹਿਰ ਡਾਕਟਰਾਂ ਦਾ ਤਨਖਾਹ ਸਕੇਲ ਵੱਧ ਹੈ। ਸੂਬੇ ਦੇ ਸਰਕਾਰੀ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਦੀਆਂ 300 ਤੋਂ ਵੱਧ ਅਸਾਮੀਆਂ ਖ਼ਾਲੀ ਪਈਆਂ ਹਨ।

ਸਿਹਤ ਵਿਭਾਗ ਦੇ ਸੂਤਰ ਦੱਸਦੇ ਹਨ ਕਿ ਨਵ-ਨਿਯੁਕਤ ਤਿੰਨ ਮਾਹਿਰਾਂ ਵਿਚੋਂ ਇਕ ਨੇ ਨਾਂਹ ਭੇਜ ਦਿੱਤੀ ਹੈ ਤੇ ਦੂਜੇ ਦੋ ਵੀ ਅਜੇ ਤੱਕ ਡਿਊਟੀ 'ਤੇ ਹਾਜ਼ਰ ਹੋਣ ਲਈ ਜੱਕੋ ਤੱਕੀ ਵਿਚ ਹਨ। ਇਸ ਸਥਿਤੀ ਵਿਚ ਸਰਕਾਰ ਵਾਸਤੇ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਦੀ ਰਫ਼ਤਾਰ ਬਣਾਈ ਰੱਖਣਾ ਮੁਸ਼ਕਲ ਹੋ ਗਿਆ ਹੈ।

ਨਿਯਮਾਂ ਮੁਤਾਬਕ ਹਰੇਕ ਕੇਂਦਰ ਵਿਚ ਇਕ ਮਨੋਰੋਗ ਮਾਹਿਰ ਹੋਣਾ ਲਾਜ਼ਮੀ ਹੈ। ਇਕ ਹੋਰ ਜਾਣਕਾਰੀ ਅਨੁਸਾਰ ਸਰਕਾਰੀ ਹਸਪਤਾਲਾਂ ਵਿਚ ਨਸ਼ੇ ਦੇ ਆ ਰਹੇ ਮਰੀਜ਼ਾਂ ਦੇ ਇਲਾਜ ਲਈ ਡਾਕਟਰਾਂ ਦੀ ਪਹਿਲਾਂ ਹੀ ਭਾਰੀ ਕਿੱਲਤ ਹੈ ਤੇ ਵਿਭਾਗ ਵੱਲੋਂ ਮਰੀਜ਼ਾਂ ਨੂੰ ਭਰਤੀ ਕਰਨ ਦੀ ਥਾਂ ਦਵਾਈ ਦੇ ਕੇ ਹੀ ਡੰਗ ਟਪਾਇਆ ਜਾ ਰਿਹਾ ਹੈ। ਵਿਭਾਗ ਦੇ ਡਾਇਰੈਕਟਰ ਕਰਨਜੀਤ ਸਿੰਘ ਨੇ ਕਿਹਾ ਹੈ ਕਿ ਬਾਹਰਲੇ ਸੂਬਿਆਂ ਤੋਂ ਚੁਣੇ ਗਏ ਤਿੰਨ ਡਾਕਟਰਾਂ ਵਿਚੋਂ ਇਕ ਨੇ ਨਾਂਹ ਕਰ ਦਿੱਤੀ ਹੈ ਜਦੋਂ ਕਿ ਦੋ ਦੇ ਅਜੇ ਵੀ ਡਿਊਟੀ 'ਤੇ ਹਾਜ਼ਰ ਹੋਣ ਦੀ ਆਸ ਹੈ।

# ਨਿਆਂਪਾਲਿਕਾ ਵਿਚ ਬੇਲੋੜੇ ਦਖਲ ਤੋਂ ਸੁਪਰੀਮ ਕੋਰਟ ਖ਼ਫ਼ਾ

**ਨਵੀਂ ਦਿੱਲੀ:** ਨਿਆਂਪਾਲਿਕਾ ਨੂੰ ਬਦਨਾਮ ਕਰਨ ਲਈ ਚਲਾਈ ਜਾ ਰਹੀ ਗੁੰਮਰਾਹਕੁਨ ਮੁਹਿੰਮ ਤੇ ਵਾਰ-ਵਾਰ ਅਜਿਹੇ ਯਤਨ ਕਰਨ ਦੀ ਸੁਪਰੀਮ ਕੋਰਟ ਨੇ ਜ਼ੋਰਦਾਰ ਨਿੰਦਾ ਕਰਦਿਆਂ ਕਿਹਾ ਕਿ ਅਜਿਹਾ ਕੁਝ ਕਰ ਕੇ ਪਹਿਲਾਂ ਹੀ ਜਮਹੂਰੀਅਤ ਦਾ ਬਹੁਤ ਨੁਕਸਾਨ ਕੀਤਾ ਜਾ ਚੁੱਕਿਆ ਹੈ। ਭਾਰਤ ਦੇ ਚੀਫ ਜਸਟਿਸ ਨੇ ਬਹੁੜੀ ਪਾਈ ਕਿ ਰੱਬ ਦੇ ਵਾਸਤੇ ਦੇਸ਼ ਦੀ ਨਿਆਂਪਾਲਿਕਾ ਨੂੰ ਬਦਨਾਮ ਕਰਕੇ ਜਮਹੂਰੀਅਤ ਦਾ ਨੁਕਸਾਨ ਨਾ ਕੀਤਾ ਜਾਵੇ। ਚੀਫ ਜਸਟਿਸ ਆਰ.ਐਮ. ਲੋਧਾ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸਾਰੇ ਕਿਧਰੇ ਨਿਆਂਪਾਲਿਕਾ ਨੂੰ ਬਦਨਾਮ ਕਰਨ ਲਈ ਗੁੰਮਰਾਹਕੁਨ ਮੁਹਿੰਮ ਚਲਾਈ ਜਾ ਰਹੀ ਹੈ ਤੇ ਗਲਤ ਜਾਣਕਾਰੀ ਫੈਲਾਉਣ ਦੇ ਵਾਰ-ਵਾਰ ਯਤਨ ਕੀਤੇ ਜਾ ਰਹੇ ਹਨ।

ਅਦਾਲਤ ਨੇ ਇਹ ਟਿੱਪਣੀਆਂ ਇਕ ਜਨਹਿੱਤ ਪਟੀਸ਼ਨ ਖਾਰਜ ਕਰਦਿਆਂ ਕੀਤੀਆਂ। ਪਟੀਸ਼ਨ ਵਿਚ ਬੇਨਤੀ ਕੀਤੀ ਗਈ ਸੀ ਕਿ ਜੱਜ ਮੰਡਲ ਵੱਲੋਂ ਕਰਨਾਟਕਾ ਹਾਈ ਕੋਰਟ ਦੇ ਜਸਟਿਸ ਕੇ.ਐਲ. ਮੰਜੂਨਾਥ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਚੀਫ ਜਸਟਿਸ ਲਾਏ ਜਾਣ ਦੀ ਕੀਤੀ ਗਈ ਸਿਫਾਰਸ਼ ਸਰਕਾਰ ਲਈ ਮੰਨਣੀ 'ਲਾਜ਼ਮੀ ਨਹੀਂ' ਕਰਾਰ ਦਿੱਤੀ ਜਾਵੇ।" ਸ੍ਰੀ ਲੋਧਾ ਨੇ ਫਿਰ ਕਿਹਾ ਕਿ ਜੱਜ ਮੰਡਲ ਨੇ ਮੰਜੂਨਾਥ ਦੇ ਨਾਂ ਦੀ ਸਿਫਾਰਸ਼ ਕਦੇ ਨਹੀਂ ਕੀਤੀ ਤੇ ਜ਼ਰੂਰ ਕੋਈ ਨਾ ਕੋਈ ਗੁੰਮਰਾਹਕੁਨ ਮੁਹਿੰਮ ਚਲਾਈ ਜਾ ਰਹੀ ਹੈ। "ਜੇਕਰ ਜਨਤਾ ਦੀ ਨਜ਼ਰ ਵਿਚ ਨਿਆਂਪਾਲਿਕਾ ਨੂੰ ਬਦਨਾਮ ਕਰਨ ਵਾਲੀ ਕੋਈ ਮੁਹਿੰਮ ਹੈ ਤਾਂ ਤੁਸੀਂ ਜਮਹੂਰੀਅਤ ਦਾ ਬਹੁਤ ਵੱਡਾ ਨੁਕਸਾਨ ਕਰ ਰਹੇ ਹੋ। ਲੋਕਾਂ ਦਾ ਨਿਆਂਪਾਲਿਕਾ ਵਿਚੋਂ ਵਿਸ਼ਵਾਸ ਨਾ ਹਿਲਾਓ। ਰੱਬ ਦਾ ਵਾਸਤਾ ਨਿਆਂਪਾਲਿਕਾ ਨੂੰ ਬਦਨਾਮ ਨਾ ਕਰੋ।

# ਸਹਾਰਨਪੁਰ ਦੰਗਿਆਂ ਵਿਚ 244 ਕਰੋੜ ਦਾ ਹੋਇਆ ਨੁਕਸਾਨ

**ਲਖਨਊ:** ਸਹਾਰਨਪੁਰ ਵਿਚ ਪਿਛਲੇ ਦਿਨੀਂ ਦੰਗਿਆਂ ਤੇ ਅਗਜ਼ਨੀ ਦੀਆਂ ਵਾਪਰੀਆਂ ਘਟਨਾਵਾਂ ਵਿਚ ਤਕਰੀਬਨ 244 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਸਨਅਤੀ ਸੰਗਠਨ ਐਸੋਸੀਏਟਿਡ ਚੈਂਬਰਸ ਆਫ ਕਾਮਰਸ ਐਂਡ ਇੰਡਸਟਰੀ (ਐਸੋਚਮ) ਵੱਲੋਂ ਸਹਾਰਨਪੁਰ ਦੰਗਿਆਂ ਦੇ ਆਰਥਿਕ ਅਸਰ ਬਾਰੇ ਕੀਤੇ ਵਿਸ਼ਲੇਸ਼ਣ ਵਿਚ ਕਿਹਾ ਗਿਆ ਕਿ ਲਘੂ, ਛੋਟੀ ਤੇ ਦਰਮਿਆਨੀ ਸਨਅਤ ਨੂੰ ਤਕਰੀਬਨ 25 ਕਰੋੜ ਦਾ ਨੁਕਸਾਨ ਹੋਇਆ ਹੈ ਤੇ ਕਾਮਿਆਂ ਨੂੰ 18 ਕਰੋੜ ਰੁਪਏ ਦੀਆਂ ਦਿਹਾੜੀਆਂ ਦਾ ਨੁਕਸਾਨ ਹੋਇਆ ਹੈ।

ਸਹਾਰਨਪੁਰ ਜ਼ਿਲ੍ਹੇ ਦੇ 8900 ਕਰੋੜ ਰੁਪਏ ਦੇ ਕੁੱਲ ਘਰੇਲੂ ਉਤਪਾਦਨ ਨੂੰ ਧਿਆਨ ਵਿਚ ਰੱਖਦੇ ਹੋਏ ਐਸੋਚਮ ਦੀ ਆਰਥਿਕ ਖੋਜ ਬਿਊਰੋ ਨੇ ਹਿਸਾਬ ਕਿਤਾਬ ਲਾਇਆ ਹੈ ਕਿ ਦੰਗਿਆਂ ਦੇ 10 ਦਿਨਾਂ ਦੌਰਾਨ 244 ਕਰੋੜ ਦਾ ਨੁਕਸਾਨ ਹੋਇਆ ਹੈ। ਅਧਿਐਨ ਵਿਚ ਕਿਹਾ ਕਿ ਜ਼ਿਲ੍ਹੇ ਵਿਚ ਖੇਤੀ, ਸਨਅਤ ਤੇ ਸੇਵਾਵਾਂ ਖੇਤਰ ਵਿਚ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਵਿਸ਼ਲੇਸ਼ਣ ਵਿਚ ਦੱਸਿਆ ਗਿਆ ਕਿ ਸਹਾਰਨਪੁਰ ਤੇ ਇਸ ਦੇ ਆਲੇ ਦੁਆਲੇ ਮੁਰੰਮਤ, ਲਕੜੀ ਦੇ ਫਰਨੀਚਰ, ਖੇਤੀ ਆਧਾਰਤ ਮਸ਼ੀਨਰੀ ਤੇ ਦੂਸਰੇ ਸਬੰਧਤ ਕੰਮਾਂ ਵਿਚ ਲੱਗੇ ਤਕਰੀਬਨ 60000 ਦਿਹਾੜੀਦਾਰ ਦੰਗਿਆਂ ਪਿਛੋਂ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਇਸ ਦਾ ਕਹਿਣਾ ਛੋਟੇ ਤੇ ਦਰਮਿਆਨੇ ਸਨਅਤੀ ਅਦਾਰਿਆਂ ਦੀਆਂ ਕੁਲ 17000 ਇਕਾਈਆਂ ਵਿਚੋਂ ਕਰੀਬ 20% ਬੰਦ ਰਹੀਆਂ ਜਿਸ ਨਾਲ 23 ਤੋਂ 25 ਕਰੋੜ ਦਾ ਨੁਕਸਾਨ ਹੋਇਆ। ਐਸੋਚਮ ਦੇ ਕੌਮੀ ਸਕੱਤਰ ਜਨਰਲ ਡੀ.ਐਸ. ਰਾਵਤ ਨੇ ਦੱਸਿਆ ਕਿ ਸਹਾਰਨਪੁਰ ਵਿਚ ਦੰਗਿਆਂ ਦੇ ਸਿੱਟੇ ਵਜੋਂ ਘਰਾਂ, ਦੁਕਾਨਾਂ ਜਾਂ ਸ਼ੋਅਰੂਮਾਂ ਤੇ ਦੂਸਰੀ ਜਾਇਦਾਦ ਦਾ ਵੱਡਾ ਨੁਕਸਾਨ ਹੋਇਆ ਹੈ।

# ਸਿੱਧੀ ਜੰਗ ਲੜਨ ਜੋਗਾ ਨਹੀਂ ਪਾਕਿ: ਮੋਦੀ

**ਕਾਰਗਿਲ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੋਸ਼ ਲਾਇਆ ਹੈ ਕਿ ਪਾਕਿਸਤਾਨ ਅਤਿਵਾਦ ਰਾਹੀਂ ਭਾਰਤ ਨਾਲ ਅਣਐਲਾਨੀ ਜੰਗ ਲੜ ਰਿਹਾ ਹੈ, ਇਸ ਵਿਚ ਸਿੱਧੀ ਜੰਗ ਲੜਨ ਦਾ ਤਾਵ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜਾਂ ਦਾ ਜੰਗ ਤੋਂ ਵੱਧ ਨੁਕਸਾਨ ਦਹਿਸ਼ਤਗਰਦੀ ਰਾਹੀਂ ਹੋ ਰਿਹਾ ਹੈ। ਲੇਹ-ਲੱਦਾਖ ਦੇ ਆਪਣੇ ਪਲੇਠੇ ਦੌਰੇ ਦੌਰਾਨ ਉਨ੍ਹਾਂ ਭਾਰਤੀ ਥਲ ਸੈਨਾ ਤੇ ਹਵਾਈ ਸੈਨਾ ਦੇ ਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਗੁਆਂਢੀ ਮੁਲਕ ਸਿੱਧੀ ਜੰਗ ਤਾਂ ਲੜਨ ਜੋਗਾ ਨਹੀਂ ਹੈ, ਪਰ ਇਹ ਅਤਿਵਾਦ ਰਾਹੀਂ ਭਾਰਤ ਵਿਰੁੱਧ ਅਣਐਲਾਨੀ ਜੰਗ ਲੜ ਰਿਹਾ ਹੈ।

ਇਹ ਟਿੱਪਣੀਆਂ ਸ੍ਰੀ ਮੋਦੀ ਨੇ ਉਦੋਂ ਕੀਤੀਆਂ ਹਨ, ਜਦੋਂ ਪਾਕਿਸਤਾਨ ਵੱਲੋਂ ਗੋਲੀਬੰਦੀ ਦੀ ਵਾਰ-ਵਾਰ ਉਲੰਘਣਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਅਤਿਵਾਦ ਆਲਮੀ ਅਲਾਮਤ ਹੈ ਤੇ ਵਿਸ਼ਵ ਦੀਆਂ ਸਾਰੀਆਂ ਮਾਨਵਤਾ ਪੱਖੀ ਸ਼ਕਤੀਆਂ ਨੂੰ ਇਸ ਵਿਰੁੱਧ ਲੜਨ ਲਈ ਇਕਜੁੱਟ ਹੋਣਾ ਚਾਹੀਦਾ ਹੈ। ਦੋ ਮਹੀਨਿਆਂ ਵਿਚ ਦੂਜੀ ਵਾਰ ਜੰਮੂ-ਕਸ਼ਮੀਰ ਆਏ ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਸਮਰੱਥ ਸੈਨਾਵਾਂ, ਆਧੁਨਿਕ ਸ਼ਾਸਤਰਾਂ ਨਾਲ ਲੈਸ ਤੇ ਤਕਨਾਲੋਜੀ ਵਿਚ ਪੂਰਾ ਸਮਰੱਥ ਹੋਣ ਲਈ ਵਚਨਬੱਧ ਹੈ। 1999 ਵਿਚ ਪਾਕਿਸਤਾਨ ਨਾਲ ਹੋਈ ਕਾਰਗਿਲ ਜੰਗ ਮਗਰੋਂ ਉਹ ਪਹਿਲੇ ਪ੍ਰਧਾਨ ਮੰਤਰੀ ਹਨ ਜੋ ਇਸ ਖੇਤਰ ਵਿਚ ਆਏ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਰੱਖਿਆ ਸਾਜ਼ੋ-ਸਮੱਗਰੀ ਬਣਾਉਣ ਵਿਚ ਭਾਰਤ ਨੂੰ ਸਵੈ-ਨਿਰਭਰ ਕਰਨ ਲਈ ਵੀ ਸਰਕਾਰ ਵਚਨਬੱਧ ਹੈ।

# ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਤਰਸੇਮ ਸਿੰਘ ਦਾ ਦੇਹਾਂਤ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੇ ਮੈਂਬਰ ਅਤੇ ਟਰਾਂਸਪੋਰਟਰ ਭਾਈ ਤਰਸੇਮ ਸਿੰਘ ਦਾ ਲੰਘੀ 8 ਅਗਸਤ ਨੂੰ ਦੇਹਾਂਤ ਹੋ ਗਿਆ। ਉਹ 52 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਦੋ ਧੀਆਂ ਅਤੇ ਇਕ ਪੁੱਤਰ ਛੱਡ ਗਏ ਹਨ ਜੋ ਯੂਨੀਵਰਸਿਟੀ ਆਫ ਕੈਲੀਫੋਰਨੀਆ ਤੇ ਯੂਨੀਵਰਸਿਟੀ ਆਫ ਸੈਂਟਾ ਕਲਾਰਾ ਦੇ ਵਿਦਿਆਰਥੀ ਹਨ। ਕੁਝ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਧਰਮ ਪਤਨੀ ਬੀਬੀ ਵਰਿੰਦਰ ਕੌਰ ਦਾ ਦੇਹਾਂਤ ਹੋ ਗਿਆ ਸੀ।

ਜਾਣਕਾਰੀ ਅਨੁਸਾਰ ਭਾਈ ਤਰਸੇਮ ਸਿੰਘ ਓਕਲੈਂਡ ਵਿਚਲੇ ਆਪਣੇ ਬੱਸਾਂ ਦੇ ਗੈਰਾਜ ਵਿਚ ਦੁਰਘਟਨਾ ਦਾ ਸ਼ਿਕਾਰ ਹੋ ਗਏ। ਇਕ ਬੱਸ ਖਲੋਤੀ ਸੀ ਤੇ ਦੂਜੀ ਸਟਾਰਟ ਸੀ ਪਰ ਬਰੇਕ ਨਾ ਲੱਗੀ ਹੋਣ ਕਾਰਨ ਹਾਦਸਾ ਵਾਪਰ ਗਿਆ ਅਤੇ ਉਹ ਬੱਸਾਂ ਵਿਚਕਾਰ ਘੁੱਟੇ ਜਾਣ ਕਾਰਨ ਚਲਾਣਾ ਕਰ ਗਏ। ਡਾਕਟਰੀ ਸਹਾਇਤਾ ਅਤੇ ਪੜਤਾਲੀਆ ਟੀਮ ਮੌਕੇ 'ਤੇ ਪੁੱਜ ਗਈ ਸੀ ਪਰ ਉਹ ਮੌਕੇ 'ਤੇ ਹੀ ਦਮ ਤੋੜ ਗਏ। ਪੁਲਿਸ ਨੇ ਮੌਕੇ ਦੇ ਗਵਾਹ ਦੋ ਮੈਕਸੀਕਨ ਮਕੈਨਿਕਾਂ ਦੇ ਬਿਆਨ ਦਰਜ ਕੀਤੇ ਹਨ। ਇਸ ਵਕਤ ਉਨ੍ਹਾਂ ਦੀ ਦੇਹ ਓਕਲੈਂਡ ਪੁਲਿਸ ਦੇ ਕੋਰੋਨਰ ਵਿਭਾਗ ਕੋਲ ਹੈ।

ਭਾਈ ਤਰਸੇਮ ਸਿੰਘ ਦਾ ਸੰਸਕਾਰ ਹੇਵਰਡ ਦੇ ਚੈਪਲ ਆਫ ਚਾਈਮਜ਼ (32992

**ਅੰਤਿਮ ਸੰਸਕਾਰ 16 ਨੂੰ**


ਭਾਈ ਤਰਸੇਮ ਸਿੰਘ

ਮਿਸ਼ਨ ਬੁੱਲੇਵਾਰਡ, ਹੇਵਰਡ, ਕੈਲੀਫੋਰਨੀਆ 94544) ਵਿਖੇ 16 ਅਗਸਤ, ਸਨਿਚਰਵਾਰ ਨੂੰ 12:30 ਤੋਂ 2:30 ਵਜੇ ਦਰਮਿਆਨ ਹੋਵੇਗਾ। ਉਨ੍ਹਾਂ ਨਮਿਤ ਰੱਖੇ ਸਹਿਜ ਪਾਠ ਦੀ ਸੰਪੂਰਨਤਾ ਅਤੇ ਅੰਤਿਮ ਅਰਦਾਸ ਸੰਸਕਾਰ ਤੋਂ ਬਾਅਦ ਗੁਰਦੁਆਰਾ ਫਰੀਮਾਂਟ ਵਿਖੇ ਬਾਅਦ ਦੁਪਹਿਰ 3 ਵਜੇ ਹੋਵੇਗੀ। ਹੋਰ ਜਾਣਕਾਰੀ ਲਈ ਭਾਈ ਜਸਦੀਪ ਸਿੰਘ ਨਾਲ ਫੋਨ: 510-943-8655 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਭਾਈ ਤਰਸੇਮ ਸਿੰਘ ਪੰਥ ਦੀ ਨਿਸ਼ਕਾਮ ਸੇਵਾ ਕਰਿਆ ਕਰਦੇ ਸਨ। ਉਨ੍ਹਾਂ ਆਪਣੀਆਂ ਬੱਸਾਂ ਦੀ ਸੇਵਾ ਬਿਨਾਂ ਕਿਸੇ ਵਿਤਕਰੇ ਅਤੇ ਧੜੇ ਦੇ ਸਭ ਨੂੰ ਮੁਹੱਈਆ ਕੀਤੀ। ਉਹ ਲੋੜਵੰਦਾਂ ਦੀ ਵੀ ਖੁੱਲ੍ਹ ਕੇ ਮਦਦ ਕਰਦੇ ਸਨ। ਰਾਗੀਆਂ, ਢਾਡੀਆਂ, ਕਥਾਵਾਚਕਾਂ ਦੀ ਵੀ ਉਹ ਘਰ ਲਿਜਾ ਕੇ ਚਾਅ ਨਾਲ ਸੇਵਾ ਕਰਦੇ। ਉਨ੍ਹਾਂ ਦੇ ਅਚਾਨਕ ਅਕਾਲ ਚਲਾਣੇ ਨਾਲ ਭਾਈਚਾਰੇ ਵਿਚ ਸੋਗ ਦੀ ਲਹਿਰ ਫੈਲ ਗਈ। ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਨੇ ਵੀ ਭਾਈ ਤਰਸੇਮ ਸਿੰਘ ਦੇ ਚਲਾਣੇ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਇਸੇ ਦੌਰਾਨ ਯੂਨਾਈਟਿਡ ਸਿੱਖ ਵਲੋਂ ਜਾਰੀ ਬਿਆਨ ਵਿਚ ਭਾਈ ਤਰਸੇਮ ਸਿੰਘ ਦੇ ਚਲਾਣੇ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਆਖਿਆ ਗਿਆ ਹੈ ਕਿ ਉਹ ਧਾਰਮਿਕ ਕੰਮਾਂ ਵਿਚ ਹਮੇਸ਼ਾ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ ਅਤੇ ਭਾਈਚਾਰਕ ਸੇਵਾਵਾਂ ਕਰਦੇ ਰਹਿੰਦੇ ਸਨ। ਸੰਸਥਾ ਨੇ ਭਾਈ ਤਰਸੇਮ ਸਿੰਘ ਦੇ ਚਲਾਣੇ ਨੂੰ ਭਾਈਚਾਰੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ।

# ਨਸਲੀ ਹਮਲਿਆਂ ਦੀ ਮਾਰ




## ਬਰੈਂਪਟਨ ਵਿਚ ਸਿੱਖਾਂ ਖਿਲਾਫ਼ ਫਿਰ ਵੰਡਿਆ ਨਸਲੀ ਪੋਸਟਰ

**ਟੋਰਾਂਟੋ:** ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਤਕਰੀਬਨ ਇਕ ਤਿਹਾਈ ਵਸੋਂ ਸਿੱਖਾਂ ਦੀ ਹੈ ਜੋ ਮੁੱਖ ਧਾਰਾ ਦੇ ਕੁਝ ਨਸਲਵਾਦੀਆਂ ਨੂੰ ਰੜਕਦੀ ਹੈ। ਇਸੇ ਸਾਲ ਅਪਰੈਲ ਮਹੀਨੇ ਤੋਂ ਬਾਅਦ ਇਕ ਵਾਰ ਫਿਰ ਸ਼ਹਿਰ ਵਿਚ ਲੋਕਾਂ ਦੇ ਘਰਾਂ ਦੇ ਬਾਹਰ ਲੱਗੇ ਡਾਕ ਵਾਲੇ ਡੱਬਿਆਂ ਵਿਚ ਸਿੱਖ ਵਿਰੋਧੀ ਨਸਲੀ ਟਿੱਪਣੀਆਂ ਵਾਲਾ ਪਰਚਾ ਵੰਡਿਆ ਗਿਆ ਹੈ। ਸ਼ਹਿਰ ਦੇ ਡਾਊਨਟਾਊਨ ਏਰੀਆ ਵਿਚ ਮੂਲਵਾਦੀ ਲੋਕਾਂ ਦੀ ਵਸੋਂ ਜ਼ਿਆਦਾ ਹੈ, ਜਿਥੇ ਪਰਵਾਸੀਆਂ ਖਿਲਾਫ ਟਿੱਪਣੀਆਂ ਦੇ ਮਾਮਲੇ ਅਕਸਰ ਵਾਪਰ ਜਾਂਦੇ ਹਨ। ਇਕ ਸਫੇ ਦੇ ਪੋਸਟਰ ਵਿਚ ਮਨਾਹੀ ਦੇ ਸੰਕੇਤ ਵਾਲੇ ਚੱਕਰ ਅੰਦਰ ਇਕ ਦਸਤਾਰਧਾਰੀ ਸਿੱਖ ਦੀ ਫੋਟੋ ਲਗਾਈ ਗਈ ਹੈ ਤੇ ਨਾਲ 'ਸੇ ਨੋ ਟੂ ਦਾ ਮੈਸਿਵ ਥਰਡ ਵਰਲਡ ਇਨਵੇਜ਼ਨ ਆਫ ਕੈਨੇਡਾ' ਲਿਖਿਆ ਗਿਆ ਹੈ। ਪੋਸਟਰ ਵਿਚ ਪਰਵਾਸੀਆਂ ਦੀ ਇਕ ਹੋਰ ਤਸਵੀਰ ਨਾਲ਼ ਲਿਖੇ ਵਿਸਥਾਰ ਵਿਚ ਸਰਕਾਰ ਦੀ ਨੀਤੀ ਨੂੰ




ਦੇਸ਼ ਲਈ ਤਬਾਹਕੁੰਨ ਦੱਸਿਆ ਗਿਆ ਹੈ। ਇਹ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ ਜਾ ਚੁੱਕਾ ਹੈ ਪਰ ਚੁਸਤੀ ਨਾਲ ਤਿਆਰ ਕੀਤੇ ਜਾਂਦੇ ਅਜਿਹੇ ਪੋਸਟਰ ਅਕਸਰ ਨਸਲੀ ਅਪਰਾਧ ਦੀ ਪਰਿਭਾਸ਼ਾ ਹੇਠ ਨਹੀਂ ਆਇਆ ਕਰਦੇ। ਕਾਂਸਟੇਬਲ ਜਿਓਰਜ ਟੂਡੋਸ ਨੇ ਕਿਹਾ ਕਿ ਪੋਸਟਰ ਦੀ ਸਮੱਗਰੀ ਪ੍ਰੇਸ਼ਾਨ ਕਰਨ ਵਾਲੀ ਹੈ। ਅਜਿਹੇ ਪੋਸਟਰ ਦਾ ਮੁੱਖ ਮੰਤਵ ਦੇਸ਼ ਵਿਚ ਵਿਦੇਸ਼ੀਆਂ ਦੀ ਆਮਦ ਤੇ ਮੂਲਵਾਦੀਆਂ ਦੀ ਘੱਟ ਰਹੀ ਗਿਣਤੀ ਬਾਰੇ ਲੋਕਾਂ ਨੂੰ ਸੁਚੇਤ ਕਰਨਾ ਹੁੰਦਾ ਹੈ ਜਿਸ ਨਾਲ ਪ੍ਰਵਾਸੀਆਂ ਪ੍ਰਤੀ ਘ੍ਰਿਣਾ ਵਧਦੀ ਹੈ। ਤਿੰਨ ਮਹੀਨੇ ਪਹਿਲਾਂ ਵੰਡੇ ਗਏ ਪੋਸਟਰ ਦੀ ਜ਼ਿੰਮੇਵਾਰੀ 'ਇਮੀਗ੍ਰੇਸ਼ਨ ਵਾਚ ਕੈਨੇਡਾ' ਨਾਮਕ ਸੰਸਥਾ ਦੇ ਆਗੂਆਂ ਨੇ ਲਈ ਸੀ। ਹੁਣ ਵੰਡੇ ਗਏ ਪੋਸਟਰ ਦੇ ਹੇਠਾਂ ਵੀ ਇਸੇ ਸੰਸਥਾ ਦਾ ਨਾਂ ਲਿਖਿਆ ਹੋਇਆ ਹੈ ਪਰ ਉਨ੍ਹਾਂ ਵਲੋਂ ਪੋਸਟਰ ਪ੍ਰਤੀ ਅਣਜਾਣਤਾ ਪ੍ਰਗਟਾਈ ਜਾ ਰਹੀ ਹੈ।

## ਸਿੱਖ ਭਾਈਚਾਰੇ ਦਾ ਵਾਰ-ਵਾਰ ਟੁੱਟ ਰਿਹਾ ਹੈ ਭਰੋਸਾ

**ਚੰਡੀਗੜ੍ਹ:** ਅਮਰੀਕਾ, ਆਸਟਰੇਲੀਆ ਤੇ ਨਿਊਜ਼ੀਲੈਂਡ ਵਿਚ ਸਿੱਖਾਂ ਉਪਰ ਨਸਲੀ ਹਮਲਿਆਂ ਨੇ ਸਮੁੱਚੇ ਭਾਈਚਾਰੇ ਵਿਚ ਸਖ਼ਤ ਰੋਸ ਪੈਦਾ ਕੀਤਾ ਹੈ। ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਭਾਵੇਂ ਓਕ ਕ੍ਰੀਕ ਘਟਨਾ ਤੋਂ ਬਾਅਦ ਸਿੱਖ ਲਗਾਤਾਰ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਣਾਉਣ ਦਾ ਭਰੋਸਾ ਦਿੰਦੇ ਆਏ ਹਨ ਪਰ ਇਨ੍ਹਾਂ ਦਾਅਵਿਆਂ ਦੇ ਬਾਵਜੂਦ ਅਮਰੀਕਾ ਵਿਚ ਸਿੱਖਾਂ ਵਿਰੁੱਧ ਨਸਲੀ ਹਿੰਸਾ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਲੰਘੀ ਪੰਜ ਅਗਸਤ ਨੂੰ ਨਿਊਯਾਰਕ ਵਿਚ ਇਕ ਟਰੱਕ ਚਾਲਕ ਵੱਲੋਂ ਇਕ ਅਮਰੀਕੀ ਸਿੱਖ ਦੀ ਕੁੱਟਮਾਰ ਤੇ ਧੂਹ-ਘੜੀਸ ਕਰਨ ਤੋਂ ਬਾਅਦ ਸੱਤ ਅਗਸਤ ਨੂੰ ਉਸੇ ਸ਼ਹਿਰ ਵਿਚ ਇਕ ਸਿੱਖ ਫਿਜ਼ੀਸ਼ੀਅਨ ਤੇ ਉਸ ਦੀ ਮਾਂ ਉਪਰ ਨੌਜਵਾਨਾਂ ਦੇ ਇਕ ਗਰੁੱਪ ਵੱਲੋਂ ਹਮਲਾ ਕੀਤਾ ਗਿਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਨਿਊਯਾਰਕ ਵਿਚ ਹੋਏ ਹਾਲੀਆ ਹਮਲੇ ਵਿਚ ਹਮਲਾਵਰ ਨੇ ਉਸ ਵਿਅਕਤੀ ਦੀ ਮਾਂ ਖ਼ਿਲਾਫ਼ ਭੱਦੀ ਭਾਸ਼ਾ ਵਰਤੀ ਸੀ ਤੇ ਉਸ ਦੇ ਕੇਸਾਂ ਦਾ ਮਜ਼ਾਕ ਉਠਾਇਆ ਸੀ। ਸਿੱਖ ਯੁਵਕ ਤੇ ਉਸ ਦੀ ਮਾਂ ਨੂੰ ਕੁਝ ਲੜਕਿਆਂ ਨੇ ਘੇਰ ਲਿਆ ਤੇ ਉਨ੍ਹਾਂ ਦੇ ਉਪਰ 'ਉਸਾਮਾ ਬਿਨ-ਲਾਦਿਨ' ਦੇ ਫਿਕਰੇ ਕੱਸੇ ਤੇ ਨੌਜਵਾਨ ਦੇ ਮੂੰਹ ਉੱਤੇ ਘਸੁੰਨ ਮਾਰੇ ਤੇ ਉਨ੍ਹਾਂ ਨੂੰ ਅਮਰੀਕਾ ਛੱਡ ਜਾਣ ਦੀ ਚਿਤਾਵਨੀ ਦਿੱਤੀ। ਇਸ ਤਾਜ਼ਾ ਘਟਨਾ ਦੇ ਨਾਲ ਇਥੇ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਧਰੇ ਗਏ ਹਨ ਤੇ ਉਨ੍ਹਾਂ ਦੇ ਮਨਾਂ ਅੰਦਰ ਭਾਰੀ ਰੋਸ ਪੈਦਾ ਹੋ ਗਿਆ ਹੈ। ਸਿੱਖ ਨੌਜਵਾਨ ਕਿੱਤੇ ਵਜੋਂ ਡਾਕਟਰ ਹੈ। ਇਸ ਬਾਰੇ ਜਿਥੇ ਅਮਰੀਕੀ ਸਿੱਖਾਂ ਦੀ ਜਥੇਬੰਦੀ 'ਦਿ ਸਿੱਖ ਕੋਲੀਸ਼ਨ' ਨੇ ਆਨਲਾਈਨ ਮੁਹਿੰਮ ਆਰੰਭਣ ਤੇ ਅਮਰੀਕੀ ਕਾਂਗਰਸ (ਸੰਸਦ) ਦੇ ਮੈਂਬਰਾਂ ਨੂੰ ਠੋਸ ਕਾਰਵਾਈ ਕਰਨ ਲਈ ਝੰਜੋੜਨ ਦੀ ਕਾਰਵਾਈ ਸ਼ੁਰੂ ਕੀਤੀ ਹੈ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਨੂੰ ਦੁਨੀਆਂ ਭਰ ਵਿਚ ਵਸੇ ਸਿੱਖਾਂ ਤੋਂ ਅਪੀਲਾਂ ਮਿਲੀਆਂ ਹਨ। ਇਨ੍ਹਾਂ ਅਪੀਲਾਂ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦੀ ਨਿਵੇਕਲੀ ਪਛਾਣ ਬਾਰੇ ਦੁਨੀਆਂ ਨੂੰ ਜਾਗ੍ਰਿਤ ਕਰਨ ਲਈ ਉਚੇਚੇ ਕਦਮ ਚੁੱਕੇ ਜਾਣ ਦੀ ਜ਼ਰੂਰਤ ਹੈ।

## ਸਿੱਖਾਂ 'ਤੇ ਨਸਲੀ ਹਮਲੇ ਫਿਕਰ ਵਾਲੀ ਗੱਲ: ਅਵਤਾਰ ਸਿੰਘ ਮੱਕੜ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਨਿਊਯਾਰਕ ਦੇ ਕੁਈਨਜ਼ ਇਲਾਕੇ ਵਿਚ ਸਿੱਖ ਵਿਗਿਆਨੀ ਤੇ ਉਸ ਦੀ ਮਾਤਾ 'ਤੇ ਹੋਏ ਨਸਲੀ ਹਮਲੇ ਤੇ ਨਿਊਜ਼ੀਲੈਂਡ ਵਿਚ ਦਵਿੰਦਰ ਸਿੰਘ ਨਾਂ ਦੇ ਸਿੱਖ ਨੂੰ ਗੋਰਿਆਂ ਵੱਲੋਂ ਜਾਨ ਤੋਂ ਮਾਰਨ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਵਿਦੇਸ਼ਾਂ ਵਿਚ ਸਿੱਖਾਂ 'ਤੇ ਨਸਲੀ ਹਮਲੇ ਹੋ ਚੁੱਕੇ ਹਨ। ਹੁਣ ਫੇਰ ਕੁਝ ਗੋਰਿਆਂ ਵੱਲੋਂ ਸਿੱਖ ਵਿਗਿਆਨੀ ਨੂੰ ਓਸਾਮਾ ਬਿਨ ਲਾਦਿਨ ਕਹਿ ਕੇ ਉਸ ਉਪਰ ਤੇ ਉਸ ਦੀ ਮਾਤਾ 'ਤੇ ਨਸਲੀ ਹਮਲਾ ਕਰਨਾ ਤੇ ਦਵਿੰਦਰ ਸਿੰਘ 'ਤੇ ਚਾਕੂਆਂ ਨਾਲ ਹਮਲਾ ਕਰਕੇ ਉਸ ਨੂੰ ਜਾਨੋ ਮਾਰ ਦੇਣਾ ਅਤਿ ਚਿੰਤਾਜਨਕ ਵਿਸ਼ਾ ਹੈ। ਜਥੇਦਾਰ ਮੱਕੜ ਨੇ ਕਿਹਾ ਕਿ ਕੇਂਦਰ ਨੂੰ ਦੇਸ਼ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਵਡੇਰੇ ਹਿੱਤਾਂ ਦੀ ਖਾਤਰ ਇਹ ਮਾਮਲਾ ਅਮਰੀਕੀ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਉਣਾ ਚਾਹੀਦਾ ਹੈ। ਜਥੇਦਾਰ ਮੱਕੜ ਨੇ ਆਖਿਆ ਕਿ ਅਮਰੀਕੀ ਸਰਕਾਰ ਨੂੰ ਇਸ ਤਰ੍ਹਾਂ ਦੇ ਨਫਰਤੀ ਹਮਲਿਆਂ 'ਤੇ ਸਖ਼ਤੀ ਨਾਲ ਰੋਕਥਾਮ ਲਾਉਣੀ ਚਾਹੀਦੀ ਹੈ ਤੇ ਕਸੂਰਵਾਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਵਿਦੇਸ਼ਾਂ ਵਿਚ ਰਹਿ ਰਹੇ ਸਿੱਖਾਂ, ਸਿੱਖ ਧਾਰਮਿਕ ਜਥੇਬੰਦੀਆਂ, ਗੁਰਦੁਆਰਾ ਕਮੇਟੀਆਂ, ਸਭਾਂ ਸੁਸਾਇਟੀਆਂ ਤੇ ਉਥੇ ਰਹਿ ਰਹੇ ਸਿੱਖ ਬੁੱਧੀਜੀਵੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਉਥੋਂ ਦੇ ਬਾਸ਼ਿੰਦਿਆਂ ਤੇ ਸਰਕਾਰਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਆਪਣੇ ਸਿੱਖ ਹੋਣ ਦੀ ਪਛਾਣ ਕਰਾਉਣ ਤੇ ਆਪਣੇ ਧਰਮ ਤੇ ਪਹਿਰਾਵੇ ਬਾਰੇ ਜਾਣਕਾਰੀ ਦੇਣ।

## ਅਮਰੀਕਾ 'ਚ ਪ੍ਰਚਾਰ ਲਈ ਬਣੇਗਾ ਗਲੋਬਲ ਮਿਸ਼ਨ

**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਵਾਪਰ ਰਹੀਆਂ ਨਸਲੀ ਹਮਲਿਆਂ ਦੀਆਂ ਘਟਨਾਵਾਂ ਤੋਂ ਚਿੰਤਤ ਸ਼੍ਰੋਮਣੀ ਕਮੇਟੀ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿਚ ਗਲੋਬਲ ਸਿੱਖ ਮਿਸ਼ਨ ਕੇਂਦਰ ਛੇਤੀ ਹੀ ਸਥਾਪਤ ਕਰਨ ਦੀ ਇਛੁੱਕ ਹੈ ਤਾਂ ਜੋ ਇਸ ਕੇਂਦਰ ਰਾਹੀਂ ਅਮਰੀਕਾ ਤੇ ਇਸ ਦੇ ਨੇੜਲੇ ਮੁਲਕਾਂ ਵਿਚ ਸਿੱਖੀ ਪ੍ਰਚਾਰ ਦਾ ਘੇਰਾ ਵਧਾਇਆ ਜਾ ਸਕੇ। ਇਸ ਨਾਲ ਸਿੱਖ ਪਛਾਣ ਬਾਰੇ ਭੰਬਲਭੂਸਾ ਖ਼ਤਮ ਕਰਨ ਵਿਚ ਮਦਦ ਮਿਲੇਗੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਮੰਨਿਆ ਕਿ ਗਲੋਬਲ ਸਿੱਖ ਮਿਸ਼ਨ ਕੇਂਦਰ ਦੀ ਸਥਾਪਤੀ ਵਿਚ ਕੁਝ ਦੇਰ ਹੋਈ ਹੈ ਪਰ ਇਸ ਲਈ ਕਈ ਤਕਨੀਕੀ ਅੜਿੱਕੇ ਸਨ, ਜਿਨ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਸੀ। ਉਨ੍ਹਾਂ ਦੱਸਿਆ ਕਿ ਹੁਣ ਭਾਰਤ ਸਰਕਾਰ ਵੱਲੋਂ ਵੀ ਐਨ.ਓ.ਸੀ. (ਕੋਈ ਇਤਰਾਜ਼ ਨਹੀਂ) ਮਿਲ ਚੁੱਕੀ ਹੈ। ਕੇਂਦਰ ਵਾਸਤੇ ਲੋੜੀਂਦੀ ਥਾਂ ਵੀ ਸ਼੍ਰੋਮਣੀ ਕਮੇਟੀ ਨੂੰ ਪ੍ਰਾਪਤ ਹੋ ਚੁੱਕੀ ਹੈ ਤੇ ਦਸਤਾਵੇਜ਼ੀ ਕਾਰਵਾਈ ਵੀ ਮੁਕੰਮਲ ਹੋ ਚੁੱਕੀ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦੀ ਉਸਾਰੀ ਦਾ ਕੰਮ ਛੇਤੀ ਸ਼ੁਰੂ ਕਰਾਇਆ ਜਾਵੇਗਾ। ਜਥੇਦਾਰ ਮੱਕੜ ਨੇ ਦੱਸਿਆ ਕਿ ਗਲੋਬਲ ਸਿੱਖ ਮਿਸ਼ਨ ਕੇਂਦਰ ਲਈ ਸ਼੍ਰੋਮਣੀ ਕਮੇਟੀ ਨੂੰ 13 ਏਕੜ ਜ਼ਮੀਨ ਪ੍ਰਾਪਤ ਹੋ ਚੁੱਕੀ ਹੈ, ਜੋ ਕੈਲੀਫੋਰਨੀਆ ਵਾਸੀ ਦੀਦਾਰ ਸਿੰਘ ਬੈਂਸ ਵੱਲੋਂ ਭੇਟ ਕੀਤੀ ਗਈ ਹੈ।

ਕੇਂਦਰ ਨੂੰ ਚਲਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਇਕ ਕਮੇਟੀ ਦੀ ਸਥਾਪਨਾ ਵੀ ਕੀਤੀ ਗਈ ਹੈ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ.ਐਸ.ਏ ਇੰਕ ਦਾ ਨਾਂ ਦਿੱਤਾ ਗਿਆ ਹੈ। ਇਸ ਕਮੇਟੀ ਵਿਚ ਜਥੇਦਾਰ ਅਵਤਾਰ ਸਿੰਘ, ਰਘੂਜੀਤ ਸਿੰਘ ਵਿਰਕ, ਸੁਖਦੇਵ ਸਿੰਘ ਭੌਰ, ਰਜਿੰਦਰ ਸਿੰਘ ਮਹਿਤਾ, ਮੋਹਨ ਸਿੰਘ ਭੰਗੀ ਤੇ ਦੀਦਾਰ ਸਿੰਘ ਬੈਂਸ ਤੇ ਉਨ੍ਹਾਂ ਦੇ ਬੇਟੇ ਨੂੰ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ ਹੈ। ਨਸਲੀ ਹਮਲਿਆਂ ਤੋਂ ਫਿਕਰਮੰਦ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਕ ਪੱਤਰ ਭੇਜਿਆ ਗਿਆ ਹੈ, ਜਿਸ ਵਿਚ ਨਸਲੀ ਹਮਲਿਆਂ ਬਾਰੇ ਜਾਣਕਾਰੀ ਦਿੰਦਿਆਂ ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਸਬੰਧਤ ਮੁਲਕਾਂ ਦੀਆਂ ਸਰਕਾਰਾਂ ਨਾਲ ਗੱਲਬਾਤ ਕਰਨ ਲਈ ਅਪੀਲ ਕੀਤੀ ਗਈ ਹੈ।

ਇਸ ਤੋਂ ਇਲਾਵਾ ਨਵੀਂ ਦਿੱਲੀ ਸਥਿਤ ਅਮਰੀਕੀ ਸਫ਼ਾਰਤਖਾਨੇ ਦੇ ਅਧਿਕਾਰੀ ਕੈਥਲੀਨ ਸਟੈਫਨ ਅਤੇ ਨਿਊਜ਼ੀਲੈਂਡ ਸਫ਼ਾਰਤਖਾਨੇ ਦੇ ਹਾਈ ਕਮਿਸ਼ਨਰ ਨੂੰ ਪੱਤਰ ਭੇਜ ਕੇ ਇਸੇ ਮਸਲੇ ਬਾਰੇ ਮੁਲਾਕਾਤ ਕਰਨ ਲਈ ਸਮਾਂ ਮੰਗਿਆ ਗਿਆ ਹੈ।



### ਇਸ ਤਰ੍ਹਾਂ ਕੰਮ ਕਰੇਗਾ ਮਿਸ਼ਨ...

ਗਲੋਬਲ ਸਿੱਖ ਮਿਸ਼ਨ ਕੇਂਦਰ ਵਿਚ ਸਿੱਖ ਧਰਮ ਬਾਰੇ ਅੰਗਰੇਜ਼ੀ ਭਾਸ਼ਾ ਵਿਚ ਪੱਤਰ ਵਿਹਾਰ ਕੋਰਸ ਕਰਾਇਆ ਜਾਵੇਗਾ ਤੇ ਸਿੱਖ ਧਰਮ, ਸਿਧਾਂਤ, ਮਰਿਆਦਾ ਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਕੇਂਦਰ ਵਿਚ ਗੁਰਮਤਿ ਕਲਾਸਾਂ ਲਾਈਆਂ ਜਾਣਗੀਆਂ ਤੇ ਦਸਤਾਰ ਸਜਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਿੱਖ ਧਰਮ ਤੇ ਇਤਿਹਾਸ ਬਾਰੇ ਸੈਮੀਨਾਰ ਕਰਵਾਏ ਜਾਣਗੇ ਤੇ ਵਿਦੇਸ਼ ਵਸਦੇ ਸਿੱਖਾਂ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦਾ ਗਿਆਨ ਦੇਣ ਲਈ ਵੀ ਉਪਰਾਲੇ ਹੋਣਗੇ।

## ਨਾਮਧਾਰੀ ਸੰਗਤ ਵਿਚ ਤਣਾਅ ਬਰਕਰਾਰ

**ਲੁਧਿਆਣਾ:** ਸਤਿਗੁਰੂ ਜਗਜੀਤ ਸਿੰਘ ਦੇ ਚੋਲਾ ਛੱਡਣ ਤੋਂ ਬਾਅਦ ਕੂਕਾ ਸੰਪਰਦਾਇ ਵਿਚ ਸਹੀ ਗੁਰੂ ਦੀ ਤਲਾਸ਼ ਨੂੰ ਲੈ ਕੇ ਤਣਾਓ ਜਾਰੀ ਹੈ।

ਨਾਮਧਾਰੀ ਪੰਥਕ ਏਕਤਾ ਐਕਸ਼ਨ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਰਾਏਸਰ ਦਾ ਕਹਿਣਾ ਹੈ ਕਿ ਨਾਮਧਾਰੀ ਪੰਥਕ ਏਕਤਾ ਨੂੰ ਲੈ ਕੇ ਚੱਲਦੀ ਆ ਰਹੀ ਭੁੱਖ ਹੜਤਾਲ ਵਿਚ ਉਹ ਗੁਰਮੁਖ ਵੀ ਸ਼ਾਮਲ ਹੋਣ ਲਈ ਆ ਰਹੇ ਹਨ, ਜਿਹੜੇ ਪਹਿਲਾਂ ਭੈਣੀ ਸਾਹਿਬ 'ਤੇ ਕਾਬਜ਼ ਧੜੇ ਦੇ ਪ੍ਰਭਾਵ ਹੇਠ ਆ ਗਏ ਸਨ। ਉਨ੍ਹਾਂ ਸਪਸ਼ਟ ਕੀਤਾ ਹੈ ਕਿ ਜੇਕਰ ਭੈਣੀ ਸਾਹਿਬ 'ਤੇ ਕਾਬਜ਼ ਧੜਾ ਪੰਥਕ ਏਕਤਾ ਦੀ ਗੱਲ ਵੀ ਮੰਨਣ ਨੂੰ ਤਿਆਰ ਨਹੀਂ ਤਾਂ ਉਹ ਭੈਣੀ ਸਾਹਿਬ ਜਾਣ ਦੀ ਬਜਾਏ ਭੁੱਖ ਹੜਤਾਲ 'ਤੇ ਬੈਠਣ ਨੂੰ ਤਰਜੀਹ ਦੇਣਗੇ ਤੇ ਸਮੁੱਚੀ ਸੰਗਤ ਦੇ ਨਾਲ ਹੀ ਭੈਣੀ ਸਾਹਿਬ ਜਾਣਗੇ।

ਸੂਬਾ ਦਰਸ਼ਨ ਸਿੰਘ ਰਾਏਸਰ ਨੇ ਸਮੂਹ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਚਾਹੇ ਕਿਸੇ ਨੂੰ ਵੀ ਗੁਰੂ ਮੰਨਣ ਪਰ ਉਹ ਭੁੱਖ ਹੜਤਾਲ ਵਿਚ ਸ਼ਾਮਲ ਹੋ ਕੇ ਸਤਿਗੁਰੂ ਰਾਮ ਸਿੰਘ ਦੇ ਸਾਜੇ ਹੋਏ ਨਾਮਧਾਰੀ ਪੰਥ ਦੀ ਏਕਤਾ ਵਾਸਤੇ ਆਪਣਾ ਹਿੱਸਾ ਪਾਉਣ। ਉਨ੍ਹਾਂ ਕਿਹਾ ਕਿ ਭੁੱਖ ਹੜਤਾਲ 'ਤੇ ਅਰਦਾਸ ਸਤਿਗੁਰੂ ਜਗਜੀਤ ਸਿੰਘ ਤੱਕ ਹੀ ਕੀਤੀ ਜਾਵੇਗੀ।

## ਜੇਤਲੀ, ਯਾਦਵ ਤੇ ਕਰਨ ਸਿੰਘ ਨੂੰ 'ਬਿਹਤਰੀਨ ਸੰਸਦ ਮੈਂਬਰ' ਪੁਰਸਕਾਰ

**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਾਂਗਰਸੀ ਆਗੂ ਕਰਨ ਸਿੰਘ, ਜਨਤਾ ਦਲ (ਯੂ) ਦੇ ਮੁਖੀ ਸ਼ਰਦ ਯਾਦਵ ਤੇ ਕੇਂਦਰੀ ਮੰਤਰੀ ਅਰੁਣ ਜੇਤਲੀ ਨੂੰ ਬਿਹਤਰੀਨ ਸੰਸਦ ਮੈਂਬਰ ਇਨਾਮ ਦਿੱਤਾ।

ਇਹ ਇਨਾਮ ਸਾਲ 2010-2011 ਤੇ 2012 ਲਈ ਹਨ। ਸ੍ਰੀ ਜੇਤਲੀ ਨੂੰ 2010, ਸ੍ਰੀ ਯਾਦਵ ਨੂੰ 2011 ਤੇ ਸ੍ਰੀ ਕਰਨ ਸਿੰਘ ਨੂੰ 2012 ਲਈ ਇਨਾਮ ਦਿੱਤਾ ਗਿਆ ਹੈ।

# ਆਪਸੀ ਰੱਫੜ ਨਜਿੱਠਣ ਲਈ ਅਕਾਲੀ-ਭਾਜਪਾ ਤਾਲਮੇਲ ਕਮੇਟੀ ਕਾਇਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵਿਚ ਟਕਰਾਅ ਦੇ ਹੱਲ ਤੇ ਬਿਹਤਰ ਤਾਲਮੇਲ ਬਣਾਉਣ ਲਈ ਦੋਵਾਂ ਭਾਈਵਾਲਾਂ ਦੀ ਛੇ ਮੈਂਬਰੀ ਸੂਬਾ ਤਾਲਮੇਲ ਕਮੇਟੀ ਦਾ ਗਠਨ ਕਰ ਦਿੱਤਾ ਹੈ।

ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਸਿੰਘ ਬੈਂਸ ਨੇ ਦੱਸਿਆ ਕਿ ਇਸ ਕਮੇਟੀ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਨੁਮਾਇੰਦਗੀ ਸੀਨੀਅਰ ਉਪ ਪ੍ਰਧਾਨ ਰਣਜੀਤ ਸਿੰਘ ਬ੍ਰਹਮਪੁਰਾ, ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਤੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਕਰਨਗੇ, ਜਦੋਂਕਿ ਪਠਾਨਕੋਟ ਤੋਂ ਵਿਧਾਇਕ ਅਸ਼ਵਨੀ ਸ਼ਰਮਾ, ਸੀਨੀਅਰ ਭਾਜਪਾ ਆਗੂ ਨਰੋਤਮ ਦੇਵ ਰੱਤੀ ਤੇ ਪ੍ਰੋਫ਼ੈਸਰ ਰਜਿੰਦਰ ਸਿੰਘ ਭੰਡਾਰੀ ਇਸ ਕਮੇਟੀ ਵਿਚ ਭਾਜਪਾ ਦੀ ਨੁਮਾਇੰਦਗੀ ਕਰਨਗੇ।

ਉਨ੍ਹਾਂ ਕਿਹਾ ਕਿ ਹੇਠਲੇ ਪੱਧਰ 'ਤੇ ਤਾਲਮੇਲ ਵਧਾਉਣ ਲਈ ਛੇਤੀ ਹੀ ਅਜਿਹੀਆਂ ਕਮੇਟੀਆਂ ਬਣਾਈਆਂ ਜਾਣਗੀਆਂ। ਸ. ਬਾਦਲ ਤੇ ਭਾਜਪਾ ਦੇ ਸੀਨੀਅਰ ਆਗੂ ਸ਼ਾਂਤਾ ਕੁਮਾਰ ਵਿਚਕਾਰ ਜੂਨ ਵਿਚ ਮੀਟਿੰਗ ਹੋਈ ਸੀ।

ਮੀਟਿੰਗ ਵਿਚ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਗੱਠਜੋੜ ਦੇ ਆਗੂਆਂ ਦਰਮਿਆਨ ਵਧ ਰਹੇ ਟਕਰਾਅ ਦੇ ਹੱਲ ਲਈ ਦੋਹਾਂ ਪਾਰਟੀਆਂ ਦੇ ਆਗੂਆਂ 'ਤੇ ਆਧਾਰਿਤ ਤਾਲਮੇਲ ਕਮੇਟੀ ਦੇ ਗਠਨ ਦਾ ਫ਼ੈਸਲਾ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਦੇ ਆਗੂਆਂ ਦੀ ਸਹਿਮਤੀ ਨਾਲ ਤਾਲਮੇਲ ਕਮੇਟੀ ਵਿਚ ਦਲ ਦੇ ਸੀਨੀਅਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ। ਪਹਿਲਾਂ ਤਾਲਮੇਲ ਕਮੇਟੀਆਂ ਵਿਚ ਛੋਟੇ ਲੀਡਰਾਂ ਨੂੰ ਸ਼ਾਮਲ ਕੀਤਾ ਜਾਂਦਾ ਸੀ।

ਸੂਤਰਾਂ ਮੁਤਾਬਕ ਦੋਹਾਂ ਪਾਰਟੀਆਂ ਦਰਮਿਆਨ ਵਧ ਰਹੇ ਟਕਰਾਅ ਨੂੰ ਦੇਖਦਿਆਂ ਤਾਲਮੇਲ ਬਣਾਉਣ ਦੀ ਜ਼ਿੰਮੇਵਾਰੀ ਹੁਣ ਸੀਨੀਅਰ ਅਕਾਲੀ ਆਗੂਆਂ ਨੂੰ ਦੇ ਦਿੱਤੀ ਗਈ ਹੈ। ਇਸ ਕਮੇਟੀ ਵਿਚ ਵੀ ਸ਼੍ਰੋਮਣੀ ਅਕਾਲੀ ਦਲ ਫਿਰ ਆਪਣਾ ਹੱਥ ਉੱਤੇ ਕਰ ਗਿਆ ਹੈ। ਇਸ ਨੇ ਛੇ ਮੈਂਬਰੀ ਕਮੇਟੀ ਵਿਚ ਅਕਾਲੀ ਦਲ ਵੱਲੋਂ ਵੱਡੇ ਕੱਦ ਵਾਲੇ ਨੇਤਾਵਾਂ ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ ਤੇ ਬਲਵਿੰਦਰ ਸਿੰਘ ਭੂੰਦੜ ਸ਼ਾਮਲ ਕੀਤੇ ਹਨ ਜਦਕਿ ਭਾਜਪਾ ਵਾਲੇ ਪਾਸਿਓਂ ਅਸ਼ਵਨੀ ਸ਼ਰਮਾ, ਨਰੋਤਮ ਦੇਵ ਰੱਤੀ ਤੇ ਪ੍ਰੋ. ਰਜਿੰਦਰ ਭੰਡਾਰੀ ਨੂੰ ਲਿਆ ਗਿਆ ਹੈ। ਅਕਾਲੀ ਦਲ ਦੇ ਆਗੂ ਕਾਫ਼ੀ ਤਜਰਬੇਕਾਰ ਹਨ ਜਦਕਿ ਭਾਜਪਾ ਦੇ ਆਗੂਆਂ ਬਾਰੇ ਇਸ ਤਰ੍ਹਾਂ ਨਹੀਂ ਕਿਹਾ ਜਾ ਸਕਦਾ। ਅਕਾਲੀ ਦਲ ਇਥੇ ਵੀ 'ਵੱਡੇ ਵੀਰ' ਦੀ ਭੂਮਿਕਾ ਵਿਚ ਫਿੱਟ ਹੋਣ ਵਿਚ ਕਾਮਯਾਬ ਹੋ ਗਿਆ ਹੈ।

ਸ਼੍ਰੋਮਣੀ ਅਕਾਲੀ ਤੇ ਭਾਜਪਾ ਵਿਚਾਲੇ ਤਕਰਾਰ ਲੋਕ ਸਭਾ ਚੋਣਾਂ ਬਾਅਦ ਵਧਿਆ ਸੀ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕੱਲੇ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਮਸਲਿਆਂ ਬਾਰੇ ਮਿਲਣ ਗਏ ਸਨ ਤੇ ਆਪਣੇ ਨਾਲ ਭਾਜਪਾ ਦੇ ਕਿਸੇ ਸੀਨੀਅਰ ਆਗੂ ਨੂੰ ਨਹੀਂ ਖੜਿਆ।

ਸ. ਬਾਦਲ ਦਾ ਤਰਕ ਸੀ ਕਿ ਰਾਜ ਦਾ ਮੁੱਖ ਮੰਤਰੀ ਹੋਣ ਨਾਤੇ ਉਨ੍ਹਾਂ ਨੂੰ ਇਕੱਲੇ ਹੀ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਦਾ ਹੱਕ ਹੈ। ਅਜਿਹੀਆਂ ਮੀਟਿੰਗਾਂ ਸੂਬੇ ਦੀ ਭਲਾਈ ਲਈ ਕੀਤੀਆਂ ਜਾਂਦੀਆਂ ਹਨ।

## ਮਿਸਰ ਵਿਚ ਪਿਛਲੇ ਸਾਲ ਦੀਆਂ ਹੱਤਿਆਵਾਂ ਉਚ ਪੱਧਰੀ ਸਾਜ਼ਿਸ਼ ਕਰਾਰ

**ਕਾਹਿਰਾ:** ਮਨੁੱਖੀ ਅਧਿਕਾਰਾਂ 'ਤੇ ਨਿਗਰਾਨੀ ਰੱਖਣ ਵਾਲੀ ਸੰਸਥਾ ਹਿਊਮਨ ਰਾਈਟਸ ਵਾਚ ਨੇ ਪਿਛਲੇ ਸਾਲ ਮਿਸਰ ਵਿਚ ਮੁਜ਼ਾਹਰਾਕਾਰੀਆਂ ਦੀਆਂ ਹੱਤਿਆਵਾਂ ਨੂੰ ਅਧਿਕਾਰੀਆਂ ਦੀ ਗਿਣੀ-ਮਿਥੀ ਕਾਰਵਾਈ ਤੇ ਮਾਨਵਤਾ ਖ਼ਿਲਾਫ਼ ਅਪਰਾਧ ਕਰਾਰ ਦਿੰਦਿਆਂ ਇਨ੍ਹਾਂ ਬਾਰੇ ਸੰਯੁਕਤ ਰਾਸ਼ਟਰ ਰਾਹੀਂ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸੰਸਥਾ ਵੱਲੋਂ ਇਕ ਸਾਲ ਤੱਕ ਕੀਤੀ ਜਾ ਰਹੀ ਜਾਂਚ ਦੇ ਆਧਾਰ 'ਤੇ 188 ਸਫ਼ਿਆਂ ਦੀ ਰਿਪੋਰਟ ਜਾਰੀ ਕਰਦਿਆਂ ਸੰਯੁਕਤ ਰਾਸ਼ਟਰ ਨੂੰ ਬੇਨਤੀ ਕੀਤੀ ਗਈ ਹੈ ਕਿ ਗੱਦੀਓਂ ਲਾਹੇ ਰਾਸ਼ਟਰਪਤੀ ਮੁਹੰਮਦ ਮੁਰਸੀ ਦੇ ਹਮਾਇਤੀਆਂ ਦੀਆਂ ਸੁਰੱਖਿਆ ਦਸਤਿਆਂ ਵੱਲੋਂ ਹੱਤਿਆਵਾਂ ਦੀਆਂ ਛੇ ਘਟਨਾਵਾਂ ਦੀ ਜਾਂਚ ਕਰਨੀ ਚਾਹੀਦੀ ਹੈ।

ਕਈ ਦਿਨ ਰੋਸ ਮੁਜ਼ਾਹਰੇ ਹੋਣ ਤੋਂ ਬਾਅਦ 13 ਜੁਲਾਈ 2013 ਨੂੰ ਮੁਰਸੀ ਨੂੰ ਫ਼ੌਜ ਨੇ ਰਾਸ਼ਟਰਪਤੀ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਉਹ ਜਮਹੂਰੀ ਢੰਗ ਨਾਲ ਰਾਸ਼ਟਰਪਤੀ ਚੁਣੇ ਗਏ ਸਨ। ਮਿਸਰ ਦੀ ਸਰਕਾਰ ਨੇ ਹਿਊਮਨ ਰਾਈਟਸ ਵਾਚ ਦੀ ਰਿਪੋਰਟ ਨੂੰ ਨਾਂਹਮੁਖੀ ਤੇ ਇਕਪਾਸੜ ਕਰਾਰ ਦਿੱਤਾ ਤੇ ਕਿਹਾ ਕਿ ਇਸ ਵਿਚਲੀ ਜਾਣਕਾਰੀ ਆਜ਼ਾਦਾਨਾ ਸਰੋਤਾਂ ਦੀ ਬਜਾਏ ਨਾਮਾਲੂਮ ਗਵਾਹਾਂ 'ਤੇ ਆਧਾਰਤ ਹੈ। ਰਾਸ਼ਟਰਪਤੀ ਮੁਰਸੀ ਨੂੰ ਸੱਤਾ ਤੋਂ ਲਾਂਭੇ ਕਰਨ ਤੋਂ ਬਾਅਦ ਉਨ੍ਹਾਂ ਦੇ ਸੈਂਕੜੇ ਹਮਾਇਤੀਆਂ ਨੂੰ ਮਾਰ ਦਿੱਤਾ ਗਿਆ ਸੀ ਤੇ ਸਭ ਤੋਂ ਵੱਡਾ ਕਤਲੇਆਮ 14 ਅਗਸਤ 2013 ਨੂੰ ਹੋਇਆ ਸੀ ਜਦੋਂ ਫ਼ੌਜ ਨੇ ਮੁਜ਼ਾਹਰਾਕਾਰੀਆਂ ਦੇ ਦੋ ਕੈਂਪਾਂ 'ਤੇ ਧਾਵਾ ਬੋਲਿਆ ਸੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕਾਹਿਰਾ ਦੇ ਰਬਾ ਅਲ-ਅਦਾਵਿਆ ਵਿਚ ਮੁਰਸੀ ਦੀ ਪਾਰਟੀ ਮੁਸਲਿਮ ਬ੍ਰਦਰਹੁੱਡ ਦਾ ਮੁਜ਼ਾਹਰਾ ਹਟਾਉਣ ਸਮੇਂ ਘੱਟੋ-ਘੱਟ 817 ਜਣੇ ਮਾਰ ਦਿੱਤੇ ਗਏ ਸਨ।


LAW OFFICE OF NIRWAN & ASSOCIATES



Jagdip S. Nirwan

SACRAMENTO
1104 Corporate Way
Sacramento, CA 95831
CALL US TODAY
Tel: 916-832-3144
Fax: 925-264-5078
www.nirwanlaw.com

- IMMIGRATION LAW
- TAX LAW
- TAX PREPARATION
- BUSINESS INCORPORATION
- BUSINESS LITIGATION



Hotel Staff Wanted

Hotel in N. Dakota looking for Housekeepers, Maintenance Person And Desk Clerk with Fluent English.

*Free accommodation will be provided. Good Pay.*

Call, Gill: 701-240-3220

ਹੋਟਲ ਸਟਾਫ ਦੀ ਲੋੜ

ਨਾਰਥ ਡਕੋਟਾ 'ਚ ਸਥਿਤ ਹੋਟਲ ਲਈ ਹਾਊਸਕੀਪਰ, ਦੇਖ-ਭਾਲ ਕਰਨ ਵਾਲੇ ਤੇ ਕਲਰਕ ਦੀ ਲੋੜ ਹੈ

*ਸਬੰਧਤ ਵਿਅਕਤੀ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦਾ ਹੋਵੇ*

*ਮੁਫਤ ਰਿਹਾਇਸ਼ ਅਤੇ ਚੰਗੀ ਤਨਖਾਹ*

ਕਾਲ ਕਰੋ, ਗਿੱਲ: 701-240-3220

32-35


### ਮਨੁੱਖੀ ਅਧਿਕਾਰ ਜਥੇਬੰਦੀ ਦੇ ਦੋ ਆਗੂ ਮਿਸਰ ਵਿਚ ਦਾਖਲ ਹੋਣ ਤੋਂ ਰੋਕੇ

**ਕਾਹਿਰਾ:** ਮਾਨਵੀ ਹੱਕਾਂ ਦੀ ਨਿਗਰਾਨ ਇਕ ਜਥੇਬੰਦੀ ਨੇ ਮਿਸਰ ਸਰਕਾਰ 'ਤੇ ਆਲੋਚਨਾ ਭਰੀ ਆਵਾਜ਼ ਚੁੱਪ ਕਰਾਉਣ ਦੇ ਯਤਨ ਕਰਨ ਦੇ ਦੋਸ਼ ਲਾਏ ਹਨ। ਜਥੇਬੰਦੀ ਦੇ ਸੀਨੀਅਰ ਸਟਾਫ ਦੇ ਦੋ ਮੈਂਬਰਾਂ ਨੂੰ ਕਾਹਿਰਾ ਹਵਾਈ ਅੱਡੇ 'ਤੇ 12 ਘੰਟੇ ਰੋਕੀ ਰੱਖਣ ਮਗਰੋਂ 'ਸੁਰੱਖਿਆ ਕਾਰਨਾਂ' ਕਰਕੇ ਦੇਸ਼ ਵਿਚ ਦਾਖਲ ਨਹੀਂ ਹੋਣ ਦਿੱਤਾ ਗਿਆ। ਜਥੇਬੰਦੀ ਦੇ ਕਾਰਜਕਾਰੀ ਡਾਇਰੈਕਟਰ ਕੈਨਿਥ ਰੋਥ ਤੇ ਮੱਧ ਪੂਰਬ ਤੇ ਉੱਤਰੀ ਅਫਰੀਕਾ ਦੀ ਡਾਇਰੈਕਟਰ ਸਾਰਾਹ ਲੀਹ ਵਿਟਸਨ, ਇਕ ਸਾਲ ਪਹਿਲਾਂ ਦੇਸ਼ ਵਿਚ ਰੋਸ ਪ੍ਰਦਰਸ਼ਨਕਾਰੀਆਂ ਦੇ ਕੀਤੇ ਗਏ ਸਮੂਹਿਕ ਕਤਲੇਆਮ ਬਾਰੇ ਇਕ ਰਿਪੋਰਟ ਲਾਂਚ ਕਰਨ ਲਈ ਕਾਹਿਰਾ ਪੁੱਜੇ ਸਨ। ਇਹ ਕਤਲੇਆਮ ਫੌਜ ਵੱਲੋਂ ਇਸਲਾਮਿਕ ਰਾਸ਼ਟਰਪਤੀ ਮੁਹੰਮਦ ਮੁਰਸੀ ਨੂੰ ਸੱਤਾ ਤੋਂ ਲਾਂਭੇ ਕੀਤੇ ਜਾਣ ਤੋਂ ਹਫਤਿਆਂ ਮਗਰੋਂ ਹੋਏ ਸਨ।

### ਭਾਰਤ ਨਾਲ ਸੁਖਾਵੇਂ ਸਬੰਧ ਨਾ ਹੋਣ ਤੋਂ ਸ਼ਰੀਫ ਫ਼ਿਕਰਮੰਦ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਆਪਣੇ ਪ੍ਰਮੁੱਖ ਗੁਆਂਢੀ ਦੇਸ਼ ਭਾਰਤ ਨਾਲ ਸੁਖਾਵੇਂ ਸਬੰਧ ਕਾਇਮ ਨਾ ਹੋਣ ਉੱਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਮੇਂ ਦੀ ਮੰਗ ਹੈ ਕਿ ਦੋਵਾਂ ਦੇਸ਼ਾਂ ਵਿਚ ਸੁਖਾਵੇਂ ਸਬੰਧ ਸਥਾਪਤ ਹੋਣ। ਕੌਮੀ ਸੁਰੱਖਿਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੇ ਇਸ ਗੱਲ ਉੱਤੇ ਆਪਣੀ ਗੈਰ-ਤਸੱਲੀ ਦਾ ਪ੍ਰਗਟਾਵਾ ਕੀਤਾ ਕਿ ਉਨ੍ਹਾਂ ਦੇ ਦੇਸ਼ ਦੇ ਗੁਆਂਢੀ ਮੁਲਕਾਂ ਨਾਲ ਸਬੰਧ ਸੁਖਾਵੇਂ ਨਹੀਂ ਹਨ। ਕੌਮੀ ਸੁਰੱਖਿਆ ਕਾਨਫਰੰਸ ਵਿਚ ਪਾਕਿਸਤਾਨ ਸਰਕਾਰ ਦੇ ਮੰਤਰੀ, ਮੁੱਖ ਮੰਤਰੀ, ਮੁੱਖ ਪਾਰਟੀਆਂ ਦੇ ਆਗੂ, ਸੈਨਾ ਮੁਖੀ ਜਨਰਲ ਰਹੀਲ ਸ਼ਰੀਫ਼, ਆਈ.ਐਸ.ਆਈ. ਮੁਖੀ ਜਨਰਲ ਜ਼ਹੀਰ-ਉਲ-ਇਸਲਾਮ ਤੋਂ ਇਲਾਵਾ ਫੌਜ ਤੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਸ਼ਾਮਲ ਸਨ।

### ਅੰਸਾਰ-ਉਲ-ਉਮਾਹ ਦਹਿਸ਼ਤਗਰਦ ਜਥੇਬੰਦੀ ਕਰਾਰ

**ਵਾਸ਼ਿੰਗਟਨ:** ਪਾਬੰਦੀਸ਼ੁਦਾ ਹਰਕਤ-ਉਲ-ਮੁਜਾਹਿਦੀਨ (ਐਚ.ਯੂ.ਐਮ.) ਦੀ ਮੋਹਰੀ ਸੰਸਥਾ ਅੰਸਾਰ-ਉਲ-ਉਮਾਹ ਨੂੰ ਅਮਰੀਕਾ ਨੇ ਆਲਮੀ ਦਹਿਸ਼ਤਗਰਦ ਜਥੇਬੰਦੀ ਕਰਾਰ ਦਿੱਤਾ ਹੈ। ਇਹ ਜਥੇਬੰਦੀ ਕਸ਼ਮੀਰ ਨੂੰ ਪਾਕਿਸਤਾਨ ਨਾਲ ਜੋੜਨਾ ਚਾਹੁੰਦੀ ਹੈ। ਅਮਰੀਕਾ ਨੇ ਐਚ.ਯੂ.ਐਮ. ਦਾ ਵੀ ਆਲਮੀ ਦਹਿਸ਼ਤਗਰਦ ਜਥੇਬੰਦੀ ਦਾ ਦਰਜਾ ਉਵੇਂ ਜਿਵੇਂ ਰੱਖਣ ਦਾ ਫੈਸਲਾ ਕੀਤਾ ਸੀ।


ਲੁਈਸੀਆਨਾ ਵਿਚ

Business For Sale/Lease

Unbranded Gas Station
*Sales inside $45,000 to $50,000 *ATM $400 *Check Cashing $800 *Poker $8,000 *Gas Sales $39,000
Price $75,000/Rent $4,000 (Property $450,000)

Exxon Branded Gas Station
*Sales $58,000 to $60,000 *ATM $500
*Rent/Lease $75,000, Rent $4000
Property $550,000
*(Very Good 2 Highways Signal Light, Downtown Property)*

4½ Acers Corner Property For Sale
7 Apartments (Income $3500)
Good For Convenience Store or Gas Station

Contac: Beant Singh 337-513-2504
e-mail: beantsingh94553@yahoo.com

33-34



ਕੈਨਸਸ ਸਿਟੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਡਿਸ਼ ਵਾਸ਼ਰ ਦੀ ਲੋੜ ਹੈ

ਕੈਨਸਸ ਸਿਟੀ, ਮਿਜ਼ੌਰੀ ਵਿਚ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਡਿਸ਼ ਵਾਸ਼ਰ, ਕਿਚਨ ਹੈਲਪਰ, ਸਹਾਇਕ ਕੱਰੀ ਕੁੱਕ, ਵੇਟਰ ਤੇ ਹੈਲਪਰ ਦੀ ਲੋੜ ਹੈ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

*ਸੰਪਰਕ ਕਰੋ*

ਫੋਨ: 816-806-6065





Security Cameras
Special promotion
for limited time only

1000 TVL camera for the price of 700 TVL camera

Limit 4 for each customer only

*For more Details, Contact:*

Balbir S Sidhu-209-495-3905 (Cell)

Toll Free (888) 233-4566

DVRunlimited Inc. Fax-(209) 982-9133

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪੰਜਾਬ ਦੇ ਬਾਊਆਂ ਦੀਆਂ ਵਿਦੇਸ਼ਾਂ ਵਿਚ ਮੌਜਾਂ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਕਈ ਸੀਨੀਅਰ ਸੂਬਾਈ ਅਧਿਕਾਰੀਆਂ ਵੱਲੋਂ ਵਰਤੀ ਜਾਂਦੀ ਉਸ ਜੁਗਤ ਦਾ ਪਰਦਾਫਾਸ਼ ਕੀਤਾ ਹੈ ਜਿਸ ਤਹਿਤ ਉਹ ਸੇਵਾ ਤੇ ਇਮੀਗਰੇਸ਼ਨ ਨੇਮਾਂ ਨੂੰ ਢਾਹ ਲਾ ਕੇ ਆਪਣਾ ਅਣ-ਐਲਾਨਿਆ ਧਨ ਵਿਦੇਸ਼ਾਂ ਵਿਚ ਸੰਪਤੀਆਂ ਖਰੀਦਣ ਉੱਤੇ ਲਾ ਰਹੇ ਹਨ ਤੇ ਫਿਰ ਇਹੋ ਧਨ ਐਨ.ਆਰ.ਆਈ. ਰੂਟ ਰਾਹੀਂ ਫਿਰ ਭਾਰਤ ਲਿਆਂਦਾ ਜਾ ਰਿਹਾ ਹੈ। ਬਿਊਰੋ ਨੇ ਕੁਝ ਕਲਾਸ-1 ਅਧਿਕਾਰੀਆਂ ਵਿਰੁੱਧ ਛੇ ਐਫ.ਆਈ.ਆਰਜ਼ ਦਰਜ ਕੀਤੀਆਂ ਹਨ। ਇਸ ਮਾਮਲੇ ਵਿਚ ਵਿਜੀਲੈਂਸ ਬਿਊਰੋ ਨੇ ਸਿੰਜਾਈ ਵਿਭਾਗ ਤੇ ਮੰਡੀ ਬੋਰਡ ਦੇ ਕੁਝ ਇੰਜੀਨੀਅਰਾਂ ਵਿਰੁੱਧ ਕੇਸ ਦਰਜ ਕਰਕੇ ਤਫ਼ਤੀਸ਼ ਦੌਰਾਨ ਸਬੂਤ ਇਕੱਠੇ ਕੀਤੇ ਹਨ।

ਬਿਊਰੋ ਨੇ ਸੂਬਾ ਸਰਕਾਰ ਤੋਂ ਅਜਿਹੇ ਮੁਲਾਜ਼ਮਾਂ ਬਾਰੇ ਜਾਣਕਾਰੀ ਮੰਗੀ ਪਰ ਸਰਕਾਰੀ ਵਿਭਾਗਾਂ ਨੇ ਬਿਊਰੋ ਦੇ ਹੱਥ-ਪੱਲੇ ਕੁਝ ਨਹੀਂ ਪਾਇਆ। ਅਜਿਹੇ ਤਕਰੀਬਨ 919 ਅਫ਼ਸਰਾਂ/ਕਰਮਚਾਰੀਆਂ ਬਾਰੇ ਜਾਣਕਾਰੀ ਮਿਲੀ ਹੈ ਜੋ ਲਗਾਤਾਰ ਵਿਦੇਸ਼ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੇ ਇਮੀਗਰੇਸ਼ਨ ਹਾਸਲ ਕੀਤੀ ਹੋਈ ਹੈ। ਪੰਜਾਬ ਵਿਜੀਲੈਂਸ ਬਿਊਰੋ ਦੇ ਸੰਯੁਕਤ ਡਾਇਰੈਕਟਰ (ਅਪਰਾਧ) ਵੱਲੋਂ ਇਕ ਖੇਤੀਬਾੜੀ ਅਫ਼ਸਰ ਵਿਰੁੱਧ ਕੀਤੀ ਜਾ ਰਹੀ ਪੜਤਾਲ ਦੌਰਾਨ 21 ਜੂਨ 2013 ਨੂੰ ਪੱਤਰ ਨੰਬਰ 24480 ਵਬ/ਐਸ-10 ਮੁੱਖ ਸਕੱਤਰ ਨੂੰ ਲਿਖਿਆ ਗਿਆ ਸੀ। ਇਸ ਪੱਤਰ ਵਿਚ ਸਪੱਸ਼ਟ ਕਿਹਾ ਗਿਆ ਕਿ ਬਿਊਰੋ ਨੂੰ ਪ੍ਰਾਪਤ ਸ਼ਿਕਾਇਤਾਂ ਤੇ ਪੜਤਾਲ ਦੌਰਾਨ ਦੇਖਿਆ ਗਿਆ ਕਿ ਪੰਜਾਬ ਸਰਕਾਰ ਦੇ ਕਈ ਮੁਲਾਜ਼ਮ ਕੈਨੇਡਾ ਤੇ ਹੋਰ ਮੁਲਕਾਂ ਵਿਚ ਸਥਾਈ ਰਿਹਾਇਸ਼ੀ ਸਹੂਲਤ ਲੈ ਕੇ ਪੰਜਾਬ ਸੇਵਾ ਨਿਯਮਾਂ ਦੀ ਉਲੰਘਣਾ ਕਰ ਰਹੇ ਹਨ।

ਵਿਦੇਸ਼ ਗਏ ਮੁਲਾਜ਼ਮ ਉਥੇ ਨੌਕਰੀ, ਸਰਕਾਰੀ ਸਹੂਲਤਾਂ ਤੇ ਰੁਜ਼ਗਾਰ ਹਾਸਲ ਕਰਦੇ ਹਨ। ਇਸ ਬਾਰੇ ਪ੍ਰਬੰਧਕੀ ਵਿਭਾਗ ਨੂੰ ਸੂਚਿਤ ਨਹੀਂ ਕੀਤਾ ਜਾਂਦਾ। ਸੂਤਰਾਂ ਮੁਤਾਬਕ ਵਿਜੀਲੈਂਸ ਵੱਲੋਂ ਸਰਕਾਰ ਨੂੰ ਕਈ ਵਾਰੀ ਪੱਤਰ ਲਿਖਿਆ ਗਿਆ ਪਰ ਕਿਸੇ ਵੀ ਵਿਭਾਗ ਨੇ ਠੋਸ ਜਾਣਕਾਰੀ ਨਹੀਂ ਭੇਜੀ।

ਵਿਜੀਲੈਂਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹੁਤੇ ਕੇਸਾਂ ਵਿਚ ਭ੍ਰਿਸ਼ਟਾਚਾਰ ਦੇ ਪੈਸੇ ਨੂੰ ਵਿਦੇਸ਼ਾਂ ਵਿਚ ਭੇਜਣ ਤੇ ਉਥੋਂ ਭਾਰਤ ਲਿਆਉਣ ਦੇ ਸਬੂਤ ਹਾਸਲ ਹੋਏ ਹਨ। ਪ੍ਰਸੋਨਲ ਵਿਭਾਗ ਦੇ ਸੰਯੁਕਤ ਸਕੱਤਰ ਵੱਲੋਂ 1 ਮਾਰਚ 2006 ਨੂੰ ਸਾਰੇ ਵਿਭਾਗਾਂ ਨੂੰ ਪੱਤਰ ਜਾਰੀ ਕਰਦਿਆਂ ਕਿਹਾ ਗਿਆ ਕਿ ਭਾਰਤ ਸਰਕਾਰ ਦੇ ਨੀਤੀਗਤ ਫ਼ੈਸਲੇ ਮੁਤਾਬਕ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਸੁਚੇਤ ਕੀਤਾ ਜਾਂਦਾ ਹੈ ਕਿ ਕੋਈ ਵੀ ਸਰਕਾਰੀ ਅਧਿਕਾਰੀ ਵਿਦੇਸ਼ ਦੀ ਇਮੀਗਰੇਸ਼ਨ ਲਈ ਅਪਲਾਈ ਨਹੀਂ ਕਰੇਗਾ ਪਰ ਮੁਲਾਜ਼ਮਾਂ ਤੇ ਅਫ਼ਸਰਾਂ ਵੱਲੋਂ ਧੜੱਲੇ ਨਾਲ ਵਿਦੇਸ਼ੀ ਦੌਰੇ ਕੀਤੇ ਜਾਂਦੇ ਹਨ।

ਯਾਤਰਾ ਵੀਜ਼ਾ ਜਾਂ ਮਲਟੀਪਲ ਵੀਜ਼ੇ ਦੀ ਥਾਂ ਬਹੁ-ਗਿਣਤੀ ਮੁਲਾਜ਼ਮਾਂ ਦੇ ਇਮੀਗਰੇਸ਼ਨ ਬਾਰੇ ਵੀਜ਼ੇ ਲੱਗੇ ਹੋਣ ਦੇ ਸਬੂਤ ਮਿਲੇ ਹਨ। ਪੰਜਾਬ ਦੇ ਮੁਲਾਜ਼ਮ ਸਬੰਧਤ ਵਿਭਾਗਾਂ ਦੀ ਮਿਲੀਭੁਗਤ ਨਾਲ ਵਿਦੇਸ਼ਾਂ ਵਿਚ ਬੈਠੇ ਹਨ ਤੇ ਸੇਵਾਮੁਕਤੀ ਤੱਕ ਨੌਕਰੀਆਂ 'ਤੇ ਵੀ ਕਾਇਮ ਰਹਿੰਦੇ ਹਨ। ਸਰਕਾਰ ਵੱਲੋਂ ਪੰਜ ਸਾਲ ਦੀ ਛੁੱਟੀ ਮਿਲਣੀ ਵੀ ਮੁਲਾਜ਼ਮਾਂ ਨੂੰ ਬਹੁਤ ਰਾਸ ਆ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਵੱਖ-ਵੱਖ ਵਿਭਾਗਾਂ ਦੇ 71 ਅਫ਼ਸਰ ਤੇ ਮੁਲਾਜ਼ਮ ਸਰਕਾਰ ਤੋਂ ਛੁੱਟੀ ਲੈ ਕੇ ਵਿਦੇਸ਼ ਲਈ ਉਡਾਰੀ ਮਾਰ ਗਏ। ਕਈਆਂ ਨੇ ਵਿਦੇਸ਼ਾਂ ਵਿਚ ਪੀ.ਆਰ. ਵੀ ਹਾਸਲ ਕੀਤੀ ਹੈ ਪਰ ਸਰਕਾਰੀ ਅਹੁਦਿਆਂ ਤੋਂ ਸੇਵਾਮੁਕਤੀ ਦੇ ਲਾਭ ਲੈ ਕੇ ਹੁਣ ਪੈਨਸ਼ਨਾਂ ਵੀ ਲੈ ਰਹੇ ਹਨ। ਵੱਖ-ਵੱਖ ਵਿਭਾਗਾਂ ਦੇ 270 ਅਫ਼ਸਰ ਅਜਿਹੇ ਹਨ ਜੋ ਇਮੀਗਰੇਸ਼ਨ ਵੀਜ਼ੇ ਤਹਿਤ ਵਿਦੇਸ਼ ਯਾਤਰਾ ਕਰ ਰਹੇ ਹਨ। ਗੁਰੂ ਅੰਗਦ ਦੇਵ ਵੈਟਰਨਰੀ ਯੂਨੀਵਰਸਿਟੀ ਦੇ 22 ਮੁਲਾਜ਼ਮਾਂ ਤੇ ਅਫ਼ਸਰਾਂ ਨੇ ਵਿਦੇਸ਼ ਜਾਣ ਦੀ ਛੁੱਟੀ ਲਈ ਹੈ। ਸਿਹਤ ਵਿਭਾਗ ਦੇ 34 ਮੁਲਾਜ਼ਮ ਵਿਦੇਸ਼ ਗਏ ਹਨ।

ਇਸੇ ਤਰ੍ਹਾਂ ਭਾਸ਼ਾ ਵਿਭਾਗ ਦਾ ਇਕ, ਚੀਫ਼ ਆਡੀਟਰ ਸਹਿਕਾਰੀ ਸਭਾਵਾਂ ਦੇ 13, ਸਾਰੇ ਡਿਪਟੀ ਕਮਿਸ਼ਨਰ ਦਫ਼ਤਰਾਂ ਦੇ 26, ਜ਼ਿਲ੍ਹਾ ਸਿੱਖਿਆ ਅਫ਼ਸਰ ਦਫ਼ਤਰਾਂ ਦੇ 268, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਤੇ ਮੱਛੀ ਪਾਲਣ ਵਿਭਾਗ ਦੇ 77, ਡਾਇਰੈਕਟਰ ਸੱਭਿਆਚਾਰਕ ਮਾਮਲੇ ਦਾ ਇਕ, ਡਾਇਰੈਕਟਰ ਵਿੱਤ ਤੇ ਅਕਾਊਂਟਸ ਦੇ ਸੱਤ, ਡਾਇਰੈਕਟਰ ਸੂਚਨਾ ਤੇ ਲੋਕ ਸੰਪਰਕ ਵਿਭਾਗ ਦਾ ਇਕ, ਡਾਇਰੈਕਟਰ ਖੇਡ ਵਿਭਾਗ ਦਾ ਇਕ ਮੁਲਾਜ਼ਮ ਵਿਦੇਸ਼ ਗਿਆ ਹੋਇਆ ਹੈ। ਡਾਇਰੈਕਟਰ ਤਕਨੀਕੀ ਸਿੱਖਿਆ ਵਿਭਾਗ ਦੇ 14, ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ 16, ਜ਼ਿਲ੍ਹਾ ਨਗਰ ਤੇ ਯੋਜਨਾਬੰਦੀ ਵਿਭਾਗ ਦਾ ਇਕ, ਪੰਚਾਇਤ ਵਿਭਾਗ ਦੇ 104, ਆਬਕਾਰੀ ਤੇ ਕਰ ਕਮਿਸ਼ਨਰ ਦੇ 14, ਜੰਗਲਾਤ ਵਿਭਾਗ ਦੇ ਤਿੰਨ, ਸਰਕਾਰੀ ਕਾਲਜਾਂ ਦੇ 21, ਡਾਇਰੈਕਟਰ ਬਾਗਬਾਨੀ ਵਿਭਾਗ ਦੇ 10, ਭੂਮੀ ਸੰਭਾਲ ਵਿਭਾਗ ਦੇ 20, ਚੀਫ਼ ਇਲੈਕਟ੍ਰੀਸਿਟੀ ਇੰਸਪੈਕਟਰ ਦੇ ਦੋ ਤੇ ਲੋਕ ਨਿਰਮਾਣ ਵਿਭਾਗ ਦੇ 25 ਮੁਲਾਜ਼ਮ ਛੁੱਟੀ 'ਤੇ ਹਨ।

## ਪੜ੍ਹੇ-ਲਿਖੇ ਨੌਜਵਾਨਾਂ ਦੇ ਅਤਿਵਾਦੀ ਬਣਨ ਤੋਂ ਫ਼ੌਜੀ ਅਧਿਕਾਰੀ ਚਿੰਤਤ

**ਰੰਗਰੇਤ (ਬੜਗਾਮ):** ਭਾਰਤੀ ਫੌਜ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪੜ੍ਹੇ-ਲਿਖੇ ਨੌਜਵਾਨਾਂ ਵੱਲੋਂ ਜੰਮੂ-ਕਸ਼ਮੀਰ ਵਿਚ ਅਤਿਵਾਦੀ ਸਫ਼ਾਂ ਵਿਚ ਸ਼ਾਮਲ ਹੋਣਾ ਬੇਹੱਦ ਚਿੰਤਾ ਦਾ ਵਿਸ਼ਾ ਹੈ ਪਰ ਫੌਜ ਉਨ੍ਹਾਂ ਵਾਸਤੇ ਅਰਥਭਰਪੂਰ ਜੀਵਨ ਹਾਲਾਤ ਪੈਦਾ ਕਰਨ ਲਈ ਯਤਨਸ਼ੀਲ ਹੈ। ਸ੍ਰੀਨਗਰ ਆਧਾਰਤ ਚਿਨਾਰ ਕੋਰ ਦੇ ਲੈਫਟੀਨੈਂਟ ਜਨਰਲ ਸੁਬਰਤਾ ਸਾਹਾ ਨੇ ਕਿਹਾ ਕਿ ਉਹ ਮੰਨਦੇ ਹਨ ਕਿ ਜੇਕਰ ਕੋਈ ਵੀ ਨੌਜਵਾਨ ਅਤਿਵਾਦੀ ਸਫ਼ਾਂ ਵਿਚ ਸ਼ਾਮਲ ਹੁੰਦਾ ਹੈ ਤਾਂ ਚਿੰਤਾ ਵਾਲੀ ਗੱਲ ਹੈ ਪਰ ਜੇਕਰ ਪੜ੍ਹੇ-ਲਿਖੇ ਨੌਜਵਾਨ ਵੀ ਅਤਿਵਾਦੀਆਂ ਦੇ ਨਾਲ ਰਲਦੇ ਹਨ ਤਾਂ ਹਾਲਤ ਗੰਭੀਰ ਹੈ। ਇਸ ਲਈ ਸਾਨੂੰ ਨੌਜਵਾਨਾਂ ਲਈ ਰੁਝੇਵੇਂ ਪੈਦਾ ਕਰਨ ਲਈ ਹੋਰ ਸਾਰਥਕ ਕਦਮ ਚੁੱਕਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਸੂਬੇ ਵਿਚ ਆ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਅਮਨਪੂਰਵਕ ਸਿਰੇ ਚਾੜ੍ਹਨਾ ਅਤਿ ਅਹਿਮ ਹੈ ਤੇ ਇਸ ਦੇ ਲਈ ਸਰਹੱਦ ਪਾਰ ਤੋਂ ਹੋਣ ਵਾਲੀ ਘੁਸਪੈਠ ਨੂੰ ਰੋਕਣਾ ਜ਼ਰੂਰੀ ਹੈ। ਘੁਸਪੈਠ ਨੂੰ ਰੋਕਣ ਲਈ ਚੁੱਕੇ ਸਾਰਥਕ ਕਦਮਾਂ ਸਦਕਾ ਅਸੀਂ ਇਸ ਨੂੰ ਰੋਕਣ ਵਿਚ ਕਾਮਯਾਬ ਹੋਏ ਹਾਂ ਤੇ ਘੁਸਪੈਠ ਰੁਕਣ ਕਰਕੇ ਹੀ ਲੋਕ ਸੁਰੱਖਿਅਤ ਢੰਗ ਨਾਲ ਚੋਣਾਂ ਦੌਰਾਨ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰ ਸਕਣਗੇ। ਜਨਰਲ ਸਾਹਾ ਨੇ ਕਿਹਾ ਕਿ ਸਰਹੱਦ ਪਾਰ ਤੋਂ ਘੁਸਪੈਠ ਦੇ ਢੰਗ ਤਰੀਕਿਆਂ ਵਿਚ ਕੋਈ ਫ਼ਰਕ ਨਹੀਂ ਪਿਆ ਤੇ ਇਹ ਪਿਛਲੇ ਸਾਲ ਦੀ ਤਰ੍ਹਾਂ ਹੀ ਜਾਰੀ ਹੈ ਪਰ ਕੰਟਰੋਲ ਰੇਖਾ ਉਪਰ ਘੁਸਪੈਠ ਨੂੰ ਰੋਕਣ ਲਈ ਕਾਇਮ ਕੀਤੇ ਪ੍ਰਭਾਵਸ਼ਾਲੀ ਗਰਿੱਡ ਸਦਕਾ ਘੁਸਪੈਠ ਰੋਕਣ ਵਿਚ ਕਾਫੀ ਕਾਮਯਾਬੀ ਮਿਲੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋਕਾਂ ਤੇ ਜਵਾਨਾਂ ਵਿਚ ਤਾਲਮੇਲ ਪੈਦਾ ਨਹੀਂ ਹੁੰਦਾ ਤਾਂ ਕਿਸੇ ਵੀ ਹਾਲਤ 'ਚ ਸਥਿਤੀ ਬਿਹਤਰ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਕਸ਼ਮੀਰ ਵਾਦੀ ਵਿਚ ਗੋਲੀਬਾਰੀ ਦੀ ਉਲੰਘਣਾ ਦੇ ਮਾਮਲੇ ਹੋਰਨਾਂ ਭਾਗਾਂ ਵਿਚ ਹੋ ਰਹੀ ਉਲੰਘਣਾ ਨਾਲ ਮਿਲਦੇ-ਜੁਲਦੇ ਹੀ ਹਨ।

## ਸਿੱਖਾਂ ਉਤੇ ਨਸਲੀ ਹਮਲਿਆਂ ਖਿਲਾਫ ਮੁਹਿੰਮ ਨੂੰ ਨਵਾਂ ਮੋੜਾ

*(ਸਫਾ ਇਕ ਦੀ ਬਾਕੀ)*

ਕਮੇਟੀ ਨੇ ਕਿਹਾ ਹੈ ਕਿ ਅਮਰੀਕਾ ਦੇ ਸ਼ਹਿਰ ਯੂਬਾ ਸਿਟੀ ਵਿਚ ਛੇਤੀ ਹੀ ਗਲੋਬਲ ਸਿੱਖ ਮਿਸ਼ਨ ਕੇਂਦਰ ਬਣਾਇਆ ਜਾ ਰਿਹਾ ਹੈ ਤਾਂ ਜੋ ਇਸ ਕੇਂਦਰ ਰਾਹੀਂ ਅਮਰੀਕਾ ਅਤੇ ਇਸ ਦੇ ਨੇੜਲੇ ਮੁਲਕਾਂ ਵਿਚ ਸਿੱਖੀ ਪ੍ਰਚਾਰ ਦਾ ਘੇਰਾ ਵਧਾਇਆ ਜਾ ਸਕੇ। ਇਸ ਨਾਲ ਸਿੱਖ ਪਛਾਣ ਬਾਰੇ ਭੰਬਲਭੂਸਾ ਖ਼ਤਮ ਕਰਨ ਵਿਚ ਮਦਦ ਮਿਲੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਮੰਨਿਆ ਕਿ ਗਲੋਬਲ ਸਿੱਖ ਮਿਸ਼ਨ ਕੇਂਦਰ ਦੀ ਸਥਾਪਤੀ ਵਿਚ ਕੁਝ ਦੇਰ ਹੋਈ ਹੈ ਪਰ ਇਸ ਲਈ ਕਈ ਤਕਨੀਕੀ ਅੜਿੱਕੇ ਸਨ ਜਿਨ੍ਹਾਂ ਨੂੰ ਪੂਰਾ ਕਰਨਾ ਜ਼ਰੂਰੀ ਸੀ। ਹੁਣ ਭਾਰਤ ਸਰਕਾਰ ਵੱਲੋਂ ਵੀ ਐਨ.ਓ.ਸੀ. (ਕੋਈ ਇਤਰਾਜ਼ ਨਹੀਂ) ਮਿਲ ਚੁੱਕੀ ਹੈ। ਕੇਂਦਰ ਵਾਸਤੇ ਲੋੜੀਂਦੀ ਥਾਂ ਵੀ ਸ਼੍ਰੋਮਣੀ ਕਮੇਟੀ ਨੂੰ ਪ੍ਰਾਪਤ ਹੋ ਚੁੱਕੀ ਹੈ। ਹੋਰ ਦਸਤਾਵੇਜ਼ੀ ਕਾਰਵਾਈ ਵੀ ਮੁਕੰਮਲ ਹੈ। ਹੁਣ ਸ਼੍ਰੋਮਣੀ ਕਮੇਟੀ ਵੱਲੋਂ ਇਮਾਰਤ ਦੀ ਉਸਾਰੀ ਸ਼ੁਰੂ ਕਰਵਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗਲੋਬਲ ਸਿੱਖ ਮਿਸ਼ਨ ਕੇਂਦਰ ਲਈ ਸ਼੍ਰੋਮਣੀ ਕਮੇਟੀ ਨੂੰ 13 ਏਕੜ ਜ਼ਮੀਨ ਕੈਲੀਫੋਰਨੀਆ ਵਾਸੀ ਦੀਦਾਰ ਸਿੰਘ ਬੈਂਸ ਵੱਲੋਂ ਭੇਟ ਕੀਤੀ ਗਈ ਹੈ।

## ਨੇਤਾ ਜੀ ਤੇ ਵਾਜਪਾਈ ਨੂੰ 'ਭਾਰਤ ਰਤਨ' ਨਾਲ ਸਨਮਾਨਣ ਦੀ ਚਰਚਾ

**ਕੋਲਕਾਤਾ:** ਕੇਂਦਰ ਦੀ ਐਨ.ਡੀ.ਏ. ਸਰਕਾਰ ਵੱਲੋਂ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਨਾਂ ਦੇਸ਼ ਦੇ ਸਰਬਉੱਚ ਸਨਮਾਨ 'ਭਾਰਤ ਰਤਨ' ਲਈ ਵਿਚਾਰੇ ਜਾਣ ਦੀ ਚਰਚਾ ਦੌਰਾਨ ਨੇਤਾ ਜੀ ਦੇ ਪਰਿਵਾਰ ਦੇ ਮੈਂਬਰਾਂ ਨੇ ਕਿਹਾ ਕਿ ਉਹ ਇਸ ਸਨਮਾਨ ਦੇ ਹੱਕ ਵਿਚ ਨਹੀਂ ਤੇ ਮਹਾਤਮਾ ਗਾਂਧੀ ਜਾਂ ਨੇਤਾ ਜੀ ਅਜਿਹੇ ਸਨਮਾਨਾਂ ਨਾਲੋਂ ਕਿਤੇ ਵੱਧ ਉੱਚੀਆਂ ਹਸਤੀਆਂ ਹਨ।

ਨੇਤਾ ਜੀ ਦੇ ਛੋਟੇ ਭਰਾ ਦੇ ਪੜਪੋਤੇ ਤੇ ਤ੍ਰਿਣਮੂਲ ਕਾਂਗਰਸ ਦੇ ਸੰਸਦ ਮੈਂਬਰ ਸੁਗਤ ਬੋਸ ਨੇ ਟਿੱਪਣੀ ਕੀਤੀ, 'ਨੇਤਾ ਜੀ ਦਾ ਕੱਦ ਭਾਰਤ ਰਤਨ ਨਾਲੋਂ ਕਿਤੇ ਵੱਧ ਉੱਚਾ ਸੀ। ਕੀ ਤੁਸੀਂ ਉਨ੍ਹਾਂ ਨੂੰ ਰਾਜੀਵ ਗਾਂਧੀ ਦੇ ਹਾਣ ਦੀ ਹਸਤੀ ਮੰਨਦੇ ਹੋ? ਘੱਟੋ-ਘੱਟ ਉਨ੍ਹਾਂ ਨੂੰ ਤਾਂ ਸੌੜੀ ਸਿਆਸਤ ਤੇ ਚਾਪਲੂਸੀ ਤੋਂ ਪਾਸੇ ਰੱਖਣਾ ਸਿੱਖ ਲਵੋ। ਭਾਰਤ ਰਤਨ ਇਕ ਹੋ ਸਕਦਾ ਹੈ, ਦੋ ਹੋ ਸਕਦੇ ਹਨ ਪਰ ਸਾਡੇ ਦੇਸ਼ ਵਿਚ ਤਾਂ 43 ਭਾਰਤ ਰਤਨ ਪਹਿਲਾਂ ਹੀ ਹਨ। ਕੀ ਨੇਤਾ ਜੀ ਇੰਨੀ ਛੋਟੀ ਹਸਤੀ ਸਨ ਕਿ ਉਨ੍ਹਾਂ ਦਾ ਨੰਬਰ ਇਨ੍ਹਾਂ ਸਾਰਿਆਂ ਤੋਂ ਬਾਅਦ ਆਇਆ?' ਨੇਤਾ ਜੀ ਦੇ ਪਰਿਵਾਰ ਨਾਲ ਹੀ ਸਬੰਧਤ ਇਕ ਹੋਰ ਹਸਤੀ ਚੰਦਰ ਕੁਮਾਰ ਬੋਸ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਨੂੰ ਭਾਰਤ ਰਤਨ ਨਾਲ ਸਨਮਾਨਣਾ ਦਰੁਸਤ ਜਾਪਦਾ ਹੈ, ਪਰ ਨੇਤਾ ਜੀ ਨੂੰ ਅਜਿਹੇ ਸਨਮਾਨਾਂ ਦੇ ਗੇੜ ਵਿਚ ਪਾਉਣਾ ਦਰੁਸਤ ਨਹੀਂ।

## ਭਾਗਵਤ ਦੇ ਹਿੰਦੂਆਂ ਵਾਲੇ ਬਿਆਨ 'ਤੇ ਛਿੜਿਆ ਵਿਵਾਦ

**ਨਵੀਂ ਦਿੱਲੀ:** ਆਰ.ਐਸ.ਐਸ. ਦੇ ਪ੍ਰਮੁੱਖ ਮੋਹਨ ਭਾਗਤਵ ਦੇ ਬਿਆਨ ਹਿੰਦੋਸਤਾਨ ਦੇ ਸਾਰੇ ਨਿਵਾਸੀਆਂ ਨੂੰ ਹਿੰਦੂ ਕਹੇ ਜਾਣ 'ਤੇ ਸਿਆਸੀ ਵਿਵਾਦ ਛਿੜ ਗਿਆ ਹੈ। ਕਾਂਗਰਸ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਨੇ ਭਾਗਵਤ ਦੇ ਇਸ ਬਿਆਨ ਦੀ ਸਖਤ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ। ਕਾਂਗਰਸ, ਰਾਸ਼ਟਰਵਾਦੀ ਪਾਰਟੀ, ਜਨਤਾ ਦਲ ਯੂਨਾਈਟਿਡ, ਮਾਕਪਾ ਤੇ ਬਸਪਾ ਨੇ ਭਾਗਵਤ ਦੇ ਇਸ ਬਿਆਨ ਦੀ ਸਖ਼ਤ ਆਲੋਚਨਾ ਕੀਤੀ ਹੈ ਜਦਕਿ ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਨੇ ਸੰਘ ਪ੍ਰਮੁੱਖ ਦੇ ਬਿਆਨ ਦਾ ਸਮਰਥਨ ਕੀਤਾ ਹੈ।

ਕਾਂਗਰਸੀ ਆਗੂ ਮਨੀਸ਼ ਤਿਵਾੜੀ ਨੇ ਭਾਗਵਤ ਨੂੰ ਸੰਵਿਧਾਨ ਦਾ ਚੰਗੀ ਤਰ੍ਹਾਂ ਅਧਿਐਨ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਸੰਵਿਧਾਨ ਵਿਚ ਸਪੱਸ਼ਟ ਲਿਖਿਆ ਹੈ ਕਿ 'ਇੰਡੀਆ ਭਾਰਤ ਹੈ, ਇਕ ਸੰਘੀ ਰਾਜ ਹੈ ਅਤੇ ਹਿੰਦੋਸਤਾਨ ਸ਼ਬਦ ਦਾ ਕਿਤੇ ਜ਼ਿਕਰ ਨਹੀਂ ਹੈ। ਮਾਰਕਸੀ ਪਾਰਟੀ ਦੇ ਆਗੂ ਸੀਤਾਰਾਮ ਯੇਚੁਰੀ ਨੇ ਕਿਹਾ ਕਿ ਭਾਗਵਤ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਸੰਵਿਧਾਨ ਵਿਚ ਵਿਸ਼ਵਾਸ ਕਰਦੇ ਹਨ। ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਨੇ ਕਿਹਾ ਕਿ ਸੰਵਿਧਾਨ ਵਿਚ ਇਨਸਾਨ ਬਣਨ ਦਾ ਸਬਕ ਹੈ। 68 ਸਾਲ ਹੋ ਗਏ ਹਨ ਤੇ ਦੇਸ਼ ਸੰਵਿਧਾਨ ਦੇ ਦੱਸੇ ਰਾਸਤੇ 'ਤੇ ਚੱਲ ਰਿਹਾ ਹੈ ਤੇ ਅੱਗੇ ਵੀ ਚੱਲੇਗਾ। ਜੋ ਇਸ ਰਾਸਤੇ ਨੂੰ ਬਦਲਣ ਦੀ ਕੋਸ਼ਿਸ਼ ਕਰੇਗਾ ਉਹ ਸਫਲ ਨਹੀਂ ਹੋਵੇਗਾ। ਬਸਪਾ ਪ੍ਰਧਾਨ ਤੇ ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਭਾਗਵਤ ਦੀ ਨਿੰਦਾ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੰਵਿਧਾਨ ਦਾ ਗਿਆਨ ਨਹੀਂ ਹੈ। ਭਾਗਵਤ ਦੀ ਟਿੱਪਣੀ 'ਤੇ ਛਿੜੇ ਵਿਵਾਦ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਿਆਂ ਭਾਜਪਾ ਆਗੂ ਵਿਨੈ ਕਟਿਆਰ ਨੇ ਕਿਹਾ ਕਿ ਉਨ੍ਹਾਂ ਦਾ ਹਿੰਦੂ ਤੋਂ ਭਾਵ ਹਿੰਦੋਸਤਾਨੀ ਸੀ। ਉਨ੍ਹਾਂ ਨੇ ਕਦੇ ਵੀ ਲੋਕਾਂ ਦੇ ਧਾਰਮਿਕ ਰੀਤੀ ਰਿਵਾਜਾਂ ਵਿਚ ਦਖਲ ਅੰਦਾਜ਼ੀ ਬਾਰੇ ਕੁਝ ਨਹੀਂ ਕਿਹਾ।

## *ਸਿੱਖਾਂ ਨੂੰ ਭਾਗਵਤ ਕੋਲੋਂ ਮਾਨਤਾ ਲੈਣ ਦੀ ਲੋੜ ਨਹੀਂ: ਜਥੇਦਾਰ*

**ਅੰਮ੍ਰਿਤਸਰ:** ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਆਗੂ ਮੋਹਨ ਭਾਗਵਤ ਵੱਲੋਂ ਸਿੱਖਾਂ ਨੂੰ ਹਿੰਦੂਆਂ ਦਾ ਭਾਗ ਦੱਸਣ ਦੇ ਮਾਮਲੇ 'ਤੇ ਉੱਠੀ ਚਰਚਾ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖ ਹਿੰਦੂ ਨਹੀਂ ਸਗੋਂ ਵੱਖਰੀ ਸਿਰਮੌਰ ਕੌਮ ਹਨ ਤੇ ਇਸ ਲਈ ਸਿੱਖਾਂ ਨੂੰ ਮੋਹਨ ਭਾਗਵਤ ਜਿਹੇ ਵਿਅਕਤੀਆਂ ਕੋਲੋਂ ਮਾਨਤਾ ਲੈਣ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਸਮੂਹ ਧਰਮਾਂ ਦਾ ਸਤਿਕਾਰ ਕਰਦੇ ਹਨ ਪਰ ਸਿੱਖਾਂ ਦੇ ਵਜੂਦ ਤੇ ਪਛਾਣ ਨੂੰ ਨਕਾਰਨ ਵਾਲੇ ਕਿਸੇ ਅਨਸਰ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਡੇਰਾ ਸਿਰਸਾ ਮੁਖੀ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਤੋਂ ਬਰੀ

**ਬਠਿੰਡਾ:** ਸਥਾਨਕ ਅਦਾਲਤ ਨੇ ਡੇਰਾ ਸਿਰਸਾ ਮੁਖੀ ਖ਼ਿਲਾਫ਼ ਥਾਣਾ ਕੋਤਵਾਲੀ ਵਿਚ ਦਰਜ ਕੇਸ ਨੂੰ ਖਾਰਜ ਕਰ ਦਿੱਤਾ ਹੈ। ਇਸ ਨਾਲ ਡੇਰਾ ਮੁਖੀ ਨੂੰ ਤਕਰੀਬਨ ਸੱਤ ਵਰ੍ਹਿਆਂ ਮਗਰੋਂ ਵੱਡੀ ਰਾਹਤ ਮਿਲੀ ਹੈ। ਅਦਾਲਤ ਨੇ ਡੇਰਾ ਮੁਖੀ ਵੱਲੋਂ ਪਾਈ ਰੀਵਿਊ ਪਟੀਸ਼ਨ 'ਤੇ ਫ਼ੈਸਲਾ ਦਿੰਦਿਆਂ ਪੰਜਾਬ ਪੁਲਿਸ ਦੀ ਕੈਂਸਲੇਸ਼ਨ ਰਿਪੋਰਟ ਨੂੰ ਸਵੀਕਾਰ ਕਰ ਲਿਆ ਹੈ। ਅਦਾਲਤੀ ਫ਼ੈਸਲੇ ਮਗਰੋਂ ਹੁਣ ਡੇਰਾ ਮੁਖੀ ਧਾਰਮਿਕ ਭਾਵਨਾਵਾਂ ਭੜਕਾਏ ਜਾਣ ਦੇ ਇਲਜ਼ਾਮ ਤੋਂ ਮੁਕਤ ਹੋ ਗਏ ਹਨ।



ਸੱਤ ਵਰ੍ਹਿਆਂ ਤੋਂ ਚੱਲ ਰਿਹਾ ਸੀ ਕੇਸ

ਜ਼ਿਲ੍ਹਾ ਅਦਾਲਤ ਵਿਚ ਰੀਵਿਊ ਪਟੀਸ਼ਨ 'ਤੇ ਤਕਰੀਬਨ ਇਕ ਘੰਟਾ ਲੰਮੀ ਬਹਿਸ ਚੱਲੀ। ਇਸ ਮੌਕੇ ਮੁਦਈ ਰਜਿੰਦਰ ਸਿੰਘ ਸਿੱਧੂ, ਹਰਦੀਪ ਸਿੰਘ ਮਹਿਰਾਜ ਤੇ ਜਸਪਾਲ ਸਿੰਘ ਮੰਝਪੁਰ ਵੀ ਮੌਜੂਦ ਸਨ। ਡੇਰਾ ਧਿਰ ਨੇ ਅਦਾਲਤ ਵਿਚ ਪੱਖ ਪੇਸ਼ ਕੀਤਾ ਸੀ ਕਿ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸ ਵਿਚ ਪੁਲਿਸ ਨਿਸ਼ਚਿਤ ਸਮੇਂ (ਤਿੰਨ ਸਾਲ) ਅੰਦਰ ਚਲਾਨ ਪੇਸ਼ ਨਹੀਂ ਕਰ ਸਕੀ ਹੈ ਤੇ ਖ਼ੁਦ ਪੁਲਿਸ ਕੈਂਸਲੇਸਨ ਰਿਪੋਰਟ ਭਰ ਚੁੱਕੀ ਹੈ ਜਿਸ ਕਰਕੇ ਇਹ ਕੇਸ ਖਾਰਜ ਕੀਤਾ ਜਾਵੇ। ਜਤਿੰਦਰ ਰਾਏ ਖੱਟੜ ਤੇ ਜਸਪਾਲ ਸਿੰਘ ਮੰਝਪੁਰ ਨੇ ਮੁਦਈ ਧਿਰ ਦੀ ਹਮਾਇਤ ਵਿਚ ਆਪਣੇ ਪੱਖ ਰੱਖੇ। ਬਹਿਸ ਮਗਰੋਂ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਫ਼ੈਸਲਾ ਸੁਣਾਇਆ। ਜ਼ਿਲ੍ਹਾ ਅਟਾਰਨੀ ਇਕਬਾਲਜੀਤ ਸਿੰਘ ਕਿੰਗਰਾ ਦਾ ਕਹਿਣਾ ਸੀ ਕਿ ਜ਼ਿਲ੍ਹਾ ਅਦਾਲਤ ਨੇ ਰੀਵਿਊ ਪਟੀਸ਼ਨ ਦਾ ਫ਼ੈਸਲਾ ਸੁਣਾ ਦਿੱਤਾ ਹੈ ਤੇ ਪੁਲਿਸ ਵੱਲੋਂ ਭਰੀ ਕੈਂਸਲੇਸ਼ਨ ਰਿਪੋਰਟ ਨੂੰ ਸਵੀਕਾਰ ਕਰ ਲਿਆ ਹੈ ਜਿਸ ਕਰਕੇ ਡੇਰਾ ਮੁਖੀ ਖ਼ਿਲਾਫ਼ ਦਰਜ ਕੇਸ ਹੁਣ ਖਾਰਜ ਹੋ ਗਿਆ ਹੈ।

ਜ਼ਿਕਰਯੋਗ ਹੈ ਕਿ ਹਰਦੀਪ ਸਿੰਘ ਮਹਿਰਾਜ ਤੇ ਜਸਪਾਲ ਸਿੰਘ ਮੰਝਪੁਰ ਨੇ ਸਾਲ 2011 ਦੇ ਅਖੀਰ ਵਿਚ ਪਟੀਸ਼ਨ ਦਾਇਰ ਕਰ ਕੇ ਅਦਾਲਤ ਅੱਗੇ ਪੱਖ ਰੱਖਿਆ ਸੀ ਕਿ ਡੇਰਾ ਮੁਖੀ ਖ਼ਿਲਾਫ਼ ਕੇਸ ਚੱਲਣਾ ਚਾਹੀਦਾ ਹੈ। ਡੇਰਾ ਮੁਖੀ ਖ਼ਿਲਾਫ਼ ਨਿਸ਼ਚਿਤ ਸਮੇਂ ਅੰਦਰ ਚਲਾਨ ਪੇਸ਼ ਨਾ ਕਰਨ ਦਾ ਫ਼ਾਇਦਾ ਡੇਰਾ ਮੁਖੀ ਨੂੰ ਮਿਲਿਆ ਹੈ। ਡੇਰਾ ਮੁਖੀ ਖ਼ਿਲਾਫ਼ 20 ਮਈ 2007 ਨੂੰ ਧਾਰਾ 295 ਏ ਤਹਿਤ ਪੁਲਿਸ ਕੇਸ ਦਰਜ ਹੋਇਆ ਸੀ ਤੇ 20 ਜੂਨ 2007 ਨੂੰ ਧਾਰਾ 298 ਤੇ 153 ਦਾ ਵਾਧਾ ਕਰ ਦਿੱਤਾ ਗਿਆ ਸੀ।

ਉਧਰ ਡੇਰਾ ਮੁਖੀ ਖ਼ਿਲਾਫ਼ ਕੇਸ ਦਰਜ ਕਰਵਾਉਣ ਵਾਲੇ ਮੁਦਈ ਰਜਿੰਦਰ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਉਹ ਇਸ ਫ਼ੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਚੁਣੌਤੀ ਦੇਣਗੇ।

# ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਸੰਮਨ ਜਾਰੀ

**ਤਲਵੰਡੀ ਸਾਬੋ:** ਅਦਾਲਤ ਵੱਲੋਂ ਡੇਰਾ ਸਿਰਸਾ ਮੁਖੀ ਵਿਰੋਧੀ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿੱਖ ਪ੍ਰਚਾਰਕ ਤੇ ਪੰਥਕ ਸੇਵਾ ਲਹਿਰ ਦੇ ਮੁਖੀ ਸੰਤ ਬਲਜੀਤ ਸਿੰਘ ਖਾਲਸਾ ਦਾਦੂਵਾਲ ਖਿਲਾਫ਼ ਸੰਮਨ ਜਾਰੀ ਕੀਤੇ ਹਨ। ਸੰਤ ਦਾਦੂਵਾਲ ਖਿਲਾਫ਼ ਡੇਰਾ ਸਿੱਖ ਵਿਵਾਦ ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਬਾਜਾਖਾਨਾ ਵਿਖੇ ਦਰਜ ਹੋਏ ਮਾਮਲੇ ਨੂੰ ਪੰਜ ਸਾਲਾਂ ਬਾਅਦ ਮੁੜ ਖੋਲਕੇ ਸੰਮਨ ਜਾਰੀ ਕਰ ਦਿੱਤੇ ਗਏ ਹਨ। ਇਸ 'ਤੇ ਪ੍ਰਤੀਕਿਰਿਆ ਪ੍ਰਗਟ ਕਰਦਿਆਂ ਸੰਤ ਦਾਦੂਵਾਲ ਨੇ ਕਿਹਾ ਕਿ ਡੇਰਾ ਸਿਰਸਾ ਮੁਖੀ ਨੂੰ ਬਰੀ ਕਰਨਾ ਤੇ ਪੰਜ ਸਾਲਾਂ ਤੋਂ ਬੰਦ ਪਏ ਕੇਸ ਨੂੰ ਖੋਲ੍ਹ ਕੇ ਉਨ੍ਹਾਂ ਖਿਲਾਫ਼ ਸੰਮਨ ਜਾਰੀ ਕਰਕੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖਾਂ ਨੂੰ ਇਕ ਤੋਹਫਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਲਿਆ ਗਿਆ ਹੈ, ਪਹਿਲਾਂ ਤਾਂ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ ਕੀਤੀ ਗਈ ਤੇ ਹੁਣ ਉਨ੍ਹਾਂ ਵਿਰੁੱਧ ਕੇਸ ਖੁਲਵਾ ਕੇ ਸੰਮਨ ਜਾਰੀ ਕਰਵਾ ਦਿੱਤੇ ਗਏ ਹਨ ਜਦੋਂਕਿ ਉਹ ਹਰਿਆਣਾ ਵਿਚਲੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਵਿਚ ਲੱਗੇ ਹੋਏ ਹਨ।


Golden State Realty

Sacramento Office: 9912 Kapalua Ln., Elk Grove, CA 95624
Tel: 916-612-5773
*Courtesy of Sales Manager Traci Lill, Meadows at Galt*

| The Poppy ~ Plan 1 | 4 Bedrooms, 2 & half Baths, Two-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 722 Elk Hills Drive | 22 | 7076 | B | $10,662 | $326,652 |
| 714 Elk Hills Drive | 24 | 6672 | C | $2,750 | $318,740 |

| The Poppy ~ Plan 2 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 718 Elk Hills Drive | 23 | 6667 | C | $7,115 | $330,105 |
| 710 Elk Hills Drive | 25 | 6688 | A | $2,200 | Sold |

| The Poppy ~ Plan 3 | 4 Bedrooms, 3 Baths, Three-Car Tandem Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 938 Fermoy Way | 30 | 7559 | A | $8,300 | $341,290 |
| 942 Fermoy Way | 31 | 7167 | C | $7,300 | $340,290 |

| The Poppy ~ Plan 4 | 6 Bedrooms, 3 & half Baths, Three-Car Garage | | | | |
|---|---|---|---|---|---|
| Address | Lot# | Lot Size | Elevation | Options In Home | Price |
| 950 Fermoy Way | 33 | 7220 | A | $16,980 | $376,970 |
| 926 Fermoy Way | 17 | 6615 | C | $3,725 | $366,715 |
| 934 Fermoy Way | 29 | 6500 | B | $3,475 | $366,465 |



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Call: Sohanpreet 'Sam' Chahal*
@916-612-5773
Serving from Bay Area to Sacramento

Seller/Builder reserves the right to modify elevations, floor plans, specifications, materials, maps and prices without notice or obligation. All renderings, floor plans and maps are artist conceptions and may not reflect actual depiction. Prices will vary depending upon lot size, exterior elevations and pre-selected optional features. All square footage measurements, elevations, lot sizes, floor plans and room dimensions are approximate. Subject to Prior Sale. This advertisement is for illustration purpose only and not a part of a legal contract. Co-Op policy posted in Sale Office. Homes offered by The Meadows Galt 27, LLC. Built by Beck, Stockton CA. 6.13.14



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖ਼ਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਅਕਾਲੀ ਦਲ ਤੇ ਭਾਜਪਾ ਦਾ ਰੱਫੜ ਹਾਈਕਮਾਨ ਕੋਲ ਪੁੱਜਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਹਾਕਮ ਪਾਰਟੀਆਂ ਦੇ ਮਾੜੇ ਪ੍ਰਦਰਸ਼ਨ ਤੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਦੇ ਗਠਨ ਤੋਂ ਬਾਅਦ ਭਾਈਵਾਲ ਪਾਰਟੀਆਂ ਦੇ ਰਿਸ਼ਤਿਆਂ ਵਿਚ ਲਗਾਤਾਰ ਬਦਲਾਅ ਆ ਰਿਹਾ ਹੈ। ਭਾਜਪਾ ਨਾਲ ਸਬੰਧਤ ਆਗੂਆਂ ਵੱਲੋਂ ਪਿਛਲੇ ਢਾਈ ਮਹੀਨਿਆਂ ਦੇ ਸਮੇਂ ਤੋਂ ਕਿਸੇ ਨਾ ਕਿਸੇ ਮੁੱਦੇ ਉਤੇ ਸਰਕਾਰ 'ਤੇ ਹਮਲੇ ਕੀਤੇ ਜਾ ਰਹੇ ਹਨ। ਪੰਜਾਬ ਦੀਆਂ ਸੱਤਾਧਾਰੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦਰਮਿਆਨ ਅੰਦਰਖਾਤੇ ਚੱਲ ਰਹੀ ਠੰਡੀ ਜੰਗ ਦਾ ਮਾਮਲਾ ਭਾਜਪਾ ਹਾਈਕਮਾਨ ਤੱਕ ਪਹੁੰਚ ਗਿਆ ਹੈ।

ਪਾਰਟੀ ਦੀ ਪੰਜਾਬ ਮਾਮਲਿਆਂ ਬਾਰੇ ਕਮੇਟੀ ਦੇ ਮੁਖੀ ਸ਼ਾਂਤਾ ਕੁਮਾਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਦੋਹਾਂ ਪਾਰਟੀਆਂ ਦਰਮਿਆਨ ਚੱਲ ਰਹੀ ਕਸ਼ਮਕਸ਼ ਦੇ ਮੁੱਦੇ 'ਤੇ ਮੀਟਿੰਗ ਕਰਨ ਲਈ ਚੰਡੀਗੜ੍ਹ ਆਉਣਗੇ। ਉਨ੍ਹਾਂ ਦੋਹਾਂ ਪਾਰਟੀਆਂ ਦੇ ਆਗੂਆਂ ਦਰਮਿਆਨ ਚੱਲ ਰਹੇ ਰੱਫੜ ਨੂੰ ਸਵੀਕਾਰ ਕਰਦਿਆਂ ਕਿਹਾ ਕਿ ਭਾਜਪਾ ਤੇ ਅਕਾਲੀ ਦਲ ਦੇ ਆਗੂਆਂ ਦਰਮਿਆਨ ਕਈ ਤਰ੍ਹਾਂ ਦੀਆਂ ਗ਼ਲਤਫਹਿਮੀਆਂ ਹਨ ਜਿਨ੍ਹਾਂ ਨੂੰ ਤੁਰੰਤ ਦੂਰ ਕੀਤਾ ਜਾਣਾ ਬਣਦਾ ਹੈ। ਪਾਰਟੀ ਹਲਕਿਆਂ ਮੁਤਾਬਕ ਭਾਜਪਾ ਦੀ ਪੰਜਾਬ ਇਕਾਈ ਦੇ ਆਗੂਆਂ ਨੇ ਅਕਾਲੀ ਦਲ ਦੇ ਆਗੂਆਂ 'ਤੇ ਮਨਮਾਨੀਆਂ ਕਰਨ ਤੇ ਭਾਈਵਾਲ ਪਾਰਟੀ ਦੇ ਆਗੂਆਂ ਨੂੰ ਨੀਵਾਂ





ਦਿਖਾਉਣ ਵਾਲੀਆਂ ਗਤੀਵਿਧੀਆਂ ਕਰਨ ਦੇ ਦੋਸ਼ ਲਾਏ ਹਨ। ਅਕਾਲੀ ਆਗੂਆਂ ਨੇ ਭਾਜਪਾ ਨਾਲ ਸਬੰਧਤ ਮੰਤਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਕੁਰਸੀਆਂ ਬਚਾਉਣ ਲਈ ਕੀਤੀਆਂ ਜਾ ਰਹੀਆਂ ਪੇਸ਼ਬੰਦੀਆਂ ਕਰਾਰ ਦਿੱਤਾ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਅਨਿਲ ਜੋਸ਼ੀ ਵੱਲੋਂ ਪਿਛਲੇ ਦੋ ਕੁ ਹਫ਼ਤਿਆਂ ਦਰਮਿਆਨ ਸਰਕਾਰ ਨੂੰ ਦੋ ਵਾਰੀ ਠਿੱਠ ਕੀਤਾ ਗਿਆ ਹੈ। ਸ੍ਰੀ ਜੋਸ਼ੀ ਨੇ ਪਹਿਲਾਂ ਤਾਂ ਵੈਟ ਦੇ ਮੁੱਦੇ 'ਤੇ ਸਰਕਾਰ ਵਿਰੁੱਧ ਸੰਘਰਸ਼ ਛੇੜਨ ਦਾ ਐਲਾਨ ਕੀਤਾ ਤੇ ਉਸ ਤੋਂ ਬਾਅਦ ਸੀ.ਐਲ.ਯੂ. ਫੀਸ ਦੀ ਮੁਆਫ਼ੀ ਦਾ ਐਲਾਨ ਕਰ ਦਿੱਤਾ। ਇਨ੍ਹਾਂ ਦੋਹਾਂ ਮੁੱਦਿਆਂ 'ਤੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ। ਇਹ ਵੀ ਮਹੱਤਵਪੂਰਨ ਤੱਥ ਹੈ ਕਿ ਅਕਾਲੀ ਦਲ ਨੇ ਭਾਜਪਾ ਮੰਤਰੀ ਨੂੰ ਮੋੜਵਾਂ ਜਵਾਬ ਦੇਣ ਦਾ ਵੀ ਯਤਨ ਕੀਤਾ ਹੈ। ਅਕਾਲੀ ਦਲ ਦੀ ਕਾਰਵਾਈ ਨਾਲ ਦੋਹਾਂ ਪਾਰਟੀਆਂ ਦਰਮਿਆਨ ਛਿੜਿਆ ਵਿਵਾਦ ਹੋਰ ਵੀ ਵਧ ਗਿਆ ਹੈ। ਭਾਜਪਾ ਆਗੂਆਂ ਨੇ ਸਾਰਾ ਮਾਮਲਾ ਪਾਰਟੀ ਹਾਈ ਕਮਾਨ ਦੇ ਧਿਆਨ ਵਿਚ ਲਿਆ ਦਿੱਤਾ ਹੈ।

ਭਾਜਪਾ ਨੂੰ ਇਸ ਗੱਲ ਦਾ ਵੀ ਗਿਲਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼ਾਂਤਾ ਕੁਮਾਰ ਦਰਮਿਆਨ ਜੂਨ ਮਹੀਨੇ ਦੌਰਾਨ ਹੋਈ ਮੀਟਿੰਗ ਵਿਚ ਅਕਾਲੀ-ਭਾਜਪਾ ਆਗੂਆਂ 'ਤੇ ਅਧਾਰਤ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਗਠਨ ਦਾ ਫ਼ੈਸਲਾ ਲਿਆ ਸੀ। ਤਕਰੀਬਨ ਦੋ ਮਹੀਨਿਆਂ ਦਾ ਸਮਾਂ ਲੰਘ ਜਾਣ ਤੋਂ ਬਾਅਦ ਵੀ ਤਾਲਮੇਲ ਕਮੇਟੀ ਦਾ ਗਠਨ ਨਹੀਂ ਹੋ ਸਕਿਆ। ਸ਼ਾਂਤਾ ਕੁਮਾਰ ਦਾ ਵੀ ਮੰਨਣਾ ਹੈ ਕਿ ਕਈ ਮਸਲੇ ਤਾਲਮੇਲ ਕਮੇਟੀ ਵਿਚ ਹੀ ਹੱਲ ਹੋ ਸਕਦੇ ਹਨ। ਇਸ ਲਈ ਕਮੇਟੀ ਦਾ ਗਠਨ ਹੋਣਾ ਚਾਹੀਦਾ ਸੀ। ਇਹ ਵੀ ਜ਼ਿਕਰਯੋਗ ਹੈ ਕਿ ਅਕਾਲੀ ਦਲ ਵੱਖਰੀ ਕਮੇਟੀ ਦੇ ਮੁੱਦੇ 'ਤੇ ਉਲਝਿਆ ਪਿਆ ਹੈ। ਭਾਰਤੀ ਜਨਤਾ ਪਾਰਟੀ ਨੇ ਸਰਕਾਰ ਅੰਦਰੋਂ ਜੰਗ ਛੇੜੀ ਹੋਈ ਹੈ। ਇਸ ਤਰ੍ਹਾਂ ਨਾਲ ਸਰਕਾਰ ਨੂੰ ਲਗਾਤਾਰ ਨਮੋਸ਼ੀ ਝੱਲਣੀ ਪੈ ਰਹੀ ਹੈ। ਅਕਾਲੀ ਆਗੂਆਂ ਵੱਲੋਂ ਭਾਜਪਾ ਮੰਤਰੀਆਂ ਨੂੰ ਗੱਠਜੋੜ ਧਰਮ ਨਿਭਾਉਣ ਦੀਆਂ ਨਸੀਹਤਾ ਦਿੱਤੀਆਂ ਜਾ ਰਹੀਆਂ ਹਨ। ਇਕ ਸੀਨੀਅਰ ਅਕਾਲੀ ਆਗੂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਮੰਤਰੀਆਂ ਵਿਚ ਤਬਦੀਲੀ ਕਰਨ ਦੀ ਯੋਜਨਾ ਬਣਾਈ ਸੀ। ਇਸ ਲਈ ਮੰਤਰੀਆਂ ਵੱਲੋਂ ਆਪਣੀ ਕੁਰਸੀ ਬਚਾਉਣ ਲਈ ਪ੍ਰਭਾਵਸ਼ਾਲੀ ਹੋਣ ਦਾ ਦਾਅਵਾ ਕਰਨ ਲਈ ਫ਼ੈਸਲੇ ਲਏ ਜਾ ਰਹੇ ਹਨ।

ਉਧਰ ਸਥਾਨਕ ਸਰਕਾਰਾਂ ਬਾਰੇ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ ਨੇ ਸੀ.ਐਲ.ਯੂ. ਫੀਸ ਮੁਆਫ਼ ਕਰਨ ਦੇ ਮੁੱਦੇ ਨੂੰ ਆਪਣਾ ਅਧਿਕਾਰ ਖੇਤਰ ਕਰਾਰ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਨੇ ਆਪਣੇ ਸਿਰ ਸਿਹਰਾ ਲੈਣ ਦੀ ਦੌੜ ਵਿਚ ਨਹੀਂ ਇਹ ਤਾਂ ਵਪਾਰੀ ਭਾਈਚਾਰੇ ਦੀ ਮੰਗ ਨੂੰ ਦੇਖਦਿਆਂ ਫ਼ੈਸਲਾ ਲਿਆ ਗਿਆ ਹੈ।

# ਅਦਾਲਤ ਵੱਲੋਂ ਦਲਜੀਤ ਸਿੰਘ ਚੀਮਾ ਨੂੰ ਸੰਮਨ

**ਹੁਸ਼ਿਆਰਪੁਰ:** ਸੋਸ਼ਲਿਸਟ ਪਾਰਟੀ ਦੇ ਕੌਮੀ ਉਪ ਪ੍ਰਧਾਨ ਬਲਵੰਤ ਸਿੰਘ ਖੇੜਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਮਾਨਤਾ ਰੱਦ ਕਰਵਾਉਣ ਬਾਰੇ ਕੀਤੀ ਅਪੀਲ ਦੀ ਸੁਣਵਾਈ ਤਹਿਤ ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਿੱਖਿਆ ਮੰਤਰੀ ਦਲਜੀਤ ਸਿੰਘ ਚੀਮਾ ਨੂੰ 28 ਅਗਸਤ ਨੂੰ ਰਿਕਾਰਡ ਸਮੇਤ ਹਾਜ਼ਰ ਹੋਣ ਦੇ ਹੁਕਮ ਦਿੱਤੇ ਹਨ। ਸ. ਚੀਮਾ ਦੇ ਵਕੀਲ ਹਰਜਿੰਦਰ ਸਿੰਘ ਧਾਮੀ ਨੇ ਅਦਾਲਤ ਵਿਚ ਸ. ਚੀਮਾ ਦੇ ਦਸਤਖ਼ਤਾਂ ਵਾਲਾ ਪੱਤਰ ਪੇਸ਼ ਕੀਤਾ। ਇਸ ਵਿਚ ਲਿਖਿਆ ਸੀ ਕਿ ਉਨ੍ਹਾਂ ਨੂੰ ਕੇਸ ਵਿਚ ਮੁਲਜ਼ਮ ਵਜੋਂ ਨਹੀਂ ਸਗੋਂ ਗਵਾਹ ਵਜੋਂ ਵਿਚਾਰਿਆ ਜਾਵੇ। ਅਦਾਲਤ ਵੱਲੋਂ ਸ. ਚੀਮਾ ਨੂੰ ਸਾਰਾ ਰਿਕਾਰਡ ਲੈ ਕੇ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ ਸਨ। ਅਦਾਲਤ ਨੇ ਜਾਣਕਾਰੀ ਹੋਣ ਦੇ ਬਾਵਜੂਦ ਹਾਜ਼ਰ ਨਾ ਹੋਣ ਦਾ ਸਖ਼ਤ ਨੋਟਿਸ ਲੈਂਦਿਆਂ ਉਨ੍ਹਾਂ ਨੂੰ 28 ਅਗਸਤ ਨੂੰ ਰਿਕਾਰਡ ਸਮੇਤ ਤਲਬ ਕੀਤਾ ਹੈ ਤੇ ਡਾ. ਚੀਮਾ ਦੇ ਵਕੀਲ ਨੂੰ ਉਨ੍ਹਾਂ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਕਿਹਾ ਹੈ।




ਦੱਸਣਯੋਗ ਹੈ ਕਿ ਸ੍ਰੀ ਖੇੜਾ ਨੇ ਫਰਵਰੀ 2009 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰਾਂ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰਾਇਆ ਸੀ। ਇਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਸਿੰਘ ਛਿੰਦਾ ਸ਼ਾਮਲ ਸਨ।

ਉਨ੍ਹਾਂ ਸ਼੍ਰੋਮਣੀ ਅਕਾਲੀ ਦਲ 'ਤੇ ਦੋ ਵੱਖ-ਵੱਖ ਵਿਧਾਨ ਰੱਖਣ ਦਾ ਦੋਸ਼ ਲਗਾਇਆ। ਸ੍ਰੀ ਖੇੜਾ ਮੁਤਾਬਕ ਅਕਾਲੀ ਦਲ ਨੇ ਬਤੌਰ ਪੰਥਕ ਜਥੇਬੰਦੀ, ਗੁਰਦੁਆਰਾ ਕਮਿਸ਼ਨ ਕੋਲ ਕੋਈ ਹੋਰ ਵਿਧਾਨ ਜਮ੍ਹਾਂ ਕਰਵਾਇਆ ਹੋਇਆ ਹੈ ਪਰ ਬਤੌਰ ਸਿਆਸੀ ਪਾਰਟੀ ਮਾਨਤਾ ਲੈਣ ਲਈ ਮੁੱਖ ਚੋਣ ਕਮਿਸ਼ਨ ਕੋਲ ਵੱਖਰਾ ਵਿਧਾਨ ਪੇਸ਼ ਕੀਤਾ।

# ਥਾਣੇਦਾਰ ਹੱਤਿਆ ਕੇਸ ਵਿਚ ਅਕਾਲੀ ਆਗੂ ਸਣੇ 5 ਨੂੰ ਉਮਰ ਕੈਦ

**ਅੰਮ੍ਰਿਤਸਰ:** ਅਦਾਲਤ ਨੇ ਪੰਜਾਬ ਪੁਲਿਸ ਦੇ ਸਹਾਇਕ ਸਬ ਇੰਸਪੈਕਟਰ ਰਵਿੰਦਰਪਾਲ ਸਿੰਘ ਦੀ ਛੇਹਰਟਾ ਇਲਾਕੇ ਵਿਚ ਗੋਲੀਆਂ ਮਾਰ ਕੇ ਹੱਤਿਆ ਕਰਨ ਵਾਲੇ ਸਾਬਕਾ ਅਕਾਲੀ ਆਗੂ ਰਣਜੀਤ ਸਿੰਘ ਰਾਣਾ ਤੇ ਉਸਦੇ ਚਾਰ ਸਾਥੀਆਂ ਨੂੰ ਮੌਤ ਤੱਕ ਉਮਰ ਕੈਦ ਦੀ ਸਜ਼ਾ ਸੁਣਾਈ ਹੈ।ਇਸ ਤੋਂ ਇਲਾਵਾ ਅਦਾਲਤ ਨੇ ਉਸ ਨੂੰ 70 ਹਜ਼ਾਰ ਰੁਪਏ ਦਾ ਜੁਰਮਾਨਾ ਵੀ ਕੀਤਾ ਹੈ। ਦੋਸ਼ੀ ਰਣਜੀਤ ਸਿੰਘ ਰਾਣਾ ਤੋਂ ਇਲਾਵਾ ਇਸ ਕੇਸ ਵਿਚ ਉਸਦੇ ਚਾਰ ਸਾਥੀਆਂ ਧਰਮਵੀਰ ਸਿੰਘ ਧਰਮਾ, ਗੁਰਬੀਰ ਸਿੰਘ ਬੀਰਾ, ਸੰਦੀਪ ਰਾਮਪਾਲ ਤੇ ਵਿਕਰਮ ਓਹਰੀ ਨੂੰ ਵੀ ਅਦਾਲਤ ਨੇ ਇਹੀ ਸਜ਼ਾ ਸੁਣਾਈ ਹੈ।



ਇਸ ਦੌਰਾਨ ਜਦੋਂ ਅਦਾਲਤ ਵੱਲੋਂ ਇਨ੍ਹਾਂ ਪੰਜਾਂ ਦੋਸ਼ੀਆਂ ਨੂੰ ਸਜ਼ਾ ਸੁਣਾਈ ਜਾ ਰਹੀ ਸੀ ਤਾਂ ਅਦਾਲਤ ਵਿਚ ਮਰਹੂਮ ਏ.ਐਸ.ਆਈ. ਰਵਿੰਦਰਪਾਲ ਸਿੰਘ ਦੀ ਪਤਨੀ ਪਰਮਜੀਤ ਕੌਰ ਤੇ ਬੇਟੀ ਰੋਬਿਨਜੀਤ ਕੌਰ ਵੀ ਹਾਜ਼ਰ ਸਨ। ਪੀੜਤ ਪਰਿਵਾਰ ਨੇ ਸਜ਼ਾ ਉੱਤੇ ਅਸੰਤੁਸ਼ਟੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਰਾਣਾ ਨੂੰ ਘੱਟੋ ਘੱਟ ਮੌਤ ਦੀ ਸਜ਼ਾ ਦਿੱਤੀ ਜਾਣੀ ਚਾਹੀਦੀ ਸੀ। ਉਹ ਇਸ ਬਾਰੇ ਉਚੇਰੀ ਅਦਾਲਤ ਵਿਚ ਪਹੁੰਚ ਕਰਨਗੇ। ਰੋਬਿਨਜੀਤ ਕੌਰ ਨੇ ਕਿਹਾ ਕਿ ਉਹ ਮੌਕੇ ਉੱਤੇ ਹਾਜ਼ਰ ਸੀ ਤੇ ਉਸਨੇ ਆਪਣੀਆਂ ਅੱਖਾਂ ਨਾਲ ਸਭ ਕੁਝ ਦੇਖਿਆ ਸੀ ਕਿ ਕਿਵੇਂ ਉਸਦੇ ਪਿਤਾ ਨੂੰ ਬੇਦਰਦੀ ਨਾਲ ਗੋਲੀਆ ਮਾਰ ਕੇ ਮਾਰਿਆ ਹੈ। ਅਜਿਹੇ ਕਾਰੇ ਲਈ ਉਹ ਮੌਤ ਦੀ ਸਜ਼ਾ ਦਾ ਹੱਕਦਾਰ ਹੈ। ਉਸ ਨੇ ਦੱਸਿਆ ਕਿ ਜਨਵਰੀ ਮਹੀਨੇ ਵਿਚ ਰਣਜੀਤ ਸਿੰਘ ਰਾਣਾ ਵੱਲੋਂ ਜੇਲ੍ਹ ਤੋਂ ਭੱਜਣ ਦਾ ਯਤਨ ਕੀਤਾ ਗਿਆ ਸੀ।

ਇਸ ਦੌਰਾਨ ਦੂਜੇ ਪਾਸੇ ਸਜ਼ਾ ਯਾਫਤਾ ਰਾਣਾ ਤੇ ਉਸਦੇ ਸਾਥੀਆਂ ਦੇ ਪਰਿਵਾਰਾਂ ਵੱਲੋਂ ਅਦਾਲਤ ਦੇ ਫੈਸਲੇ ਖਿਲਾਫ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਅਦਾਲਤ ਦੇ ਬਾਹਰ ਰੋਸ ਪ੍ਰਦਰਸ਼ਨ ਵੀ ਕੀਤਾ ਤੇ ਸੜਕ ਆਵਾਜਾਈ ਵੀ ਰੋਕੀ। ਕੇਸ ਦੀ ਸੁਣਵਾਈ ਸਮੇਂ ਅਦਾਲਤ ਵਿਚ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਏ.ਐਸ.ਆਈ ਰਵਿੰਦਰਪਾਲ ਸਿੰਘ ਦੇ ਪਰਿਵਾਰ ਨੂੰ ਸਖਤ ਸੁਰੱਖਿਆ ਘੇਰੇ ਹੇਠ ਅਦਾਲਤ ਵਿਚ ਲਿਆਂਦਾ ਗਿਆ ਤੇ ਵਾਪਸੀ ਤੱਕ ਸੁਰੱਖਿਆ ਛਤਰੀ ਕਾਇਮ ਰੱਖੀ ਗਈ। ਇਥੇ ਦੱਸਣਯੋਗ ਹੈ ਕਿ ਇਹ ਘਟਨਾ ਪੰਜ ਦਸੰਬਰ 2012 ਨੂੰ ਛੇਹਰਟਾ ਸਥਿਤ ਜੀਟੀ ਰੋਡ ਉਤੇ ਦਿਨ ਦਿਹਾੜੇ ਉਸ ਵੇਲੇ ਘਟੀ ਸੀ ਜਦੋਂ ਰੋਬਿਨਜੀਤ ਕੌਰ ਨਾਲ ਰਾਣਾ ਤੇ ਉਸ ਦੇ ਸਾਥੀਆਂ ਨੇ ਛੇੜਖਾਨੀ ਦਾ ਯਤਨ ਕੀਤਾ। ਉਸ ਨੇ ਤੁਰੰਤ ਫੋਨ ਰਾਹੀਂ ਆਪਣੇ ਪਿਤਾ ਰਵਿੰਦਰਪਾਲ ਸਿੰਘ ਨੂੰ ਸੂਚਿਤ ਕੀਤਾ, ਜੋ ਪੁਲਿਸ ਦੀ ਵਰਦੀ ਵਿਚ ਮੌਕੇ ਉੱਤੇ ਪੁੱਜ ਗਏ। ਇਸ ਮੌਕੇ ਏ.ਐਸ.ਆਈ. ਅਤੇ ਰਣਜੀਤ ਸਿੰਘ ਰਾਣਾ ਵਿਚਾਲੇ ਤਕਰਾਰ ਵੀ ਹੋਈ ਤੇ ਇਸ ਤਕਰਾਰ ਦੌਰਾਨ ਹੀ ਰਾਣਾ ਨੇ ਰਵਿੰਦਰਪਾਲ ਸਿੰਘ ਨੂੰ ਗੋਲੀ ਮਾਰ ਦਿੱਤੀ। ਉਹ ਆਪਣੇ ਵਾਹਨ ਵਿਚ ਮੌਕੇ ਤੋਂ ਫ਼ਰਾਰ ਹੋ ਗਏ ਤੇ ਕੁਝ ਮਿੰਟਾਂ ਵਿਚ ਹੀ ਹੋਰ ਹਥਿਆਰਾਂ ਸਮੇਤ ਪੁੱਜ ਗਏ ਤੇ ਜ਼ਖਮੀ ਹੋਏ ਏ.ਐਸ.ਆਈ. ਰਵਿੰਦਰਪਾਲ ਸਿੰਘ ਉੱਤੇ ਮੁੜ ਗੋਲੀਆਂ ਚਲਾਈਆਂ। ਇਸ ਘਟਨਾ ਨੂੰ ਕਈ ਲੋਕਾਂ ਨੇ ਦੇਖਿਆ ਸੀ। ਦੋਸ਼ੀਆਂ ਦੇ ਮੌਕੇ ਤੋਂ ਫਰਾਰ ਹੋਣ ਮਗਰੋਂ ਜ਼ਖਮੀ ਹੋਏ ਰਵਿੰਦਰਪਾਲ ਸਿੰਘ ਨੂੰ ਹਸਪਤਾਲ ਲੈ ਜਾਇਆ ਗਿਆ, ਜਿਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਘਟਨਾ ਸਮੇਂ ਕੁਝ ਦੂਰੀ ਉੱਤੇ ਹੀ ਸਥਾਪਤ ਛੇਹਰਟਾ ਥਾਣੇ ਦੀ ਪੁਲਿਸ ਨਹੀਂ ਪੁੱਜੀ ਸੀ। ਜਦੋਂਕਿ 15 ਕਿਲੋਮੀਟਰ ਦੂਰ ਘਰਿੰਡਾ ਥਾਣੇ ਤੋਂ ਪੁਲਿਸ ਪੁੱਜ ਗਈ ਸੀ। ਏ.ਐਸ.ਆਈ. ਰਵਿੰਦਰਪਾਲ ਸਿੰਘ ਘਰਿੰਡਾ ਥਾਣੇ ਵਿਖੇ ਹੀ ਤਾਇਨਾਤ ਰਿਹਾ ਸੀ।

# ਬਹੁਤ ਮਹਿੰਗਾ ਹੋ ਗਿਆ ਹੈ ਹੁਣ ਪੰਜਾਬ ਵਿਚ ਸੜਕੀ ਸਫਰ

**ਬਠਿੰਡਾ:** ਪੰਜਾਬ ਵਿਚ ਕੌਮੀ ਮਾਰਗਾਂ ਦੇ ਟੋਲ ਟੈਕਸਾਂ ਨੇ ਲੋਕਾਂ ਦੀ ਜੇਬ ਹਿਲਾ ਦਿੱਤੀ ਹੈ। ਲੋਕਾਂ ਨੂੰ ਪੰਜਾਬ ਦੀਆਂ ਸੜਕਾਂ 'ਤੇ ਸਫ਼ਰ ਕਰਨਾ 1500 ਕਰੋੜ ਰੁਪਏ ਵਿਚ ਪਿਆ ਹੈ। ਪੰਜਾਬ ਦੇ ਰਾਜ ਮਾਰਗ 'ਤੇ ਭਰਿਆ ਟੈਕਸ ਇਸ ਤੋਂ ਵੱਖਰਾ ਹੈ। ਪੰਜਾਬ ਦੇ ਡੇਢ ਦਰਜਨ ਮਾਰਗਾਂ 'ਤੇ ਟੋਲ ਟੈਕਸ ਲੱਗਦਾ ਹੈ। ਇਨ੍ਹਾਂ ਵਿੱਚੋਂ ਨੌਂ ਕੌਮੀ ਮਾਰਗ ਹਨ, ਜਦੋਂਕਿ ਇੰਨੇ ਹੀ ਰਾਜ ਮਾਰਗ ਹਨ। ਅੰਦਾਜ਼ੇ ਮੁਤਾਬਕ ਕੌਮੀ ਤੇ ਰਾਜ ਮਾਰਗਾਂ 'ਤੇ ਹੁਣ ਤੱਕ ਵਸੂਲ ਕੀਤਾ ਟੋਲ ਟੈਕਸ ਤਕਰੀਬਨ 2500 ਕਰੋੜ ਰੁਪਏ ਬਣਦਾ ਹੈ। ਕੌਮੀ ਸੜਕ ਮੰਤਰਾਲੇ ਦੇ ਤਾਜ਼ਾ ਅੰਕੜਿਆਂ ਮੁਤਾਬਕ ਪੰਜਾਬ ਦੇ ਨੌਂ ਕੌਮੀ ਮਾਰਗਾਂ 'ਤੇ ਟੋਲ ਟੈਕਸ ਲੱਗਦਾ ਹੈ।

ਇਨ੍ਹਾਂ ਸੜਕਾਂ 'ਤੇ ਟੋਲ ਟੈਕਸ ਲੱਗਣ ਤੋਂ ਲੈ ਕੇ ਇਸ ਸਾਲ 30 ਜੂਨ ਤੱਕ ਲੋਕਾਂ ਤੋਂ 1495 ਕਰੋੜ ਰੁਪਏ ਟੈਕਸ ਵਸੂਲਿਆ ਗਿਆ ਹੈ। ਪੰਜਾਬ ਵਿਚ ਸਭ ਤੋਂ ਵੱਧ ਕਮਾਈ ਖੰਨਾ-ਜਲੰਧਰ ਮਾਰਗ ਉਤੇ ਪੈਂਦੇ ਦੋਰਾਹਾ ਦੇ ਟੋਲ ਪਲਾਜ਼ਾ 699 ਕਰੋੜ ਰੁਪਏ ਦੀ ਹੋਈ ਹੈ। ਦੂਜਾ ਨੰਬਰ ਅੰਬਾਲਾ-ਖੰਨਾ ਮਾਰਗ 'ਤੇ ਪੈਂਦੇ ਸੰਭੂ ਟੋਲ ਪਲਾਜ਼ਾ ਦਾ ਆਉਂਦਾ ਹੈ। ਉਥੋਂ 366 ਕਰੋੜ ਰੁਪਏ ਟੋਲ ਟੈਕਸ ਵਸੂਲਿਆ ਗਿਆ ਹੈ। ਸਤਲੁਜ ਬ੍ਰਿਜ ਉੱਪਰ ਵੀ ਟੋਲ ਪਲਾਜ਼ਾ ਸੀ ਪਰ ਇਥੋਂ 74 ਲੱਖ ਦੀ ਆਮਦਨ ਮਗਰੋਂ ਟੋਲ ਪਲਾਜ਼ਾ ਹਟਾ ਦਿੱਤਾ ਗਿਆ।

ਸਰਕਾਰੀ ਵੇਰਵਿਆਂ ਮੁਤਾਬਕ ਕੌਮੀ ਮਾਰਗ ਅਥਾਰਟੀ ਅਧੀਨ ਦੇਸ਼ ਭਰ ਵਿਚ 288

## ਟੋਲ ਟੈਕਸਾਂ ਨੇ ਮੁਸਾਫਰਾਂ ਦੀ ਜੇਬ ਹੂੰਝੀ




ਕੌਮੀ ਸੜਕਾਂ ਤੇ ਬ੍ਰਿਜਾਂ 'ਤੇ ਟੋਲ ਪਲਾਜ਼ਾ ਹਨ। ਸਭ ਤੋਂ ਵੱਧ ਉੱਤਰ ਪ੍ਰਦੇਸ਼ ਵਿਚ 51 ਸੜਕਾਂ 'ਤੇ ਟੋਲ ਪਲਾਜ਼ਾ ਹਨ, ਜਦੋਂਕਿ ਹਰਿਆਣਾ ਵਿਚ 10 ਸੜਕਾਂ 'ਤੇ ਟੋਲ ਪਲਾਜ਼ਾ ਹਨ। ਦੇਸ਼ ਦੇ ਸਿਰਫ਼ 10 ਸੂਬੇ ਹੀ ਟੋਲ ਟੈਕਸ ਤੋਂ ਬਚੇ ਹਨ। ਕੌਮੀ ਮਾਰਗਾਂ 'ਤੇ ਆਂਧਰਾ ਪ੍ਰਦੇਸ਼ ਵਿਚ 43, ਗੁਜਰਾਤ ਵਿਚ 34, ਰਾਜਸਥਾਨ ਵਿਚ 31 ਤੇ ਤਾਮਿਲ ਨਾਡੂ ਵਿਚ 48 ਟੋਲ ਪਲਾਜ਼ਾ ਹਨ। ਸਰਕਾਰੀ ਸੂਤਰਾਂ ਮੁਤਾਬਕ ਪੰਜਾਬ ਵਿਚ ਟੋਲ ਟੈਕਸ 90 ਪੈਸੇ ਪ੍ਰਤੀ ਕਿਲੋਮੀਟਰ ਤੋਂ ਸ਼ੁਰੂ ਹੁੰਦਾ ਹੈ। ਇਸ ਵਿਚ ਹਰ ਵਰ੍ਹੇ ਵਾਧਾ ਹੁੰਦਾ ਹੈ। ਖੰਨਾ-ਦੋਰਾਹਾ ਸੜਕ 'ਤੇ 100 ਕਿਲੋਮੀਟਰ ਸਫ਼ਰ ਕਰਨ ਬਦਲੇ ਟੋਲ ਟੈਕਸ ਦੇਣਾ ਪੈਂਦਾ ਹੈ। ਅੰਬਾਲਾ-ਖੰਨਾ ਮਾਰਗ 'ਤੇ 66 ਕਿਲੋਮੀਟਰ ਦੇ ਸਫ਼ਰ ਲਈ ਸੰਭੂ ਪਲਾਜ਼ਾ 'ਤੇ ਟੋਲ ਟੈਕਸ ਦੇਣਾ ਪੈਂਦਾ ਹੈ।

ਅੰਮ੍ਰਿਤਸਰ-ਵਾਹਗਾ ਮਾਰਗ 'ਤੇ ਟੋਲ ਟੈਕਸ ਤੋਂ ਹੁਣ ਤੱਕ 9.92 ਕਰੋੜ ਰੁਪਏ ਦੀ ਕਮਾਈ ਹੋਈ ਹੈ। ਇਸੇ ਤਰ੍ਹਾਂ ਜਲੰਧਰ-ਪਠਾਨਕੋਟ ਕੌਮੀ ਮਾਰਗ 'ਤੇ ਦੋ ਟੋਲ ਪਲਾਜ਼ਾ ਹਨ। ਇਨ੍ਹਾਂ ਨੇ ਹੁਣ ਤੱਕ 11.45 ਕਰੋੜ ਰੁਪਏ ਕਮਾਏ ਹਨ। ਜਲੰਧਰ-ਅੰਮ੍ਰਿਤਸਰ ਸੜਕ 'ਤੇ ਲੋਕਾਂ ਨੇ ਹੁਣ ਤੱਕ 113 ਕਰੋੜ ਰੁਪਏ ਟੈਕਸ ਵਜੋਂ ਭਰੇ ਹਨ। ਜ਼ੀਰਕਪੁਰ-ਪਰਵਾਣੂ ਮਾਰਗ ਦੇ ਚੰਡੀ ਮੰਦਰ ਕੋਲ ਟੋਲ ਪਲਾਜ਼ੇ 'ਤੇ 66.68 ਕਰੋੜ ਰੁਪਏ ਵਸੂਲੇ ਗਏ ਹਨ। ਅੰਬਾਲਾ-ਜ਼ੀਰਕਪੁਰ ਮਾਰਗ ਉਤੇ ਟੋਲ ਪਲਾਜ਼ਾ ਉਤੇ 139.59 ਕਰੋੜ ਰੁਪਏ ਕਮਾਏ ਗਏ ਹਨ, ਜਦੋਂਕਿ ਕੁਰਾਲੀ-ਕੀਰਤਪੁਰ ਸੜਕ 'ਤੇ ਟੋਲ ਪਲਾਜ਼ਾ ਉਤੇ 86.88 ਕਰੋੜ ਰੁਪਏ ਦੀ ਵਸੂਲੀ ਹੋਈ ਹੈ। ਕੌਮੀ ਮਾਰਗ ਅਥਾਰਟੀ ਦੇ ਦੇਸ਼ ਭਰ ਵਿਚ 180 ਪ੍ਰਾਜੈਕਟ ਚੱਲ ਰਹੇ ਹਨ ਜਿਨ੍ਹਾਂ ਦੀ ਕੀਮਤ 1.9 ਲੱਖ ਕਰੋੜ ਰੁਪਏ ਹੈ। ਲੋਕ ਨਿਰਮਾਣ ਵਿਭਾਗ ਦੇ ਮੁੱਖ ਇੰਜੀਨੀਅਰ ਏ.ਕੇ. ਸਿੰਗਲਾ ਦਾ ਕਹਿਣਾ ਹੈ ਕਿ ਟੋਲ ਟੈਕਸ ਵਿਚ ਪ੍ਰਤੀ ਕਿਲੋਮੀਟਰ ਪਿੱਛੇ ਹਰ ਵਰ੍ਹੇ ਵਾਧਾ ਹੁੰਦਾ ਹੈ। ਲੋਕ ਨਿਰਮਾਣ ਵਿਭਾਗ ਦੀਆਂ ਸੜਕਾਂ 'ਤੇ 12 ਟੋਲ ਪਲਾਜ਼ਾ ਹਨ। ਟੋਲ ਟੈਕਸ ਸੜਕ ਉਸਾਰੀ ਦੀ ਲਾਗਤ ਦੇ ਹਿਸਾਬ ਨਾਲ ਨਿਸ਼ਚਿਤ ਸਮੇਂ ਤੱਕ ਲਗਾਇਆ ਗਿਆ ਹੈ। ਜ਼ੀਰਕਪੁਰ-ਬਠਿੰਡਾ ਮਾਰਗ ਜੋ ਹੁਣ ਬਣਨਾ ਹੈ, ਉਸ 'ਤੇ ਵੀ ਚਾਰ ਥਾਵਾਂ ਉਤੇ ਟੋਲ ਟੈਕਸ ਲੱਗੇਗਾ। ਟਰੈਫ਼ਿਕ ਦੀ ਘਣਤਾ ਦੇ ਹਿਸਾਬ ਨਾਲ ਟੋਲ ਟੈਕਸ ਲਾਉਣ ਦੀ ਮਿਆਦ ਨਿਰਧਾਰਤ ਕੀਤੀ ਜਾਂਦੀ ਹੈ।

# ਰਾਜ ਸਭਾ ਵਿਚ ਰੇਖਾ ਤੇ ਤੇਂਦੁਲਕਰ ਦੀ ਗ਼ੈਰਹਾਜ਼ਰੀ ਰੜਕੀ

**ਨਵੀਂ ਦਿੱਲੀ:** ਰਾਜ ਸਭਾ ਵਿਚ ਉੱਘੇ ਬੱਲੇਬਾਜ਼ ਸਚਿਨ ਤੇਂਦੁਲਕਰ ਤੇ ਬਾਲੀਵੁੱਡ ਅਦਾਕਾਰਾ ਰੇਖਾ ਵਰਗੇ ਨਾਮਜ਼ਦ ਮੈਂਬਰਾਂ ਦੇ ਸਦਨ ਵਿਚੋਂ ਅਕਸਰ ਗੈਰ-ਹਾਜ਼ਰ ਰਹਿਣ ਦਾ ਮੁੱਦਾ ਉਠਿਆ। ਰਾਜ ਸਭਾ ਦੇ ਉਪ ਸਭਾਪਤੀ ਪੀ.ਜੇ. ਕੁਰੀਅਨ ਨੇ ਇਸ ਮੁੱਦੇ ਦੇ ਜਵਾਬ ਵਿਚ ਕਿਹਾ ਕਿ ਸਚਿਨ ਨੇ ਸਦਨ ਦੀਆਂ ਪਿਛਲੀਆਂ ਬੈਠਕਾਂ ਵਿਚ ਹਿੱਸਾ ਨਹੀਂ ਲਿਆ ਪਰ ਨਿਯਮ ਦੇ ਤਹਿਤ 60 ਬੈਠਕਾਂ ਵਿਚੋਂ ਗੈਰ-ਹਾਜ਼ਰ ਰਹਿਣ ਵਾਲੇ ਮੈਂਬਰ ਖ਼ਿਲਾਫ ਹੀ ਕਾਰਵਾਈ ਹੁੰਦੀ ਹੈ।



ਸਦਨ ਵਿਚ ਕਈ ਮਸ਼ਹੂਰ ਹਸਤੀਆਂ ਤੇ ਨਾਮਜ਼ਦ ਮੈਂਬਰ ਪਿਛਲੇ ਕਈ ਦਿਨ ਤੋਂ ਗੈਰ-ਹਾਜ਼ਰ ਹਨ। ਇਸ ਲਈ ਇਹ ਸਪਸ਼ਟੀਕਰਨ ਮੰਗਿਆ ਗਿਆ ਸੀ ਕਿ ਕੀ ਇਹ ਮੈਂਬਰ ਅਗਾਊਂ ਸੂਚਨਾ ਦੇ ਕੇ ਗੈਰ-ਹਾਜ਼ਰ ਹੋਏ ਹਨ।

# ਨਸ਼ਾ ਤਸਕਰੀ: ਪੰਜਾਬ ਨੂੰ ਲੈ ਬੈਠੇ ਚੰਦਰੇ ਗੁਆਂਢੀ

**ਚੰਡੀਗੜ੍ਹ:** ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦਾ ਬੜਾ ਮਹਿੰਗਾ ਮੁੱਲ ਤਾਰਨਾ ਪੈ ਰਿਹਾ ਹੈ। ਡਰੱਗ ਤਸਕਰ ਦੇਸ਼-ਵਿਦੇਸ਼ ਵਿਚ ਨਸ਼ਾ ਸਪਲਾਈ ਕਰਨ ਲਈ ਪੰਜਾਬ ਨੂੰ ਸਭ ਤੋਂ ਸੁਰੱਖਿਅਤ ਲਾਂਘਾ ਮੰਨਦੇ ਹਨ। ਅਫ਼ਗਾਨਿਸਤਾਨ ਤੇ ਪਾਕਿਸਤਾਨ ਤੋਂ ਜੰਮੂ-ਕਸ਼ਮੀਰ, ਰਾਜਸਥਾਨ ਤੇ ਪੰਜਾਬ ਦੀ

## ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਬਣਿਆ ਨਸ਼ਾ ਤਸਕਰੀ ਦਾ ਧੁਰਾ

ਸਰਹੱਦ ਰਾਹੀਂ ਸਭ ਤੋਂ ਵੱਧ ਹੈਰੋਇਨ ਦੀ ਤਸਕਰੀ ਹੁੰਦੀ ਹੈ। ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਕਾਨੂੰਨੀ ਤੌਰ 'ਤੇ ਭੁੱਕੀ ਦੀ ਕੀਤੀ ਜਾਂਦੀ ਖੇਤੀ ਤੇ ਬੱਦੀ ਤੋਂ ਲੈ ਕੇ ਮੁੰਬਈ ਤੱਕ ਦੀਆਂ ਫਾਰਮਾ ਕੰਪਨੀਆਂ ਵੱਲੋਂ ਦਵਾਈਆਂ ਬਣਾਉਣ ਲਈ ਵਰਤਿਆ ਜਾਂਦਾ ਕੱਚਾ ਮਾਲ ਵੀ ਪੰਜਾਬ ਲਈ ਸਰਾਪ ਸਿੱਧ ਹੋ ਰਿਹਾ ਹੈ। ਇਸ ਕਾਰਨ ਪਿਛਲੇ 13 ਸਾਲਾਂ ਦੌਰਾਨ ਪੰਜਾਬ ਵਿਚ ਹੈਰੋਇਨ ਦੀ ਬਰਾਮਦਗੀ ਵਿਚ 333 ਫ਼ੀਸਦੀ, ਸਮੈਕ ਦੀ ਬਰਾਮਦਗੀ ਵਿਚ 512 ਫ਼ੀਸਦੀ, ਅਫ਼ੀਮ ਦੀ ਬਰਾਮਦਗੀ ਵਿਚ 84 ਫ਼ੀਸਦੀ, ਚਰਸ ਦੀ ਬਰਾਮਦਗੀ ਵਿਚ 48 ਤੇ ਚੂਰਾ ਪੋਸਤ ਦੀ ਬਰਾਮਦਗੀ ਵਿਚ 91 ਫ਼ੀਸਦੀ ਵਾਧਾ ਹੋਇਆ ਹੈ।

ਇਸ ਤੋਂ ਇਲਾਵਾ ਨਸ਼ੀਲੇ ਟੀਕਿਆਂ ਤੇ ਆਈਸ ਨੂੰ ਬਣਾਉਣ ਵਾਲੇ ਪਦਾਰਥ ਵਿਚ ਕਈ ਗੁਣਾ ਵਾਧਾ ਹੋਇਆ ਹੈ। ਪੰਜਾਬ ਪੁਲਿਸ ਦੀ ਹੁਣ ਤੱਕ ਦੀ ਪੜਤਾਲ ਮੁਤਾਬਕ ਹੈਰੋਇਨ ਅਫ਼ਗਾਨਿਸਤਾਨ ਤੇ ਪਾਕਿਸਤਾਨ ਤੋਂ ਜੰਮੂ-ਕਸ਼ਮੀਰ, ਰਾਜਸਥਾਨ ਤੇ ਪੰਜਾਬ ਦੀ ਸਰਹੱਦ ਰਾਹੀਂ ਭਾਰਤ ਵਿਚ ਆ ਰਹੀ ਹੈ। ਡਰੱਗ ਮਾਫੀਆ ਵੱਲੋਂ ਹੈਰੋਇਨ ਨੂੰ ਦੇਸ਼ ਦੇ ਵੱਖ-ਵੱਖ ਸੂਬਿਆਂ ਤੇ ਵਿਦੇਸ਼ਾਂ ਵਿਚ ਸਪਲਾਈ ਕਰਨ ਵੇਲੇ ਵੀ ਪੰਜਾਬ ਨੂੰ ਸੁਰੱਖਿਅਤ ਲਾਂਘੇ ਵਜੋਂ ਵਰਤਿਆ ਜਾ ਰਿਹਾ ਹੈ। ਪੰਜਾਬ ਪੁਲਿਸ ਮੰਨਦੀ ਹੈ ਕਿ ਇਸ ਰਸਤੇ ਤੋਂ ਜਾਂਦੀ ਹੈਰੋਇਨ ਦਾ ਕੁਝ ਹਿੱਸਾ ਪੰਜਾਬ ਵਿਚ ਖ਼ਪਤ ਹੋ ਰਿਹਾ ਹੈ।

ਪੰਜਾਬ ਪੁਲਿਸ ਨੂੰ ਠੋਸ ਸਬੂਤ ਮਿਲੇ ਹਨ ਕਿ ਭੁੱਕੀ ਤੇ ਅਫ਼ੀਮ ਦੀ ਰਾਜਸਥਾਨ, ਮੱਧ ਪ੍ਰਦੇਸ਼ ਤੇ ਉੱਤਰ ਪ੍ਰਦੇਸ਼ ਤੋਂ ਪੰਜਾਬ ਵਿਚ ਤਸਕਰੀ ਹੋ ਰਹੀ ਹੈ। ਦੱਸਣਯੋਗ ਹੈ ਕਿ ਇਨ੍ਹਾਂ ਸੂਬਿਆਂ ਵਿਚ ਸੈਂਟਰਲ ਬਿਊਰੋ ਆਫ ਨਾਰਕੋਟਿਕਸ ਭਾਰਤ ਸਰਕਾਰ ਦੀ ਨਿਗਰਾਨੀ ਹੇਠ ਭੁੱਕੀ ਦੀ ਖੇਤੀ ਕੀਤੀ ਜਾਂਦੀ ਹੈ। ਇਸ ਖੇਤੀ ਰਾਹੀਂ ਬਣਾਈ ਜਾਂਦੀ ਅਫ਼ੀਮ ਗੌਰਮਿੰਟ ਓਪੀਐਮ ਤੇ ਅਲਕੋਲਾਈਡ ਫੈਕਟਰੀ ਨੀਮਚ (ਐਮ.ਪੀ.) ਤੇ ਗਾਂਜੀਪੁਰ (ਯੂ.ਪੀ.) ਵਿਚ ਜਮ੍ਹਾਂ ਕਰਵਾਈ ਜਾਂਦੀ ਹੈ। ਰਾਜਸਥਾਨ ਤੇ ਮੱਧ ਪ੍ਰਦੇਸ਼ ਸਰਕਾਰਾਂ ਵੱਲੋਂ ਬਕਾਇਦਾ ਭੁੱਕੀ ਦੇ ਠੇਕੇ ਵੀ ਦਿੱਤੇ ਗਏ ਹਨ। ਇਨ੍ਹਾਂ ਸੂਬਿਆਂ ਤੇ ਅਣਅਧਿਕਾਰਤ ਭੁੱਕੀ ਦੀ ਖੇਤੀ ਕਰਨ ਵਾਲੇ ਇਲਾਕਿਆਂ ਤੋਂ ਲਿਆਂਦਾ ਦੁੱਧ ਕੁਝ ਸੂਬਿਆਂ ਵਿਚ ਸਮੈਕ ਬਣਾਉਣ ਲਈ ਵਰਤਿਆ ਜਾਂਦਾ ਹੈ। ਪੰਜਾਬ ਪੁਲਿਸ ਮੁਤਾਬਕ ਹਿਮਾਚਲ ਪ੍ਰਦੇਸ਼ ਦੇ ਕੁੱਲੂ, ਮਨਾਲੀ ਤੇ ਚੰਬਾ ਦੇ ਉਚਾਈਆਂ ਵਾਲੇ ਖੇਤਰਾਂ ਵਿਚ ਭੰਗ ਦੇ ਬੂਟਿਆਂ ਤੋਂ ਚਰਸ ਬਣਾਉਣ ਦਾ ਧੰਦਾ ਚੱਲਦਾ ਹੈ।

ਪੰਜਾਬ ਵਿਚ ਚਰਸ ਦੀ ਜ਼ਿਆਦਾਤਰ ਸਪਲਾਈ ਇਨ੍ਹਾਂ ਪਹਾੜੀ ਖੇਤਰਾਂ ਤੋਂ ਹੀ ਹੁੰਦੀ ਹੈ। ਉਂਜ ਦੇਸ਼ ਦੇ ਪੂਰਬੀ ਹਿੱਸਿਆਂ ਵਿਚੋਂ ਵੀ ਇਹ ਨਸ਼ਾ ਪੰਜਾਬ ਵਿਚ ਆ ਰਿਹਾ ਹੈ। ਸਿੰਥੈਟਿਕ ਡਰੱਗ ਮੈਥਾਮੈਫੇਟਮਾਇਨ (ਆਈਸ) ਕੱਚੇ ਮਾਲ ਐਫੇਡ੍ਰਿਨ/ਸੂਡੋਐਫੇਡ੍ਰਿਨ ਤੋਂ ਬਣਾਈ ਜਾਂਦੀ ਹੈ। ਪੁਲਿਸ ਮੁਤਾਬਕ ਇਹ ਕੱਚਾ ਮਾਲ ਤੇ ਆਈਸ ਵੀ ਪੰਜਾਬ ਰਸਤਿਓਂ ਹੀ ਦੂਜੇ ਸੂਬਿਆਂ ਤੇ ਵਿਦੇਸ਼ਾਂ ਵਿਚ ਜਾ ਰਹੇ ਹਨ। ਪੰਜਾਬ ਪੁਲਿਸ ਵੱਲੋਂ ਹੁਣ ਤੱਕ ਆਈਸ ਬਣਾਉਣ ਲਈ ਵਰਤੇ ਜਾਦੇ ਕੱਚੇ ਮਾਲ ਐਫਡ੍ਰੀਨ, ਸੂਡੋ ਐਫਡ੍ਰੀਨ ਤੇ ਹੋਰ ਡਰੱਗ ਹਿਮਾਚਲ ਪ੍ਰਦੇਸ਼ ਦੇ ਬੱਦੀ ਤੋਂ 988 ਕਿੱਲੋ, ਗਗਰੇਟ ਤੋਂ 275 ਕਿੱਲੋ, ਊਨਾ ਤੋਂ 302 ਕਿੱਲੋ, ਦਿੱਲੀ ਤੋਂ 167 ਕਿਲੋ, ਮੁੰਬਈ ਤੋਂ 881 ਕਿੱਲੋ, ਹਰਿਆਣੇ ਦੇ ਕਰਨਾਲ ਤੋਂ 98 ਕਿੱਲੋ ਤੇ ਪੰਚਕੂਲਾ ਤੋਂ 75 ਕਿੱਲੋ ਬਰਾਮਦ ਕੀਤੀ ਗਈ ਹੈ।

ਪੰਜਾਬ ਪੁਲਿਸ ਵੱਲੋਂ ਸਾਲ 2007 ਦੌਰਾਨ 1692 ਕਿਲੋ ਨਸ਼ੀਲਾ ਪਦਾਰਥ ਬਰਾਮਦ ਕੀਤਾ ਗਿਆ ਸੀ। ਇਸ ਤੋਂ ਸੰਕੇਤ ਮਿਲੇ ਹਨ ਕਿ ਡਰੱਗ ਮਾਫੀਆ ਨੇ ਸੱਤ ਸਾਲ ਪਹਿਲਾਂ ਹੀ ਪੰਜਾਬ ਵਿਚ ਨਸ਼ੀਲੇ ਪਾਊਡਰ ਦੀ ਪੌਦ ਲਾ ਦਿੱਤੀ ਸੀ। ਪੰਜਾਬ ਪੁਲਿਸ ਵੱਲੋਂ ਸਾਲ 2013 ਦੌਰਾਨ ਸੂਡੋਐਫੇਡ੍ਰਿਨ 960 ਕਿੱਲੋ, ਮੈਥਾਮੈਫੇਟਮਾਇਨ (ਆਈਸ) 14 ਕਿੱਲੋ ਤੇ ਐਫੇਡ੍ਰਿਨ 84 ਕਿੱਲੋ ਬਰਾਮਦ ਕੀਤੀ ਗਈ ਹੈ।

ਹੈਲਪਰ ਦੀ ਲੋੜ ਹੈ
ਬੇਕਰਸਫੀਲਡ ਕੈਲੀਫੋਰਨੀਆਂ ਵਿਖੇ ਇੰਡੀਅਨ ਰੈਸਟੋਰੈਂਟ ਲਈ ਕਿਚਨ ਹੈਲਪਰ ਲੇਡੀਜ਼ ਅਤੇ ਪੁਰਸ਼ ਦੀ ਅਤੇ ਸਟੋਰ ਲਈ ਕੈਸ਼ੀਅਰ ਦੀ ਲੋੜ ਹੈ ।
ਚੰਗੀ ਤਨਖਾਹ ਤੇ ਹੋਰ ਸਹੂਲਤਾਂ
ਸੰਪਰਕ ਕਰੋ
661-364-0341

# ਬੇਰੁਜ਼ਗਾਰਾਂ ਬਾਰੇ ਸਾਫ ਨਹੀਂ ਪੰਜਾਬ ਸਰਕਾਰ ਦੀ ਨੀਅਤ

**ਚੰਡੀਗੜ੍ਹ:** ਪੰਜਾਬ ਸਰਕਾਰ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਭਾਸ਼ਣ ਦੇਣ ਤੇ 'ਰੁਜ਼ਗਾਰ ਮੇਲੇ' ਲਾਉਣ ਤੱਕ ਹੀ ਸੀਮਤ ਹੈ। ਦੂਜੇ ਪਾਸੇ ਬੇਰੁਜ਼ਗਾਰਾਂ ਦੀ ਲੰਮੀ ਹੋ ਰਹੀ ਕਤਾਰ ਕਾਰਨ ਨਸ਼ਿਆਂ ਤੇ ਅਪਰਾਧਾਂ ਵਿਚ ਭਾਰੀ ਵਾਧਾ ਹੋ ਰਿਹਾ ਹੈ। ਸੂਬਾ ਸਰਕਾਰ ਪਿਛਲੇ 28 ਮਹੀਨਿਆਂ ਦੌਰਾਨ ਮਹਿਜ ਦੋ ਫ਼ੀਸਦੀ ਬੇਰੁਜ਼ਗਾਰ ਨੌਜਵਾਨਾਂ ਨੂੰ ਹੀ ਰੁਜ਼ਗਾਰ ਦੇ ਸਕੀ ਹੈ। ਰੁਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਪੰਜਾਬ ਦੇ ਅੰਕੜਿਆਂ ਮੁਤਾਬਕ ਇਸ ਵੇਲੇ ਸੂਬੇ ਦੇ ਰੁਜ਼ਗਾਰ ਦਫਤਰਾਂ ਵਿਚ 3,80,309 ਬੇਰੁਜ਼ਗਾਰਾਂ ਦੇ ਨਾਂ ਦਰਜ ਹਨ।




ਇਸੇ ਵਿਭਾਗ ਦੇ ਅੰਕੜਿਆਂ ਮੁਤਾਬਕ ਪੰਜਾਬ ਸਰਕਾਰ ਦੇ 18 ਵਿਭਾਗ ਇਕ ਅਪਰੈਲ 2012 ਤੋਂ ਲੈ ਕੇ ਹੁਣ ਤੱਕ ਸਿਰਫ 6426 ਬੇਰੁਜ਼ਗਾਰਾਂ ਨੂੰ ਹੀ ਸਰਕਾਰੀ ਸੇਵਾ ਵਿਚ ਰੈਗੂਲਰ ਤੌਰ 'ਤੇ ਭਰਤੀ ਕਰਨ ਵਿਚ ਸਮਰੱਥ ਹੋਈ ਹੈ। ਇਸ ਤੋਂ ਸਪਸ਼ਟ ਹੈ ਕਿ ਪੰਜਾਬ ਸਰਕਾਰ ਪਿਛਲੇ 28 ਮਹੀਨਿਆਂ ਦੌਰਾਨ ਰੁਜ਼ਗਾਰ ਦਫਤਰਾਂ ਵਿਚ ਦਰਜ ਕੁੱਲ ਨਾਵਾਂ ਵਿਚੋਂ ਮਹਿਜ਼ ਦੋ ਫੀਸਦੀ ਬੇਰੁਜ਼ਗਾਰਾਂ ਨੂੰ ਹੀ ਪੱਕੀਆਂ ਨੌਕਰੀਆਂ ਦੇਣ ਦੇ ਸਮਰੱਥ ਹੋ ਸਕੀ ਹੈ।

ਦੱਸਣਯੋਗ ਹੈ ਕਿ ਰੁਜ਼ਗਾਰ ਦਫਤਰਾਂ ਵਿਚ ਬਹੁਤ ਘੱਟ ਬੇਰੁਜ਼ਗਾਰ ਨਾਂ ਦਰਜ ਕਰਵਾਉਂਦੇ ਹਨ, ਜਿਸ ਕਾਰਨ ਬੇਰੁਜ਼ਗਾਰਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਤੋਂ ਕਿਤੇ ਵੱਧ ਮੰਨੀ ਜਾਂਦੀ ਹੈ। ਰੁਜ਼ਗਾਰ ਦੀ ਉਤਪਤੀ ਕਰਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਾਲੇ ਇਸ ਵਿਭਾਗ ਦੇ ਅੰਕੜਿਆਂ ਮੁਤਾਬਕ ਜ਼ਿਆਦਾਤਰ ਰੁਜ਼ਗਾਰ ਮਿਲਣ ਦੀ ਟੇਕ ਪ੍ਰਾਈਵੇਟ ਕੰਪਨੀਆਂ 'ਤੇ ਹੀ ਲਾਈ ਗਈ ਹੈ। ਇਸ ਵਿਭਾਗ ਵੱਲੋਂ 2013 ਦੌਰਾਨ ਸੂਬੇ ਵਿਚ 21 ਰੁਜ਼ਗਾਰ ਮੇਲੇ ਲਾਏ ਗਏ ਸਨ। ਇਨ੍ਹਾਂ ਵਿਚ 2807 ਬਿਨੈਕਾਰਾਂ ਨੇ ਹਿੱਸਾ ਲਿਆ ਸੀ। ਵਿਭਾਗ ਵੱਲੋਂ ਇਨ੍ਹਾਂ ਮੇਲਿਆਂ ਦੌਰਾਨ ਪ੍ਰਾਈਵੇਟ ਖੇਤਰ ਦੇ ਅਦਾਰਿਆਂ ਨੂੰ ਰੁਜ਼ਗਾਰ ਦੇਣ ਲਈ ਸੱਦਿਆ ਗਿਆ ਸੀ। ਇਨ੍ਹਾਂ 21 ਮੇਲਿਆਂ ਦੌਰਾਨ 935 ਬੇਰੁਜ਼ਗਾਰਾਂ ਨੂੰ ਨੌਕਰੀਆਂ ਉਤੇ ਲਵਾਉਣ ਦਾ ਦਾਅਵਾ ਕੀਤਾ ਗਿਆ ਹੈ।

ਰੁਜ਼ਗਾਰ ਉਤਪਤੀ ਵਿਭਾਗ ਵੱਲੋਂ ਰੁਜ਼ਗਾਰ ਦਫਤਰਾਂ ਵਿਚ ਦਰਜ ਬੇਰੁਜ਼ਗਾਰਾਂ ਨੂੰ ਰੈਗੂਲਰ ਨੌਕਰੀਆਂ ਦਿਵਾਉਣ ਦੀ ਥਾਂ ਅਕਸਰ ਸਵੈ-ਰੁਜ਼ਗਾਰ ਅਪਣਾਉਣ ਲਈ ਪ੍ਰੇਰਿਤ ਕਰਕੇ ਬੁੱਤਾ ਸਾਰਿਆ ਜਾ ਰਿਹਾ ਹੈ। ਵਿਭਾਗ ਵੱਲੋਂ ਸੂਬੇ ਦੇ ਸਕੂਲਾਂ ਤੇ ਕਾਲਜਾਂ ਵਿਚ ਮਾਸ ਕੌਂਸਲਿੰਗ ਪ੍ਰੋਗਰਾਮ ਕਰਵਾ ਕੇ ਬੇਰੁਜ਼ਗਾਰਾਂ ਨੂੰ ਪ੍ਰਾਈਵੇਟ ਕੰਪਨੀਆਂ ਵਿਚ ਅਡਜਸਟ ਕਰਨ ਲਈ ਹੱਥ-ਪੈਰ ਮਾਰੇ ਜਾਂਦੇ ਹਨ। ਸਾਲ 2013 ਦੌਰਾਨ ਮਾਸ ਕੌਂਸਲਿੰਗ ਦੀ ਕੜੀ ਤਹਿਤ 1325 ਵਿਦਿਅਕ ਸੰਸਥਾਵਾਂ ਦਾ ਕੁੰਡਾ ਖੜਕਾਇਆ ਗਿਆ ਸੀ।

ਇਸ ਦੌਰਾਨ ਵਿਭਾਗ ਵੱਲੋਂ ਵੱਖ-ਵੱਖ ਖੇਤਰ ਦੇ ਮਾਹਿਰਾਂ ਦੇ 2717 ਭਾਸ਼ਣ ਕਰਵਾਏ ਗਏ ਸਨ। ਸਰਕਾਰ ਮੁਤਾਬਕ ਮਾਸ ਕੌਂਸਲਿੰਗ ਦੀ ਲੜੀ ਵਿਚ 2,22,072 ਵਿਦਿਆਰਥੀਆਂ ਨੇ ਸ਼ਾਮਲ ਹੋ ਕੇ ਭਾਸ਼ਣ ਸੁਣੇ ਸਨ। ਇਸ ਵਿਭਾਗ ਵੱਲੋਂ ਸੂਬੇ ਦੇ ਹੋਰ ਵਿਭਾਗਾਂ ਤੇ ਅਦਾਰਿਆਂ ਦੀਆਂ ਖਾਲੀਆਂ ਅਸਾਮੀਆਂ ਭਰਨ ਵੇਲੇ ਰੁਜ਼ਗਾਰ ਦਫਤਰਾਂ ਵਿਚ ਦਰਜ ਬੇਰੁਜ਼ਗਾਰਾਂ ਨੂੰ ਇੰਟਰਵਿਊ 'ਤੇ ਭੇਜਣ ਦੀ ਰਸਮ ਹੀ ਪੂਰੀ ਕੀਤੀ ਜਾਂਦੀ ਹੈ।

ਅਸਲ ਵਿਚ ਪੰਜਾਬ ਸਰਕਾਰ ਨੇ ਅਸਿੱਧੇ ਢੰਗ ਨਾਲ ਰੈਗੂਲਰ ਮੁਲਾਜ਼ਮਾਂ ਤੋਂ ਹੌਲੀ-ਹੌਲੀ ਕਿਨਾਰਾ ਕਰਨਾ ਸ਼ੁਰੂ ਕਰ ਲਿਆ ਹੈ। ਹਰੇਕ ਪਾਸੇ ਠੇਕੇ ਤੇ ਆਊਟਸੋਰਸਿੰਗ ਰਾਹੀਂ ਬਹੁਤ ਘੱਟ ਤਨਖਾਹਾਂ 'ਤੇ ਮੁਲਾਜ਼ਮ ਰੱਖੇ ਜਾ ਰਹੇ ਹਨ। ਇਹੋ ਕਾਰਨ ਹੈ ਕਿ ਸੂਬੇ ਵਿਚ ਖੁੰਭਾਂ ਵਾਂਗ ਉਭਰੇ ਇੰਜਨੀਅਰਿੰਗ ਕਾਲਜਾਂ ਵਿਚੋਂ ਲੱਖਾਂ ਰੁਪਏ ਖਰਚ ਕੇ ਡਿਗਰੀਆਂ ਕਰਨ ਵਾਲੇ ਬੇਰੁਜ਼ਗਾਰ ਨੌਜਵਾਨ ਪ੍ਰਾਈਵੇਟ ਕੰਪਨੀਆਂ ਵਿਚ 8-10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹਾਂ ਉਪਰ ਕੰਮ ਕਰਨ ਲਈ ਮਜਬੂਰ ਹਨ।

Are You Tired Of All Treatments?
Try Homeopathic Natural Medicines (HNM)
Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116
Homeopathic natural medicines supply

Gurdip Singh Sandhu
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member:
The California Homeopathic Society
National Center For Homeopathy- USA
Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



# ਪੰਜਾਬ ਵਿਚੋਂ ਸਾਢੇ ਤਿੰਨ ਵਰ੍ਹਿਆਂ ਵਿਚ 21 ਹਜ਼ਾਰ ਲੋਕ ਗਾਇਬ

**ਬਠਿੰਡਾ:** ਪੰਜਾਬ ਵਿਚ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਦਾ ਅੰਦਾਜ਼ਾ ਇਸ ਗੱਲੋਂ ਹੀ ਲਾਇਆ ਜਾ ਸਕਦਾ ਹੈ ਕਿ ਬੀਤੇ ਸਾਢੇ ਤਿੰਨ ਵਰ੍ਹਿਆਂ ਦੌਰਾਨ ਸੂਬੇ ਵਿਚੋਂ ਤਕਰੀਬਨ 21 ਹਜ਼ਾਰ ਲੋਕ ਗਾਇਬ ਹੋ ਗਏ ਤੇ ਪੰਜਾਬ ਪੁਲਿਸ ਨੇ ਰਪਟ ਲਿਖ ਕੇ ਜ਼ਿਆਦਾਤਰ ਮਾਮਲੇ ਰਫਾ-ਦਫਾ ਕਰ ਦਿੱਤੇ। ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਮਾਮਲੇ ਵਿਚ ਪੰਜਾਬ ਹੁਣ ਬਿਹਾਰ ਨਾਲੋਂ ਵੀ ਅੱਗੇ ਨਿਕਲ ਗਿਆ ਹੈ। ਬਿਹਾਰ ਵਿਚ ਪੰਜਾਬ ਨਾਲੋਂ ਘੱਟ ਵਿਅਕਤੀ ਗਾਇਬ ਹੋਏ ਹਨ। ਪੰਜਾਬ ਨਾਲੋਂ ਇਸ ਮਾਮਲੇ ਵਿਚ ਗੁਆਂਢੀ ਸੂਬੇ ਹਰਿਆਣਾ ਦੀ ਸਥਿਤੀ ਵੀ ਬਿਹਤਰ ਹੈ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਵੇਰਵਿਆਂ ਮੁਤਾਬਕ ਇਕ ਜਨਵਰੀ 2011 ਤੋਂ 30 ਜੂਨ 2014 ਤੱਕ ਪੰਜਾਬ ਵਿਚੋਂ 20854 ਲੋਕ ਗਾਇਬ ਹੋਏ ਹਨ, ਜਿਨ੍ਹਾਂ ਵਿਚ 12660 ਪੁਰਸ਼ ਤੇ 8194 ਔਰਤਾਂ ਸ਼ਾਮਲ ਹਨ। ਇਸੇ ਤਰ੍ਹਾਂ ਪੰਜਾਬ ਵਿਚੋਂ 4577 ਬੱਚੇ ਲਾਪਤਾ ਹੋਏ ਹਨ, ਜਿਨ੍ਹਾਂ ਵਿਚ 1692 ਲੜਕੀਆਂ ਸ਼ਾਮਲ ਹਨ। ਇਸ ਵੇਲੇ ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਵਿਚ ਲਾਪਤਾ ਵਿਅਕਤੀਆਂ ਤੇ ਖਾਸ ਕਰਕੇ ਬੱਚਿਆਂ ਦਾ ਮਾਮਲਾ ਭਖਿਆ ਹੋਇਆ ਹੈ। ਇੰਝ ਲੱਗਦਾ ਹੈ ਕਿ ਪੰਜਾਬ ਪੁਲਿਸ ਨੇ ਕਦੇ ਲਾਪਤਾ ਵਿਅਕਤੀਆਂ ਦੀ ਭਾਲ ਪ੍ਰਤੀ ਸੰਜੀਦਗੀ ਦਿਖਾਈ ਹੀ ਨਹੀਂ ਹੈ। ਪੰਜਾਬ ਪੁਲਿਸ ਇਸ ਸਮੇਂ ਦੌਰਾਨ ਲਾਪਤਾ ਹੋਏ 2895 ਬੱਚਿਆਂ (ਲੜਕਿਆਂ) ਵਿਚੋਂ ਸਿਰਫ 717 ਨੂੰ ਹੀ ਟਰੇਸ ਕਰ ਸਕੀ ਹੈ ਜਦੋਂਕਿ 2178 ਬੱਚੇ ਹਾਲੇ ਵੀ ਗਾਇਬ ਹੀ ਹਨ। ਇਸੇ ਤਰ੍ਹਾਂ 1682 ਲੜਕੀਆਂ ਵਿਚੋਂ ਪੁਲਿਸ 340 ਲੜਕੀਆਂ ਨੂੰ ਹੀ ਲੱਭ ਸਕੀ ਹੈ ਜਦੋਂ ਕਿ



1342 ਬੱਚੀਆਂ ਦੇ ਮਾਪੇ ਹਾਲੇ ਵੀ ਭਟਕ ਰਹੇ ਹਨ। ਬਠਿੰਡਾ ਜ਼ਿਲ੍ਹੇ ਵਿੱਚ ਲੰਘੇ ਪੰਜ ਵਰ੍ਹਿਆਂ ਵਿੱਚ ਤਿੰਨ ਪਰਵਾਸੀ ਮਜ਼ਦੂਰਾਂ ਦੇ ਬੱਚੇ ਲਾਪਤਾ ਹੋਏ ਹਨ, ਜਿਨ੍ਹਾਂ ਦਾ ਪੁਲਿਸ ਕੋਈ ਥਹੁ ਪਤਾ ਨਹੀਂ ਲਗਾ ਸਕੀ ਹੈ।

ਹਰਿਆਣਾ ਪੁਲਿਸ ਇਸ ਮਾਮਲੇ ਵਿਚ ਪੰਜਾਬ ਪੁਲਿਸ ਨਾਲੋਂ ਅੱਗੇ ਹੈ। ਹਰਿਆਣਾ ਵਿਚ ਸਾਢੇ ਤਿੰਨ ਵਰ੍ਹਿਆਂ ਵਿਚ 3683 ਬੱਚੇ ਲਾਪਤਾ ਹੋਏ ਹਨ, ਜਿਨ੍ਹਾਂ ਵਿਚੋਂ 2176 ਬੱਚੇ ਪੁਲਿਸ ਨੇ ਭਾਲ ਲਏ ਹਨ। ਪੰਜਾਬ ਪੁਲਿਸ ਦੀ ਬੱਚੇ ਲੱਭਣ ਦੀ ਦਰ 23 ਫੀਸਦੀ ਰਹੀ ਹੈ ਜਦੋਂਕਿ ਹਰਿਆਣਾ ਪੁਲਿਸ ਦੀ ਇਹ ਦਰ 59 ਫੀਸਦੀ ਰਹੀ ਹੈ। ਹਰਿਆਣਾ ਵਿਚੋਂ ਇਨ੍ਹਾਂ ਵਰ੍ਹਿਆਂ ਵਿਚ ਕੁੱਲ 12739 ਲੋਕ ਲਾਪਤਾ ਹੋਏ ਹਨ। ਬਿਹਾਰ ਦੀ ਤੁਲਨਾ ਵਿਚ ਪੰਜਾਬ ਹੋਰ ਪਿਛਾਂਹ ਹੋ ਗਿਆ ਹੈ।

ਬਿਹਾਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ 2011 ਤੇ 2012 ਦੇ ਹੀ ਅੰਕੜੇ ਭੇਜੇ ਹਨ। ਇਨ੍ਹਾਂ ਦੋ ਵਰ੍ਹਿਆਂ ਦੀ ਤੁਲਨਾ ਕਰੀਏ ਤਾਂ ਬਿਹਾਰ ਵਿਚੋਂ ਦੋ ਵਰ੍ਹਿਆਂ ਵਿਚ 3929 ਲੋਕ ਗਾਇਬ ਹੋਏ ਹਨ ਜਦੋਂ ਕਿ ਪੰਜਾਬ ਵਿਚ ਇਨ੍ਹਾਂ ਦੋ ਸਾਲਾਂ ਵਿਚ 4948 ਲੋਕ ਲਾਪਤਾ ਹੋਏ ਹਨ। ਪੰਜਾਬ ਵਿਚ ਇਨ੍ਹਾਂ ਦੋ ਵਰ੍ਹਿਆਂ ਵਿਚ 3006 ਪੁਰਸ਼ ਗਾਇਬ ਹੋਏ ਹਨ ਜਦਕਿ ਬਿਹਾਰ ਵਿਚ ਇਹ ਗਿਣਤੀ 2097 ਰਹੀ ਹੈ। ਇਸੇ ਤਰ੍ਹਾਂ ਦੋ ਵਰ੍ਹਿਆਂ ਵਿਚ ਬਿਹਾਰ ਵਿਚ 1832 ਔਰਤਾਂ ਲਾਪਤਾ ਹੋਈਆਂ ਹਨ ਜਦੋਂਕਿ ਪੰਜਾਬ ਵਿਚੋਂ 1942 ਔਰਤਾਂ ਗਾਇਬ ਹੋਈਆਂ ਹਨ।

ਸਾਬਕਾ ਜ਼ਿਲ੍ਹਾ ਅਟਾਰਨੀ ਤੇ ਹੁਣ ਸੀਨੀਅਰ ਐਡਵੋਕੇਟ ਰਾਜੇਸ਼ ਸ਼ਰਮਾ ਦਾ ਕਹਿਣਾ ਹੈ ਕਿ ਗਾਇਬ ਹੋਣ ਵਾਲੇ ਜ਼ਿਆਦਾਤਰ ਬੱਚੇ ਗਰੀਬ ਘਰਾਂ ਦੇ ਹੁੰਦੇ ਹਨ, ਜਿਨ੍ਹਾਂ ਦੀ ਪੁਲਿਸ ਕਦੇ ਬਹੁਤੀ ਸੁਣਵਾਈ ਨਹੀਂ ਕਰਦੀ। ਜਿਨ੍ਹਾਂ ਦੀ ਰਪਟ ਪੁਲਿਸ ਲਿਖ ਵੀ ਲੈਂਦੀ ਹੈ, ਉਨ੍ਹਾਂ ਦੀ ਭਾਲ ਲਈ ਕੋਈ ਕਦਮ ਨਹੀਂ ਚੁੱਕਦੀ ਹੈ ਜਦੋਂਕਿ ਮਾਪਿਆਂ ਨੂੰ ਲੰਮਾ ਸੰਤਾਪ ਝੱਲਣਾ ਪੈਂਦਾ ਹੈ। ਬਠਿੰਡਾ ਜ਼ੋਨ ਦੇ ਆਈ.ਜੀ ਪਰਮਰਾਜ ਸਿੰਘ ਉਮਰਨੰਗਲ ਪਹਿਲਾਂ ਹੀ ਆਖ ਚੁੱਕੇ ਹਨ ਕਿ ਪੁਲਿਸ ਦੇ ਰਿਕਾਰਡ ਵਿਚ ਜੋ ਗਾਇਬ ਵਿਅਕਤੀ ਹਨ, ਉਨ੍ਹਾਂ ਵਿਚੋਂ ਬਹੁਤੇ ਘਰਾਂ ਵਿਚ ਮੁੜ ਆਏ ਹਨ ਪਰ ਬੱਚੇ ਮਿਲਣ ਦੀ ਸੂਚਨਾ ਮਾਪੇ ਪੁਲਿਸ ਕੋਲ ਦਰਜ ਨਹੀਂ ਕਰਾਉਂਦੇ, ਜਿਸ ਕਰਕੇ ਰਿਕਾਰਡ ਵਿਚ ਗਾਇਬ ਲੋਕਾਂ ਦੀ ਗਿਣਤੀ ਵਧ ਹੀ ਰਹਿੰਦੀ ਹੈ ਜਦਕਿ ਅਸਲ ਵਿਚ ਏਡੀ ਗਿਣਤੀ ਹੁੰਦੀ ਨਹੀਂ ਹੈ। ਉਨ੍ਹਾਂ ਆਖਿਆ ਕਿ ਪੁਲਿਸ ਹੁਣ ਹਰ ਕੇਸ ਦਾ ਫਾਲੋਅੱਪ ਕਰ ਰਹੀ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸਮੇਂ-ਸਮੇਂ 'ਤੇ ਲਾਪਤਾ ਵਿਅਕਤੀਆਂ ਦੀ ਭਾਲ ਬਾਰੇ ਸੂਬਿਆਂ ਨੂੰ ਚੌਕਸ ਕੀਤਾ ਹੈ। ਕੇਂਦਰ ਸਰਕਾਰ ਨੇ ਬੱਚਿਆਂ ਦੀ ਭਾਲ ਬਾਰੇ 31 ਜਨਵਰੀ 2012 ਨੂੰ ਪੱਤਰ ਭੇਜੇ ਸਨ ਤੇ ਨਾਲ ਹੀ ਲਾਪਤਾ ਬੱਚਿਆਂ ਦੇ ਪੂਰੇ ਵੇਰਵੇ ਮੰਗੇ ਸਨ। ਉਸ ਮਗਰੋਂ ਵੀ ਕੇਂਦਰ ਸਰਕਾਰ ਨੇ 25 ਜੂਨ ਨੂੰ 2013 ਨੂੰ ਲਾਪਤਾ ਬੱਚਿਆਂ ਦੀ ਭਾਲ ਬਾਰੇ ਹਦਾਇਤਾਂ ਜਾਰੀ ਕੀਤੀਆਂ ਸਨ। ਇਹ ਹਦਾਇਤਾਂ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ (ਸਿਵਲ) 75 ਆਫ 2012 ਦੀ ਰੌਸ਼ਨੀ ਵਿਚ ਦਿੱਤੀਆਂ ਗਈਆਂ ਸਨ।

## ਕੇਂਦਰ ਨਾਲ ਜਾਣਕਾਰੀ ਸਾਂਝੀ ਕਰਨ ਤੋਂ ਝਕਦੀ ਹੈ ਪੰਜਾਬ ਪੁਲਿਸ

ਪੰਜਾਬ ਵਿਚ ਲਾਪਤਾ ਵਿਅਕਤੀਆਂ ਦੀ ਵੱਡੀ ਤਾਦਾਦ ਦੇ ਬਾਵਜੂਦ ਇਨ੍ਹਾਂ ਕੇਸਾਂ ਬਾਰੇ ਸਾਰੀ ਜਾਣਕਾਰੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੌਮੀ ਪੋਰਟਲ 'ਤੇ ਪਾਉਣ ਵਿਚ ਸੂਬਾਈ ਪੁਲਿਸ ਦੀ ਨਾਕਾਮੀ ਕਾਰਨ ਲਾਪਤਾ ਲੋਕਾਂ ਨੂੰ ਲੱਭਣ ਤੇ ਕੇਸ ਸੁਲਝਾਉਣ ਵਿਚ ਦੇਰੀ ਹੋ ਰਹੀ ਹੈ। ਗ੍ਰਹਿ ਮੰਤਰਾਲੇ ਦਾ ਪੋਰਟਲ ਪ੍ਰਾਜੈਕਟ ਜ਼ਿਪਨੈੱਟ (ਜ਼ੋਨਲ ਇੰਟੈਗ੍ਰੇਟਿਡ ਨੈੱਟਵਰਕ) 2004 ਵਿਚ ਸ਼ੁਰੂ ਕੀਤਾ ਗਿਆ ਸੀ ਤਾਂ ਕਿ ਲਾਪਤਾ ਵਿਅਕਤੀਆਂ ਤੇ ਅਪਰਾਧਾਂ ਬਾਰੇ ਸਾਰੀ ਜਾਣਕਾਰੀ ਅਪਲੋਡ ਕੀਤੀ ਜਾ ਸਕੇ ਤੇ ਇਸ ਦੀ ਮਦਦ ਨਾਲ ਪੁਲਿਸ ਦੇਸ਼ ਭਰ ਵਿਚ ਉਸੇ ਸਮੇਂ ਹੀ ਚੈਕਿੰਗ ਕਰਕੇ ਕੇਸ ਹੱਲ ਕਰ ਸਕੇ। ਪੰਜਾਬ 2008 ਵਿਚ ਜ਼ਿਪਨੈੱਟ ਨਾਲ ਜੁੜ ਸਕਿਆ ਸੀ। ਉਂਜ, ਅਜੇ ਵੀ ਪੰਜਾਬ ਦੇ ਬਹੁਤ ਸਾਰੇ ਜ਼ਿਲ੍ਹਿਆਂ ਵੱਲੋਂ ਲਾਪਤਾ ਵਿਅਕਤੀਆਂ ਬਾਰੇ ਜਾਣਕਾਰੀਆਂ ਇਸ ਪੋਰਟਲ 'ਤੇ ਨਹੀਂ ਪਾਈਆਂ ਜਾ ਰਹੀਆਂ। ਬਠਿੰਡਾ, ਅੰਮ੍ਰਿਤਸਰ, ਸੰਗਰੂਰ ਸਮੇਤ ਕੁਝ ਜ਼ਿਲ੍ਹਿਆਂ ਨੇ ਪਿਛਲੇ ਪੰਜ-ਛੇ ਸਾਲਾਂ ਦੌਰਾਨ ਇਹ ਜਾਣਕਾਰੀ ਅਪਲੋਡ ਨਹੀਂ ਕੀਤੀ। ਮੋਗਾ ਜ਼ਿਲ੍ਹੇ ਨੇ ਪਿਛਲੀ ਵਾਰ 1999-2001 ਵਿਚ ਜਾਣਕਾਰੀ ਅਪਲੋਡ ਕੀਤੀ ਸੀ। ਫਰੀਦਕੋਟ ਪੁਲਿਸ ਦੇ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਪਿਛਲੇ 19 ਮਹੀਨਿਆਂ ਦੌਰਾਨ ਪੰਜ ਬੱਚਿਆਂ ਤੇ ਸੱਤ ਔਰਤਾਂ ਸਮੇਤ 23 ਤੋਂ ਵੱਧ ਵਿਅਕਤੀ ਭੇਤਭਰੇ ਢੰਗ ਨਾਲ ਲਾਪਤਾ ਹੋਏ ਹਨ।

## ਸ਼ਰਾਬੀਆਂ ਨੇ ਗੁੱਸਾ ਵੇਟਰ ਉਤੇ ਲਾਹਿਆ

**ਲੁਧਿਆਣਾ:** ਮਲਹਾਰ ਰੋਡ 'ਤੇ ਇੱਕ ਅਹਾਤੇ ਦੇ ਵੇਟਰ ਨੂੰ ਪੰਜ ਸ਼ਰਾਬੀ ਨੌਜਵਾਨਾਂ ਨੇ ਅਗਵਾ ਕਰਨ ਤੋਂ ਬਾਅਦ ਕੁੱਟਿਆ ਅਤੇ ਫਿਰ ਉਸ ਨੂੰ ਪਿੰਡ ਮਲਕਪੁਰ ਕੋਲ ਸੁੱਟ ਗਏ। ਵੇਟਰ ਲਾਲੂ ਪ੍ਰਸਾਦ ਨੇ ਦਰਜ ਕਰਵਾਈ ਸ਼ਿਕਾਇਤ 'ਚ ਕਿਹਾ ਕਿ ਮੁਲਜ਼ਮ ਅਹਾਤੇ 'ਤੇ ਸ਼ਰਾਬ ਪੀਣ ਲਈ ਆਏ ਸਨ। ਸ਼ਰਾਬ ਪੀਣ ਮਗਰੋਂ ਉਹ ਸਾਰੇ ਚਲੇ ਗਏ ਪਰ 15 ਮਿੰਟ ਬਾਅਦ ਵਾਪਸ ਆ ਗਏ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਦਾ ਮੋਬਾਈਲ ਚੋਰੀ ਹੋ ਗਿਆ ਹੈ। ਇਹ ਕਹਿ ਕੇ ਉਹ ਉਸ ਨੂੰ ਜ਼ਬਰਦਸਤੀ ਕਾਰ ਵਿਚ ਬਿਠਾ ਕੇ ਲੈ ਗਏ।

# ਐਸ.ਐਸ. ਕੋਹਲੀ ਦੀ ਬਹਾਲੀ ਦਾ ਮਾਮਲਾ ਹੋਰ ਲਟਕਿਆ

**ਅੰਮ੍ਰਿਤਸਰ:** ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੰਟਰਨਲ ਆਡੀਟਰ ਦੀ ਬਹਾਲੀ ਬਾਰੇ ਪਟੀਸ਼ਨ 'ਤੇ ਸੁਣਵਾਈ ਲਈ ਸਹਿਮਤੀ ਨਹੀਂ ਦਿੱਤੀ ਤੇ ਸ਼ਿਕਾਇਤਕਰਤਾ ਧਿਰ ਨੂੰ ਪਟੀਸ਼ਨ ਨਾਲ ਲੋੜੀਂਦੇ ਦਸਤਾਵੇਜ਼ ਨੱਥੀ ਕਰਨ ਦਾ ਇਕ ਹੋਰ ਮੌਕਾ ਦਿੰਦਿਆ ਇਸ ਮਾਮਲੇ ਦੀ ਸੁਣਵਾਈ ਲਈ 22 ਅਗਸਤ ਨੂੰ ਤੈਅ ਕੀਤੀ ਹੈ।

ਅਕਾਲੀ ਆਗੂ ਬਲਦੇਵ ਸਿੰਘ ਸਿਰਸਾ ਨੇ ਜੁਡੀਸ਼ੀਅਲ ਕਮਿਸ਼ਨ ਵਿਚ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਨੂੰ ਬਹਾਲ ਕਰਨ ਖਿਲਾਫ਼ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ। ਇਸ ਮਾਮਲੇ ਵਿਚ ਸੁਣਵਾਈ ਕਰਦਿਆਂ ਕਮਿਸ਼ਨ ਦੇ ਚੇਅਰਮੈਨ ਐਮ.ਐਸ. ਬਰਾੜ ਨੇ ਸ਼ਿਕਾਇਤਕਰਤਾ ਧਿਰ ਨੂੰ ਆਖਿਆ ਕਿ ਉਹ ਪਟੀਸ਼ਨ ਵਿਚ ਲਾਏ ਗਏ ਦੋਸ਼ਾਂ ਬਾਰੇ ਲੋੜੀਂਦੇ ਦਸਤਾਵੇਜ਼ ਨੱਥੀ ਕਰਨ। ਉਨ੍ਹਾਂ ਨੂੰ ਇਸ ਤੋਂ ਪਹਿਲਾਂ ਵੀ ਦਸਤਾਵੇਜ਼ ਨੱਥੀ ਕਰਨ ਦਾ ਮੌਕਾ ਦਿੱਤਾ ਗਿਆ ਸੀ ਪਰ ਉਨ੍ਹਾਂ ਕੋਈ ਦਸਤਾਵੇਜ਼ ਪੇਸ਼ ਨਹੀਂ ਕੀਤੇ। ਸ਼ਿਕਾਇਤਕਰਤਾ ਧਿਰ ਨੇ ਇਸ ਬਾਰੇ ਇਕ ਹੋਰ ਮੌਕਾ ਦੇਣ ਦੀ ਅਪੀਲ ਕੀਤੀ, ਜਿਸ ਨੂੰ ਕਮਿਸ਼ਨ ਨੇ ਪ੍ਰਵਾਨ ਕਰ ਲਿਆ ਤੇ ਕੇਸ ਦੀ ਅਗਲੀ ਸੁਣਵਾਈ 22 ਅਗਸਤ ਨਿਰਧਾਰਤ ਕੀਤੀ ਹੈ। ਇਸ ਦੌਰਾਨ ਸ. ਸਿਰਸਾ ਨੇ ਦੱਸਿਆ



ਕਿ ਉਨ੍ਹਾਂ ਵੱਲੋਂ ਬਾਰੇ ਦਸਤਾਵੇਜ਼ਾਂ ਦੀ ਪ੍ਰਾਪਤੀ ਲਈ ਯਤਨ ਜਾਰੀ ਹਨ। ਐਸ.ਐਸ. ਕੋਹਲੀ ਦੀਆਂ ਸੇਵਾਵਾਂ ਬਰਖਾਸਤ ਕਰਨ ਬਾਰੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਮਤਾ ਪਾਸ ਕੀਤਾ ਸੀ ਪਰ ਹੁਣ ਇਸ ਮਤੇ ਦੀ ਕਾਪੀ ਨਹੀਂ ਮਿਲੀ ਹੈ।

ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਵਿਚ ਐਸ.ਐਸ. ਕੋਹਲੀ ਦੀਆਂ ਸੇਵਾਵਾਂ ਬਰਖਾਸਤ ਕਰਨ ਬਾਰੇ ਫੈਸਲਾ ਕੀਤਾ ਗਿਆ ਸੀ। ਇਸ ਫੈਸਲੇ ਨੂੰ ਲਾਗੂ ਕੀਤਾ ਗਿਆ ਸੀ ਪਰ 24 ਘੰਟਿਆਂ ਦੌਰਾਨ ਹੀ ਉਸ ਦੀਆਂ ਸੇਵਾਵਾਂ ਬਹਾਲ ਕਰ ਦਿੱਤੀਆਂ ਗਈਆਂ।

# ਸੋਕਾ ਰਾਹਤ ਬਾਰੇ ਧਰੇ-ਧਰਾਏ ਰਹਿ ਗਏ ਬਾਦਲ ਦੇ ਨੁਕਤੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਸੂਬੇ ਵਿਚ ਸੋਕੇ ਵਰਗੇ ਹਾਲਾਤ ਨਾਲ ਨਜਿੱਠਣ ਲਈ ਦਿੱਤੇ ਨੁਕਤਿਆਂ 'ਤੇ ਕੇਂਦਰ ਸਰਕਾਰ ਨੇ ਰਤਾ ਵੀ ਗੌਰ ਨਹੀਂ ਕੀਤੀ। ਕੇਂਦਰ ਵੱਲੋਂ ਐਲਾਨੀ ਸੋਕਾ ਰਾਹਤ ਤੋਂ ਪੰਜਾਬ ਦੇ ਕਿਸਾਨਾਂ ਦੇ ਪੱਲੇ ਮਾਯੂਸੀ ਪੈਂਦੀ ਨਜ਼ਰ ਆ ਰਹੀ ਹੈ। ਖੇਤਬਾੜੀ ਵਿਭਾਗ ਮੁਤਾਬਕ ਕੇਂਦਰ ਵੱਲੋਂ ਐਲਾਨੀਆਂ ਸ਼ਰਤਾਂ ਨੇ ਸੂਬੇ ਦੀ 91 ਫੀਸਦੀ ਰਕਬੇ ਨੂੰ ਸੋਕਾ ਰਾਹਤ ਤੋਂ ਪਹਿਲਾਂ ਹੀ ਪਾਸੇ ਕਰ ਦਿੱਤਾ ਹੈ ਤੇ ਜਿਹੜੀ ਨੌਂ ਫੀਸਦੀ ਜ਼ਮੀਨ ਉਤੇ ਬੀਜੀਆਂ ਸਾਉਣੀ ਦੀਆਂ ਫ਼ਸਲਾਂ ਲਈ ਸੋਕਾ ਰਾਹਤ ਮਿਲਣੀ ਵੀ ਹੈ ਉਹ ਮਹਿਜ਼ 840 ਰੁਪਏ ਪ੍ਰਤੀ ਏਕੜ ਬਣਦੀ ਹੈ। ਇਸ ਵਿਚ ਕੇਂਦਰ ਸਰਕਾਰ ਦਾ ਹਿੱਸਾ 420 ਰੁਪਏ ਤੇ ਇਸ ਦੇ ਬਰਾਬਰ ਹਿੱਸਾ ਸੂਬਾ ਸਰਕਾਰ ਨੇ ਕਿਸਾਨਾਂ ਨੂੰ ਦੇਣਾ ਹੈ। ਖੇਤੀਬਾੜੀ ਵਿਭਾਗ ਮੁਤਾਬਕ ਕਿਸਾਨਾਂ ਨੂੰ ਕੇਂਦਰ ਵੱਲੋਂ ਡੀਜ਼ਲ ਉਤੇ ਐਲਾਨੀ ਸਬਸਿਡੀ ਦਾ ਕਰੀਬ 130 ਕਰੋੜ ਰੁਪਏ ਲਾਭ ਮਿਲ ਸਕੇਗਾ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਖੇਤੀਬਾੜੀ ਮੰਤਰੀ ਰਾਧਾ ਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਕਿਸਾਨਾਂ ਵੱਲੋਂ 500 ਕਰੋੜ ਰੁਪਏ ਦਾ ਵਾਧੂ ਡੀਜ਼ਲ ਖਰਚਣ ਦਾ ਦਾਅਵਾ ਕਰਦਿਆਂ ਕਿਸਾਨਾਂ ਲਈ 500 ਕਰੋੜ ਰੁਪਏ ਦੀ ਡੀਜ਼ਲ ਸਬਸਿਡੀ ਮੰਗੀ ਸੀ। ਸ. ਬਾਦਲ ਨੇ ਟਿਊਬਵੈੱਲ ਬੰਦ ਹੋਣ ਦੀ ਸੂਰਤ ਵਿਚ ਕਿਸਾਨਾਂ ਨੂੰ 100 ਕਰੋੜ ਰੁਪਏ ਦਾ ਹੋਰ ਘਾਟਾ ਹੋਣ ਦੀ ਵੀ ਗੱਲ ਵੀ ਕਹੀ ਸੀ। ਇਸ ਤਰ੍ਹਾਂ ਨਾਲ ਕੇਂਦਰ ਸਰਕਾਰ ਨੇ ਮੁੱਖ ਮੰਤਰੀ ਵੱਲੋਂ ਉਠਾਏ ਠੋਸ ਨੁਕਤਿਆਂ ਵੱਲ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਵਿਚ ਫ਼ਸਲਾਂ ਹੇਠ ਕੁੱਲ ਰਕਬਾ ਤਕਰੀਬਨ 40 ਲੱਖ ਹੈਕਟੇਅਰ ਹੈ। ਇਸ ਵਿਚੋਂ 28.13 ਲੱਖ ਹੈਕਟੇਅਰ ਵਿਚ ਝੋਨਾ ਤੇ ਬਾਕੀ ਰਕਬੇ ਵਿਚ ਹੋਰ ਫਸਲਾਂ ਬੀਜੀਆਂ ਹੋਈਆਂ ਹਨ।

ਪੰਜਾਬ ਵਿਚ ਕਿਸਾਨ ਪਰਿਵਾਰਾਂ ਦੀ ਕੁੱਲ ਗਿਣਤੀ ਤਕਰੀਬਨ 10 ਲੱਖ ਹੈ। ਇਸ ਵਿਚੋਂ 3.5 ਲੱਖ ਕਿਸਾਨ ਦੋ ਹੈਕਟੇਅਰ ਜ਼ਮੀਨ ਦੀ ਮਾਲਕੀ ਵਾਲੇ ਹਨ। ਇਸ ਤਰ੍ਹਾਂ ਇਨ੍ਹਾਂ ਕਿਸਾਨਾਂ ਨੂੰ ਪੂਰੀ ਫ਼ਸਲ ਲਈ ਸੋਕਾ ਰਾਹਤ ਮਿਲ ਸਕੇਗੀ ਜਦੋਂ ਕਿ 6.5 ਲੱਖ ਕਿਸਾਨ ਜੋ ਕਿ ਦੋ ਹੈਕਟੇਅਰ ਤੋਂ ਵੱਧ ਜ਼ਮੀਨ ਵਾਲੇ ਕਾਸ਼ਤਕਾਰ ਹਨ, ਨੂੰ ਸਿਰਫ ਦੋ ਹੈਕਟੇਅਰ ਜ਼ਮੀਨ ਵਿਚ ਬੀਜੀ ਫ਼ਸਲ 'ਤੇ ਹੀ ਰਾਹਤ ਮਿਲਣੀ ਹੈ। ਇਸ ਤਰ੍ਹਾਂ ਨਾਲ ਕੁੱਲ ਰਕਬੇ ਵਿਚੋਂ ਮੁਆਵਜ਼ੇ ਅਧੀਨ ਆਉਂਦੀ ਜ਼ਮੀਨ ਦੋ ਹੈਕਟੇਅਰ ਦੇ ਹਿਸਾਬ ਨਾਲ ਨੌਂ ਫ਼ਸਦੀ ਹੀ ਬਣਦੀ ਹੈ। ਬਾਕੀ 91 ਫੀਸਦੀ ਰਕਬਾ ਰਾਹਤ ਦੇ ਦਾਇਰੇ ਹੇਠ ਨਹੀਂ ਆਉਂਦਾ। ਕੇਂਦਰੀ ਖੇਤੀਬਾੜੀ ਮੰਤਰਾਲੇ ਤੋਂ ਖੇਤੀਬਾੜੀ ਵਿਭਾਗ ਨੂੰ ਸੋਕਾ ਰਾਹਤ ਬਾਰੇ ਜੋ ਪੱਤਰ ਮਿਲਿਆ ਹੈ ਉਸ ਮੁਤਾਬਕ 15 ਜੁਲਾਈ ਤੋਂ 30 ਸਤੰਬਰ ਤੱਕ ਸੋਕੇ ਦੀ ਮਾਰ ਝੱਲਣ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ 2100 ਰੁਪਏ ਤੇ ਇਕ ਕਿਸਾਨ ਨੂੰ ਵੱਧ ਤੋਂ ਵੱਧ ਦੋ ਹੈਕਟੇਅਰ ਤੱਕ ਦਾ ਹੀ ਮੁਆਵਜ਼ਾ ਦਿੱਤਾ ਜਾਵੇਗਾ। ਇਹ ਮੁਆਵਜ਼ਾ ਪ੍ਰਤੀ ਏਕੜ 840 ਰੁਪਏ ਬਣਦਾ ਹੈ। ਇਹ ਰਾਹਤ ਲੈਣ ਲਈ ਵੀ ਕਿਸਾਨ ਸੂਬਾ ਸਰਕਾਰ ਦੇ ਰਹਿਮੋ ਕਰਮ 'ਤੇ ਨਿਰਭਰ ਰਹਿਣਗੇ। ਕੇਂਦਰ ਸਰਕਾਰ ਦੀਆਂ ਸ਼ਰਤਾਂ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਆਪਣੇ ਪੱਲਿਓਂ ਸੋਕਾ ਰਾਹਤ ਦੀ ਅਦਾਇਗੀ ਕਰੇਗੀ ਤੇ ਉਸ ਤੋਂ ਬਾਅਦ ਭਾਰਤ ਸਰਕਾਰ ਇਸ ਪੈਸੇ ਦੀ ਅਦਾਇਗੀ (ਰੀਇੰਬਰਸਮੈਂਟ) ਕਰੇਗੀ।

ਪੰਜਾਬ ਸਰਕਾਰ ਦੀ ਮਾਲੀ ਹਾਲਤ ਅਜਿਹੀ ਹੈ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਹੀ ਮੁਸ਼ਕਿਲ ਨਾਲ ਦਿੱਤੀਆਂ ਜਾਂਦੀਆਂ ਹਨ, ਕਿਸਾਨਾਂ ਨੂੰ ਰਾਹਤ ਤਾਂ ਦੂਰ ਦੀ ਗੱਲ ਹੈ। ਬੀਜ 'ਤੇ ਸਬਸਿਡੀ ਦੇ ਮਾਮਲੇ ਵਿਚ ਪੰਜਾਬ ਦਾ ਕਿਸਾਨ ਉਂਜ ਹੀ ਬਾਹਰ ਮੰਨਿਆ ਜਾਂਦਾ ਹੈ ਕਿਉਂਕਿ ਬਹੁਤ ਘੱਟ ਕਿਸਾਨਾਂ ਨੇ ਮੁੜ ਫਸਲ ਬੀਜੀ ਹੈ। ਪੰਜਾਬ ਦੇ ਮਾਮਲੇ ਵਿਚ ਕਿਸਾਨਾਂ ਦੀ ਤ੍ਰਾਸਦੀ ਇਹ ਹੈ ਕਿ ਝੋਨੇ ਦੀ ਲਵਾਈ 10 ਜੂਨ ਤੋਂ ਆਰੰਭ ਹੋ ਗਈ ਸੀ। ਇਸ ਸਮੇਂ ਦੌਰਾਨ ਨਾਮਾਤਰ ਬਾਰਸ਼ ਹੋਈ ਤੇ ਝੋਨੇ ਦੀ ਫਸਲ ਪਲਣ ਲਈ ਪਹਿਲੇ 30 ਦਿਨ ਅਹਿਮ ਹੁੰਦੇ ਹਨ ਜਿਸ ਦੌਰਾਨ ਕਿਸਾਨਾਂ ਵੱਲੋਂ ਖਰਚ ਕੀਤਾ ਗਿਆ। ਇਸ ਖਰਚ ਦੀ ਭਰਪਾਈ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਇਸ ਬਾਰੇ ਕਮਿਸ਼ਨਰ ਖੇਤੀਬਾੜੀ ਪੰਜਾਬ ਡਾ. ਬਲਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਸਾਉਣੀ ਦੀਆਂ ਫਸਲਾਂ ਲਈ ਜਿਸ ਤਰ੍ਹਾਂ ਦੀ ਸੋਕਾ ਰਾਹਤ ਐਲਾਨੀ ਗਈ ਹੈ ਉਹ ਜ਼ਮੀਨੀ ਹਾਲਤ ਦੇ ਅਨੁਕੂਲ ਨਹੀਂ ਹੈ। ਇਸ ਲਈ ਕਿਸਾਨਾਂ ਨੂੰ ਢੁਕਵਾਂ ਮੁਆਵਜ਼ਾ ਮਿਲਣ ਦੇ ਆਸਾਰ ਨਹੀਂ। ਕੇਂਦਰ ਸਰਕਾਰ ਨੂੰ ਸੋਕਾ ਰਾਹਤ ਬਾਰੇ ਸ਼ਰਤਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਤਾਂ ਜੋ ਸੋਕੇ ਦੀ ਮਾਰ ਝੱਲ ਰਹੇ ਕਿਸਾਨਾਂ, ਜਿਨ੍ਹਾਂ ਫਸਲਾਂ ਪਾਲਣ ਲਈ ਜ਼ਿਆਦਾ ਖਰਚ ਕੀਤਾ ਨੂੰ ਵਿੱਤੀ ਰਾਹਤ ਮਿਲ ਸਕੇ।

## ਸੂਬੇ ਦਾ 91 ਫੀਸਦੀ ਰਕਬਾ ਕੇਂਦਰੀ ਰਾਹਤ ਤੋਂ ਲਾਂਭੇ



## ਇਹ ਹੈ ਪੰਜਾਬ ਦੇ ਕਿਸਾਨਾਂ ਦੀ ਤ੍ਰਾਸਦੀ

**ਚੰਡੀਗੜ੍ਹ:** ਪੰਜਾਬ ਵਿਚ ਹੁਣ ਤੱਕ ਬਾਰਸ਼ਾਂ 58 ਫੀਸਦੀ ਘੱਟ ਹੋਈਆਂ ਹਨ। ਸੂਬੇ ਵਿਚ 13 ਲੱਖ ਟਿਊਬਵੈੱਲ ਤੇ ਨਹਿਰੀ ਸਿੰਜਾਈ ਹੋਣ ਕਾਰਨ ਇਥੇ ਹੋਰ ਸੂਬਿਆਂ ਨਾਲੋਂ ਹਾਲਾਤ ਵੱਖਰੇ ਹਨ, ਪਰ ਫਸਲ ਪਾਲਣ ਲਈ ਪੰਜਾਬ ਨੂੰ ਟਿਊਬਵੈੱਲਾਂ ਲਈ ਵਧੇਰੇ ਬਿਜਲੀ ਖਰੀਦਣ ਤੇ ਡੀਜ਼ਲ ਪੰਪ ਚਲਾਉਣ ਲਈ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਮੀਂਹ ਦੀ ਕਮੀ ਦੇ ਬਾਵਜੂਦ ਪੰਜਾਬ ਵਿਚ ਫਸਲਾਂ ਬਚਾਉਣ ਦੇ ਢੰਗ-ਤਰੀਕੇ ਹਨ, ਇਸ ਕਰਕੇ ਬਾਕੀ ਦੇ ਦੇਸ਼ ਦੇ ਉਲਟ ਇਥੇ ਤਕਨੀਕੀ ਤੌਰ 'ਤੇ ਸੋਕਾ ਆਮ ਵਾਂਗ ਨਹੀਂ ਪੈਂਦਾ। ਇਸ ਕਰਕੇ ਤਕਨੀਕੀ ਤੌਰ 'ਤੇ ਇਥੇ ਸੋਕਾ ਨਹੀਂ ਐਲਾਨਿਆ ਜਾ ਸਕਦਾ ਕਿਉਂਕਿ ਇਸ ਲਈ ਵੀ ਕੇਂਦਰ ਦੇ ਕੁਝ ਮਾਪਦੰਡ ਤੈਅ ਹਨ, ਪਰ ਸੂਬੇ ਨੂੰ ਇਹ ਸਾਰਾ ਕੁਝ ਬਹੁਤ ਮਹਿੰਗਾ ਪੈ ਜਾਂਦਾ ਹੈ। ਖੇਤੀ ਸੈਕਟਰ ਲਈ ਵਧੇਰੇ ਬਿਜਲੀ ਲੈਣ 'ਤੇ ਪੰਜਾਬ ਪਹਿਲਾਂ ਹੀ 1500 ਕਰੋੜ ਰੁਪਏ ਖਰਚ ਚੁੱਕਿਆ ਹੈ। ਪੰਜਾਬ ਦੇ ਕਿਸਾਨ ਪੰਪ ਸੈੱਟਾਂ ਰਾਹੀਂ 700 ਕਰੋੜ ਦਾ ਡੀਜ਼ਲ ਵਰਤ ਚੁੱਕੇ ਹਨ। ਉਨ੍ਹਾਂ ਦਾ ਕਾਫੀ ਪੈਸਾ ਬੋਰ ਡੂੰਘੇ ਕਰਨ 'ਤੇ ਲੱਗ ਜਾਂਦਾ ਹੈ।



ਐਲਾਮੀਡਾ ਕਾਉਂਟੀ ਦੇ ਕਮਿਸ਼ਨਰ ਹਰਭਜਨ ਸਿੰਘ ਦੁਸਾਂਝ ਅਤੇ ਸਾਥੀਆਂ ਵਲੋਂ ਲਾਏ ਗਏ 13ਵੇਂ ਸਾਲਾਨਾ ਕੈਂਪ ਵਿਚ ਜਿਥੇ ਬਜ਼ੁਰਗਾਂ ਨੂੰ ਸਿਹਤ ਸਹੂਲਤਾਂ ਅਤੇ ਹੋਰ ਸੇਵਾਵਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ ਉਥੇ ਹਾਜ਼ਰੀਨ ਲਈ ਮਨੋਰੰਜਨ ਦਾ ਪ੍ਰਬੰਧ ਵੀ ਸੀ। ਲੰਘੀ 6 ਅਗਸਤ ਨੂੰ ਲੱਗੇ ਇਸ ਕੈਂਪ ਵਿਚ ਪੰਜਾਬੀ ਭਾਈਚਾਰੇ ਤੋਂ ਇਲਾਵਾ ਹੋਰਨਾਂ ਭਾਈਚਾਰਿਆਂ ਦੇ ਲੋਕਾਂ ਨੇ ਵੀ ਹਿੱਸਾ ਲਿਆ। ਤਸਵੀਰ ਵਿਚ ਕੈਂਪ ਦੌਰਾਨ ਸ਼ਾਮਲ ਹੋਏ ਬਜ਼ੁਰਗ ਤੇ ਹੋਰ ਲੋਕ

# ਪੰਜਾਬੀ ਲਿਟਰੇਰੀ ਟਰਸਟ ਵਲੋਂ ਸਾਲਾਨਾ ਸਮਾਗਮ

**ਹੇਵਰਡ (ਬਿਊਰੋ):** ਪੰਜਾਬੀ ਲਿਟਰੇਰੀ ਟਰੱਸਟ (ਯੂ ਐਸ ਏ) ਨੇ ਆਪਣਾ ਸਾਲਾਨਾ ਸਾਹਿਤਕ ਇਕੱਠ ਰਾਜਾ ਰੇਸਤਰਾਂ ਵਿਚ ਕੀਤਾ, ਜਿਸ ਵਿਚ ਪ੍ਰਸਿਧ ਚਿੰਤਕ ਅਤੇ ਕਵੀ ਡਾ. ਗੁਰੂਮੇਲ ਸਿੱਧੂ ਦੀਆਂ ਦੋ ਕਿਤਾਬਾਂ ਲੋਕ ਅਰਪਣ ਕੀਤੀਆਂ ਗਈਆਂ। ਚੇਤੇ ਰਹੇ, ਦਹਾਕਾ ਪਹਿਲਾਂ ਸ਼ਾਇਰ ਆਜ਼ਾਦ ਜਲੰਧਰੀ ਅਤੇ ਮਰਹੂਮ ਗਿਆਨੀ ਜੰਗ ਸਿੰਘ ਦੀ ਪ੍ਰੇਰਣਾ ਨਾਲ ਹੋਂਦ ਵਿਚ ਆਈ ਟਰੱਸਟ ਨੇ ਧਰਮ, ਇਤਿਹਾਸ ਅਤੇ ਸਾਹਿਤ ਨਾਲ ਸਬੰਧਤ ਦਰਜਨਾਂ ਪੁਸਤਕਾਂ ਪਾਠਕਾਂ ਦੀ ਝੋਲੀ ਵਿਚ ਪਾਉਣ ਦੇ ਨਾਲ ਨਾਲ ਸਾਹਿਤਕ ਸਰਗਰਮੀਆਂ ਵੀ ਜਾਰੀ ਰੱਖੀਆਂ ਹਨ।

ਗਦਰੀ ਸੂਰਮਿਆਂ ਦੇ ਅਣਗੌਲੇ ਨਿੱਜੀ ਜੀਵਨ ਅਤੇ ਸ਼ਹਿਰ ਆਜ਼ਾਦੀਆਂ ਲਈ ਉਨ੍ਹਾਂ ਦੇ ਘੋਲ ਨੂੰ ਰੇਖਾਂਕਿਤ ਕਰਦੀ ਮੌਲਿਕ ਪੁਸਤਕ 'ਗਦਰ ਲਹਿਰ ਦਾ ਦੂਜਾ ਪੱਖ', ਅਤੇ ਸੰਪਾਦਿਤ ਕੀਤੀ 'ਗਲਿੰਪਸਜ ਆਫ ਸਿੱਖ ਹਿਸਟਰੀ' ਨੂੰ ਜਾਰੀ ਕੀਤਾ ਗਿਆ। 'ਗਦਰ ਲਹਿਰ ਦਾ ਦੂਜਾ ਪੱਖ' ਬਾਰੇ ਗੀਤਕਾਰ ਤੇ ਸ਼ਾਇਰ ਹਰਜਿੰਦਰ ਕੰਗ ਨੇ ਪਰਚਾ ਪੜਿਆ ਅਤੇ ਸੰਖੇਪ ਵਿਆਖਿਆ ਕੀਤੀ। ਪੁਸਤਕ ਵਿਚ ਭਗਤ ਸਿੰਘ ਥਿੰਦ ਅਤੇ ਦਲੀਪ ਸਿੰਘ ਸੌਂਧ ਵਰਗੇ ਪੰਜਾਬੀਆਂ ਦੇ ਸੰਘਰਸ਼ਮਈ ਜੀਵਨ 'ਤੇ ਚਾਨਣਾ ਪਾਇਆ ਹੈ।

ਇਸ ਉਪਰੰਤ ਇਕ ਲੰਮੇ ਮੁਸ਼ਾਇਰੇ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਕਵੀਜਨਾਂ ਨੇ ਕਵਿਤਾਵਾਂ ਦੀ ਝੜੀ ਲਾਈ। ਆਜਾਦ ਜਲੰਧਰੀ, ਦਲਬੀਰ ਨਿੱਝਰ, ਡਾ. ਗੁਰੂਮੇਲ ਸਿੱਧੂ, ਸੁਰਿੰਦਰ ਸੀਰਤ, ਕੁਲਵਿੰਦਰ, ਈਸ਼ਰ ਸਿੰਘ ਮੋਮਨ, ਗੁਰਦਿਆਲ ਨੂਰਪੁਰੀ ਤੋਂ ਇਲਾਵਾ ਕਮਲ ਬੰਗਾ, ਹਰਬੰਸ ਜਗਿਆਸੂ, ਜੀਵਨ ਰੱਤੂ, ਰਾਠੇਸ਼ਵਰ ਸੂਰਾਪੁਰੀ, ਪਰਮਿੰਦਰ ਪਰਵਾਨਾ, ਡਾ. ਗੁਰਮੀਤ ਸਿੰਘ, ਨੀਲਮ ਸੈਣੀ, ਗੁਰਚਰਨ ਫਲਕ, ਆਦਿ ਕਵੀਆਂ ਨੇ ਭਾਗ ਲਿਆ। ਲੋਕ ਗਾਇਕ ਭਜਨ ਅਤੇ ਸੁਖਦੇਵ ਸਾਹਿਲ ਨੇ ਗੀਤਾਂ ਦੀ ਛਹਿਬਰ ਲਾਈ।

## ਹਮਾਸ ਨਾਲ ਕੋਈ ਹਮਦਰਦੀ ਨਹੀਂ: ਓਬਾਮਾ

**ਵਾਸ਼ਿੰਗਟਨ:** ਇਸਰਾਈਲ ਦੀ ਠੋਕ ਕੇ ਪੈਰਵਾਈ ਕਰਦਿਆਂ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ ਕਿ ਕੋਈ ਵੀ ਮੁਲਕ ਆਪਣੇ ਸ਼ਹਿਰਾਂ 'ਤੇ ਰਾਕੇਟ ਹਮਲੇ ਬਰਦਾਸ਼ਤ ਨਹੀਂ ਕਰ ਸਕਦਾ। ਇਸ ਦੇ ਨਾਲ ਹੀ ਉਨ੍ਹਾਂ ਨੇ ਗਾਜ਼ਾ ਪੱਟੀ ਵਿਚ ਗੋਲੀਬੰਦੀ ਦੀ ਮਿਆਦ ਵਧਾਏ ਜਾਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹਮਾਸ ਨਾਲ ਕੋਈ ਹਮਦਰਦੀ ਨਹੀਂ ਪਰ ਗਾਜ਼ਾ ਵਿਚ ਜੂਝ ਰਹੇ ਲੋਕਾਂ ਨਾਲ ਉਨ੍ਹਾਂ ਨੂੰ ਬਹੁਤ ਹਮਦਰਦੀ ਹੈ। ਉਨ੍ਹਾਂ ਨੇ ਹਮਾਸ ਵੱਲੋਂ ਰਾਕੇਟ ਲਾਂਚਰ ਸੰਘਣੀ ਆਬਾਦੀ ਵਾਲੀਆਂ ਥਾਂਵਾਂ 'ਤੇ ਰੱਖਣ ਦੀ ਵੀ ਆਲੋਚਨਾ ਕੀਤੀ ਹੈ।

## Matrimonial

### ਕੰਨਿਆ ਦੀ ਲੋੜ

Saini Radha Swami family looking suitable match for their handsome, well settled, mechanical engineer son, 26, 5'-8". Contact: 443-875-3933 32 to 35

ਸੈਣੀ ਸਿੱਖ, 28 ਸਾਲ, 5'-10", ਐਮ ਐਸ (ਇੰਜੀਨੀਅਰ), ਸਟੂਡੈਂਟ ਵੀਜ਼ੇ 'ਤੇ ਆਏ ਅਤੇ ਹੁਣ ਐਚ 1-ਬੀ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ, ਫੋਨ: 860-833-9913, ਈਮੇਲ: balisaini2284@gmail.com 31 to 34

ਜੱਟ ਸਿੱਖ, 40 ਸਾਲ, ਕੱਦ 6'-2", ਬੇਕਰਜ਼ਫੀਲਡ, ਕੈਲੀਫੋਰਨੀਆ ਰਹਿੰਦੇ ਨੌਜਵਾਨ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਵਾਲੀ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ, ਫੋਨ: 661-240-8889 ਜਾਂ 661-364-4700 31 to 34

ਜੱਟ ਸਿੱਖ, ਕਲੀਨਸ਼ੇਵ, 24 ਸਾਲ, ਕੱਦ 6 ਫੁੱਟ, ਕੈਲੀਫੋਰਨੀਆ ਰਹਿੰਦੇ, ਫੈਡਰਲ ਗੌਰਮਿੰਟ ਦੀ ਜੌਬ ਕਰਦੇ ਲੜਕੇ ਲਈ ਪੜ੍ਹੀ-ਲਿਖੀ ਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੀ ਗਰੀਨ ਕਾਰਡ ਹੋਲਡਰ ਜਾਂ ਅਮੈਰਿਕਨ ਸਿਟੀਜ਼ਨ ਹੋਵੇ। ਵਿਆਹ ਬਿਨਾ ਦਾਜ-ਦਹੇਜ ਤੋਂ। ਸਿਰਫ ਕੈਲੀਫੋਰਨੀਆ ਸਟੇਟ ਵਾਲੇ ਹੀ ਸੰਪਰਕ ਕਰਨ, sikhjatt1@yahoo.com 30 to 33

ਸੈਣੀ ਸਿੱਖ, 28 ਸਾਲ, ਕੱਦ 5'-8", ਇੰਡੀਆ ਰਹਿੰਦੇ ਬੀ.ਏ. ਪਾਸ ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 571-428-5175 ਜਾਂ 91-99159-72923 (ਭਾਰਤ) 30 to 33

### ਵਰ ਦੀ ਲੋੜ

ਪੰਜਾਬ ਵਿਚ ਰਹਿੰਦੀ ਜੱਟ ਸਿੱਖ ਲੜਕੀ ਉਮਰ 24 ਸਾਲ, ਕੱਦ 5'-7", ਬੀ ਐਸ ਸੀ ਨਰਸਿੰਗ ਲਈ ਯੂ ਐਸ ਸਿਟੀਜ਼ਨ ਪਰਿਵਾਰਕ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਈਮੇਲ: punjabiversa@gmail.com 33-36

ਯੂ ਐਸ ਸਿਟੀਜ਼ਨ ਜੱਟ ਸਿੱਖ ਤਲਾਕਸ਼ੁਦਾ ਲੜਕੀ ਉਮਰ 35 ਸਾਲ (ਇਕ ਬੱਚੀ) ਲਈ 35-40 ਸਾਲ ਦੇ ਲੜਕੇ ਦੀ ਲੋੜ ਹੈ। ਕੇਵਲ ਮਾਝੇ ਤੇ ਮਾਲਵੇ ਵਾਲੇ ਹੀ 9 ਤੋਂ 5 ਦਰਮਿਆਨ ਫੋਨ: 510-943-9100 'ਤੇ ਸੰਪਰਕ ਕਰਨ। 30 to 33


Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



ਕੱਰੀ ਕੁਕ ਤੇ ਹੈਲਪਰ ਦੀ ਲੋੜ ਹੈ
ਵਚੀਟਾ, ਕੈਨਸਸ ਵਿਚ ਭਾਰਤੀ ਰੈਸਟੋਰੈਂਟ ਲਈ ਕੱਰੀ ਕੁਕ ਅਤੇ ਹੈਲਪਰ ਦੀ ਲੋੜ ਹੈ
ਚੰਗੀ ਤਨਖਾਹ, ਰਿਹਾਇਸ਼ ਮੁਫਤ
ਸੰਪਰਕ ਕਰੋ:
316-691-8300 ਜਾਂ 316-518-5382
31=4



40 ਟਰੱਕ ਰਿਪੇਅਰ-ਓਕਲਹੋਮਾ
ਮਕੈਨਿਕਾਂ ਦੀ ਜ਼ਰੂਰਤ ਹੈ
ਕਾਰਾਂ ਅਤੇ ਡੀਜ਼ਲ ਟਰੱਕਾਂ ਬਾਰੇ ਚੰਗੀ ਜਾਣਕਾਰੀ ਰੱਖਣ ਵਾਲੇ ਮਕੈਨਿਕਾਂ ਦੀ ਜ਼ਰੂਰਤ ਹੈ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 832-512-7172



FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵੱਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਅਗਸਤ 2014*

## ਸਿੱਖ ਸ਼ਨਾਖਤ ਅਤੇ ਸਿੱਖੀ

ਨਿਊ ਯਾਰਕ ਵਿਚ ਸਿੱਖ ਨੌਜਵਾਨ ਉਤੇ ਨਸਲੀ ਹਮਲੇ ਨੇ ਇਕ ਵਾਰ ਫਿਰ ਸਿੱਖ ਭਾਈਚਾਰੇ ਨੂੰ ਝੰਜੋੜ ਸੁੱਟਿਆ ਹੈ। 2001 ਦੇ ਸਤੰਬਰੀ ਦਹਿਸ਼ਤੀ ਹਮਲਿਆਂ ਤੋਂ ਬਾਅਦ ਸਿੱਖ ਭਾਈਚਾਰਾ ਲਗਾਤਾਰ ਅਜਿਹੇ ਨਸਲੀ ਹਮਲਿਆਂ ਦੀ ਮਾਰ ਹੇਠ ਹੈ। ਭਾਈਚਾਰੇ ਨਾਲ ਸਬੰਧਤ ਸੰਸਥਾਵਾਂ ਨੇ ਸਿੱਖਾਂ ਬਾਰੇ ਚੇਤਨਾ ਫੈਲਾਉਣ ਲਈ ਕਈ ਹੀਲੇ-ਵਸੀਲੇ ਕੀਤੇ ਹਨ ਅਤੇ ਕਈਆਂ ਨੇ ਵਿਅਕਤੀਗਤ ਪੱਧਰ ਉਤੇ ਵੀ ਸਰਗਰਮੀ ਵਿੱਢੀ। ਹਾਲ ਹੀ ਵਿਚ ਪ੍ਰਸਿੱਧ ਫਿਲਮ ਅਦਾਕਾਰ ਵਾਰਿਸ ਸਿੰਘ ਆਹਲੂਵਾਲੀਆ ਨੂੰ ਲੈ ਕੇ ਇਕ ਟੀ.ਵੀ. ਇਸ਼ਤਿਹਾਰ ਵੀ ਤਿਆਰ ਕੀਤਾ ਗਿਆ ਸੀ ਤਾਂ ਕਿ ਅਮਰੀਕੀਆਂ ਨੂੰ ਸਿੱਖਾਂ ਦੀ ਸ਼ਨਾਖਤ ਬਾਰੇ ਦੱਸਿਆ ਜਾ ਸਕੇ। ਇਹ ਇਸ਼ਤਿਹਾਰ ਵੱਡੀ ਪੱਧਰ 'ਤੇ ਦਿਖਾਇਆ ਗਿਆ। ਇਕ ਸਰਵੇਖਣ ਅਨੁਸਾਰ ਇਸ ਇਸ਼ਤਿਹਾਰ ਨੂੰ ਵੱਡੀ ਪੱਧਰ ਉਤੇ ਹੁੰਗਾਰਾ ਵੀ ਮਿਲਿਆ। ਕੁਝ ਸਿੱਖ ਸੰਸਥਾਵਾਂ ਇਸ ਤਰ੍ਹਾਂ ਦੇ ਹੋਰ ਚੇਤਨਾ ਪ੍ਰੋਜੈਕਟਾਂ ਉਤੇ ਲਗਾਤਾਰ ਨਿੱਠ ਕੇ ਕੰਮ ਕਰ ਰਹੀਆਂ ਹਨ। ਇਸ ਤੋਂ ਇਲਾਵਾ ਹਰਲੀਨ ਕੌਰ ਵਰਗੇ ਕਈ ਜਿਊੜੇ ਖੁਦ ਹੀ ਇਸ ਮੁਹਿੰਮ ਵਿਚ ਹਿੱਸਾ ਪਾ ਰਹੇ ਹਨ। ਹਰਲੀਨ ਕੌਰ ਨੇ ਗੁਰਦੁਆਰਾ ਓਕ ਕਰੀਕ ਗੋਲੀ ਕਾਂਡ ਤੋਂ ਬਾਅਦ ਦਸਤਾਰ ਸਜਾਉਣੀ ਸ਼ੁਰੂ ਕਰ ਦਿੱਤੀ ਸੀ। ਹੁਣ ਹਰ ਥਾਂ ਉਸ ਨੂੰ ਦਸਤਾਰ ਬਾਰੇ ਪੁੱਛਿਆ ਜਾਂਦਾ ਹੈ ਅਤੇ ਉਹ ਇਸੇ ਬਹਾਨੇ ਸਿੱਖ ਧਰਮ ਅਤੇ ਸਿੱਖ ਭਾਈਚਾਰੇ ਬਾਰੇ ਪ੍ਰਚਾਰ ਕਰਦੀ ਹੈ। ਸਿੱਖ ਸ਼ਨਾਖਤ ਬਾਬਤ ਹੋਰ ਵੀ ਕਈ ਮੁਹਿੰਮਾਂ ਗਾਹੇ-ਬਗਾਹੇ ਚਲਾਈਆਂ ਗਈਆਂ, ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖਾਂ ਉਤੇ ਨਸਲੀ ਹਮਲਿਆਂ ਨੂੰ ਠੱਲ੍ਹ ਨਹੀਂ ਪੈ ਰਹੀ। ਇਹ ਸੱਚ ਹੈ ਕਿ ਸਤੰਬਰੀ ਹਮਲਿਆਂ ਨੇ ਅਮਰੀਕਾ ਹੀ ਨਹੀਂ, ਸਮੁੱਚੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅਮਰੀਕੀ ਲੀਡਰ ਖੁਦ ਇਸ ਹਮਲੇ ਤੋਂ ਹੱਕੇ-ਬੱਕੇ ਰਹਿ ਗਏ ਸਨ। ਉਦੋਂ ਕੁਝ ਸੰਜੀਦਾ ਚਿੰਤਕਾਂ ਨੇ ਇਸ ਹਮਲੇ ਦੀਆਂ ਜੜ੍ਹਾਂ ਫਰੋਲਦਿਆਂ ਅਮਰੀਕਾ ਦੀ ਵਿਦੇਸ਼ ਨੀਤੀ ਉਤੇ ਉਂਗਲ ਧਰੀ ਸੀ। ਨੌਮ ਚੌਮਸਕੀ ਵਰਗੇ ਉਘੇ ਚਿੰਤਕਾਂ ਨੇ ਸਪਸ਼ਟ ਕਿਹਾ ਸੀ ਕਿ ਹੋਰ ਦੇਸ਼ਾਂ ਲਈ ਅਮਰੀਕਾ ਦੀਆਂ ਧਾੜਵੀ ਨੀਤੀਆਂ ਕਰ ਕੇ ਇਹ ਦਿਨ ਦੇਖਣਾ ਪਿਆ ਹੈ, ਪਰ ਇਸ ਸਿਲਸਿਲੇ ਦਾ ਅਫਸੋਸਨਾਕ ਪਹਿਲੂ ਇਹ ਰਿਹਾ ਕਿ ਅਮਰੀਕੀ ਲੀਡਰਾਂ ਨੇ ਇਨ੍ਹਾਂ ਚਿੰਤਕਾਂ ਦੀ ਰਾਏ ਵੱਲ ਉਕਾ ਹੀ ਧਿਆਨ ਨਹੀਂ ਧਰਿਆ। ਇਸ ਦੀ ਥਾਂ ਹਮਲੇ ਲਈ ਜ਼ਿੰਮੇਵਾਰ ਮੁਸਲਮਾਨ ਕੱਟੜਪੰਥੀਆਂ ਨੂੰ ਸਬਕ ਸਿਖਾਉਣ ਦੇ ਬਹਾਨੇ ਸਮੁੱਚੇ ਭਾਈਚਾਰੇ ਖਿਲਾਫ ਹੀ ਮੁਹਿੰਮ ਛੇੜ ਦਿੱਤੀ। ਇਸ ਦਾ ਨਤੀਜਾ ਇਹ ਨਿਕਲਿਆ ਕਿ ਰਾਤੋ-ਰਾਤ ਸਾਰੇ ਮੁਸਲਮਾਨਾਂ ਨੂੰ ਦਹਿਸ਼ਤਗਰਦਾਂ ਦੀ ਸੂਚੀ ਵਿਚ ਪਾ ਦਿੱਤਾ ਗਿਆ। ਅਮਰੀਕਾ ਦੀ ਇਸ ਕਾਣੀ ਨੀਤੀ ਨੇ ਬਲਦੀ ਉਤੇ ਤੇਲ ਪਾਇਆ ਅਤੇ ਆਮ ਅਮਰੀਕੀ ਤੇ ਵੱਖ-ਵੱਖ ਅਦਾਰਿਆਂ 'ਚ ਕੰਮ ਕਰਦਾ ਮੁਲਾਜ਼ਮ ਮੁਸਲਮਾਨਾਂ ਖਿਲਾਫ ਵੈਰ ਰੱਖਣ ਲੱਗ ਪਿਆ। ਇਸ ਦਾ ਸਭ ਤੋਂ ਵੱਧ ਖਮਿਆਜ਼ਾ, ਬਿਨਾਂ ਕਿਸੇ ਵਜ੍ਹਾ ਦੇ ਸਿੱਖਾਂ ਨੂੰ ਭੁਗਤਣਾ ਪਿਆ। ਆਮ ਸਿੱਖ ਦਾ ਪਹਿਰਾਵਾ ਤੇ ਸਰੂਪ ਕਿਉਂਕਿ ਕਥਿਤ ਮੁਸਲਮਾਨ ਦਹਿਸ਼ਤਗਰਦਾਂ ਨਾਲ ਮਿਲਦਾ-ਜੁਲਦਾ ਸੀ, ਇਸ ਲਈ ਸਿੱਖ ਅਜਿਹੇ ਨਸਲੀ ਹਮਲਿਆਂ ਦੀ ਮਾਰ ਹੇਠ ਆ ਗਏ।

ਉਂਜ, ਇਸ ਮਾਮਲੇ 'ਤੇ ਸਿੱਖ ਭਾਈਚਾਰੇ ਵੱਲੋਂ ਵੀ ਅਚੇਤ ਹੀ ਇਕ ਕੋਤਾਹੀ ਹੋ ਗਈ। ਸਿੱਖ ਭਾਈਚਾਰੇ ਅਤੇ ਇਸ ਨਾਲ ਸਬੰਧਤ ਸੰਸਥਾਵਾਂ ਦਾ ਸਾਰਾ ਜ਼ੋਰ ਹੁਣ ਤੱਕ ਇਸ ਪ੍ਰਚਾਰ ਉਤੇ ਲੱਗਿਆ ਹੋਇਆ ਹੈ ਕਿ ਸਿੱਖ, ਅਰਬਾਂ/ਮੁਸਲਮਾਨਾਂ ਤੋਂ ਵੱਖਰੇ ਹਨ। ਉਨ੍ਹਾਂ ਨੂੰ ਅਰਬ ਜਾਂ ਮੁਸਲਮਾਨ ਸਮਝ ਕੇ ਹਮਲਿਆਂ ਦਾ ਸ਼ਿਕਾਰ ਨਾ ਬਣਾਇਆ ਜਾਵੇ। ਇਹ ਪਹੁੰਚ ਅਸਲ ਵਿਚ ਸਰਬੱਤ ਦੇ ਭਲੇ ਦੇ ਖਿਲਾਫ ਜਾਂਦੀ ਸੀ। ਸੋਚਣ ਵਾਲੀ ਗੱਲ ਇਹ ਹੈ ਕਿ ਸਤੰਬਰੀ ਹਮਲੇ ਕਿਸੇ ਆਮ ਮੁਸਲਮਾਨ ਨੇ ਨਹੀਂ ਸਨ ਕੀਤੇ। ਫਿਰ ਆਮ ਮੁਸਲਮਾਨ ਨੂੰ ਬਲੀ ਦਾ ਬੱਕਰਾ ਕਿਉਂ ਬਣਾਇਆ ਜਾ ਸਕਦਾ ਹੈ? ਇਸ ਤਰ੍ਹਾਂ ਦਾ ਕਹਿਰ ਢਾਈ-ਤਿੰਨ ਦਹਾਕੇ ਪਹਿਲਾਂ ਪੰਜਾਬ ਦੇ ਸਿੱਖਾਂ ਉਤੇ ਢਾਹਿਆ ਗਿਆ ਸੀ। ਉਸ ਵੇਲੇ ਹਰ ਸਿੱਖ ਨੂੰ ਦਹਿਸ਼ਤਗਰਦਾਂ ਦੇ ਖਾਨੇ ਵਿਚ ਪਾ ਦਿੱਤਾ ਗਿਆ ਸੀ। ਇਹੀ ਹਾਲ ਸਤੰਬਰੀ ਹਮਲਿਆਂ ਤੋਂ ਬਾਅਦ ਆਮ ਮੁਸਲਮਾਨ ਦਾ ਹੋਇਆ। ਉਨ੍ਹਾਂ ਨੂੰ ਵੀ ਦਹਿਸ਼ਤਗਰਦੀ ਦੇ ਖਾਨੇ ਵਿਚ ਤਾੜ ਦਿੱਤਾ ਗਿਆ। ਸਿੱਖੀ ਅਤੇ ਸਰਬੱਤ ਦੇ ਭਲੇ ਵਾਲੀ ਪਹੁੰਚ ਦੇ ਹਿਸਾਬ ਨਾਲ ਚਾਹੀਦਾ ਤਾਂ ਇਹ ਸੀ ਕਿ ਇਨ੍ਹਾਂ ਨਸਲੀ ਹਮਲਿਆਂ ਖਿਲਾਫ ਵਿਰਾਟ ਤੇ ਵਿਸ਼ਾਲ ਮੁਹਿੰਮ ਵਿੱਢੀ ਜਾਂਦੀ ਅਤੇ ਇਸ ਵਿਚ ਸਮਾਜ ਦੇ ਹਰ ਸੰਜੀਦਾ ਸ਼ਖਸ ਨੂੰ ਸ਼ਾਮਲ ਕੀਤਾ ਜਾਂਦਾ। ਹੁਣ ਤੱਕ ਸਾਡੀਆਂ ਕਈ ਸਮੱਸਿਆਵਾਂ ਇਸ ਕਰ ਕੇ ਵੀ ਮੁੱਕਣ ਦਾ ਨਾਂ ਨਹੀਂ ਲੈ ਰਹੀਆਂ, ਕਿਉਂਕਿ ਅਸੀਂ ਸਥਾਨਕ ਲੋਕਾਂ ਨਾਲ ਉਸ ਤਰ੍ਹਾਂ ਦਾ ਰਾਬਤਾ ਅਤੇ ਮੇਲ-ਮਿਲਾਪ ਨਹੀਂ ਬਣਾ ਸਕੇ ਜਿਸ ਤਰ੍ਹਾਂ ਬਣਾਉਣਾ ਚਾਹੀਦਾ ਸੀ। ਓਪਰੀ ਭਾਸ਼ਾ, ਵੱਖਰੇ ਸਭਿਆਚਾਰ ਅਤੇ ਵੱਖਰੇ ਰਹਿਣ-ਸਹਿਣ ਕਰ ਕੇ ਵਿਅਕਤੀਗਤ ਪੱਧਰ ਉਤੇ ਆਪਸੀ ਰਾਬਤੇ ਵਿਚ ਦਿੱਕਤਾਂ ਤਾਂ ਆਉਂਦੀਆਂ ਹਨ, ਪਰ ਭਾਈਚਾਰੇ ਨਾਲ ਸਬੰਧਤ ਸੰਸਥਾਵਾਂ ਅਤੇ ਇਸ ਦੇ ਆਗੂਆਂ ਨੂੰ ਚੇਤਨਾ ਮੁਹਿੰਮ ਦਾ ਮੂੰਹ ਇਸ ਪਾਸੇ ਵੀ ਮੋੜਨਾ ਚਾਹੀਦਾ ਹੈ। ਇਹ ਚੇਤਨਾ ਮੁਹਿੰਮ ਇੰਨੀ ਜ਼ਿਆਦਾ ਫੈਲਣੀ ਚਾਹੀਦੀ ਹੈ ਕਿ ਸਰਬੱਤ ਦੇ ਭਲੇ ਦਾ ਸੰਕਲਪ ਪੂਰੀ ਦੁਨੀਆਂ ਕੰਨ ਲਾ-ਲਾ ਸੁਣੇ। ਇਸ ਮਾਮਲੇ ਵਿਚ ਰਤਾ ਕੁ ਗਹਿਰਾਈ ਨਾਲ ਵਿਚਾਰਿਆ ਜਾਵੇ ਤਾਂ ਸਿੱਖ ਸ਼ਨਾਖਤ ਬਾਰੇ ਸਾਡੀਆਂ ਚੇਤਨਾ ਮੁਹਿੰਮਾਂ ਦਾ ਇਕ ਅਰਥ ਇਹ ਵੀ ਨਿਕਲਦਾ ਹੈ ਕਿ ਮੁਸਲਮਾਨਾਂ ਉਤੇ ਹਮਲੇ ਭਾਵੇਂ ਕਰੀ ਜਾਓ; ਅਸੀਂ ਸਿੱਖ ਹਾਂ, ਮੁਸਲਮਾਨਾਂ ਤੋਂ ਵੱਖਰੇ ਹਾਂ, ਸਾਡੇ ਉਤੇ ਹਮਲੇ ਨਾ ਕਰੋ। ਇਹ ਕੌੜਾ ਸੱਚ ਸੁਣਨਾ ਔਖਾ ਤਾਂ ਹੈ, ਪਰ ਸੱਚ ਇਹੀ ਹੈ ਕਿ ਅਸੀਂ ਆਪਣੀ ਸਿੱਖ ਸ਼ਨਾਖਤ ਦਰਜ ਕਰਵਾਉਣ ਲਈ ਅਚੇਤ ਹੀ ਸਰਬੱਤ ਦੇ ਭਲੇ ਦੀ ਰਵਾਇਤ ਦਾ ਪੱਲਾ ਛੱਡ ਬੈਠੇ ਹਾਂ। ਸਤੰਬਰੀ ਹਮਲਿਆਂ ਕਾਰਨ ਆਮ ਅਮਰੀਕੀਆਂ ਦੇ ਜ਼ਿਹਨ ਵਿਚ ਬਲ ਰਹੀ ਨਫਰਤ ਦੀ ਅੱਗ ਮਨੁੱਖਤਾ ਨੂੰ ਲੂਹ ਰਹੀ ਹੈ। ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਹੁਣ ਚਾਹੀਦਾ ਹੈ ਕਿ ਸਿੱਖ ਸ਼ਨਾਖਤ ਦੀ ਮੁਹਿੰਮ ਨੂੰ ਹੋਰ ਵਧਾਉਣ ਦੇ ਨਾਲ-ਨਾਲ ਹੁਣ ਸਰਬੱਤ ਦੀ ਸ਼ਨਾਖਤ ਵਾਲਾ ਫਰੰਟ ਵੀ ਖੋਲ੍ਹਿਆ ਜਾਵੇ। ਇਹ ਫਰੰਟ ਅਗਾਂਹ ਜਾ ਕੇ ਨਵੀਂ ਪੀੜ੍ਹੀ ਲਈ ਵੀ ਨਵੇਂ ਫਰੰਟ ਖੋਲ੍ਹੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬੇਹੀ ਕੜ੍ਹੀ ਨੂੰ ਉਬਾਲ!*

ਡੈਣ ਜਿਹੀ ਸਿਆਸਤ ਦੇ ਵੱਸ ਪੈ ਗਏ, ਧਨ ਅਤੇ ਖੂਨ ਦੇ ਨਾਲ ਨਾ ਰੱਜਦੀ ਏ।
ਲੂੰਬੜ-ਚਾਲਾਂ ਨੇ ਆਉਂਦੀਆਂ ਰਾਸ ਇਸ ਨੂੰ, ਨਿਰੀਆਂ ਗੱਪਾਂ ਦੇ ਆਸਰੇ ਗੱਜਦੀ ਏ।
ਬੁਰਕਾ ਓਹੜ ਕੇ ਧਰਮ ਤੇ ਪੰਥ ਵਾਲਾ, ਰਹਿੰਦੀ ਅਸਲ ਕਰਤੂਤਾਂ ਨੂੰ ਕੱਜਦੀ ਏ।
ਛੇਕ ਸੈਂਕੜੇ ਛਾਨਣੀ ਫੇਰ ਬੋਲੇ, ਜਿਹਨੂੰ ਸ਼ਰਮ ਨਾ ਭੋਰਾ ਵੀ ਛੱਜ ਦੀ ਏ।
ਡੌਂਡੀ ਪਿੱਟਦੇ ਪੰਥ ਦੀ ਏਕਤਾ ਦੀ, ਚਿੰਤਾ ਆਪਣੇ ਟੱਬਰ ਦੇ 'ਬੱਜ' ਦੀ ਏ।
ਘੁਲਦੀ ਕੜ੍ਹੀ ਜੋ ਆਈ ਦਹਾਕਿਆਂ ਤੋਂ, ਜਾਪੇ ਉਹੀ ਕਹਾਣੀ ਫਿਰ ਅੱਜ ਦੀ ਏ!

# ਸਿੱਖ ਸ਼ਨਾਖਤ ਲਈ ਹੰਭਲਾ

ਡਾ. ਮਨਦੀਪ ਗੌੜ
ਫੋਨ: 91-97795-87791

ਆਧੁਨਿਕ ਯੁੱਗ ਵਿਚ ਸਿੱਖ ਕੌਮ ਦੀ ਪ੍ਰਗਤੀ ਕਿਸੇ ਭੂਮਿਕਾ ਦੀ ਮੁਹਤਾਜ਼ ਨਹੀਂ। ਸੰਸਾਰ ਦੇ ਹਰ ਕੋਨੇ ਵਿਚ ਸਿੱਖਾਂ ਦਾ ਕਾਰਜਸ਼ੀਲ ਹੋਣਾ, ਸੰਯੁਕਤ ਰਾਸ਼ਟਰ ਵਰਗੇ ਉਚ-ਅਦਾਰੇ ਅੰਦਰ ਅਹਿਮ ਅਹੁਦਿਆਂ ਉਪਰ ਬਿਰਾਜਮਾਨ ਹੋਣਾ, ਅਮਰੀਕਾ-ਕੈਨੇਡਾ ਵਰਗੇ ਵਿਕਸਿਤ ਮੁਲਕਾਂ ਅੰਦਰ ਉਚ ਰਾਜਨੀਤਕ ਪਦਾਂ 'ਤੇ ਕੰਮ ਕਰਨਾ, ਸੰਸਾਰ-ਜੰਗਾਂ ਵਿਚ ਸਿੱਖ ਫੌਜੀਆਂ ਦੀ ਫੈਸਲਾਕੁਨ ਸ਼ਮੂਲੀਅਤ, ਸਿੱਖ ਸਨਅਤਕਾਰਾਂ ਦੀ ਕੌਮਾਂਤਰੀ ਸਫਲਤਾ ਅਤੇ ਵਿਸ਼ਵ ਅਰਥਚਾਰੇ ਦੀ ਪ੍ਰਗਤੀ ਵਿਚ ਸਿੱਖਾਂ ਦਾ ਯੋਗਦਾਨ ਆਦਿ ਇਸ ਗੱਲ ਦਾ ਸਪਸ਼ਟ ਪ੍ਰਮਾਣ ਹਨ ਕਿ ਸਿੱਖਾਂ ਨੇ ਆਪਣੇ ਆਚਰਨ ਦੀ ਪਾਕੀਜ਼ਗੀ, ਵਿਚਾਰਾਂ ਦੀ ਸੁਤੰਤਰਤਾ, ਮਿਹਨਤਕਸ਼ ਸੁਭਾਅ ਅਤੇ ਨਿਮਰਤਾਪੂਰਵਕ ਰਵੱਈਏ ਕਾਰਨ ਤਰੱਕੀ ਦੀਆਂ ਅਥਾਹ ਬੁਲੰਦੀਆਂ ਨੂੰ ਛੋਹਿਆ ਹੈ। ਬੜੀ ਹੀ ਜੱਦੋਜਹਿਦ ਨਾਲ ਸਿੱਖਾਂ ਨੇ ਕੌਮਾਂਤਰੀ ਪੱਧਰ 'ਤੇ ਆਪਣਾ ਮੌਜੂਦਾ ਮੁਕਾਮ ਹਾਸਲ ਕੀਤਾ ਹੈ; ਪਰ 9/11 ਦੇ ਦਿਲ-ਕੰਬਾਊ ਸਾਕੇ ਤੋਂ ਬਾਅਦ ਸਿੱਖਾਂ ਨੂੰ ਅਨੇਕਾਂ ਹੀ ਨਸਲੀ ਹਿੰਸਾ ਤੋਂ ਪ੍ਰੇਰਿਤ ਹਮਲਿਆਂ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਵਰਗੀਆਂ ਸੰਜੀਦਾ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਸੰਸਾਰਕ ਪੱਧਰ 'ਤੇ ਆਪਣੀ ਜਾਨਦਾਰ ਭੂਮਿਕਾ ਨਿਭਾਉਣ ਵਾਲੀ ਇਸ ਮਹਾਨ ਵਿਰਾਸਤੀ ਕੌਮ ਨੂੰ ਪਿਛਲੇ ਦਹਾਕੇ ਦੌਰਾਨ ਇਨ੍ਹਾਂ ਸਮੱਸਿਆਵਾਂ ਕਾਰਨ ਭਾਰੀ ਨਮੋਸ਼ੀ ਝੱਲਣੀ ਪਈ ਹੈ। ਮੌਜੂਦਾ ਸਮੇਂ ਸਿੱਖ ਕੌਮ ਦੀ ਵੱਖਰੀ ਪਛਾਣ ਦਾ ਮੁੱਦਾ ਦੁਨੀਆਂ ਭਰ ਦੇ ਸਿੱਖਾਂ ਦੀ ਖਾਸ ਤਵੱਜੋ ਦੀ ਮੰਗ ਕਰਦਾ ਬਹੁਤ ਹੀ ਗੰਭੀਰ ਮੁੱਦਾ ਹੈ, ਪਰ ਅਫ਼ਸੋਸ ਕਿ ਇਹ ਮੁੱਦਾ ਉਨੀ ਸੰਜੀਦਗੀ ਨਾਲ ਨਹੀਂ ਵਿਚਾਰਿਆ ਜਾ ਰਿਹਾ, ਜਿੰਨੀ ਮੌਜੂਦਾ ਹਾਲਾਤ ਵਿਚ ਇਸ ਦੀ ਅਹਿਮੀਅਤ ਅਤੇ ਲੋੜ ਹੈ।

ਆਏ ਦਿਨ ਅਸੀਂ ਅਖ਼ਬਾਰਾਂ, ਚੈਨਲਾਂ ਜਾਂ ਸੋਸ਼ਲ ਮੀਡੀਆ ਅੰਦਰ ਇਹ ਖ਼ਬਰਾਂ ਪੜ੍ਹਦੇ-ਵੇਖਦੇ ਹਾਂ ਕਿ ਸੰਸਾਰ ਦੇ ਵੱਖ-ਵੱਖ ਦੇਸ਼ਾਂ ਅੰਦਰ ਸਿੱਖਾਂ ਨੂੰ ਨਸਲੀ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ, ਜਾਂ ਫਿਰ ਵੱਖ-ਵੱਖ ਕੌਮਾਂਤਰੀ ਹਵਾਈ ਅੱਡਿਆਂ 'ਤੇ ਸੁਰੱਖਿਆ ਨਿਯਮਾਂ ਦੇ ਨਾਂ 'ਤੇ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਕਰ ਕੇ ਉਨ੍ਹਾਂ ਦੇ ਮਜ਼ਹਬੀ ਜਜ਼ਬਾਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਵੱਖ-ਵੱਖ ਦੇਸ਼ਾਂ ਦੀਆਂ ਅਦਾਲਤਾਂ ਅੰਦਰ ਇਸ ਸਬੰਧ ਵਿਚ ਅਨੇਕਾਂ ਮਾਮਲੇ ਵਿਚਾਰ ਅਧੀਨ ਹਨ।

ਅਮਰੀਕਾ 'ਚ ਵਾਪਰੇ 9/11 ਦੇ ਜਹਾਜ਼ੀ ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਤਾਲਿਬਾਨ ਸਮਰਥਕ ਇਸਲਾਮੀ ਕੱਟੜਪੰਥੀ ਸਮਝ ਕੇ ਉਨ੍ਹਾਂ ਉਪਰ ਹਿੰਸਕ ਹਮਲੇ ਕੀਤੇ ਗਏ। ਫਰਾਂਸ, ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਮੁਲਕਾਂ ਵਿਚ ਫੌਜ ਜਾਂ ਪੁਲਿਸ ਵਿਚ ਭਰਤੀ ਹੋਣ ਵਾਲੇ ਸਿੱਖ ਨੌਜਵਾਨਾਂ ਨੂੰ ਕਈ ਵਾਰ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦਾ ਤਿਆਗ ਕਰਨ ਲਈ ਮਜਬੂਰ ਕੀਤਾ ਗਿਆ। ਅਸਲ ਵਿਚ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਪਿਛੇ ਕਾਰਨ ਇਹੋ ਹੈ ਕਿ ਸੰਸਾਰ ਦੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਜਾਂ ਆਮ ਨਾਗਰਿਕ ਸਿੱਖ ਕੌਮ ਦੇ ਮਹਾਨ ਇਤਿਹਾਸ, ਵਿਰਾਸਤ, ਅਸੂਲਾਂ, ਮਰਿਆਦਾ, ਇਖ਼ਲਾਕ ਅਤੇ ਅਕੀਦਿਆਂ ਤੋਂ ਵਾਕਿਫ਼ ਨਹੀਂ ਹਨ। ਸੰਸਾਰ ਦੇ ਜ਼ਿਆਦਾਤਰ ਲੋਕਾਂ ਨੂੰ ਤਾਂ ਸਿੱਖਾਂ ਅਤੇ ਤਾਲਿਬਾਨ ਸਮਰਥਕ ਇਸਲਾਮੀ ਕੱਟੜਪੰਥੀਆਂ ਵਿਚਕਾਰਲਾ ਫ਼ਰਕ ਵੀ ਮਾਲੂਮ ਨਹੀਂ ਹੈ। ਦੁਨੀਆਂ ਭਰ ਦੇ ਸਿੱਖਾਂ ਨੂੰ ਦਰਪੇਸ਼ ਅਜਿਹੀਆਂ ਚੁਣੌਤੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ ਕਿ ਸਿੱਖ ਪਛਾਣ ਦੇ ਮੁੱਦੇ ਸਬੰਧੀ ਸਾਡੇ ਸਮੂਹਿਕ ਯਤਨਾਂ ਵਿਚ ਕਮੀ ਹੈ। ਸਮੱਸਿਆ ਸਾਡੀ ਹੈ ਤਾਂ ਇਸ ਦੇ ਹੱਲ ਵੀ ਸਾਨੂੰ ਹੀ ਲੱਭਣੇ ਪੈਣਗੇ। ਹੁਣ ਸਮਾਂ ਆ ਗਿਆ ਹੈ ਕਿ ਸਮੁੱਚੇ ਵਿਸ਼ਵ ਨੂੰ ਸਿੱਖ ਅਕੀਦਿਆਂ, ਅਸੂਲਾਂ ਅਤੇ ਰਹਿਤ ਤੋਂ ਜਾਣੂ ਕਰਵਾਇਆ ਜਾਵੇ।

ਸਿੱਖ ਪੰਥ ਆਚਰਨ ਦੀ ਉਚਤਾ, ਕਿਰਤ ਦੀ ਸ੍ਰੇਸ਼ਠਤਾ, ਸਮਾਜਕ ਸਮਾਨਤਾ, ਆਤਮ-ਸੰਜਮ, ਮਜ਼ਹਬੀ ਸਦਭਾਵਨਾ, ਜਮਹੂਰੀਅਤ ਦੇ ਜਜ਼ਬੇ ਅਤੇ ਤੌਹੀਦ ਦੀ ਅਕੀਦਤ ਉਪਰ ਉਸਰਿਆ ਰੂਹਾਨੀਅਤ ਭਰਪੂਰ ਮਜ਼ਹਬ ਹੈ। ਕਿਰਪਾਨ ਅਤੇ ਦਸਤਾਰ ਇਸ ਦੇ ਲਾਜ਼ਮੀ ਧਾਰਮਿਕ ਚਿੰਨ੍ਹ ਹਨ। ਇਹ ਇਕ ਅੰਮ੍ਰਿਤਧਾਰੀ ਸਿੱਖ ਵਾਸਤੇ ਉਨੇ ਹੀ ਜ਼ਰੂਰੀ ਹਨ, ਜਿੰਨੇ ਉਸ ਦੇ ਆਪਣੇ ਸਰੀਰਕ ਅੰਗ। ਕਿਰਪਾਨ ਪ੍ਰਤੀਕ ਹੈ- ਗਰੀਬਪ੍ਰਸਤੀ ਅਤੇ ਇਨਸਾਫ-ਪਸੰਦੀ ਦੀ। ਇਹ ਇਸ ਜਜ਼ਬਾਤ ਦੀ ਤਰਜਮਾਨੀ ਕਰਦੀ ਹੈ ਕਿ ਇਕ ਸਿੱਖ ਆਪਣੀ ਪਨਾਹ ਵਿਚ ਆਏ ਕਿਸੇ ਮਜ਼ਲੂਮ ਜਾਂ ਬੇਵੱਸ ਇਨਸਾਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਆਪਣੇ ਆਖ਼ਰੀ ਸਾਹ ਤੱਕ ਲੜ ਸਕਦਾ ਹੈ। ਕਿਰਪਾਨ ਗਨੀਮਾਂ ਨੂੰ ਵੰਗਾਰ ਹੈ ਅਤੇ ਬੇਕਸਾਂ ਦੀ ਰੱਖਿਅਕ ਹੈ। ਇਹ ਇਨਸਾਨੀਅਤ ਦੀ ਰੱਖਿਆ ਦਾ ਉਹ ਚਿੰਨ੍ਹ ਹੈ ਜੋ ਦਸਮੇਸ਼ ਪਿਤਾ ਨੇ ਬੜੀ ਹੀ ਸੂਝ-ਬੂਝ ਤੋਂ ਵਿਚਾਰਦਿਆਂ ਆਪਣੇ ਪੈਰੋਕਾਰਾਂ ਨੂੰ ਬਖ਼ਸ਼ਿਸ਼ ਕੀਤਾ। ਦਸਤਾਰ ਤਰਜਮਾਨੀ ਕਰਦੀ ਹੈ-ਸਮੁੱਚੀ ਸਿੱਖ ਕੌਮ ਦੀ ਇਖ਼ਲਾਕੀ ਬੁਲੰਦੀ ਦੀ, ਦਾਨਿਸ਼ਮੰਦੀ, ਫ਼ਕੀਰੀ ਅੰਦਰ ਰਜ਼ਾ ਦੇ ਜਜ਼ਬਾਤ, ਆਤਮ-ਸਨਮਾਨ, ਰੂਹਾਨੀ ਅਮੀਰੀ ਅਤੇ ਸਭ ਤੋਂ ਵਧੇਰੇ ਚੜ੍ਹਦੀ ਕਲਾ ਦੀ। ਆਪਣੇ ਇਨ੍ਹਾਂ ਅਹਿਮ ਧਾਰਮਿਕ ਚਿੰਨ੍ਹਾਂ ਬਗੈਰ ਸੱਚਾ ਗੁਰਸਿੱਖ ਅੰਗਹੀਣ ਹੈ। ਇਹ ਉਸ ਦੀ ਮਜ਼ਹਬੀ ਪਛਾਣ ਅਤੇ ਆਤਮ-ਵਿਸ਼ਵਾਸ ਦਾ ਜ਼ਰੀਆ ਹਨ।

ਸਮੇਂ ਦੀ ਮੰਗ ਮੁਤਾਬਿਕ ਸਿੱਖਾਂ ਨੂੰ ਸਭ ਤੋਂ ਅਹਿਮ ਲੋੜ ਇਸ ਗੱਲ ਦੀ ਹੈ ਕਿ ਉਹ ਆਪਣੀ ਪਛਾਣ ਨੂੰ ਅਖੌਤੀ ਇਸਲਾਮੀ ਕੱਟੜਪੰਥੀ ਜਾਂ ਤਾਲਿਬਾਨ ਸਮਰਥਕ ਲੋਕਾਂ ਦੀ ਪਛਾਣ ਤੋਂ ਵੱਖਰਾ ਸਥਾਪਿਤ ਕਰਨ ਅਤੇ ਇਸ ਫ਼ਰਕ ਨੂੰ ਸੰਸਾਰ-ਵਿਆਪੀ ਪੱਧਰ 'ਤੇ ਪੁਖਤਾ ਕਰਨ; ਕਿਉਂਕਿ 9/11 ਤੋਂ ਬਾਅਦ ਅਮਰੀਕਾ ਅੰਦਰ ਜੋ ਵੀ ਨਸਲੀ ਹਿੰਸਾ ਦੀਆਂ ਸਿੱਖ-ਵਿਰੋਧੀ ਘਟਨਾਵਾਂ ਵਾਪਰੀਆਂ, ਉਨ੍ਹਾਂ ਪਿੱਛੇ ਮੁੱਖ ਕਾਰਨ ਇਹੋ ਹੈ ਕਿ ਸ਼ਿਕਾਰ ਹੋਏ ਸਿੱਖਾਂ ਨੂੰ ਗੋਰਿਆਂ ਦੁਆਰਾ ਤਾਲਿਬਾਨ-ਪੱਖੀ ਮੁਸਲਮਾਨ ਸਮਝ ਲਿਆ ਗਿਆ ਸੀ। ਇਹ ਸਾਰਾ ਭੁਲੇਖਾ ਅੰਮ੍ਰਿਤਧਾਰੀ ਸਿੱਖਾਂ ਅਤੇ ਤਾਲਿਬਾਨ ਸਮਰਥਕਾਂ ਦੇ ਪਹਿਰਾਵੇ ਦੇ ਥੋੜ੍ਹਾ-ਬਹੁਤ ਮੇਲ ਖਾਣ ਕਰ ਕੇ ਪੈਦਾ ਹੋਇਆ ਸੀ। ਅਸਲ ਵਿਚ ਸਿੱਖ ਵਿਰਸੇ ਤੋਂ ਅਨਜਾਣ ਕੋਈ ਵੀ ਸ਼ਖ਼ਸ ਕਿਸੇ ਗੁਰਸਿੱਖ ਨੂੰ ਉਸ ਦੇ ਪਹਿਰਾਵੇ ਤੋਂ ਤਾਲਿਬਾਨ-ਪੱਖੀ ਸਮਝ ਬੈਠਦਾ ਹੈ।

> ***ਅਮਰੀਕਾ ਅੰਦਰ ਵਾਪਰੇ 9/11 ਦੇ ਜਹਾਜ਼ੀ ਹਮਲਿਆਂ ਤੋਂ ਬਾਅਦ ਸਿੱਖਾਂ ਨੂੰ ਤਾਲਿਬਾਨ ਸਮਰਥਕ ਇਸਲਾਮੀ ਕੱਟੜਪੰਥੀ ਸਮਝ ਕੇ ਉਨ੍ਹਾਂ ਉਪਰ ਹਿੰਸਕ ਹਮਲੇ ਕੀਤੇ ਗਏ। ਫਰਾਂਸ, ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਮੁਲਕਾਂ ਵਿਚ ਫੌਜ ਜਾਂ ਪੁਲਿਸ ਵਿਚ ਭਰਤੀ ਹੋਣ ਵਾਲੇ ਸਿੱਖ ਨੌਜਵਾਨਾਂ ਨੂੰ ਕਈ ਵਾਰ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦਾ ਤਿਆਗ ਕਰਨ ਲਈ ਮਜਬੂਰ ਕੀਤਾ ਗਿਆ। ਅਸਲ ਵਿਚ ਇਨ੍ਹਾਂ ਮੰਦਭਾਗੀਆਂ ਘਟਨਾਵਾਂ ਪਿਛੇ ਕਾਰਨ ਇਹੋ ਹੈ ਕਿ ਸੰਸਾਰ ਦੇ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਜਾਂ ਆਮ ਨਾਗਰਿਕ ਸਿੱਖ ਕੌਮ ਦੇ ਮਹਾਨ ਇਤਿਹਾਸ, ਵਿਰਾਸਤ, ਅਸੂਲਾਂ, ਮਰਯਾਦਾ, ਇਖ਼ਲਾਕ ਅਤੇ ਅਕੀਦਿਆਂ ਤੋਂ ਵਾਕਿਫ਼ ਨਹੀਂ ਹਨ। ਸੰਸਾਰ ਦੇ ਜ਼ਿਆਦਾਤਰ ਲੋਕਾਂ ਨੂੰ ਤਾਂ ਸਿੱਖਾਂ ਅਤੇ ਤਾਲਿਬਾਨ ਸਮਰਥਕ ਇਸਲਾਮੀ ਕੱਟੜਪੰਥੀਆਂ ਵਿਚਕਾਰਲਾ ਫਰਕ ਵੀ ਮਾਲੂਮ ਨਹੀਂ ਹੈ।***

ਚਿਹਰੇ ਦੀ ਬਨਾਵਟ, ਦਸਤਾਰ, ਲੰਮੀ ਦਾੜ੍ਹੀ, ਭਾਰੀ ਮੁੱਛਾਂ ਅਤੇ ਪਹਿਰਾਵੇ ਤੋਂ ਦੋਵਾਂ ਵਿਚਕਾਰਲਾ ਬੁਨਿਆਦੀ ਜਾਂ ਮਜ਼ਹਬੀ ਭੇਦ ਕਰਨਾ ਇਕ ਸਾਧਾਰਨ ਵਿਦੇਸ਼ੀ ਲਈ ਕਾਫੀ ਕਠਿਨ ਹੈ। ਇਸ ਪਾਸੇ ਬਣਦੇ ਯੋਗ ਉਪਰਾਲੇ ਕਰਨ ਦੀ ਬਹੁਤ ਲੋੜ ਹੈ। ਕੌਮਾਂਤਰੀ ਪੱਧਰ 'ਤੇ ਹਰ ਮੁਲਕ ਅਤੇ ਭਿੰਨ-ਭਿੰਨ ਮਜ਼ਹਬਾਂ ਦੇ ਲੋਕਾਂ ਤੱਕ ਇਹ ਸੰਦੇਸ਼ ਪਹੁੰਚਦਾ ਕਰਨਾ ਲਾਜ਼ਮੀ ਹੈ ਕਿ ਸਿੱਖ ਦੇ ਚਿਹਰੇ ਦੀ ਬਨਾਵਟ ਇਕ ਤਾਲਿਬਾਨ ਸਮਰਥਕ ਜਾਂ ਕੱਟੜਪੰਥੀ ਮੁਸਲਮਾਨ ਤੋਂ ਕਿਵੇਂ ਭਿੰਨ ਹੈ? ਇਕ ਗੁਰਸਿੱਖ ਦੇ ਕਿਰਪਾਨ ਅਤੇ ਕੜਾ ਪਹਿਨਿਆ ਹੁੰਦਾ ਹੈ, ਜਦੋਂ ਕਿ ਮੁਸਲਮਾਨ ਅਜਿਹਾ ਨਹੀਂ ਕਰਦਾ।

ਦੋਵਾਂ ਧਰਮਾਂ ਦੇ ਲੋਕਾਂ ਦੇ ਚਿਹਰੇ ਦੀ ਬਨਾਵਟ ਸਬੰਧੀ ਵਖਰੇਵਾਂ ਸਥਾਪਿਤ ਕਰਦੇ ਪੋਸਟਰ, ਫੋਟੋਆਂ, ਵੀਡੀਓ ਕਲਿੱਪ ਵਗੈਰਾ ਨੂੰ ਸੋਸ਼ਲ ਮੀਡੀਆ ਅਤੇ ਇੰਟਰਨੈਟ ਰਾਹੀਂ ਵਿਸ਼ਵ ਦੇ ਹਰ ਕੋਨੇ ਤੱਕ ਅੱਪੜਦਾ ਕਰ ਦਿੱਤਾ ਜਾਣਾ ਚਾਹੀਦਾ ਹੈ। ਵਿਸ਼ਵ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ, ਭਾਰਤ ਵਿਚ ਮੌਜੂਦ ਵੱਖ-ਵੱਖ ਸਫ਼ਾਰਤਖ਼ਾਨਿਆਂ, ਵਿਦੇਸ਼ੀ ਪੁਲਿਸ, ਕੌਮਾਂਤਰੀ ਸਮਾਜ-ਸੇਵੀ ਸੰਸਥਾਵਾਂ ਅਤੇ ਸੰਯੁਕਤ ਰਾਸ਼ਟਰ ਵਰਗੇ ਉਚ ਅਦਾਰੇ ਦੀ ਸਹਾਇਤਾ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ। ਸਿੱਖਾਂ ਨੂੰ ਆਪਣੇ ਪਰਿਵਾਰਾਂ ਅਤੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਖਾਤਰ ਆਪਣੀ ਦਸਤਾਰ ਦੀ ਬਨਾਵਟ ਇਸਲਾਮੀ ਦਸਤਾਰ (ਅਰਬੀ ਦਸਤਾਰ) ਨਾਲੋਂ ਬਿਲਕੁਲ ਵੱਖਰੇ ਪ੍ਰਕਾਰ ਦੀ ਰੱਖਣੀ ਚਾਹੀਦੀ ਹੈ। ਉਨ੍ਹਾਂ ਨੂੰ ਗੋਲ ਦਸਤਾਰ ਦੀ ਬਜਾਏ ਪਟਿਆਲਾਸ਼ਾਹੀ ਜਾਂ ਮਲਵਈ ਪੱਗ ਸਜਾਉਣ ਦੀ ਹੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਹਰ ਅੰਮ੍ਰਿਤਧਾਰੀ ਸਿੱਖ ਨੂੰ ਕਿਰਪਾਨ ਦੇ ਬਦਲ ਵਜੋਂ ਛੋਟੀ ਕਟਾਰ (ਸਿਰੀ ਸਾਹਿਬ) ਜਾਂ ਇਸ ਦਾ ਕੋਈ ਹੋਰ ਮਾਨਤਾ ਪ੍ਰਾਪਤ ਲਘੂ ਰੂਪ ਸਦਾ ਆਪਣੇ ਕੋਲ ਰੱਖਣਾ ਚਾਹੀਦਾ ਹੈ, ਤਾਂ ਕਿ ਹਵਾਈ ਯਾਤਰਾ ਆਦਿ ਕਰਦੇ ਸਮੇਂ ਕੌਮਾਂਤਰੀ ਸੁਰੱਖਿਆ ਨਿਯਮਾਂ ਦੀ ਪਾਲਣਾ ਵੀ ਹੁੰਦੀ ਰਹੇ ਅਤੇ ਧਾਰਮਿਕ ਮਰਿਆਦਾ ਵੀ ਬਹਾਲ ਰਹੇ। ਅਜਿਹੀ ਸੂਝ-ਬੂਝ ਨਾਲ ਕਿਸੇ ਵੀ ਪ੍ਰਕਾਰ ਦੀ ਅਢੁੱਕਵੀਂ ਜਾਂ ਅਣਸੁਖਾਵੀਂ ਸਥਿਤੀ ਨੂੰ ਟਾਲਿਆ ਜਾ ਸਕਦਾ ਹੈ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਤੋਂ ਬਚਿਆ ਜਾ ਸਕਦਾ ਹੈ।

ਭਾਰਤ ਅੰਦਰ ਵਸਦੇ ਗੁਰਸਿੱਖਾਂ ਨੂੰ ਵੀ ਰੋਜ਼ਮੱਰ੍ਹਾ ਦੇ ਆਮ ਜਿਹੇ ਹਾਲਾਤ ਦੌਰਾਨ ਲੜਾਈ-ਝਗੜੇ ਤੋਂ ਮੁਕੰਮਲ ਪ੍ਰਹੇਜ਼ਗਾਰੀ ਵਰਤਣੀ ਚਾਹੀਦੀ ਹੈ, ਕਿਉਂਕਿ ਕਈ ਵਾਰੀ ਦੋਵਾਂ ਧਿਰਾਂ ਵਿਚਲੀ ਸਹਿਣਸ਼ੀਲਤਾ ਦੀ ਕਮੀ ਸੰਜੀਦਾ ਮਜ਼ਹਬੀ ਮਸਲਿਆਂ ਨੂੰ ਜਨਮ ਦਿੰਦੀ ਹੈ ਅਤੇ ਸਮੁੱਚੀ ਕੌਮ ਨੂੰ ਇਸ ਹਾਲਾਤ ਤੋਂ ਉਪਜੀ ਨਮੋਸ਼ੀ ਝੱਲਣ ਲਈ ਮਜਬੂਰ ਹੋਣਾ ਪੈਂਦਾ ਹੈ। ਮਿਸਾਲ ਦੇ ਤੌਰ 'ਤੇ 6 ਜੂਨ 2014 ਨੂੰ ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਅਕਾਲ ਤਖ਼ਤ ਸਾਹਿਬ ਕੰਪਲੈਕਸ ਵਿਖੇ ਵਾਪਰੀ ਆਪਸੀ-ਝੜਪ ਦੀ ਘਟਨਾ ਨੇ ਸਮੁੱਚੀ ਕੌਮ ਦਾ ਮਨੋਬਲ ਢਹਿ-ਢੇਰੀ ਕੀਤਾ ਹੈ। ਸਿੱਖੀ ਦਾ ਮਾਰਗ ਸਿਰਫ ਦੂਜੇ ਲੋਕਾਂ ਅੰਦਰ ਮੌਜੂਦ ਬੁਰਾਈ ਦਾ ਟਾਕਰਾ ਕਰਨਾ ਹੀ ਨਹੀਂ ਸਿਖਾਉਂਦਾ, ਬਲਕਿ ਆਪਣੇ ਖ਼ੁਦ ਦੇ ਅੰਦਰ ਮੌਜੂਦ ਬੁਰਾਈ ਨਾਲ ਲੜਨ ਵਾਸਤੇ ਵੀ ਪ੍ਰੇਰਦਾ ਹੈ। ਜੇ ਕੋਈ ਭੁੱਲ-ਚੁੱਕ ਹੋ ਜਾਵੇ ਤਾਂ ਇਸ ਨੂੰ ਪੂਰੀ ਉਦਾਰਤਾ ਸਹਿਤ ਕਬੂਲਣਾ ਅਤੇ ਅਕਾਲ-ਪੁਰਖ ਪਾਸੋਂ ਖ਼ਿਮਾਯਾਚਨਾ ਕਰਨਾ ਵੀ ਕਾਬਲੇ-ਤਾਰੀਫ਼ ਹੈ ਜੋ ਸਾਨੂੰ ਜ਼ਹਿਨੀ ਤੌਰ 'ਤੇ ਮਜ਼ਬੂਤ ਬਣਾਉਂਦਾ ਹੈ।

ਸੰਸਾਰ ਭਰ ਦੇ ਸਿੱਖਾਂ ਨੂੰ ਹਿੰਸਕ ਹਮਲਿਆਂ ਅਤੇ ਧਾਰਮਿਕ ਚਿੰਨ੍ਹਾਂ ਦੀ ਬੇਅਦਬੀ ਤੋਂ ਬਚਾਉਣ ਲਈ ਵਿਸ਼ੇਸ਼ ਪ੍ਰਕਾਰ ਦੀਆਂ ਨੀਤੀਆਂ ਘੜਨ ਦੀ ਲੋੜ ਹੈ। ਇਸ ਦਿਸ਼ਾ ਵੱਲ ਬਣਦੇ ਕਦਮ ਉਠਾਉਣ ਲਈ ਸੰਸਾਰ-ਰਾਜਨੀਤੀ ਅੰਦਰ ਸਰਗਰਮ ਸਿਆਸਤਦਾਨਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਆਉਣਾ ਚਾਹੀਦਾ ਹੈ। ਇਸ ਦੇ ਲਈ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਆਪਣੀ ਭਾਈਵਾਲ ਪਾਰਟੀ (ਬੀ.ਜੇ.ਪੀ.) ਦੇ ਪ੍ਰਧਾਨ ਮੰਤਰੀ ਕੋਲ ਇਹ ਸੰਜੀਦਾ ਮੁੱਦੇ ਪੂਰੇ ਜ਼ੋਰ-ਸ਼ੋਰ ਨਾਲ ਉਠਾਉਣੇ ਚਾਹੀਦੇ ਹਨ ਤਾਂ ਕਿ ਭਾਰਤ ਸਰਕਾਰ ਕੂਟਨੀਤਕ ਪੱਧਰ 'ਤੇ ਕੌਮਾਂਤਰੀ ਭਾਈਚਾਰੇ ਨਾਲ ਸੰਪਰਕ ਸਥਾਪਿਤ ਕਰ ਕੇ ਇਨ੍ਹਾਂ ਮਸਲਿਆਂ ਦੇ ਯੋਗ ਹੱਲ ਲਈ ਦਬਾਓ ਬਣਾ ਸਕੇ।

ਸਮੂਹ ਸਿੱਖ ਕੌਮ ਅਤੇ ਪੰਜਾਬੀਆਂ ਨੂੰ ਇਨ੍ਹਾਂ ਸਮੱਸਿਆਵਾਂ ਦਾ ਹਰ ਸੰਭਵ ਹੱਲ ਲੱਭਣ ਲਈ ਆਪਣੀ ਨੌਜਵਾਨ ਪੀੜ੍ਹੀ ਦੇ ਬੌਧਿਕ ਪੱਧਰ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣੇ ਪੈਣਗੇ, ਤਾਂ ਕਿ ਉਨ੍ਹਾਂ ਨੂੰ ਕੌਮਾਂਤਰੀ ਪੱਧਰ 'ਤੇ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਪ੍ਰਤੀ ਜਾਗਰੂਕ ਬਣਾ ਕੇ ਮਾਨਸਿਕ ਤੌਰ 'ਤੇ ਸੰਘਰਸ਼ਸ਼ੀਲ ਰਹਿਣ ਲਈ ਪ੍ਰੇਰਿਆ ਜਾ ਸਕੇ। ਸਾਡੇ ਨੌਜਵਾਨਾਂ ਨੂੰ ਵੀ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਸਿੱਖੀ ਚਿੰਨ੍ਹ ਸਾਡੀ ਮਜ਼ਹਬੀ ਪਛਾਣ ਦਾ ਅਭਿੰਨ ਅੰਗ ਹਨ। ਇਨ੍ਹਾਂ ਦੀ ਦਿਖਾਵੇਬਾਜ਼ੀ ਵਾਲੀ ਜਾਂ ਬੇਤੁਕੀ ਵਰਤੋਂ ਤੋਂ ਪ੍ਰਹੇਜ਼ ਰੱਖਣਾ ਹੀ ਸਾਡੇ ਵਿਰਸੇ ਦਾ ਸਨਮਾਨ ਬਰਕਰਾਰ ਰੱਖ ਸਕਦਾ ਹੈ। ਸਰਕਾਰਾਂ ਨੂੰ ਵੀ ਚਾਹੀਦਾ ਹੈ ਕਿ ਧਾਰਮਿਕ ਚਿੰਨ੍ਹ ਨਾਲ ਕਿਸੇ ਅਪਰਾਧ ਨੂੰ ਅੰਜ਼ਾਮ ਦੇਣ ਵਾਲੇ ਵਿਅਕਤੀ ਵਿਰੁਧ ਠੋਸ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ ਅਤੇ ਉਸ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਵੀ ਵਿਸ਼ੇਸ਼ ਤਨਖ਼ਾਹ-ਸੇਵਾ ਲਗਾਈ ਜਾਵੇ।

# ਹਿੰਦੁਸਤਾਨ ਤੇ ਇਸਰਾਈਲ ਦੀ ਗਲਵੱਕੜੀ

**ਆਲਮੀ ਪ੍ਰਸਿੱਧੀ ਵਾਲੇ ਰਸਾਲੇ 'ਇਕਨਾਮਿਕ ਐਂਡ ਪੁਲੀਟੀਕਲ ਵੀਕਲੀ' ਦਾ ਇਹ ਸੰਪਾਦਕੀ ਤਬਸਰਾ ਹਿੰਦੁਸਤਾਨ ਅਤੇ ਇਸਰਾਈਲ ਸਟੇਟਾਂ ਦੀ ਸਾਂਝ ਦਾ ਇਤਿਹਾਸਕ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦਾ ਹੈ। ਇਸ ਵਿਚ ਦੋਹਾਂ ਦੇਸ਼ ਦੀ 'ਸਾਂਝ' ਦਾ ਜ਼ਿਕਰ ਹੈ ਜਿਹੜੀ ਕਦੀ ਫਸਲਤੀਨ ਨਾਲ ਸੀ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ (ਫੋਨ: 91-94634-74342) ਨੇ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਘੱਲਿਆ ਹੈ। -ਸੰਪਾਦਕ**



ਨਰੇਂਦਰ ਮੋਦੀ ਦੀ ਅਗਵਾਈ ਵਾਲੀ ਹਿੰਦੁਸਤਾਨੀ ਹਕੂਮਤ ਨੇ ਗਾਜ਼ਾ ਉਪਰ ਇਸਰਾਈਲ ਦੇ ਫ਼ੌਜੀ ਹਮਲੇ ਬਾਰੇ ਇਸ ਦੀ ਨਿਖੇਧੀ ਕਰਦਾ ਮਤਾ ਪਾਰਲੀਮੈਂਟ ਵਿਚ ਪਾਸ ਕਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਕਰ ਦਿੱਤੀ। 7 ਜੁਲਾਈ ਤੋਂ ਸ਼ੁਰੂ ਹੋਏ ਜਿਸ ਹਮਲੇ ਨੇ, ਮਨੁੱਖਤਾਵਾਦੀ ਮਾਮਲਿਆਂ ਦੇ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ ਦੇ ਅਨੁਸਾਰ, "ਆਮ ਨਾਗਰਿਕਾਂ ਲਈ ਅਸਲ ਵਿਚ ਕੋਈ ਮਹਿਫੂਜ਼ ਜਗ੍ਹਾ" ਛੱਡੀ ਹੀ ਨਹੀਂ। ਇਸ ਨਾਲ ਰਾਜ ਸਭਾ ਵਿਚ ਵੀ ਇਸਰਾਈਲੀ ਫ਼ੌਜੀ ਕਾਰਵਾਈ ਬਾਰੇ ਬਹਿਸ ਦੀ ਇਜਾਜ਼ਤ ਦੀ ਕੋਈ ਗੁੰਜਾਇਸ਼ ਨਾ ਰਹੀ। ਇਸ ਪਿਛੋਂ, ਹਕੂਮਤ ਨੇ ਜਨੇਵਾ ਵਿਚ ਯੂ.ਐਨ. ਹਿਊਮਨ ਰਾਈਟਸ ਕੌਂਸਲ ਵਿਖੇ ਆਪਣੇ ਨੁਮਾਇੰਦੇ ਨੂੰ ਉਸ ਮਤੇ ਦੇ ਹੱਕ ਵਿਚ ਵੋਟ ਪਾਉਣ ਦੀ ਹਦਾਇਤ ਕਰ ਦਿਤੀ ਜੋ ਫ਼ਲਸਤੀਨ ਦੀ ਗੁਜ਼ਾਰਿਸ਼ 'ਤੇ ਪੇਸ਼ ਕੀਤਾ ਗਿਆ ਸੀ (ਜਿਸ ਦਾ ਉਥੇ ਸੰਯੁਕਤ ਰਾਸ਼ਟਰ ਵਿਚ ਦਰਜਾ ਦਰਸ਼ਕ ਦਾ ਹੈ)। ਇਹ ਮਤਾ ਦੋਵਾਂ ਧਿਰਾਂ- ਇਸਰਾਇਲੀ ਫ਼ੌਜ ਅਤੇ ਹਮਾਸ ਤੇ ਫ਼ਲਸਤੀਨੀਆਂ ਦੇ ਹੋਰ ਹਥਿਆਰਬੰਦ ਧੜਿਆਂ, ਵਲੋਂ ਆਮ ਸ਼ਹਿਰੀਆਂ ਉਪਰ ਹਮਲਿਆਂ ਦੀ ਨਿਖੇਧੀ ਕਰਦਾ ਸੀ।

ਹੁਣ ਜਦੋਂ ਇਸਰਾਈਲ, ਨਵੀਂ ਦਿੱਲੀ ਨੂੰ ਫ਼ੌਜੀ ਸਾਜ਼ੋ-ਸਮਾਨ ਦੀ ਸਪਲਾਈ ਕਰਨ ਵਾਲਾ ਦੂਜਾ ਸਭ ਤੋਂ ਵੱਡਾ ਮੁਲਕ ਬਣ ਚੁੱਕਾ ਹੈ ਤਾਂ 1992 ਤੋਂ ਹਿੰਦੁਸਤਾਨ ਦੇ ਇਸਰਾਈਲ ਨਾਲ ਲੈ ਕੇ ਚਲੇ ਆ ਰਹੇ ਗੂੜ੍ਹੇ ਰਿਸ਼ਤੇ ਅਤੇ "ਇਸਲਾਮਿਕ ਦਹਿਸ਼ਤਵਾਦ" ਵਿਰੁਧ ਲੜਾਈ ਵਿਚ ਦੋਵਾਂ ਮੁਲਕਾਂ ਦੇ ਫ਼ੌਜੀ ਤੇ ਖ਼ੁਫ਼ੀਆ ਢਾਂਚਿਆਂ ਦੇ ਗੂੜ੍ਹੇ ਮੇਲ-ਜੋਲ ਨੂੰ ਦੇਖਦਿਆਂ ਨਵੀਂ ਦਿੱਲੀ ਦੀ 'ਸ਼ਿਕਾਰ ਨਾਲ ਵੀ ਤੇ ਸ਼ਿਕਾਰੀ ਨਾਲ ਵੀ' ਦੀ ਨੀਤੀ ਨਿਸ਼ਚੇ ਹੀ ਕੋਈ ਨਵੀਂ ਗੱਲ ਨਹੀਂ ਹੈ; ਪਰ ਜੇ ਇਸ ਤੋਂ ਹੋਰ ਪਿਛੇ ਜਾ ਕੇ, ਨਹਿਰੂ ਦੇ ਜ਼ਮਾਨੇ ਨੂੰ ਦੇਖਿਆ ਜਾਵੇ, ਜਦੋਂ ਬਸਤੀਵਾਦ ਬਾਰੇ ਸਾਡੀ ਸਮੂਹਿਕ ਯਾਦਦਾਸ਼ਤ ਅਜੇ ਤਕੜੀ ਸੀ, ਉਦੋਂ ਹਿੰਦੁਸਤਾਨ ਨੇ ਫ਼ਲਸਤੀਨੀਆਂ ਦੇ ਹੱਕਾਂ ਦੀ ਘੋਰ ਉਲੰਘਣਾ ਨੂੰ ਸਵੀਕਾਰ ਕੀਤਾ ਸੀ ਜਿਨ੍ਹਾਂ ਨੂੰ ਇਸਰਾਈਲ ਸਟੇਟ ਬਣਾਏ ਜਾਣ ਦੀ ਖ਼ਾਤਰ ਬੇਰਹਿਮੀ ਨਾਲ ਉਜਾੜ ਦਿੱਤਾ ਗਿਆ ਸੀ ਅਤੇ ਉਥੋਂ ਕੱਢ ਦਿੱਤਾ ਗਿਆ ਸੀ।

ਦਰਅਸਲ, 1975 ਵਿਚ ਹਿੰਦੁਸਤਾਨ ਨੇ ਸੰਯੁਕਤ ਰਾਸ਼ਟਰ ਦੇ ਉਸ ਮਤੇ ਦੇ ਹੱਕ 'ਚ ਵੋਟ ਪਾਈ ਸੀ ਜਿਸ ਵਿਚ ਯਹੂਦੀਵਾਦ ਨੂੰ ਨਸਲਵਾਦ ਦੇ ਬਰਾਬਰ ਰੱਖਿਆ ਗਿਆ ਸੀ। ਫਿਰ 1988 ਵਿਚ ਹਿੰਦੁਸਤਾਨ ਵਲੋਂ ਫ਼ਲਸਤੀਨ ਲਿਬਰੇਸ਼ਨ ਆਰਗੇਨਾਈਜੇਸ਼ਨ ਨੂੰ ਨਵੀਂ ਦਿੱਲੀ ਵਿਚ ਫ਼ਲਸਤੀਨੀ ਸਫ਼ਾਰਤਖਾਨਾ ਖੋਲ੍ਹਣ ਲਈ ਸੱਦਾ ਦਿੱਤਾ ਗਿਆ ਸੀ, ਪਰ ਲੰਮਾ ਸਮਾਂ ਚੱਲੀ ਠੰਢੀ ਜੰਗ ਵਿਚ ਅਮਰੀਕਾ ਦੀ ਜਿੱਤ ਅਤੇ ਸੋਵੀਅਤ ਯੂਨੀਅਨ ਦੇ ਢਹਿਢੇਰੀ ਹੋ ਜਾਣ 'ਤੇ, 1992 ਵਿਚ ਹਿੰਦੁਸਤਾਨ ਹਕੂਮਤ ਨੇ ਇਸਰਾਈਲ ਨਾਲ ਮੁਕੰਮਲ ਕੂਟਨੀਤਕ ਸਬੰਧ ਜੋੜ ਲਏ। ਇਸ ਤੋਂ ਪਹਿਲਾਂ, 1991 ਵਿਚ ਹਿੰਦੁਸਤਾਨ ਨੇ ਸੰਯੁਕਤ ਰਾਸ਼ਟਰ ਦੇ ਉਸ ਮਤੇ ਨਾਲੋਂ ਤੋੜ-ਵਿਛੋੜਾ ਕਰਨ ਦੇ ਹੱਕ ਵਿਚ ਵੋਟ ਪਾਈ ਜਿਸ ਵਿਚ ਯਹੂਦੀਵਾਦ ਨੂੰ ਨਸਲਵਾਦ ਦੇ ਬਰਾਬਰ ਰੱਖਿਆ ਗਿਆ ਸੀ ਤੇ ਜਿਸ ਦੀ ਇਸ ਨੇ 1970ਵਿਆਂ ਦੇ ਅੱਧ ਵਿਚ ਹਮਾਇਤ ਕੀਤੀ ਸੀ। ਇਸ ਤੋਂ ਪਿਛੋਂ ਜੋ ਕੁਝ ਹੋਇਆ, ਉਹ ਸੱਚਮੁੱਚ ਹੀ ਹਿੰਦੁਸਤਾਨ-ਇਸਰਾਇਲੀ ਰਿਸ਼ਤਿਆਂ 'ਚ ਹੈਰਤਅੰਗੇਜ਼ ਬਦਲਾਅ ਸੀ, ਐਨਾ ਵੱਡਾ ਬਦਲਾਅ ਕਿ ਅੱਜ ਜਨਰਲ ਵਾਈ. (ਦੂਜੀ ਆਲਮੀ ਜੰਗ ਸਮੇਂ ਜੰਗੀ ਜੁਰਮਾਂ ਦਾ ਦੋਸ਼ੀ ਜਪਾਨੀ ਜਰਨੈਲ ਤੋਮੋਯੁਕੀ ਯਾਮਾਸ਼ਿਤਾ) ਇਹ ਸੁਣ ਕੇ ਹੈਰਾਨ ਰਹਿ ਜਾਵੇਗਾ ਕਿ ਕਦੇ ਐਸਾ ਵਕਤ ਵੀ ਸੀ ਕਿ ਹਿੰਦੁਸਤਾਨੀ ਪਾਸਪੋਰਟ ਇਸਰਾਈਲ ਜਾਣ ਲਈ ਯੋਗ ਨਹੀਂ ਸੀ ਸਮਝੇ ਜਾਂਦੇ।

ਦਿਲਚਸਪ ਮਾਮਲਾ ਤਾਂ ਇਹ ਹੈ ਕਿ ਇਸਰਾਈਲ ਨਾਲ ਪਹਿਲੇ ਰਸਮੀ ਸਬੰਧ ਫ਼ੌਜੀ ਮੇਲ-ਜੋਲ ਨਾਲ ਬਣੇ। ਜਿਸ ਵਕਤ 1998 ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੱਤਾਧਾਰੀ ਹੋ ਕੇ ਪਹਿਲੀ ਹਕੂਮਤ ਦੀ ਵਾਗਡੋਰ ਸੰਭਾਲੀ, ਉਦੋਂ ਹਿੰਦੁਸਤਾਨੀ ਫ਼ੌਜ ਦਾ ਇਕ ਚੀਫ਼-ਆਫ-ਸਟਾਫ਼ ਇਸਰਾਈਲ ਦੇ ਦੌਰੇ 'ਤੇ ਗਿਆ, ਅਤੇ ਇਕ ਸਾਲ ਬਾਅਦ ਹੀ ਇਸਰਾਈਲ ਵਲੋਂ ਪਾਕਿਸਤਾਨ ਨਾਲ ਕਾਰਗਿਲ ਜੰਗ ਵਿਚ ਇਸਤੇਮਾਲ ਕਰਨ ਲਈ ਬਿਨਾਂ ਪਾਇਲਟ ਹਵਾਈ ਜਹਾਜ਼ (ਯੂ.ਏ.ਵੀ.) ਇਸ ਨੂੰ ਸਪਲਾਈ ਕੀਤੇ ਗਏ। ਦਰਅਸਲ, ਸੰਨ 2000 ਵਿਚ ਜੇਨ'ਜ਼ ਡਿਫੈਂਸ ਵੀਕਲੀ (ਜੇਨ'ਜ਼ ਇਨਫਰਮੇਸ਼ਨ ਗਰੁਪ ਜਿਸ ਦੀਆਂ ਪ੍ਰਕਾਸ਼ਨਾਵਾਂ ਫ਼ੌਜੀ ਤੇ ਯੁੱਧਨੀਤਕ ਮਾਮਲਿਆਂ ਬਾਰੇ ਵਿਸਤਾਰਤ ਜਾਣਕਾਰੀ ਛਾਪਣ ਲਈ ਮਸ਼ਹੂਰ ਹਨ) ਨੇ ਰਿਪੋਰਟ ਛਾਪੀ ਸੀ ਕਿ ਇਸਰਾਈਲ ਦੇ ਫ਼ੌਜੀ ਅਫ਼ਸਰ ਕਸ਼ਮੀਰ ਦੇ ਬਾਕਾਇਦਾ ਦੌਰੇ ਕਰ ਰਹੇ ਹਨ। ਸੰਨ 2001 ਵਿਚ, ਇਸਰਾਈਲ ਦਾ ਹਵਾਬਾਜ਼ੀ ਬਾਰੇ ਅਗਾਊਂ ਚੇਤਾਵਨੀ ਦੇਣ ਵਾਲਾ ਅਤੇ ਕੰਟਰੋਲ ਸਿਸਟਮ ਫਾਲਕਨ ਏਅਰਬੋਰਨ ਖ਼ਰੀਦਣ ਦਾ ਸੌਦਾ ਨੇਪਰੇ ਚੜ੍ਹਿਆ ਅਤੇ ਬਾਅਦ 'ਚ ਇਸੇ ਸਾਲ ਜੇਨ'ਜ਼ ਦੇ ਟੈਰਰਿਜ਼ਮ ਐਂਡ ਸਕਿਊਰਿਟੀ ਮਾਨੀਟਰ ਨੇ ਰਿਪੋਰਟ ਛਾਪੀ ਕਿ ਇਸਰਾਇਲੀ ਖ਼ੁਫ਼ੀਆ ਏਜੰਸੀਆਂ ਕਸ਼ਮੀਰ ਵਿਚ ਇਸਲਾਮੀ ਖਾੜਕੂਆਂ ਨਾਲ ਲੜਾਈ ਲੜਨ ਵਿਚ ਨਵੀਂ ਦਿੱਲੀ ਦਾ ਹੱਥ ਵਟਾ ਰਹੀਆਂ ਹਨ। ਫਿਰ ਸਤੰਬਰ 2003 ਦੀ ਖ਼ਾਸੀਅਤ ਇਹ ਹੈ ਕਿ ਇਸ ਸਾਲ ਪਹਿਲੀ ਵਾਰ ਇਸਰਾਇਲੀ ਪ੍ਰਧਾਨ ਮੰਤਰੀ ਹਿੰਦੁਸਤਾਨ ਦੇ ਦੌਰੇ 'ਤੇ ਆਇਆ। ਇਸ ਨਾਲ ਫ਼ੌਜੀ ਕਾਰੋਬਾਰ ਦੇ ਸੌਦੇ ਹੁਣ ਅਰਬਾਂ ਡਾਲਰ ਨੂੰ ਜਾ ਪਹੁੰਚੇ। ਕ੍ਰਮਵਾਰ 2004 ਤੇ 2005 ਵਿਚ ਫਾਲਕਨ ਅਤੇ ਹਿਰੋਨ ਡਰੋਨਾਂ ਦੇ ਵੱਡੇ ਆਰਡਰ ਦਿੱਤੇ ਗਏ। ਉਧਰ ਅਮਰੀਕਾ ਅਤੇ ਇਸਰਾਈਲ ਦੇ ਫ਼ੌਜੀ ਸਨਅਤੀ ਕਾਰੋਬਾਰਾਂ ਦਰਮਿਆਨ ਗੂੜ੍ਹੇ ਰਿਸ਼ਤੇ ਬਣਨ ਦੀ ਸੂਰਤ ਵਿਚ, ਫ਼ੌਜੀ ਸਾਜ਼ੋਸਮਾਨ ਦੇ ਸੌਦੇ ਕਾਂਗਰਸ ਉਪਰ ਅਮਰੀਕਾ ਦਾ ਕੰਟਰੋਲ ਬਣਾਉਣ 'ਚ ਮਦਦਗਾਰ ਬਣੇ। 2006 ਵਿਚ, ਇਨ੍ਹਾਂ ਦੇ ਆਪੋ-ਆਪਣੇ ਕੌਮੀ ਸੁਰੱਖਿਆ ਸਲਾਹਕਾਰ "ਹਿੰਦ-ਇਸਰਾਈਲ ਕੌਮੀ ਸੁਰੱਖਿਆ ਕੌਂਸਲ ਵਾਰਤਾਲਾਪ" ਵਿਚ ਬਾਕਾਇਦਾ ਜੁਟੇ ਹੋਏ ਸਨ। ਯਕੀਨਨ, 9/11 ਤੋਂ ਪਿਛੋਂ ਦਹਿਸ਼ਤਵਾਦ ਦੇ ਵਿਰੋਧ ਅਤੇ ਖ਼ੁਫ਼ੀਆ ਜਾਣਕਾਰੀ ਦੇ ਆਦਾਨ-ਪ੍ਰਦਾਨ ਨੇ ਅਹਿਮੀਅਤ ਅਖ਼ਤਿਆਰ ਕਰ ਲਈ, ਹੁਣ ਮੋਸਾਦ (ਇਸਰਾਈਲ ਦੀ ਖ਼ੁਫ਼ੀਆ ਏਜੰਸੀ) ਅਤੇ ਰਿਸਰਚ ਐਂਡ ਐਨੇਲਿਸਿਜ਼ ਵਿੰਗ (ਰਾਅ) ਏਜੰਸੀਆਂ ਗੂੜ੍ਹੀ ਸਾਂਝ-ਭਿਆਲੀ ਪਾ ਕੇ ਚੱਲ ਰਹੀਆਂ ਹਨ। ਇਸ ਤੋਂ ਵੀ ਅੱਗੇ, ਇੰਡੀਅਨ ਸਪੇਸ ਰਿਸਰਚ ਆਰਗੇਨਾਈਜੇਸ਼ਨ (ਇਸਰੋ) ਨੇ 2008 ਵਿਚ ਇਸਰਾਈਲ ਦਾ ਬਣਿਆ ਫ਼ੌਜੀ ਜਾਸੂਸੀ ਕਰਨ ਵਾਲਾ ਸੈਟੇਲਾਈਟ ਟੈਕਸਾਰ ਪੁਲਾੜ ਵਿਚ ਛੱਡਿਆ। ਇਸ ਦੇ ਮਗਰ ਹੀ 2009 ਵਿਚ ਇਸ ਦਾ ਅਗਲਾ ਵਿਕਸਤ ਰੂਪ ਰਿਸਾਟ-2 ਛੱਡਿਆ ਗਿਆ।



**ਬਦਲਦੇ ਵਕਤ ਦੀ ਕਹਾਣੀ ਡਾਕ ਟਿਕਟਾਂ ਦੀ ਬਾਨੀ**

*ਭਾਰਤ ਵੱਲੋਂ 1981 ਵਿਚ ਫਲਸਤੀਨ ਨਾਲ ਇਕਜੁਟਤਾ ਜ਼ਾਹਰ ਕਰਨ ਲਈ ਜਾਰੀ ਕੀਤੀ ਡਾਕ ਟਿਕਟ।*

*2012 ਵਿਚ ਇਸਰਾਈਲ ਨਾਲ 20 ਸਾਲਾਂ ਦੇ ਸਬੰਧਾਂ ਮੌਕੇ ਜਾਰੀ ਟਿਕਟਾਂ। ਇਹ ਦੋਵੇਂ ਟਿਕਟਾਂ ਦੋਹਾਂ ਦੇਸ਼ਾਂ ਦੇ ਰੋਸ਼ਨੀਆਂ ਦੇ ਤਿਉਹਾਰਾਂ ਬਾਰੇ ਹਨ।*

ਹੁਣ ਕਾਂਗਰਸ ਪਾਰਟੀ ਫ਼ਲਸਤੀਨੀ ਆਵਾਮ ਦੀ ਮਿੱਤਰ ਹੋਣ ਦਾ ਢੌਂਗ ਰਚ ਰਹੀ ਹੈ, ਪਰ ਇਕ ਦਹਾਕਾ ਸੱਤਾਧਾਰੀ ਰਹਿਣ ਪਿਛੋਂ ਇਸ ਦੀ ਅਗਵਾਈ ਹੇਠਲੀ ਹਕੂਮਤ ਨੇ ਅਜੇ ਚੰਦ ਦਿਨ ਪਹਿਲਾਂ ਹੀ ਇਸਰਾਈਲ ਨਾਲ ਅੰਦਰੂਨੀ ਸੁਰੱਖਿਆ ਬਾਰੇ ਇਕ ਐਸੇ ਸਮਝੌਤੇ 'ਤੇ ਸਹੀ ਪਾਈ ਸੀ ਜਿਸ ਦੇ ਦਾਇਰੇ ਵਿਚ ਪੁਲਿਸ ਤੋਂ ਲੈ ਕੇ ਦਹਿਸ਼ਤਵਾਦ ਵਿਰੁਧ ਲੜਾਈ ਅਤੇ ਫਾਰੈਂਸਿਕ ਜਾਂਚ, ਸਭ ਕੁਝ ਆ ਜਾਂਦਾ ਹੈ। ਹਿੰਦੁਸਤਾਨ ਵਿਚ ਇਸਰਾਈਲ ਦੇ ਸਫ਼ੀਰ ਅਲੋਨ ਉਸ਼ਪਿਜ਼ ਨੇ ਦਾਅਵਾ ਕੀਤਾ ਸੀ ਕਿ ਇਸ ਸਮਝੌਤੇ ਤਹਿਤ "ਦੋਵਾਂ ਧਿਰਾਂ ਦੇ ਪੇਸ਼ੇਵਰ ਮਿਲ ਕੇ ਜੋ ਕੁਝ ਕਰਨ ਦੇ ਸਮਰੱਥ ਹੋ ਜਾਣਗੇ, ਉਨ੍ਹਾਂ ਨੂੰ ਲੈ ਕੇ ਯੇਰੋਸ਼ਲਮ ਅਤੇ ਦਿੱਲੀ, ਮੁੰਬਈ ਅਤੇ ਤਲ ਅਵੀਵ ਦੇ ਲੋਕਾਂ ਵਿਚ ਸੁਰੱਖਿਆ ਦੀ ਮਜ਼ਬੂਤ ਭਾਵਨਾ ਪੈਦਾ ਹੋਵੇਗੀ।"

ਹਿੰਦੁਸਤਾਨ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਤੇ ਇੱਥੋਂ ਤਾਈਂ ਕਿ ਇਕ ਭਾਈਚਾਰੇ ਦੇ ਤੌਰ 'ਤੇ "ਦਹਿਸ਼ਤਗਰਦ" ਹੋਣ ਦੇ ਇਲਜ਼ਾਮ ਲਗਾਏ ਜਾਂਦੇ ਹਨ। "ਦਹਿਸ਼ਤਵਾਦ" ਬਾਰੇ ਹਿੰਦੁਸਤਾਨ ਦੇ ਇਸਰਾਈਲ ਨਾਲ ਸਾਂਝ ਪਾਉਣ, ਤੇ ਹਰ ਫ਼ਲਸਤੀਨੀ ਤੇ ਲਿਬਨਾਨੀ ਪ੍ਰਤੀ ਇਸਰਾਈਲ ਦਾ ਇਸ਼ਾਰਾ ਵੀ ਇਸੇ ਤਰ੍ਹਾਂ ਦਾ ਹੋਣ ਦੀ ਸੂਰਤ ਵਿਚ ਕੀ ਇਹ ਇੱਕੋ ਥੈਲੀ ਦੇ ਚੱਟੇ-ਵੱਟਿਆਂ ਦੀ ਸਾਂਝ ਨਹੀਂ? ਹੁਣ ਇਹ ਮੰਗ ਖੱਬੀ ਧਿਰ ਨੂੰ ਕਰਨੀ ਚਾਹੀਦੀ ਹੈ ਕਿ ਹਿੰਦੁਸਤਾਨੀ ਹਕੂਮਤ ਇਸਰਾਈਲ ਨਾਲ ਸਾਰੇ ਰਿਸ਼ਤੇ ਤੋੜੇ। ਬਿਲਕੁਲ ਹੀ ਨਵੇਂ ਸਿਰਿਓਂ ਤੇ ਪੂਰੀ ਤਰ੍ਹਾਂ ਵੱਖਰੇ ਦੋਸਤਾਨਾ ਰਿਸ਼ਤੇ ਦੀ ਸ਼ੁਰੂਆਤ ਉਦੋਂ ਇਸ ਆਧਾਰ 'ਤੇ ਕੀਤੀ ਜਾਵੇ ਜਦੋਂ ਇਹ (ਇਸਰਾਈਲ) ਘੱਟੋ-ਘੱਟ ਇਸਰਾਇਲੀ ਰਿਆਸਤ ਦੇ ਨਾਲ-ਨਾਲ ਫ਼ਲਸਤੀਨ ਦੀ ਆਜ਼ਾਦ ਰਿਆਸਤ ਦਾ ਦੋ-ਰਿਆਸਤੀ ਹੱਲ ਤਸਲੀਮ ਕਰ ਲਵੇ।

ਇਸਰਾਈਲ ਨਾਲ ਹਿੰਦੁਸਤਾਨ ਦੇ ਅਜੋਕੇ ਰਿਸ਼ਤੇ ਇਖ਼ਲਾਕੀ ਤੇ ਸਿਆਸੀ ਪੱਖੋਂ ਹੀ ਨਹੀਂ ਸਗੋਂ ਸੁਰੱਖਿਆ ਦੇ ਨਜ਼ਰੀਏ ਤੋਂ ਵੀ ਘਾਤਕ ਹਨ; ਭਾਵ ਇਸਰਾਈਲ ਨੂੰ ਇਕਹਿਰੇ, ਨਿਰੇ ਫ਼ੌਜੀ ਅਰਥਾਂ ਵਿਚ ਹੀ ਨਹੀਂ, ਸਗੋਂ ਮਨੁੱਖੀ ਵਿਕਾਸ ਦੇ ਬਹੁ-ਪਰਤੀ ਭਵਿੱਖ-ਨਕਸ਼ੇ ਤੋਂ ਦੇਖਿਆ ਜਾਵੇ।

## ਇਸਰਾਈਲ, ਹਿੰਦੂਤਵ ਮਸ਼ੀਨਰੀ ਤੇ ਕਾਂਗਰਸ ਦੀ ਪਹੁੰਚ

ਦਰਅਸਲ, ਭਾਜਪਾ ਦਾ ਇਹ ਰੂਪ ਪਹਿਲੀ ਦਫ਼ਾ ਜੱਗ-ਜ਼ਾਹਰ ਨਹੀਂ ਹੋਇਆ। ਇਸਰਾਇਲੀ ਫਾਸ਼ੀਵਾਦ ਨਾਲ ਇਸ ਦੀ ਸਾਂਝ ਯੂ.ਪੀ.ਏ. ਹਕੂਮਤ ਸਮੇਂ ਵੀ ਸ਼ਰੇਆਮ ਜਾਰੀ ਰਹੀ ਹੈ। ਚੇਤੇ ਰੱਖਣਾ ਹੋਵੇਗਾ ਕਿ ਦਸੰਬਰ 2010 ਵਿਚ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਦੀ ਅਗਵਾਈ ਹੇਠ ਇਕ ਖ਼ਾਸ ਆਹਲਾ ਮਿਆਰੀ ਵਫ਼ਦ ਇਸਰਾਈਲ ਦੇ ਦੌਰੇ 'ਤੇ ਭੇਜਿਆ ਗਿਆ ਸੀ। ਇਸ ਦਾ ਉਦੇਸ਼ ਚਾਰ ਸੂਬਿਆਂ- ਛੱਤੀਸਗੜ੍ਹ, ਮੱਧ ਪ੍ਰਦੇਸ਼, ਝਾਰਖੰਡ ਅਤੇ ਕਰਨਾਟਕ, ਦੀਆਂ ਭਾਜਪਾ ਹਕੂਮਤਾਂ ਦੀਆਂ ਮਾਓਵਾਦੀ ਲਹਿਰ ਵਿਰੁਧ ਮੁਹਿੰਮਾਂ ਵਿਚ ਇਸਰਾਈਲ ਦੀ ਮਦਦ ਲੈਣਾ ਸੀ। ਵਾਪਸ ਆ ਕੇ ਸ੍ਰੀ ਗਡਕਰੀ ਨੇ ਮੀਡੀਆ ਨੂੰ ਜਾਣਕਾਰੀ ਦਿੱਤੀ ਕਿ ਵਫ਼ਦ ਨੇ ਇਸਰਾਈਲ ਦੀਆਂ ਅੰਦਰੂਨੀ ਸੁਰੱਖਿਆ ਏਜੰਸੀਆਂ ਨੂੰ ਗੁਜ਼ਾਰਿਸ਼ ਕੀਤੀ ਹੈ ਕਿ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੀਆਂ ਹਕੂਮਤਾਂ ਦੀ ਮਾਓਵਾਦੀ ਗੁਰੀਲਿਆਂ ਵਿਰੁਧ ਲੜਾਈ ਵਿਚ ਮਦਦ ਕਰਨ ਦੇ ਢੰਗ-ਤਰੀਕੇ ਤਲਾਸ਼ੇ ਜਾਣ।

ਭਾਜਪਾ ਵਲੋਂ 17 ਦਸੰਬਰ 2010 ਨੂੰ ਨਵੀਂ ਦਿੱਲੀ ਵਿਚ ਜਾਰੀ ਕੀਤੇ ਪ੍ਰੈਸ ਨੋਟ ਅਨੁਸਾਰ ਇਸਰਾਇਲੀ ਸੁਰੱਖਿਆ ਏਜੰਸੀਆਂ ਵਲੋਂ ਵਫ਼ਦ ਨੂੰ ਆਪਣੇ ਕੰਮ ਦੀਆਂ ਵਿਸਤਾਰਤ ਪੇਸ਼ਕਾਰੀਆਂ ਦਿਖਾਈਆਂ ਗਈਆਂ। ਇਨ੍ਹਾਂ ਨੂੰ ਦੇਖਣ ਤੋਂ ਬਾਅਦ ਗਡਕਰੀ ਨੇ ਉਨ੍ਹਾਂ ਅੱਗੇ ਤਜਵੀਜ਼ ਰੱਖੀ ਕਿ ਜਿਨ੍ਹਾਂ ਚਾਰ ਸੂਬਿਆਂ ਵਿਚ ਭਾਜਪਾ ਹਕੂਮਤਾਂ ਨੂੰ ਮਾਓਵਾਦੀ ਗੁਰੀਲਿਆਂ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਨੂੰ ਵੀ ਇਹ ਪੇਸ਼ਕਾਰੀਆਂ ਉਚੇਚੇ ਤੌਰ 'ਤੇ ਦਿਖਾਈਆਂ ਜਾਣੀਆਂ ਚਾਹੀਦੀਆਂ ਹਨ।

ਇਸ ਤੋਂ ਵੱਡਾ ਸਬੂਤ ਭਲਾ ਹੋਰ ਕੀ ਹੋ ਸਕਦਾ ਹੈ ਕਿ ਕਾਂਗਰਸ ਦੇ ਰਾਜ ਵਿਚ ਵੀ ਭਗਵਾਂ ਬ੍ਰਿਗੇਡ ਇਸਰਾਈਲ ਨਾਲ ਸਿੱਧੇ ਤੌਰ 'ਤੇ ਸੰਪਰਕ ਰੱਖ ਰਿਹਾ ਸੀ ਅਤੇ ਕਾਂਗਰਸ ਨੇ ਇਸ ਬਾਰੇ ਕਦੇ ਜ਼ੁਬਾਨ ਨਹੀਂ ਖੋਲ੍ਹੀ। ਇਸੇ ਵੰਨਗੀ ਦਾ ਇਕ ਹੋਰ ਸਬੂਤ ਮਾਲੇਗਾਓਂ ਬੰਬ ਧਮਾਕਿਆਂ ਦੇ ਮਾਮਲੇ ਵਿਚ ਮਹਾਂਰਾਸ਼ਟਰ ਪੁਲਿਸ ਦੇ ਏ.ਟੀ.ਐਸ. (ਐਂਟੀ-ਟੈਰਰਿਸਟ ਸਕੁਐਡ) ਦੇ ਮੁਖੀ ਹੇਮੰਤ ਕਰਕਰੇ ਵਲੋਂ ਤਿਆਰ ਕੀਤੀ ਫ਼ਰਦ-ਜੁਰਮ ਸੀ ਜਿਸ ਵਿਚ ਹਿੰਦੂਤਵੀ ਦਹਿਸ਼ਤਗਰਦ ਗਰੋਹਾਂ ਦੇ ਇਸਰਾਈਲ ਅਤੇ ਨੇਪਾਲ ਦੀ ਫ਼ੌਜ ਨਾਲ ਗੂੜ੍ਹੇ ਰਿਸ਼ਤੇ ਦਾ ਖ਼ੁਲਾਸਾ ਕੀਤਾ ਗਿਆ ਸੀ; ਪਰ ਨਾ ਤਾਂ ਕੇਂਦਰੀ ਹਕੂਮਤ ਨੇ ਹਿੰਦੂਤਵੀ ਗਰੋਹ 'ਅਭਿਨਵ ਭਾਰਤ' ਅਤੇ ਫ਼ੌਜ ਦੇ ਅਧਿਕਾਰੀਆਂ ਦੀ ਇਨ੍ਹਾਂ ਬੰਬ ਧਮਾਕਿਆਂ ਵਿਚ ਮਿਲੀਭੁਗਤ ਦੀ ਜਾਂਚ ਕਰਾਉਣ 'ਚ ਦਿਲਚਸਪੀ ਲਈ ਗਈ, ਨਾ ਕਰਕਰੇ ਵਲੋਂ ਕੀਤੀ ਜਾਂਚ ਰਾਹੀਂ ਹਿੰਦੂਤਵੀ ਦਹਿਸ਼ਤਗਰਦੀ ਦੀਆਂ ਕਾਰਵਾਈਆਂ ਦੇ ਐਨੇ ਅਹਿਮ ਸੁਰਾਗਾਂ ਦੀ ਕੋਈ ਪੜਤਾਲ ਕਰਵਾਈ ਗਈ, ਕਿਉਂਕਿ ਇਸ ਨਾਲ ਹਿੰਦੁਸਤਾਨੀ ਸਟੇਟ-ਮਸ਼ੀਨਰੀ ਅੰਦਰਲਾ ਹਿੰਦੂਤਵੀ ਤਾਣਾਬਾਣਾ ਨੰਗਾ ਹੋਣ ਦਾ ਖ਼ਤਰਾ ਸੀ। ਦਰਅਸਲ, ਹਿੰਦੂ ਫਿਰਕਾਪ੍ਰਸਤੀ ਦੀ ਦੁਹਾਈ ਦੇਣ ਵਾਲੀ ਕਾਂਗਰਸੀ ਜੁੰਡਲੀ ਇਸ ਝਮੇਲੇ ਵਿਚ ਪੈਣਾ ਹੀ ਨਹੀਂ ਸੀ ਚਾਹੁੰਦੀ। ਇਸ ਫ਼ਰਦ-ਜੁਰਮ ਦਾ ਦਿਲਚਸਪ ਅਧਿਐਨ ਕ੍ਰਿਸਟੋਫਰ ਜੈਫਰਲੋ ਨੇ ਆਪਣੀ ਰਿਪੋਰਟ 'ਦਿ ਮਾਲੇਗਾਓਂ ਬਲਾਸਟ ਐਂਡ ਹਿੰਦੂ ਨੈਸ਼ਨਲਿਜ਼ਮ: ਰਿਜ਼ਿਸਟਿੰਗ ਐਂਡ ਐਮੂਲੇਟਿੰਗ ਇਸਲਾਮਿਕ ਟੈਰਰਿਜ਼ਮ' ਵਿਚ ਕੀਤਾ ਹੈ। ਫਿਰ ਕਰਕਰੇ ਦਾ ਪੁਲਿਸ ਮੁਕਾਬਲੇ ਵਿਚ ਮਾਰਿਆ ਜਾਣਾ ਆਪਣੇ ਆਪ ਵਿਚ ਹੀ ਬੁਝਾਰਤ ਬਣਿਆ ਹੋਇਆ ਹੈ। ਸਵਾਲ ਇਹ ਸੀ ਕਿ, ਕੀ ਕਰਕਰੇ ਨੂੰ ਹਿੰਦੂਤਵੀ ਗਰੋਹਾਂ ਨੇ ਆਪਣੇ ਘਿਨਾਉਣੇ ਜੁਰਮਾਂ ਦਾ ਪਰਦਾਫਾਸ਼ ਹੋਣ ਤੋਂ ਰੋਕਣ ਅਤੇ ਆਪਣੇ ਰਾਹ ਵਿਚੋਂ ਹਟਾਉਣ ਦੇ ਮਨੋਰਥ ਨਾਲ ਸਾਜ਼ਿਸ਼ ਤਹਿਤ ਮਰਵਾਇਆ ਸੀ? ਹਿੰਦੂਤਵੀ ਗਰੋਹਾਂ ਦੀਆਂ ਮੁਜਰਮਾਨਾ ਸਾਜ਼ਿਸ਼ਾਂ ਦੇ ਮੱਦੇਨਜ਼ਰ ਇਹ ਸਵਾਲ ਕੋਈ ਅਤਿ-ਕਥਨੀ ਨਹੀਂ ਹੈ।

-ਬੂਟਾ ਸਿੰਘ

## ਇਕ ਨਜ਼ਮ ਇਕ ਵਿਚਾਰ

'ਮੁਸਲਮਾਨ ਖੁਸ਼ ਨਹੀਂ' ਅਨੁਵਾਨ ਹੇਠ ਇਹ ਨਜ਼ਮ ਡਾ. ਅਮੀਰ ਬੱਟ ਨੇ ਆਪਣੇ ਫੇਸਬੁੱਕ ਅਕਾਊਂਟ 'ਤੇ ਪੋਸਟ ਕੀਤੀ ਸੀ। ਹੋਰਾਂ ਵਾਂਗ ਇਸ਼ਤਿਆਕ ਅਹਿਮਦ ਵੀ ਇਸ ਨਜ਼ਮ ਵਿਚ ਚਿਣੇ ਸ਼ਬਦਾਂ ਦੇ ਕਾਇਲ ਹੋ ਗਏ। ਉਨ੍ਹਾਂ ਫੇਸਬੁੱਕ ਉਤੇ ਹੀ ਇਹ ਨਜ਼ਮ ਅਗਾਂਹ ਤੋਰ ਦਿੱਤੀ। ਫੇਸਬੁੱਕ ਉਤੇ ਸਫ਼ਰ ਕਰਦੀ ਇਹ ਨਜ਼ਮ ਇਕ ਦਿਨ ਪਟਿਆਲੇ ਵੱਸਦੇ ਸਿੱਖ ਚਿੰਤਕ ਪ੍ਰੋ. ਹਰਪਾਲ ਸਿੰਘ ਪੰਨੂ (ਫੋਨ: 91-94642-51454) ਦੇ ਵਿਹੜੇ ਜਾ ਵੜੀ। ਉਨ੍ਹਾਂ ਇਸ ਨਜ਼ਮ ਦੇ ਅੰਗਰੇਜ਼ੀ ਸ਼ਬਦਾਂ ਨੂੰ ਪੰਜਾਬੀ ਦਾ ਜਾਮਾ ਪੁਆ ਕੇ 'ਪੰਜਾਬ ਟਾਈਮਜ਼' ਨੂੰ ਭੇਜ ਦਿੱਤਾ। ਇਹ ਨਜ਼ਮ ਅਸਲ ਵਿਚ ਇਕਹਿਰੀ ਨਹੀਂ, ਇਸ ਦੀਆਂ ਕਈ ਪਰਤਾਂ ਹਨ। ਇਸ ਦੇ ਇਕ ਨਹੀਂ, ਅਨੇਕ ਅਰਥ ਹਨ। ਇਹ ਨਜ਼ਮ ਬਰਮੇ ਦੇ ਘੁੰਮਦੇ ਪੇਚਾਂ ਵਾਂਗ ਤੁਹਾਡੇ ਜ਼ਿਹਨ ਅੰਦਰ ਦਾਖ਼ਲ ਹੁੰਦੀ ਹੈ। ਪਾਠਕ ਨੂੰ ਝਬਦੇ ਹੀ ਇਸ ਨਜ਼ਮ ਵਿਚ ਮਾਰੀਆਂ ਕੂਕਾਂ ਸੁਣਨ ਲਗਦੀਆਂ ਹਨ। ਜਦੋਂ ਤਕ ਨਜ਼ਮ ਮੁੱਕਦੀ ਹੈ, ਇਹ ਕੂਕਾਂ ਚੌਰਾਹੇ ਵਿਚ ਮਾਰੀਆਂ ਚੀਕਾਂ ਵਿਚ ਬਦਲਦੀਆਂ ਮਹਿਸੂਸ ਹੋਣ ਲਗਦੀਆਂ ਹਨ। ਇਸ ਨਜ਼ਮ ਬਾਰੇ ਸਭ ਤੋਂ ਪਹਿਲਾਂ ਇਹ ਕਨਸੋਅ ਨਿਕਲੀ ਸੀ ਕਿ ਇਹ ਡਾ. ਅਮੀਰ ਬੱਟ ਦੀ ਹੀ ਲਿਖੀ ਹੋਈ ਹੈ। ਫਿਰ ਸੂਹ ਮਿਲੀ ਕਿ ਇਸ ਨਜ਼ਮ ਦਾ ਕਰਤਾ ਚੰਡੀਗੜ੍ਹ ਵੱਸਦਾ ਕੋਈ ਸਿੱਖ ਹੈ।

### ਮੁਸਲਮਾਨ ਖੁਸ਼ ਨਹੀਂ

ਉਹ ਗਾਜ਼ਾ ਪੱਟੀ ਵਿਚ ਖੁਸ਼ ਨਹੀਂ...
ਨਾ ਮਿਸਰ ਵਿਚ ਖੁਸ਼ ਹਨ...
ਲਿਬੀਆ ਵਿਚ ਖੁਸ਼ ਨਹੀਂ...
ਨਾ ਮੋਰਾਕੋ ਵਿਚ ਖੁਸ਼ ਹਨ...
ਈਰਾਨ ਅਤੇ ਈਰਾਕ ਵਿਚ ਖੁਸ਼ ਨਹੀਂ...
ਅਫਗਾਨਿਸਤਾਨ ਪਾਕਿਸਤਾਨ 'ਚ ਖੁਸ਼ ਨਹੀਂ...
ਨਾ ਸੀਰੀਆ ਵਿਚ ਖੁਸ਼ ਹਨ...
ਨਾ ਲਿਬਨਾਨ ਵਿਚ...

ਉਹ ਖੁਸ਼ ਹੈਨ ਕਿਥੇ?
ਆਸਟ੍ਰੇਲੀਆ ਅਤੇ ਕੈਨੇਡਾ ਵਿਚ ਖੁਸ਼ ਹਨ...
ਇੰਗਲੈਂਡ, ਫਰਾਂਸ ਵਿਚ ਖੁਸ਼ ਹਨ...
ਇਟਲੀ, ਜਰਮਨੀ ਵਿਚ ਖੁਸ਼ ਹਨ...
ਸਵੀਡਨ, ਨਾਰਵੇ ਵਿਚ ਖੁਸ਼ ਹਨ...
ਹਾਲੈਂਡ, ਡੈਨਮਾਰਕ ਵਿਚ ਖੁਸ਼ ਹਨ...
ਅਮਰੀਕਾ ਵਿਚ ਖੁਸ਼ ਹਨ...


ਉਹ ਉਨ੍ਹਾਂ ਸਾਰੇ ਦੇਸ਼ਾਂ ਵਿਚ ਖੁਸ਼ ਹਨ
ਜਿਥੇ ਇਸਲਾਮਿਕ ਸਟੇਟ ਨਹੀਂ

ਇਸ ਦਾ ਕਸੂਰਵਾਰ ਕੌਣ?

ਇਸਲਾਮ ਨਹੀਂ,
ਮੁਸਲਿਮ ਲੀਡਰਸ਼ਿਪ ਨਹੀਂ
ਨਾ ਉਹ ਖੁਦ ਹਨ।

ਕਸੂਰਵਾਰ ਉਹ ਦੇਸ਼ ਹਨ
ਜਿਨ੍ਹਾਂ ਵਿਚ ਉਹ ਖੁਸ਼ ਰਹਿ ਰਹੇ ਹਨ...

ਤੇ ਮੁਸਲਮਾਨ ਇਨ੍ਹਾਂ ਪੱਛਮੀ ਦੇਸ਼ਾਂ ਨੂੰ ਵੀ
ਇਸਲਾਮਿਕ ਸਟੇਟ ਬਣਾਉਣਾ ਚਾਹੁੰਦੇ ਹਨ,
ਉਸੇ ਤਰ੍ਹਾਂ ਦਾ ਜਿਥੋਂ ਦੁਖੀ ਹੋ ਕੇ
ਉਹ ਗਏ ਸਨ।



ਇਸਰਾਈਲ ਦਾ ਵਿਰੋਧ: ਟੈਂਕ ਉਤੇ ਇੱਟਾਂ-ਰੋੜੇ ਚਲਾ ਰਹੇ ਫਲਸਤੀਨੀ

# ਆਰੀਆ ਦੇ ਆੜੀ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਜ ਦੀ ਕੜੀ ਵਿਚ ਆਰੀਆ ਸ਼ਬਦ ਤੋਂ ਬਣੇ ਕੁਝ ਉਨ੍ਹਾਂ ਸ਼ਬਦਾਂ ਦਾ ਵਰਣਨ ਕੀਤਾ ਜਾਵੇਗਾ ਜੋ ਆਮ ਬੋਲਚਾਲ ਵਿਚ ਖੂਬ ਪ੍ਰਚਲਿਤ ਹਨ। ਪਰ ਇਸ ਤੋਂ ਪਹਿਲਾਂ ਮੈਂ ਕੁਝ ਤਕਨੀਕੀ ਸ਼ਬਦਾਂ ਦੀ ਵਿਆਖਿਆ ਕਰਨੀ ਚਾਹਾਂਗਾ ਜਿਨ੍ਹਾਂ ਦੀ ਇਨ੍ਹਾਂ ਕਾਲਮਾਂ ਵਿਚ ਆਮ ਹੀ ਵਰਤੋਂ ਕੀਤੀ ਹੁੰਦੀ ਹੈ। ਭਾਰੋਪੀ ਸ਼ਬਦ ਬਾਰੇ ਕਈਆਂ ਨੇ ਪੁੱਛਿਆ ਹੈ। 'ਭਾਰੋਪੀ ਮੂਲ' ਪਦ ਦੀ ਵਰਤੋਂ ਭਾਸ਼ਾ-ਵਿਗਿਆਨ, ਖਾਸ ਤੌਰ 'ਤੇ ਨਿਰੁਕਤ ਵਿਚ ਹੁੰਦੀ ਹੈ। ਭਾਰੋਪੀ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ, ਭਾਰਤ+ਯੂਰਪ। ਫਿਰ ਇਸ ਦਾ ਸੰਕੁਚਤ ਤੇ ਵਿਸ਼ੇਸ਼ਣੀ ਰੂਪ ਭਾਰੋਪੀ ਬਣਾ ਦਿੱਤਾ ਗਿਆ ਹੈ। ਉਂਜ ਭਾਰੋਪੀ ਨੂੰ ਹਿੰਦ-ਯੂਰਪੀ ਵੀ ਕਿਹਾ ਜਾਂਦਾ ਹੈ। ਅਸੀਂ ਪਿਛਲੇ ਲੇਖ ਵਿਚ ਜਾਣਿਆ ਸੀ ਕਿ ਪਹਿਲਾਂ ਆਰਿਆਈ ਕਹਾਉਂਦਾ ਭਾਰੋਪੀ ਇਕ ਭਾਸ਼ਾ ਪਰਿਵਾਰ ਹੈ ਜਿਨ੍ਹਾਂ ਵਿਚ ਸ਼ਾਮਿਲ ਭਾਸ਼ਾਵਾਂ ਦੀ ਆਪਸ ਵਿਚ ਭਰਾਤਰੀ ਸਾਂਝ ਹੈ ਅਰਥਾਤ ਉਹ ਮੂਲੋਂ-ਮੁਢੋਂ ਸਕੇ ਹਨ। ਇਹ ਭਾਸ਼ਾ ਪਰਿਵਾਰ ਸਭ ਭਾਸ਼ਾ ਪਰਿਵਾਰਾਂ ਤੋਂ ਵੱਡਾ ਹੈ। ਇਸ ਦੇ ਪ੍ਰਾਚੀਨ ਰੂਪ ਨੂੰ ਆਦਿਮ ਹਿੰਦ-ਯੂਰਪੀ ਜਾਂ ਆਦਿਮ ਭਾਰੋਪੀ (Proto Indo-European) ਕਿਹਾ ਜਾਂਦਾ ਹੈ। ਆਦਿਮ ਦੀ ਜਗ੍ਹਾ 'ਪ੍ਰਾਗ' ਵੀ ਕਈ ਵਾਰੀ ਵਰਤ ਲਿਆ ਜਾਂਦਾ ਹੈ। ਆਦਿਮ ਭਾਰੋਪੀ ਮੂਲ ਸ਼ਬਦਾਂ ਦੇ ਪ੍ਰਾਚੀਨਤਮ ਰੂਪ ਹਨ ਜਿਨ੍ਹਾਂ ਤੋਂ ਹੋਰ ਸ਼ਬਦ ਵਿਉਤਪਤ ਹੋਏ ਹਨ ਤੇ ਜੋ ਅਨੇਕਾਂ ਆਧੁਨਿਕ ਤੇ ਪੁਰਾਣੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਸਾਂਝੇ ਹਨ। ਇਹ ਮੂਲ ਕੇਵਲ ਕਲਪਿਤ ਜਾਂ ਪੁਨਰ-ਸਿਰਜਿਤ ਹਨ ਕਿਉਂਕਿ ਇਨ੍ਹਾਂ ਦਾ ਕੋਈ ਲਿਖਤੀ ਰਿਕਾਰਡ ਨਹੀਂ। ਵਿਦਵਾਨਾਂ ਨੇ ਭਾਰੋਪੀ ਪਰਿਵਾਰ ਦੇ ਸ਼ਬਦਾਂ ਦੀ ਅਰਥ ਤੇ ਧੁਨੀ ਪੱਖੋਂ ਸਾਂਝ ਦੇਖ ਕੇ ਅਨੇਕਾਂ ਸ਼ਬਦਾਂ ਦੇ ਆਦਿਮ ਭਾਰੋਪੀ ਮੂਲ ਕਲਪੇ ਹਨ। ਇਹੀ ਭਾਰੋਪੀ ਮੂਲ ਹਨ ਜਿਨ੍ਹਾਂ ਦਾ ਮੈਂ ਅਕਸਰ ਜ਼ਿਕਰ ਕਰਦਾ ਰਹਿੰਦਾ ਹਾਂ।

'ਸਗੋਤੀ' ਪਦ ਵੀ ਨਿਰੁਕਤਕਾਰੀ ਵਿਚ ਅਕਸਰ ਹੀ ਪੜ੍ਹਨ ਸੁਣਨ ਨੂੰ ਮਿਲਦਾ ਹੈ। ਇਹ ਸ਼ਬਦ 'ਸ+ਗੋਤੀ' ਦੇ ਮੇਲ ਤੋਂ ਬਣਿਆ ਹੈ। 'ਸ' ਅਗੇਤਰ ਦਾ ਅਰਥ ਹੈ-ਸਮਾਨ, ਇਕੋ ਜਿਹਾ, ਬਰਾਬਰ। (ਹੋਰ ਭਾਰੋਪੀ ਭਾਸ਼ਾਵਾਂ ਵਿਚ ਇਸ ਦੇ ਸਗੋਤੀ ਅਗੇਤਰ ਮਿਲਦੇ ਹਨ)। ਗੋਤੀ ਸ਼ਬਦ ਗੋਤ ਦਾ ਹੀ ਵਿਸ਼ੇਸ਼ਣ ਹੈ। ਸੋ, ਸਗੋਤੀ ਦਾ ਆਮ ਜਾਣਿਆ ਜਾਂਦਾ ਅਰਥ ਹੈ, 'ਜਿਨਾਂ ਦਾ ਇਕੋ ਗੋਤ ਹੋਵੇ।' ਇਸ ਸ਼ਬਦ ਦਾ ਇਕ ਹੋਰ ਪ੍ਰਚਲਿਤ ਰੂਪ ਹੈ 'ਸੱਗੋਰਿੱਤਾ' ਪਰ ਅਰਥਾਂ ਵਿਚ ਕੁਝ ਫਰਕ ਆ ਗਿਆ ਹੈ। ਇਸ ਦਾ ਅਰਥ ਨਜ਼ਦੀਕੀ ਰਿਸ਼ਤੇਦਾਰ ਬਣ ਗਿਆ ਹੈ ਜਿਸ ਦਾ ਗੋਤ ਭਾਵੇਂ ਅਲੱਗ ਹੀ ਹੋਵੇ। ਆਮ ਤੌਰ 'ਤੇ ਨਵੇਂ ਨਵੇਂ ਬਣੇ ਰਿਸ਼ਤੇਦਾਰ ਨੂੰ ਸੱਗੋਰਿੱਤਾ ਕਿਹਾ ਜਾਂਦਾ ਹੈ ਜਿਸ ਦੀ ਰਸਮੀ ਪ੍ਰਾਹੁਣਚਾਰੀ ਕਰਨੀ ਬਣਦੀ ਹੈ।

ਚਲਦੇ-ਚਲਦੇ ਜ਼ਰਾ ਗੋਤ ਜਾਂ ਗੋਤਰ ਸ਼ਬਦ



'ਤੇ ਵੀ ਚਾਨਣਾ ਪਾ ਦੇਈਏ। ਗੋਤ ਭਾਰਤੀ ਬੰਦੇ ਦੇ ਨਾਂ ਪਿਛੇ ਲੱਗਦੇ ਵੰਸ਼ਜ ਨਾਂ ਨੂੰ ਆਖਦੇ ਹਨ ਜਿਵੇਂ ਬਰਾੜ ਆਦਿ। ਇਸ ਦੇ ਵਿਸਤ੍ਰਿਤ ਅਰਥ ਹਨ-ਵੰਸ਼, ਘਰਾਣਾ। ਕਹਿਣ ਦਾ ਭਾਵ ਹੈ ਕਿ ਇਕੋ ਬਜ਼ੁਰਗ ਦੀ ਪੀੜੀ-ਦਰ-ਪੀੜੀ ਸੰਤਾਨ। ਇਹ ਸ਼ਬਦ ਸੰਸਕ੍ਰਿਤ 'ਗੋਤਰ' ਤੋਂ ਬਣਿਆ ਹੈ ਜਿਸ ਦੇ ਸ਼ਾਬਦਿਕ ਅਰਥ ਹਨ ਗਊਆਂ ਦਾ ਵਾੜਾ। ਗੋਤ ਸ਼ਬਦ ਅੱਗੋਂ ਸੰਸਕ੍ਰਿਤ 'ਗੋ' (ਗਊ) ਤੋਂ ਬਣਿਆ ਹੈ। ਰਿਗਵੇਦ ਵਿਚ ਇਹ ਕਬੀਲਾ ਜਾਂ ਵੰਸ਼ ਦੇ ਅਰਥਾਂ ਵਿਚ ਆਇਆ ਹੈ। ਇਸ ਦੇ ਅਰਥ ਵਿਕਾਸ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਜਾਂਦੀ ਹੈ, "ਗਊ ਪ੍ਰਧਾਨ ਯੁੱਗ ਵਿਚ ਇਕ ਵਿਸ਼ੇਸ਼ ਗਊ-ਵਾੜਾ ਇਕ ਵਿਸ਼ੇਸ਼ ਘਰਾਣੇ ਨਾਲ ਜੁੜ ਗਿਆ ਜਿਸ ਦੇ ਬਾਅਦ ਵਿਚ ਬਰਾਦਰੀ, ਕਬੀਲੇ ਆਦਿ ਦਾ ਭਾਵ ਪ੍ਰਗਟ ਹੋਇਆ।" ਐਪਰ ਭਾਸ਼ਾ-ਵਿਗਿਆਨ ਜਾਂ ਨਿਰੁਕਤੀ ਵਿਚ ਸਗੋਤੀ ਤਕਨੀਕੀ ਪਦ ਦਾ ਮਤਲਬ ਹੈ ਅਜਿਹੇ ਸ਼ਬਦ ਜਿਨ੍ਹਾਂ ਦਾ ਮੂਲ ਸਾਂਝਾ ਹੋਵੇ। ਅਜਿਹੇ ਸ਼ਬਦਾਂ ਨੂੰ ਸਮੂਲਕ ਵੀ ਕਿਹਾ ਜਾਂਦਾ ਹੈ। ਅੰਗਰੇਜ਼ੀ ਵਿਚ ਇਸ ਨੂੰ Cognate ਕਹਿੰਦੇ ਹਨ ਤੇ ਦਿਲਚਸਪ ਗੱਲ ਹੈ ਕਿ ਪੰਜਾਬੀ ਸਗੋਤੀ (ਜਾਂ ਸਗੋਤਾ/ਸਗੋਤਰਾ) ਇਸ Cognate ਦਾ ਵੀ ਸਗੋਤੀ ਹੈ! ਅੰਗਰੇਜ਼ੀ 'Co' ਅਤੇ ਪੰਜਾਬੀ 'ਸ' ਅਗੇਤਰ ਸਗੋਤੀ ਹਨ, ਦੋਨਾਂ ਦੀ ਧੁਨੀ ਵੀ ਰਲਦੀ ਮਿਲਦੀ ਹੈ ਤੇ ਅਰਥ ਵੀ।

ਖੈਰ, ਅਸੀਂ ਆਰੀਆ ਤੋਂ ਬਣਦੇ ਸ਼ਬਦਾਂ ਦੇ ਵਿਸ਼ੇ 'ਤੇ ਆਉਂਦੇ ਹਾਂ। ਆਰੀਆ ਲੋਕ ਸਨਮਾਨ ਜਾਂ ਮਿੱਤਰ ਭਾਵ ਨਾਲ ਦੂਸਰੇ ਨੂੰ ਆਰੀਆ ਕਹਿ ਕੇ ਬੁਲਾਉਂਦੇ ਸਨ। ਇਸ ਦਾ ਭਾਵ ਹੈ ਕਿ ਉਹ ਆਮ ਤੌਰ 'ਤੇ ਆਪਣੀ 'ਜਾਤੀ' ਦੇ ਲੋਕਾਂ ਨੂੰ ਹੀ ਇਸ ਪਦ ਨਾਲ ਸੰਬੋਧਿਤ ਹੁੰਦੇ ਸਨ, ਗੈਰ-ਆਰਿਆਈ ਲੋਕਾਂ ਨੂੰ ਨਹੀਂ। ਇਸ ਤੋਂ ਅਪਣੱਤ, ਦੋਸਤੀ, ਨਿਕਟਤਾ ਦੇ ਜਜ਼ਬਾਤ ਪੈਦਾ ਹੰਦੇ ਹਨ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਪੰਜਾਬੀ ਦਾ ਇਕ ਠੇਠ ਸ਼ਬਦ 'ਆੜੀ' ਇਸੇ ਦਾ ਵਿਕਸਿਤ ਰੂਪ ਹੈ। ਇਸ ਵਿਚ ਆਰੀਆ ਸ਼ਬਦ ਜਿਹੇ ਹੀ ਦੋਸਤੀ, ਨਿਕਟਤਾ ਤੇ ਅਪਣੱਤ ਦੇ ਭਾਵ ਹਨ। ਅੱਜ ਕਲ੍ਹ ਆਮ ਤੌਰ 'ਤੇ ਬੱਚੇ ਹੀ ਆਪਣੇ ਮਿੱਤਰ ਨੂੰ ਆੜੀ ਕਹਿੰਦੇ ਹਨ ਅਤੇ ਆਮ ਤੌਰ 'ਤੇ ਬਚਪਨ ਦੇ ਪ੍ਰਸੰਗ ਵਿਚ ਹੀ ਇਸ ਦੀ ਵਰਤੋਂ ਹੁੰਦੀ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ 'ਭੇਤ ਵਾਲੀ ਗੱਲ' ਵਿਚੋਂ ਇਕ ਟੂਕ ਪੇਸ਼ ਹੈ, "ਬਚਪਨ ਦੇ ਆੜੀ, ਇਕ ਦੂਜੇ ਦੇ ਭੇਤੀ, ਖਾਣ ਪੀਣ ਦੇ ਸਾਂਝੀ, ਅਜਿਹੇ ਮਿੱਤਰ ਨੂੰ ਦੱਸ ਦੇਣ ਨਾਲ ਕੀ ਫਰਕ ਪੈਂਦਾ ਹੈ? ਜੇਹੀ ਗੱਲ ਉਹਦੇ ਕੋਲ ਤੇਹੀ ਆਪਣੇ ਕੋਲ।"

ਆਰੀਆ ਤੋਂ ਆੜੀ ਬਣਨ ਵਿਚ ਮੋਟੇ ਤੌਰ 'ਤੇ 'ਰ' ਧੁਨੀ ਹੀ 'ੜ' ਵਿਚ ਤਬਦੀਲ ਹੋਈ ਹੈ। ਆੜੀ ਦਾ ਹੀ ਇਕ ਹੋਰ ਰੂਪ ਹੈ-ਅੜਿਆ। ਇਹ ਸੰਬੋਧਨੀ ਸ਼ਬਦ ਹੈ ਜੋ ਵਧੇਰੇ ਤੌਰ 'ਤੇ ਇਸਤਰੀ ਹੀ ਪੁਰਖ ਲਈ ਵਰਤਦੀ ਹੈ। ਅਸੀਂ ਦੇਖਿਆ ਹੈ ਕਿ ਆਰੀਆ ਸ਼ਬਦ ਵਿਚ ਸਤਿਕਾਰ ਦੇ ਭਾਵ ਹਨ ਤੇ ਭਾਰਤੀ ਪਰੰਪਰਾ ਅਨੁਸਾਰ ਮਰਦ ਇਸਤਰੀ ਦੇ ਸਤਿਕਾਰ ਦਾ ਪਾਤਰ ਹੈ। ਪਰ ਇਸਤਰੀ ਮਰਦ ਵਿਚਕਾਰ ਕੁਦਰਤੀ ਤੌਰ 'ਤੇ ਪਿਆਰ ਦੇ ਸਬੰਧ ਵੀ ਹਨ ਜੋ ਉਨ੍ਹਾਂ ਨੂੰ ਬਰਾਬਰ ਦੇ ਧਰਾਤਲ 'ਤੇ ਖੜ੍ਹਾ ਕਰਦੇ ਹਨ। ਇਸ ਲਈ 'ਅੜਿਆ' ਸ਼ਬਦ ਵਿਚ ਸਤਿਕਾਰ ਦੇ ਨਾਲ ਨਾਲ ਪਿਆਰ ਦੇ ਭਾਵ ਵੀ ਹਨ। ਜਦ ਮਰਦ ਕਵੀ ਅੜਿਆ ਸ਼ਬਦ ਵਰਤਦੇ ਹਨ ਤਾਂ ਇਹ ਸਾਡੀ ਕਾਵਿਕ ਪਰੰਪਰਾ ਹੀ ਹੈ ਜਿਸ ਵਿਚ ਕਵੀ ਖੁਦ ਔਰਤ ਬਣ ਜਾਂਦਾ ਹੈ। ਬੁਲ੍ਹੇ ਸ਼ਾਹ ਦੀ ਮਿਸਾਲ ਲਈਏ,

ਅੱਜ ਅਜੋਕੜੀ ਰਾਤ
ਮੇਰੇ ਘਰ ਵੱਸ ਖਾਂ ਵੇ ਅੜਿਆ।
ਦਿਲ ਦੀਆਂ ਘੁੰਢੀਆਂ ਖੋਲ੍ਹ
ਅਸਾਂ ਨਾਲ ਹੱਸ ਖਾਂ ਵੇ ਅੜਿਆ।
ਜਦ ਕੀਤੇ ਕੌਲ ਕਰਾਰ ਕੀ ਇਤਬਾਰ,
ਸੋਹਣੇ ਯਾਰ ਦਾ ਵੇ ਅੜਿਆ।
ਵੱਤ ਨਾ ਕਰਸਾਂ ਮਾਣ
ਰੰਝੇਟੇ ਯਾਰ ਦਾ ਵੇ ਅੜਿਆ।

ਸ਼ਿਵ ਕੁਮਾਰ ਨੇ ਇਹ ਸ਼ਬਦ ਬਹੁਤ ਵਰਤਿਆ ਹੈ,

ਸੱਜਣਾਂ ਤੇਰੀ ਭਾਲ 'ਚ ਅੜਿਆ,
ਇਉਂ ਕਰ ਉਮਰ ਵੰਞਾਵਾਂ ਵੇ!
ਜਿਉਂ ਕੋਈ ਵਿਚ ਪਹਾੜਾਂ ਕਿਧਰੇ,
ਵੱਗੇ ਕੂਲ੍ਹ ਇਕੱਲੀ ਵੇ!

ਆਰੀਆ ਲੋਕ ਗੈਰ-ਆਰਿਆਈ ਲੋਕਾਂ ਨੂੰ ਅਨਾਰਿਆ ਕਹਿੰਦੇ ਸਨ। ਇਸ ਤੋਂ ਅਨਾਰਿਆ ਸ਼ਬਦ ਵਿਚ ਅਸ੍ਰੇਸ਼ਟ ਜਾਂ ਕਹਿ ਲਵੋ ਨੀਚ ਦਾ ਭਾਵ ਵੀ ਸਮਾ ਗਿਆ। ਇਹੀ ਸ਼ਬਦ ਬਦਲਦਾ ਬਦਲਦਾ ਅਨਾੜੀ ਬਣ ਗਿਆ। ਅੱਜ ਅਨਾੜੀ ਵਿਚ ਅਣਜਾਣ ਦੇ ਭਾਵ ਹਨ ਪਰ ਮੁਢਲੇ ਤੌਰ 'ਤੇ ਅਨਾੜੀ ਉਹ ਹੈ ਜੋ ਆਰੀਆ ਦੇ ਦਰਜੇ ਦਾ ਨਹੀਂ। ਆਰੀਆ ਰੁਤਬੇ ਵਾਲਾ ਬੰਦਾ ਕੁਲੀਨ, ਸ੍ਰੇਸ਼ਟ ਹੋਣ ਦੇ ਨਾਲ ਨਾਲ ਗਿਆਨਵਾਨ ਵੀ ਹੋਵੇਗਾ। ਲੱਲੂ-ਪੰਜੂ ਕੋਈ ਗਿਆਨਵਾਨ ਥੋੜੀ ਹੁੰਦਾ ਹੈ।

ਕਿਸੇ ਵੱਡੇ ਨੂੰ ਸਤਿਕਾਰ ਸਹਿਤ ਸੰਬੋਧਨ ਲਈ ਅਸੀਂ ਇਕ ਸ਼ਬਦ ਆਮ ਹੀ ਵਰਤਦੇ ਹਾਂ 'ਜੀ' ਜਿਵੇਂ, "ਮੇਰੇ ਮਾਧਉ ਜੀ ਸਤਸੰਗਤਿ ਮਿਲੈ ਸੁ ਤਰਿਆ॥" (ਗੁਰੂ ਅਰਜਨ ਦੇਵ) ਸਤਿਕਾਰ ਭਰਿਆ ਹੁੰਘਾਰਾ ਦੇਣ ਲਈ ਅਧੀਨਗੀ ਭਰੇ ਸ਼ਬਦ ਵਰਤੇ ਜਾਂਦੇ ਹਨ 'ਹਾਂ ਜੀ, ਨਾਂਹ ਜੀ।' ਕਈ ਵਾਰੀ ਤਾਂ 'ਜੀ' ਸ਼ਬਦ ਦੁਹਰਾ ਕੇ ਵਰਤਿਆ ਜਾਂਦਾ ਹੈ। ਸਾਡੇ ਸਮਾਜ ਵਿਚ ਪਤਨੀ ਪਤੀ ਦਾ ਨਾਂ ਨਹੀਂ ਲੈਂਦੀ ਇਸ ਲਈ ਉਹ ਕਈ ਵਾਰੀ ਪਤੀ ਨੂੰ 'ਜੀ' ਜਾਂ 'ਜੀਜੀ' ਕਹਿ ਕੇ ਬੁਲਾਉਂਦੀ ਹੈ। "ਜੀ ਸਰਕਾਰ, ਜੀ ਹਜ਼ੂਰ, ਸ੍ਰੀਮਾਨ ਜੀ" ਜਿਹੀਆਂ ਉਕਤੀਆਂ ਵੀ ਸਨਮਾਨ ਵਜੋਂ ਜਾਂ ਮੱਖਣ ਲਾਉਣ ਲਈ ਵਰਤੀਆਂ ਜਾਂਦੀਆਂ ਹਨ। ਨਿਰੁਕਤਕਾਰ ਇਸ ਸ਼ਬਦ ਦਾ ਖੁਰਾ ਵੀ ਆਰਯ ਸ਼ਬਦ ਵਿਚ ਦੇਖਦੇ ਹਨ। 'ਆਰਯ' ਤੋਂ 'ਅੱਜ' ਤੇ ਫਿਰ ਇਸ ਦਾ ਪ੍ਰਾਕ੍ਰਿਤਕ ਰੂਪ 'ਅਜੀ' ਹੋਇਆ। ਅੱਜ ਦਾ ਅਰਥ ਬ੍ਰਹਮਾ ਵੀ ਹੈ। ਕੁਝ ਲੋਕ 'ਜੀ' ਦੀ ਥਾਂ 'ਅਜੀ' ਵੀ ਬੋਲਦੇ ਹਨ, "ਅਜੀ ਸੁਣਦੇ ਹੋ?" ਮਾਤਾ ਲਈ ਕਈ ਭਾਸ਼ਾਵਾਂ ਵਿਚ 'ਆਜੀ' ਜਿਹਾ ਸ਼ਬਦ ਹੈ ਜੋ ਆਰਿਅਕਾ ਤੋਂ ਬਣਿਆ ਹੈ। ਇਸੇ ਤੋਂ ਮਾਤਾ ਖਾਸ ਕਰਕੇ ਦੁਰਗਾ ਦੇਵੀ ਦੇ ਅਰਥਾਂ ਵਿਚ 'ਆਈ' ਸ਼ਬਦ ਚਲਦਾ ਹੈ। ਇਸ ਨੂੰ ਆਯਮਾਤਾ ਵੀ ਆਖਦੇ ਹਨ। ਇਸ ਦਾ ਅਰਥ ਮਾਇਆ ਵੀ ਹੋ ਗਿਆ ਹੈ, "ਆਈ ਪੂਤਾ ਇਹੁ ਜਗੁ ਸਾਰਾ॥" (ਗੁਰੂ ਨਾਨਕ ਦੇਵ ਜੀ) ਨਾਥਾਂ ਦਾ ਇਕ ਆਈ ਪੰਥ ਹੋਇਆ ਹੈ, "ਆਈ ਪੰਥੀ ਸਗਲ ਜਮਾਤੀ॥" ਤੈਲਗੂ ਵਿਚ ਇਸ ਤੋਂ ਬਣਿਆ ਇਕ ਸ਼ਬਦ ਹੈ 'ਅਈਆ' ਜੋ ਕਿਸੇ ਲਈ ਸਤਿਕਾਰ ਭਰਿਆ ਸੰਬੋਧਨ ਹੈ।

# ਪਲ ਦੋ ਪਲ ਕਾ ਸ਼ਾਇਰ: ਸਾਹਿਰ ਲੁਧਿਆਣਵੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਸੁਣਿਆ ਹੈ ਕਿ ਆਸ਼ੀ ਦੂਆ ਅਤੇ ਜਸਮੀਤ ਰੀਨ ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ ਦੇ ਚਰਚਿਤ ਸਬੰਧਾਂ ਬਾਰੇ ਫਿਲਮ ਤਿਆਰ ਕਰ ਰਹੇ ਹਨ। ਦੂਆ ਨਿਰਮਾਤਾ ਹੈ ਤੇ ਰੀਨ ਨਿਰਦੇਸ਼ਕ। ਫਿਲਮ ਦਾ ਨਾਂ ਹੈ 'ਏਕ ਥੀ ਅੰਮ੍ਰਿਤਾ।' ਅੰਮ੍ਰਿਤਾ ਦਾ ਪੋਤਰਾ ਅਮਨ ਕਵਾਤੜਾ ਨਹੀਂ ਚਾਹੁੰਦਾ ਕਿ ਇਹ ਫਿਲਮ ਬਣੇ। ਜਦੋਂ ਕਰੀਨਾ ਕਪੂਰ ਨੂੰ ਅੰਮ੍ਰਿਤਾ ਦਾ ਰੋਲ ਅਦਾ ਕਰਨ ਲਈ ਮਨਾਇਆ ਜਾ ਰਿਹਾ ਸੀ ਤੇ ਫਰਹਾਨ ਅਖਤਰ ਨੂੰ ਸਾਹਿਰ ਦਾ, ਤਾਂ ਨਿਰਮਾਤਾ ਤੇ ਨਿਰਦੇਸ਼ਕ ਅੰਮ੍ਰਿਤਾ ਦੇ ਪੋਤਰੇ ਅਮਨ ਤੇ ਉਸ ਦਾ ਜੀਵਨ ਭਰ ਸਾਥ ਦੇਣ ਵਾਲੇ ਇਮਰੋਜ਼ ਨੂੰ ਮੁੰਬਈ ਵਿਖੇ ਮਿਲੇ ਵੀ ਸਨ। ਉਹ ਦੋਵੇਂ ਆਗਿਆ ਦੇਣਾ ਨਹੀਂ ਸਨ ਮੰਨੇ। ਇਸ ਮਿਲਣੀ ਤੋਂ ਪਿੱਛੋਂ ਫਿਲਮ ਨਿਰਮਾਣ ਦੀਆਂ ਖਬਰਾਂ ਠੰਢੀਆਂ ਪੈ ਗਈਆਂ। ਪਰ ਹੁਣ ਪ੍ਰਿਅੰਕਾ ਚੋਪੜਾ ਇਰਫਾਨ ਖਾਨ ਦੇ ਮੰਨ ਜਾਣ ਪਿੱਛੋਂ ਇਹ ਖਬਰਾਂ ਫੇਰ ਗਰਮ ਹਨ। ਕਿਹਾ ਜਾਂਦਾ ਹੈ ਕਿ ਹੁਣ ਅਮਨ ਕਵਾਤੜਾ ਨੂੰ ਫਿਲਮ ਦਾ ਨਿਰਮਾਣ ਰੋਕੇ ਜਾਣ ਲਈ ਕਾਨੂੰਨੀ ਨੋਟਸ ਦੇਣਾ ਪਿਆ ਹੈ। ਫਿਲਮ ਬਣੇ ਨਾ ਬਣੇ ਪਰ ਇਸ ਨਾਲ ਸਬੰਧਤ ਅਫਵਾਹਾਂ ਨੇ ਅੰਮ੍ਰਿਤਾ ਤੇ ਸਾਹਿਰ ਦੇ ਸਬੰਧਾਂ ਦੀ ਚਰਚਾ ਛੇੜ ਦਿੱਤੀ ਹੈ।

ਅੰਮ੍ਰਿਤਾ ਦਾ ਜਨਮ ਗੁਜਰਾਂਵਾਲਾ (ਪਾਕਿਸਤਾਨ) ਵਿਚ 31 ਅਗਸਤ 1919 ਨੂੰ ਹੋਇਆ ਤੇ ਸਾਹਿਰ ਦਾ 8 ਮਾਰਚ 1921 ਨੂੰ ਲੁਧਿਆਣਾ ਸ਼ਹਿਰ ਵਿਚ। ਇਕ ਅੰਮ੍ਰਿਤ ਕੌਰ ਤੇ ਦੂਜਾ ਅਬਦੁਲ ਹਈ। ਕਲਮੀ ਨਾਂ ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ। ਇਕ ਨੂੰ ਪੰਜਾਬੀ ਕਵਿਤਾ ਵਿਚ ਪ੍ਰਸਿੱਧੀ ਮਿਲੀ ਤੇ ਦੂਜੇ ਨੂੰ ਉਰਦੂ ਸ਼ਾਇਰ ਵਜੋਂ। ਅੰਮ੍ਰਿਤਾ ਵੱਡੀ ਸੀ ਤੇ ਸਾਹਿਰ ਛੋਟਾ। ਅੰਮ੍ਰਿਤਾ ਦੇ ਆਪਣੇ ਲਿਖਣ ਅਨੁਸਾਰ ਦੇਸ਼ ਵੰਡ ਤੋਂ ਪਹਿਲਾਂ ਸਾਹਿਰ ਉਸ ਨੂੰ ਲਾਹੌਰ (ਪਾਕਿਸਤਾਨ) ਵਿਚ ਮਿਲਦਾ ਰਿਹਾ ਹੈ। ਆਉਂਦਾ ਤੇ ਥੋੜੀ ਦੇਰ ਬੈਠ ਕੇ ਚਲਾ ਜਾਂਦਾ। ਬੱਸ ਚੁਪ ਚਾਪ ਸਿਗਰਟ ਪੀਂਦਾ ਰਹਿੰਦਾ। ਅੱਧੀ ਪੀ ਕੇ ਰਾਖਦਾਨ ਵਿਚ ਬੁਝਾ ਦਿੰਦਾ ਤੇ ਮੁੜ ਨਵੀਂ ਲਾ ਲੈਂਦਾ। ਅੰਮ੍ਰਿਤਾ ਉਸ ਦੇ ਜਾਣ ਪਿੱਛੋਂ ਉਸ ਦੇ ਰਾਖਦਾਨ ਵਿਚ ਛੱਡੇ ਅੱਧੇ ਅੱਧੇ ਟੁਕੜਿਆਂ ਨੂੰ ਚੁੱਕ ਕੇ ਸਾਂਭ ਲੈਂਦੀ ਤੇ ਜਦੋਂ ਚਾਹੇ ਇਨ੍ਹਾਂ ਨੂੰ ਸੁਲਘਾ ਕੇ ਆਪਣੀਆਂ ਉਂਗਲਾਂ ਵਿਚ ਉਸੇ ਤਰ੍ਹਾਂ ਫੜਦੀ ਜਿਵੇਂ ਉਹ ਫੜਦਾ ਸੀ। ਉਸ ਨੂੰ ਅਜਿਹਾ ਕਰਨ ਨਾਲ ਸਾਹਿਰ ਦੇ ਹੱਥਾਂ ਦੀ ਛੁਹ ਦਾ ਅਹਿਸਾਸ ਹੁੰਦਾ। ਅੰਮ੍ਰਿਤਾ ਦੇ ਲਿਖਣ ਅਨੁਸਾਰ ਉਸ ਨੂੰ ਸਿਗਰਟ ਪੀਣ ਦੀ ਆਦਤ ਵੀ ਉਦੋਂ ਹੀ ਪਈ।

ਆਪਣੇ ਤੋਂ ਛੋਟੇ ਅਤੇ ਕਲਾ ਦੀ ਦੁਨੀਆਂ ਵਿਚ ਆਪਣੇ ਵਾਲੀ ਵਿਧਾ ਵਿਚ ਪ੍ਰਸਿੱਧ ਹੋ ਰਹੇ ਪ੍ਰਾਣੀ ਵਲ ਇਸ ਤਰ੍ਹਾਂ ਖਿੱਚਿਆ ਜਾਣਾ ਕੋਈ ਅਨਹੋਣੀ ਗੱਲ ਨਹੀਂ। ਆਪਣੇ ਜੀਵਨ ਨੂੰ ਤੇਜ਼ੀ ਨਾਲ ਫੂਕਣ ਵਾਲਾ ਸਾਹਿਰ ਲੁਧਿਆਣਵੀ ਇਸ ਦੁਨੀਆਂ ਨੂੰ ਅਕਤੂਬਰ 1980 ਵਿਚ ਅਲਵਿਦਾ ਕਹਿ ਗਿਆ। ਉਸ ਦੇ ਚਲਾਣੇ ਸਮੇਂ ਅੰਮ੍ਰਿਤਾ ਨੇ ਆਪਣੇ ਸ਼ਰਧਾਂਜਲੀ ਲੇਖ ਵਿਚ ਇਹ ਵੀ ਲਿਖਿਆ ਕਿ ਉਸ ਦੇ ਅੰਦਰ ਦੀ ਔਰਤ ਉਸ ਦੇ ਅੰਦਰ ਦੀ ਫਨਕਾਰਾ ਤੋਂ ਸਦਾ ਹੀ ਪਿੱਛੇ ਰਹੀ ਹੈ ਸਿਵਾਇ ਤਿੰਨ ਮੌਕਿਆਂ ਦੇ ਜਿਨ੍ਹਾਂ ਵਿਚੋਂ ਇੱਕ ਮੌਕੇ ਦਾ ਸਬੰਧ ਸਾਹਿਰ ਦੀ ਮਿਲਣੀ ਨਾਲ ਹੈ। ਉਹ ਲਿਖਦੀ ਹੈ ਕਿ ਇਹ ਮੌਕੇ ਅਜਿਹੇ ਸਨ, "ਜਦ ਮੈਂ ਆਪਣੇ ਅੰਦਰ ਦੀ ਸਿਰਫ਼ ਔਰਤ ਨੂੰ ਜੀਅ ਭਰ ਕੇ ਦੇਖਿਆ ਹੈ। ਉਸ ਦਾ ਰੂਪ ਏਨਾ ਭਰਿਆ ਹੋਇਆ ਸੀ ਕਿ ਮੇਰੇ ਅੰਦਰ ਦੀ 'ਫਨਕਾਰਾ' ਦਾ ਵਜੂਦ ਮੇਰੇ ਲਈ ਗੁੰਮ ਹੋ ਗਿਆ ਸੀ।" ਭਾਵ ਇਹ ਕਿ ਇਨ੍ਹਾਂ ਤਿੰਨ ਮੌਕਿਆਂ ਉਤੇ ਅੰਮ੍ਰਿਤਾ ਦੀ ਅੰਦਰਲੀ ਫਨਕਾਰਾ ਉਸ ਦੇ ਅੰਦਰ ਦੀ ਔਰਤ ਵਿਚ ਉਕਾ ਹੀ ਦਖਲ ਨਹੀਂ ਸੀ ਦੇ ਸਕਦੀ। ਉਥੇ ਫਨਕਾਰਾ ਲਈ ਕੋਈ ਥਾਂ ਨਹੀਂ ਸੀ।

ਪਹਿਲੇ ਮੌਕੇ ਦਾ ਸਬੰਧ 25 ਸਾਲ ਦੀ ਅੰਮ੍ਰਿਤਾ ਨਾਲ ਸੀ ਜਦ ਉਸ ਦੀ ਗੋਦ ਬੱਚੇ ਤੋਂ ਖਾਲੀ ਸੀ ਤੇ ਉਹ ਆਪਣੇ ਖਾਬਾਂ ਵਿਚ ਉਸ ਫੁੱਲ ਨੂੰ ਦੇਖਦੀ ਸੀ, ਜਿਹੜਾ ਸੁਪਨਾ ਟੁੱਟਦੇ ਸਾਰ ਅਲੋਪ ਹੋ ਜਾਂਦਾ ਸੀ। ਤੇ ਉਹ ਉਂਜ ਦੀ ਉਂਜ ਹੁੰਦੀ...ਸੁੰਨੀ, ਵੀਰਾਨ ਤੇ ਇਕੱਲੀ...। 'ਸਿਰਫ਼ ਇਕ ਔਰਤ ਜੋ ਜੇਕਰ ਮਾਂ ਨਹੀਂ ਸੀ ਬਣ ਸਕਦੀ ਤਾਂ ਜੀਣਾ ਵੀ ਨਹੀਂ ਸੀ ਚਾਹੁੰਦੀ।' ਤੇ ਦੂਜੀ ਵਾਰ ਉਸ ਨੂੰ ਇਹ ਅਹਿਸਾਸ ਉਦੋਂ ਹੋਇਆ ਸੀ ਜਦੋਂ ਬੁਖਾਰ ਤੇ ਗਲੇ ਦੇ ਦਰਦ ਦੀ ਅਵਸਥਾ ਵਿਚ ਉਸ ਨੂੰ ਸਾਹਿਰ ਮਿਲਣ ਆਇਆ। ਉਸ ਦਿਨ ਅੰਮ੍ਰਿਤਾ ਨੇ 'ਉਸ ਦੇ ਗਲੇ ਤੇ ਛਾਤੀ ਉਤੇ ਵਿਕਸ ਮਲੀ ਸੀ। ਜਦ ਕਿੰਨੀ ਹੀ ਦੇਰ ਮਲਦੀ ਰਹੀ ਤਦ ਮਹਿਸੂਸ ਹੋਇਆ ਕਿ ਇਸ ਤਰ੍ਹਾਂ ਮੈਂ ਆਪਣੀ ਬਾਕੀ ਦੀ ਉਮਰ ਗੁਜ਼ਾਰ ਸਕਦੀ ਹਾਂ। ਮੇਰੇ ਅੰਦਰ ਦੀ ਔਰਤ ਨੂੰ ਉਸ ਸਮੇਂ ਦੁਨੀਆਂ ਦੇ ਕਿਸੇ ਕਾਗ਼ਜ਼ ਕਲਮ ਦੀ ਜ਼ਰੂਰਤ ਨਹੀਂ ਸੀ।' ਅੰਮ੍ਰਿਤਾ ਦੇ ਲਿਖਣ ਅਨੁਸਾਰ 'ਤੀਜੀ ਵਾਰ ਇਹ ਔਰਤ ਮੈਂ ਉਸ ਸਮੇਂ ਦੇਖੀ ਜਦ ਆਪਣੇ ਸਟੂਡੀਓ ਵਿਚ ਬੈਠੇ ਇਮਰੋਜ਼ ਨੇ ਆਪਣਾ ਪਤਲਾ ਜਿਹਾ ਬੁਰਸ਼ ਆਪਣੇ ਕੈਨਵਸ 'ਤੋਂ ਚੁੱਕ ਕੇ ਉਸ ਨੂੰ ਇਕ ਵਾਰ ਲਾਲ ਰੰਗ ਵਿਚ ਡਬੋਇਆ ਸੀ ਤੇ ਫੇਰ ਉਸ



ਬੁਰਸ਼ ਨਾਲ ਮੇਰੇ ਮੱਥੇ 'ਤੇ ਬਿੰਦੀ ਲਾ ਦਿੱਤੀ ਸੀ।' ਜਿਥੋਂ ਤੱਕ ਸਾਹਿਰ ਦਾ ਸਬੰਧ ਹੈ ਅੰਮ੍ਰਿਤਾ ਨੇ ਸਾਹਿਰ ਦੀ ਲਿਖੀ ਤੇ ਉਹਦੇ ਵੱਲੋਂ ਫਰੇਮ ਕਰਵਾ ਕੇ ਦਿੱਤੀ 'ਤਾਜ ਮਹਲ' ਨਾਂ ਦੀ ਨਜ਼ਮ ਵੀ ਆਪਣੇ ਕੋਲ ਸਦਾ ਹੀ ਸੰਭਾਲ ਰੱਖੀ ਸੀ। ਇਮਰੋਜ਼ ਨੇ ਤਾਂ ਅੰਮ੍ਰਿਤਾ ਪ੍ਰੀਤਮ ਦੇ ਹੌਜ਼ ਖਾਸ ਵਾਲੇ ਘਰ ਦੀਆਂ ਫੱਟੀਆਂ ਤੇ ਦਰਵਾਜ਼ੇ ਹੀ ਨਹੀਂ ਕੰਧਾਂ ਉਤੇ ਵੀ ਅੰਮ੍ਰਿਤਾ ਦੀਆਂ ਨਜ਼ਮਾਂ ਆਪਣੀ ਕਲਾਕਾਰੀ ਹੱਥ-ਲਿਖਤ ਨਾਲ ਲਿਖ ਛੱਡੀਆਂ ਸਨ।

ਅੰਮ੍ਰਿਤਾ ਪ੍ਰੀਤਮ ਤੇ ਸਾਹਿਰ ਲੁਧਿਆਣਵੀ ਦੀ ਸੰਗਤ ਨੂੰ ਅਸੀਂ ਪਲ ਦੋ ਪਲ ਦੀ ਸੰਗਤ ਕਹਿ ਸਕਦੇ ਹਾਂ। ਸਾਹਿਰ ਦੀ ਹੇਠ ਲਿਖੀ ਨਜ਼ਮ ਵਰਗੀ,

ਮੈਂ ਪਲ ਦੋ ਪਲ ਕਾ ਸ਼ਾਇਰ ਹੂੰ,
ਪਲ ਦੋ ਪਲ ਮੇਰੀ ਕਹਾਨੀ ਹੈ।
ਪਲ ਦੋ ਪਲ ਮੇਰੀ ਹਸਤੀ ਹੈ,
ਪਲ ਦੋ ਪਲ ਮੇਰੀ ਜਵਾਨੀ ਹੈ।
ਪਲ ਦੋ ਪਲ ਮੈਂ ਕੁੱਛ ਕਹਿ ਪਾਇਆ,
ਇਤਨੀ ਹੀ ਸਆਦਤ ਕਾਫੀ ਹੈ।
ਪਲ ਦੋ ਪਲ ਨੇ ਮੁਝ ਕੋ ਸੁਨਾ,
ਇਤਨੀ ਹੀ ਇਨਾਯਤ ਕਾਫੀ ਹੈ।
ਕਲ ਔਰ ਆਏਂਗੇ ਨਗਮੇ ਕੀ
ਲਿਖਤੀ ਕਲੀਆਂ ਚੁੰਨਨੇ ਵਾਲੇ।
ਮੁਝ ਸੇ ਬਿਹਤਰ ਕਹਿਨੇ ਵਾਲੇ,
ਤੁਮ ਸੇ ਬਿਹਤਰ ਸੁਨਨੇ ਵਾਲੇ।

ਸਾਹਿਰ ਲੁਧਿਆਣਵੀ 'ਅਸਾਂ ਤਾਂ ਜੋਬਨ ਰੁੱਤੇ ਮਰਨਾ' ਕਹਿਣ ਵਾਲੇ ਸ਼ਿਵ ਕੁਮਾਰ ਵਰਗਾ ਹੀ ਸੀ। ਸੁਹਣਾ ਸੁਨੱਖਾ ਤੇ ਸੋਗਮਈ ਕਵਿਤਾ ਦਾ ਰਚਨਹਾਰਾ। ਮੈਂ ਇਸ ਨੂੰ ਅੰਮ੍ਰਿਤਾ ਦੇ ਉਨ੍ਹਾਂ ਸ਼ਬਦਾਂ ਨਾਲ ਹੀ ਖਤਮ ਕਰਦਾ ਹਾਂ ਜਿਹੜੇ ਉਸ ਨੇ ਸਾਹਿਰ ਦੀ ਮੌਤ ਸਮੇਂ ਲਿਖੇ ਸਨ,

"ਮੇਰੇ ਕੋਲ ਇਕ ਪੱਤਾ ਹੈ ਜੋ (ਮੈਂ ਏਸ਼ੀਅਨ ਰਾਈਟਰਜ਼ ਕਾਨਫਰੰਸ ਤੇ ਗਈ) ਟਾਲਸਟਾਇ ਦੀ ਕਬਰ ਤੋਂ ਚੁੱਕ ਕੇ ਲਿਆਈ ਸੀ ਤੇ ਇੱਕ ਕਾਗਜ਼ ਦਾ ਗੋਲ ਟੁਕੜਾ ਜਿਸ ਦੇ ਇੱਕ ਪਾਸੇ ਛਪਿਆ ਹੋਇਆ ਹੈ-ਏਸ਼ੀਅਨ ਰਾਈਟਰਜ਼ ਕਾਨਫਰੰਸ ਅਤੇ ਦੂਜੇ ਪਾਸੇ ਹਥ ਨਾਲ ਲਿਖਿਆ ਹੋਇਆ ਹੈ-ਸਾਹਿਰ ਲੁਧਿਆਣਵੀ। ਇਹ ਉਹ ਬੈਜ ਹੈ ਜਿਹੜਾ ਹਰ ਮਹਿਮਾਨ ਨੂੰ ਦਿੱਤਾ ਜਾਂਦਾ ਹੈ। ਮੇਰੇ ਨਾਂ ਦਾ ਬੈਜ ਮੇਰੇ ਕੋਟ ਉਤੇ ਲੱਗਿਆ ਹੋਇਆ ਸੀ ਤੇ ਸਾਹਿਰ ਦਾ ਸਾਹਿਰ ਦੇ ਕੋਟ ਉਤੇ। ਸਾਹਿਰ ਨੇ ਆਪਣਾ ਬੈਜ ਉਤਾਰ ਕੇ ਮੇਰੇ ਕੋਟ ਉਤੇ ਲਾ ਦਿੱਤਾ ਤੇ ਮੇਰਾ ਉਤਾਰ ਕੇ ਆਪਣੇ ਕੋਟ ਉਤੇ। ਪਰ ਅੱਜ ਮੈਨੂੰ ਏਸ ਤਰ੍ਹਾਂ ਲੱਗ ਰਿਹਾ ਹੈ ਕਿ ਜਿਵੇਂ ਖ਼ੁਦਾ ਨੇ ਗਲਤੀ ਨਾਲ ਮੇਰੀ ਬਜਾਏ ਸਾਹਿਰ ਨੂੰ ਬੁਲਾ ਲਿਆ ਹੈ। ਵਾਰੀ ਤਾਂ ਅੰਮ੍ਰਿਤਾ ਦੀ ਸੀ ਚਲਾ ਗਿਆ ਸਾਹਿਰ। ਸ਼ਾਇਦ ਬੈਜ ਦੀ ਬਦਲੀ ਕਾਰਨ।"

ਮੈਂ ਆਪਣੇ ਇਸ ਲੇਖ ਦੀ ਬਹੁਤ ਸਾਰੀ ਸਮਗਰੀ ਸਾਹਿਰ ਤੇ ਉਸ ਦੀ ਸ਼ਖਸੀਅਤ ਵਾਲੀ ਉਸ ਪਸਤਕ ਵਿਚੋਂ ਲਈ ਹੈ ਜੋ ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ, ਨਵੀਂ ਦਿੱਲੀ ਵਾਸਤੇ ਅਮਰ ਵਰਮਾ ਦੀ ਸੰਕਲਤ ਹੈ ਤੇ ਬਲਦੇਵ ਸਿੰਘ ਬੱਦਨ ਦੀ ਅਨੁਵਾਦਤ। ਨਾਂ ਹੈ, ਮੈਂ ਪਲ ਦੋ ਪਲ ਕਾ ਸ਼ਾਇਰ ਹੂੰ। ਦੂਆ ਤੇ ਰੀਨ ਦੀ ਫਿਲਮ ਬਣੇ ਨਾ ਬਣੇ ਇਸ ਘਟਨਾਕ੍ਰਮ ਨੇ ਸਾਨੂੰ ਅੰਮ੍ਰਿਤਾ ਪ੍ਰੀਤਮ ਦਾ ਗੁਜਰਾਂਵਾਲਾ ਤੇ ਲਾਹੌਰ ਚੇਤੇ ਕਰਵਾ ਦਿੱਤਾ ਹੈ ਤੇ ਸਾਹਿਰ ਦਾ ਲੁਧਿਆਣਾ ਤੇ ਮੁੰਬਈ। ਮੈਂ ਤਾਂ ਕੇਵਲ ਏਨਾ ਹੀ ਕਹਿਣਾ ਹੈ ਕਿ ਏਥੇ ਅੰਮ੍ਰਿਤਾ ਆਸ਼ਿਕ ਹੈ ਤੇ ਸਾਹਿਰ ਮਾਸ਼ੂਕ।

**ਅੰਤਿਕਾ:** (ਕੈਫ਼ੀ ਆਜ਼ਮੀ ਦੀ ਸ਼ਰਧਾਂਜਲੀ)

ਤੁਮਹਾਰੇ ਸ਼ਹਿਰ ਮੇ ਆਏ ਹੈਂ ਹਮ,
ਸਾਹਿਰ ਕਹਾਂ ਹੋ ਤੁਮ?
ਯੇ ਰੂਪੋਸ਼ੀ ਤੁਮ੍ਹਾਰੀ ਹੈ ਸਿਤਮ,
ਸਾਹਿਰ ਕਹਾਂ ਹੋ ਤੁਮ?
ਤੁਮ੍ਹਾਰੇ ਘਰ ਮੈਂ ਹਮ ਆ ਕਰ,
ਕਭੀ ਪਿਆਸੇ ਨਾ ਜਾਏਂਗੇ,
ਉਠਾਓ ਜਾਮ ਕਰ ਲੇਂ ਹੋਂਠ ਨਮ,
ਸਾਹਿਰ ਕਹਾਂ ਹੋ ਤੁਮ?
ਪੁਰਾਨੇ ਦੋਸਤੋਂ ਸੇ ਹੋ ਗਏ
ਕਯੋਂ ਇਤਨੇ ਬੇਗਾਨੇ,
ਪੁਕਾਰੋ ਤੋ ਕਹੀਂ ਸੇ ਕਮ ਸੇ ਕਮ,
ਸਾਹਿਰ ਕਹਾਂ ਹੋ ਤੁਮ?
ਮੇਰੀ ਨਜ਼ਰੋਂ ਮੇਂ ਮੇਰੇ ਦੋਸਤ,
ਇਕ ਮੰਦਿਰ ਹੈ ਲੁਧਿਆਨਾ,
ਯੇ ਮੰਦਿਰ ਔਰ ਤੁਮ ਇਸਕੇ ਸਨਮ,
ਸਾਹਿਰ ਕਹਾਂ ਹੋ ਤੁਮ?

# ਭਾਰਤੀ ਸਿਆਸਤ ’ਚ ਕੰਡੇ ਨਾਲ ਕੰਡਾ ਕੱਢਣ ਦਾ ਵਰਤਾਰਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪ੍ਰਿਅੰਕਾ ਗਾਂਧੀ ਰਾਜਨੀਤੀ ਵਿਚ ਆਵੇਗੀ ਜਾਂ ਨਹੀਂ, ਇਸ ਬਾਰੇ ਵਾਧੂ ਦੀ ਬਹਿਸ ਚੱਲ ਰਹੀ ਹੈ, ਕਿਉਂਕਿ ਨਾ ਉਹ ਖੁਦ ਏਦਾਂ ਦਾ ਸੰਕੇਤ ਦਿੰਦੀ ਹੈ ਤੇ ਨਾ ਪਰਿਵਾਰ ਜਾਂ ਪਾਰਟੀ ਨੇ ਦਿੱਤਾ ਹੈ। ਜਗਮੀਤ ਸਿੰਘ ਬਰਾੜ ਨੇ ਕਹਿ ਦਿੱਤਾ ਕਿ ਕਾਂਗਰਸ ਪਾਰਟੀ ਦੇ ਹੇਠਲੇ ਵਰਕਰਾਂ ਨਾਲ ਕੁੱਤਿਆਂ ਵਰਗਾ ਵਿਹਾਰ ਕੀਤਾ ਜਾਂਦਾ ਹੈ। ਜਿਨ੍ਹਾਂ ਵਰਕਰਾਂ ਨਾਲ ਇਹ ਵਿਹਾਰ ਹੁੰਦਾ ਹੈ, ਜਿੰਨੀ ਦੇਰ ਉਨ੍ਹਾਂ ਨੂੰ ਇਹ ਵਿਹਾਰ ਪ੍ਰਵਾਨ ਹੈ, ਕਿਸੇ ਹੋਰ ਨੂੰ ਦਖਲ ਦੇਣ ਦੀ ਲੋੜ ਨਹੀਂ। ਸਾਲਾਂ-ਬੱਧੀ ਇਕੱਠੇ ਰਹੇ ਪੰਜਾਬ ਤੇ ਹਰਿਆਣੇ ਦੇ ਅਕਾਲੀਆਂ ਦੀ ਗੋਲਕ-ਜੰਗ ਗੁਰਦੁਆਰਿਆਂ ਵਿਚੋਂ ਨਿਕਲ ਕੇ ਸਭ ਤੋਂ ਵੱਡੀ ਅਦਾਲਤ ਤੱਕ ਪਹੁੰਚਣ ਨਾਲ ਬਾਦਲ ਅਕਾਲੀ ਦਲ ਨੂੰ ਪਹਿਲੀ ਹਾਰ ਹੋ ਗਈ ਹੈ। ਉਸ ਨੂੰ ਹਰਿਆਣਾ ਕਮੇਟੀ ਦੇ ਪ੍ਰਬੰਧ ਹੇਠ ਆ ਗਏ ਕੁਝ ਗੁਰਦੁਆਰਿਆਂ ਤੋਂ ਆਪਣੇ ਬੰਦੇ ਵਾਪਸ ਸੱਦਣੇ ਪੈ ਗਏ ਹਨ। ਅਗਲੀ ਹਾਰ ਉਨ੍ਹਾਂ ਦੀ ਅਦਾਲਤ ਵਿਚ ਹੋ ਸਕਦੀ ਹੈ, ਕਿਉਂਕਿ ਕਾਨੂੰਨੀ ਨੁਕਤੇ ਬਾਦਲ ਦਲ ਦਾ ਪੱਖ ਨਹੀਂ ਪੂਰ ਰਹੇ। ਅਗਲੇ ਦਿਨੀਂ ਬਾਦਲ ਅਕਾਲੀ ਦਲ ਦੇ ਆਗੂ ਇੱਕੋ ਪਾਰਟੀ ਦੇ ਦੋ ਸੰਵਿਧਾਨ ਰੱਖਣ ਦੇ ਕੇਸ ਵਿਚ ਵੀ ਰੁੱਝ ਸਕਦੇ ਹਨ। ਇਹ ਸਾਰੇ ਮਾਮਲੇ ਉਹ ਹਨ, ਜਿਹੜੇ ਇਸ ਹਫਤੇ ਦੀ ਭਖਵੀਂ ਬਹਿਸ ਦਾ ਸਭ ਤੋਂ ਵੱਡਾ ਮੁੱਦਾ ਨਹੀਂ ਕਹੇ ਜਾ ਸਕਦੇ।

ਜਿਹੜਾ ਮੁੱਦਾ ਬਾਕੀ ਸਾਰਿਆਂ ਨੂੰ ਪਾਸੇ ਕਰ ਕੇ ਵੱਡੇ ਮਹੱਤਵ ਦਾ ਬਣ ਗਿਆ, ਉਹ ਗਵਰਨਰ ਦੇ ਅਹੁਦੇ ਤੋਂ ਹਟਾ ਦਿੱਤੀ ਗਈ ਬੀਬੀ ਕਮਲਾ ਬੇਨੀਵਾਲ ਦਾ ਹੈ। ਉਸ ਦੇ ਬਰਖਾਸਤ ਕੀਤੇ ਜਾਣ ਨੂੰ ਉਹ ਲੋਕ ਵੀ ਗਲਤ ਆਖਦੇ ਹਨ, ਜਿਹੜੇ ਉਂਜ ਇਹ ਕਹਿੰਦੇ ਹਨ ਕਿ ਬਿਨਾਂ ਕਿਸੇ ਕੰਮ ਤੋਂ ਫੋਕੇ ਟੌਹਰ ਜਾਂ ਕੇਂਦਰ ਵੱਲੋਂ ਦਖਲ-ਅੰਦਾਜ਼ੀ ਦਾ ਸੰਦ ਬਣਨ ਵਾਲੇ ਗਵਰਨਰ ਚਿੱਟੇ ਹਾਥੀ ਹੁੰਦੇ ਹਨ, ਇਹ ਅਹੁਦਾ ਖਤਮ ਕਰ ਦੇਣਾ ਚਾਹੀਦਾ ਹੈ। ਅਸੂਲੀ ਪੱਖੋਂ ਉਨ੍ਹਾਂ ਦੀ ਇਹ ਧਾਰਨਾ ਠੀਕ ਹੈ, ਪਰ ਜਿੰਨਾ ਚਿਰ ਇਹ ਅਹੁਦਾ ਕਾਇਮ ਹੈ, ਓਨੀ ਦੇਰ ਇਸ ਨਾਲ ਜੁੜੇ ਲੋਕਾਂ ਦੇ ਨਿਯੁਕਤ ਜਾਂ ਬਰਖਾਸਤ ਕੀਤੇ ਜਾਣ ਦਾ ਵਿਵਾਦ ਟਾਲਿਆ ਨਹੀਂ ਜਾ ਸਕਦਾ। ਇਸ ਮਾਮਲੇ ਵਿਚ ਕੁਝ ਦਲੀਲਾਂ ਨੇਮ-ਕਾਨੂੰਨ ਦੇ ਆਧਾਰ ਉਤੇ ਦਿੱਤੀਆਂ ਜਾਂਦੀਆਂ ਹਨ, ਕੁਝ ਰਵਾਇਤ ਦੇ ਆਧਾਰ ਉਤੇ, ਪਰ ਬਹੁਤੀਆਂ ਦਲੀਲਾਂ ਇਸ ਨਿਯੁਕਤੀ ਵਿਚ ਆਪਣੇ ਜਾਂ ਪਰਾਏ ਰਾਜਨੀਤਕ ਪੱਖ ਦੇ ਆਧਾਰ ਉਤੇ ਦੇਣ ਦਾ ਰਿਵਾਜ ਪੈ ਗਿਆ ਹੈ।

ਕਮਲਾ ਬੇਨੀਵਾਲ ਇੱਕ ਵਿਅਕਤੀ ਹੁੰਦੀ ਹੋਈ ਇੱਕ ਵਰਤਾਰੇ ਦਾ ਹਿੱਸਾ ਵੀ ਹੈ, ਜਿਸ ਦਾ ਲਾਭ ਉਸ ਵਰਗੇ ਕਈ ਲੋਕਾਂ ਨੇ ਲਿਆ ਤੇ ਜਾਣ ਲੱਗੇ ਅਹੁਦੇ ਬਾਰੇ ਵੀ ਤੇ ਆਪਣੇ ਨਿੱਜ ਬਾਰੇ ਵੀ ਏਡਾ ਖਿਲਾਰਾ ਛੱਡ ਕੇ ਗਏ ਕਿ ਉਸ ਦੀ ਚਰਚਾ ਸਾਲਾਂ-ਬੱਧੀ ਕੀਤੀ ਜਾ ਸਕਦੀ ਹੈ। ਇਸ ਤੋਂ ਪਹਿਲਾਂ ਇੱਕ ਬੀਬੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਸ਼ੇਖਾਵਤ ਨੂੰ ਜਦੋਂ ਭਾਰਤ ਦੇ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਬਣਾਇਆ ਗਿਆ ਤਾਂ ਉਸ ਬੀਬੀ ਬਾਰੇ ਵੀ ਏਨਾ ਕੁਝ ਬਾਹਰ ਆ ਗਿਆ ਸੀ ਕਿ ਉਸ ਨੂੰ ਉਮੀਦਵਾਰ ਬਣਾਉਣ ਵਾਲੇ ਪਛਤਾ ਹੀ ਸਕਦੇ ਸਨ, ਚੋਣ ਤੋਂ ਹਟਾਉਣ ਦਾ ਵਕਤ ਲੰਘ ਚੁੱਕਾ ਸੀ। ਕਈ ਦੋਸ਼ਾਂ ਵਿਚ ਘਿਰੀ ਹੋਈ ਉਹ ਬੀਬੀ ਜਦੋਂ ਰਿਟਾਇਰ ਹੋ ਕੇ ਗਈ ਤਾਂ ਜਾਣ ਲੱਗੀ ਵੀ ਵਿਵਾਦਾਂ ਦੀ ਨਵੀਂ ਪੰਡ ਬੰਨ੍ਹ ਗਈ ਸੀ। ਬੀਬੀ ਕਮਲਾ ਬੇਨੀਵਾਲ ਦਾ ਰਾਜਸੀ ਜੀਵਨ ਵੀ ਏਦਾਂ ਦਾ ਹੀ ਹੈ। ਇਸ ਨੂੰ ਅਹੁਦਾ ਛੱਡਣ ਵਾਸਤੇ ਮਾਨਸਿਕ ਤੌਰ ਉਤੇ ਤਿਆਰ ਨਾ ਹੋਣ ਦਾ ਖਮਿਆਜ਼ਾ ਭੁਗਤਣਾ ਪਿਆ ਹੈ।


ਬੀਬੀ ਕਮਲਾ ਬੇਨੀਵਾਲ ਨੂੰ ਗੁਜਰਾਤ ਦੀ ਗਵਰਨਰ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਲਾਇਆ ਸੀ ਤੇ ਜਿੰਨਾ ਚਿਰ ਉਸ ਰਾਜ ਵਿਚ ਮੁੱਖ ਮੰਤਰੀ ਨਰਿੰਦਰ ਮੋਦੀ ਦਾ ਰਾਜ ਰਿਹਾ, ਦੋਵਾਂ ਵਿਚ ਖਿੱਚੋਤਾਣ ਕਦੇ ਘਟੀ ਨਹੀਂ ਸੀ। ਲੱਗਭੱਗ ਹਰ ਮਾਮਲੇ ਵਿਚ ਦੋਵਾਂ ਦੀ ਵੱਖੋ-ਵੱਖ ਰਾਜਨੀਤੀ ਹੁੰਦੀ ਸੀ। ਬਿਨਾਂ ਸ਼ੱਕ ਬਹੁਤੇ ਮਾਮਲਿਆਂ ਵਿਚ ਮੁੱਖ ਮੰਤਰੀ ਮੋਦੀ ਨਿਯਮਾਂ ਨੂੰ ਟਿੱਚ ਜਾਣਦਾ ਹੋਣ ਕਰ ਕੇ ਟਕਰਾਅ ਹੁੰਦਾ ਸੀ, ਜਿਨ੍ਹਾਂ ਵਿਚੋਂ ਲੋਕਪਾਲ ਦਾ ਮਾਮਲਾ ਹਾਈ ਕੋਰਟ ਤੇ ਸੁਪਰੀਮ ਕੋਰਟ ਵੀ ਗਿਆ ਸੀ ਤੇ ਹਰ ਥਾਂ ਨਰਿੰਦਰ ਮੋਦੀ ਦੀ ਹਾਰ ਹੋਈ ਸੀ, ਪਰ ਗੱਲ ਉਦੋਂ ਹੁੰਦੇ ਰਹੇ ਟਕਰਾਅ ਦੀ ਨਹੀਂ, ਬਦਲ ਚੁੱਕੇ ਹਾਲਾਤ ਨੂੰ ਸਮਝਣ ਦੀ ਸੀ। ਬੀਬੀ ਕਮਲਾ ਬੇਨੀਵਾਲ ਇਸ ਨੂੰ ਸਮਝ ਨਹੀਂ ਸਕੀ। ਜੇ ਸਮਝ ਗਈ ਹੁੰਦੀ ਤਾਂ ਮੋਦੀ ਦੇ ਪ੍ਰਧਾਨ ਮੰਤਰੀ ਬਣਦੇ ਸਾਰ ਅਸਤੀਫਾ ਦੇ ਜਾਂਦੀ। ਉਸ ਵਕਤ ਜੇ ਸ਼ਸ਼ੋਪੰਜ ਵਿਚੋਂ ਨਹੀਂ ਸੀ ਨਿਕਲ ਸਕੀ ਤਾਂ ਜਦੋਂ ਉਸ ਨੂੰ ਗੁਜਰਾਤ ਵਰਗੇ ਛੱਬੀ ਪਾਰਲੀਮੈਂਟ ਸੀਟਾਂ ਵਾਲੇ ਰਾਜ ਦੀ ਥਾਂ ਸਿਰਫ ਇੱਕ ਸੀਟ ਵਾਲੇ ਛੋਟੇ ਜਿਹੇ ਰਾਜ ਮੀਜ਼ੋਰਮ ਦੀ ਗਵਰਨਰ ਬਣਾਇਆ ਗਿਆ ਸੀ, ਉਦੋਂ ਸਮਝ ਜਾਂਦੀ ਕਿ ਕੇਂਦਰ ਦੀ ਨਵੀਂ ਸਰਕਾਰ ਉਸ ਦੀ ਬੇਇੱਜ਼ਤੀ ਕਰਨ ਦਾ ਮਨ ਬਣਾ ਚੁੱਕੀ ਹੈ ਤੇ ਹੁਣ ਤੁਰ ਜਾਣਾ ਚਾਹੀਦਾ ਹੈ। ਬੀਬੀ ਫਿਰ ਵੀ ਅਹੁਦੇ ਦਾ ਮੋਹ ਨਹੀਂ ਛੱਡ ਸਕੀ, ਹਾਲਾਂਕਿ ਇਸ ਗਵਰਨਰੀ ਤੋਂ ਉਂਜ ਵੀ ਮਸਾਂ ਚਾਰ ਹੋਰ ਮਹੀਨਿਆਂ ਤੱਕ ਮਿਆਦ ਮੁੱਕਣ ਕਾਰਨ ਉਸ ਨੂੰ ਵਿਹਲੇ ਹੋਣਾ ਪੈਣਾ ਸੀ। ਏਨਾ ਹੌਸਲਾ ਕਰਦੀ ਤਾਂ ਹੁਣ ਵਾਂਗ ਬੇਆਬਰੂ ਹੋਣ ਤੋਂ ਬਚ ਜਾਂਦੀ। ਸਰਕਾਰ ਬਦਲਣ ਦੇ ਬਾਅਦ ਦੋ ਗਵਰਨਰਾਂ ਨੇ ਅਸਤੀਫੇ ਦੇ ਦਿੱਤੇ ਸਨ, ਦੋਂਹ ਹੋਰਨਾਂ ਮਗਰ ਜਦੋਂ ਸੀ ਬੀ ਆਈ ਟੀਮਾਂ ਨੂੰ ਬਿਆਨ ਲਿਖਣ ਭੇਜ ਦਿੱਤਾ ਗਿਆ, ਉਹ ਉਦੋਂ ਛੱਡ ਗਏ ਤੇ ਜਿਹੜੇ ਅੜੇ ਰਹੇ ਸਨ, ਉਨ੍ਹਾਂ ਦੀ ਵਾਰੀ ਹੁਣ ਆ ਗਈ। ਇਸ ਬੀਬੀ ਨੇ ਅੱਜ ਤੋਂ ਸੱਠ ਸਾਲ ਪਹਿਲਾਂ ਸਤਾਈ ਸਾਲ ਦੀ ਉਮਰੇ ਰਾਜਸਥਾਨ ਦੀ ਮੰਤਰੀ ਬਣ ਕੇ ਰਾਜ ਮਾਣਨਾ ਸ਼ੁਰੂ ਕੀਤਾ ਤੇ ਸਾਰੀ ਉਮਰ ਮਾਣਦੀ ਰਹੀ, ਹੁਣ ਸਤਾਸੀ ਸਾਲ ਦੀ ਉਮਰੇ ਵੀ ਰਾਜ ਦਾ ਲਾਲਚ ਨਹੀਂ ਛੱਡ ਸਕੀ ਤਾਂ ਜਿਹੜੀ ਪਾਣੀਉਂ ਪਤਲੀ ਹਾਲਤ ਉਸ ਦੀ ਹੋਈ ਹੈ, ਉਸ ਦੇ ਲਈ ਬਹੁਤੀ ਹੱਦ ਤੱਕ ਉਹ ਖੁਦ ਜ਼ਿੰਮੇਵਾਰ ਹੈ।

ਅਸੀਂ ਪਹਿਲਾਂ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਬੀਬੀ ਪ੍ਰਤਿਭਾ ਦੇਵੀ ਦੇ ਆਪਣੇ ਅਤੇ ਪਰਿਵਾਰ ਨਾਲ ਜੁੜੇ ਸਕੈਂਡਲਾਂ ਤੇ ਜੁਰਮਾਂ ਦਾ ਜ਼ਿਕਰ ਉਸ ਦੇ ਰਾਸ਼ਟਰਪਤੀ ਉਮੀਦਵਾਰ ਬਣਨ ਮੌਕੇ ਆਇਆ ਸੀ। ਕਮਲਾ ਬੇਨੀਵਾਲ ਬਾਰੇ ਵੀ ਇਹੋ ਜਿਹੇ ਦੱਬੇ ਹੋਏ ਕਿੱਸੇ ਸਾਹਮਣੇ ਆ ਰਹੇ ਹਨ ਕਿ ਉਸ ਦੇ ਹਮਾਇਤੀ ਵੀ ਸ਼ਾਇਦ ਬਹੁਤਾ ਚਿਰ ਉਸ ਦਾ ਸਾਥ ਨਹੀਂ ਦੇ ਸਕਣਗੇ। ਸਭ ਤੋਂ ਵੱਡਾ ਸਕੈਂਡਲ ਤਾਂ ਜ਼ਮੀਨ ਦਾ ਹੈ। ਇੱਕ ਸੁਸਾਇਟੀ ਦੀ ਜ਼ਮੀਨ ਨੂੰ ਰਾਜਸਥਾਨ ਸਰਕਾਰ ਨੇ ਐਕੁਆਇਰ ਕੀਤਾ ਤੇ ਸੁਸਾਇਟੀ ਦੇ ਮੈਂਬਰਾਂ ਨੂੰ ਵਿਚਾਰੇ ਕਿਰਤ ਕਰਨ ਵਾਲੇ ਲੋਕ ਮੰਨ ਕੇ ਪਲਾਟ ਅਤੇ ਫਲੈਟ ਦੇਣੇ ਮੰਨ ਲਏ, ਪਰ ਸ਼ਰਤ ਇਹ ਲਾ ਦਿੱਤੀ ਕਿ ਉਹ ਸਾਰੇ ਕਿਰਤ ਕਰਨ ਵਾਲੇ ਲੋਕ ਹੀ ਹੋਣ। ਗੁਜਰਾਤ ਦੀ ਗਵਰਨਰ ਲੱਗੀ ਹੋਈ ਕਮਲਾ ਬੇਨੀਵਾਲ ਦਾ ਨਾਂ ਉਨ੍ਹਾਂ ‘ਕਿਰਤੀ’ ਲੋਕਾਂ ਵਿਚ ਦਰਜ ਹੈ, ਜਿਹੜੇ ਰੋਜ਼ ਪਿੰਡ ਵਿਚ ਪੰਦਰਾਂ-ਸੋਲਾਂ ਘੰਟੇ ਕਿਰਤ ਕਰਦੇ ਦੱਸੇ ਗਏ ਹਨ। ਜਦੋਂ ਬੀਬੀ ਬੇਨੀਵਾਲ ਗੁਜਰਾਤ ਵਰਗੇ ਰਾਜ ਦੀ ਗਵਰਨਰ ਵਜੋਂ ਰਾਜ-ਭਵਨ ਵਿਚ ਰਹਿੰਦੀ ਸੀ, ਕਾਗਜ਼ਾਂ ਵਿਚ ਉਹ ਆਪਣੇ ਪਿੰਡ ਵਿਚ ਕਿਰਤ ਕਰਦੀ ਲਿਖੀ ਜਾਂਦੀ ਸੀ, ਜਿਸ ਬਾਰੇ ਉਸ ਦਾ ਖਿਆਲ ਸੀ ਕਿ ਕਿਸੇ ਨੂੰ ਪਤਾ ਨਹੀਂ ਲੱਗਣਾ। ਇਹ ਇੱਕੋ ਸਕੈਂਡਲ ਹੁਣ ਉਸ ਦੇ ਗਲੋਂ ਨਹੀਂ ਲੱਥਣਾ।

ਸਬੰਧਤ ਵਿਅਕਤੀਆਂ ਦੇ ਨਿੱਜ ਨੂੰ ਲਾਂਭੇ ਰੱਖਦੇ ਹੋਏ ਅਗਲਾ ਮੁੱਦਾ ਹੈ ਰਾਜਸੀ ਚਾਂਦਮਾਰੀ ਦਾ। ਕਾਂਗਰਸ ਦੀ ਲੀਡਰਸ਼ਿਪ, ਅਤੇ ਕੁਝ ਹੋਰ ਧਿਰਾਂ ਵਾਲੇ ਵੀ, ਇਹ ਕਹਿੰਦੇ ਹਨ ਕਿ ਇਸ ਤਰ੍ਹਾਂ ਗਵਰਨਰਾਂ ਨੂੰ ਬਰਖਾਸਤ ਕਰਨ ਦਾ ਢੰਗ ਇਸ ਸੰਵਿਧਾਨਕ ਅਹੁਦੇ ਦੀ ਸ਼ਾਨ ਨੂੰ ਢਾਹ ਲਾਉਣ ਵਾਲਾ ਕਦਮ ਹੈ। ਕਿਹੜੀ ਸ਼ਾਨ? ਜਿਹੜੇ ਗਵਰਨਰ ਕੇਂਦਰ ਦੀ ਸਰਕਾਰ ਦੇ ਕੁਹਾੜੇ ਦਾ ਕੰਮ ਕਰਨ ਵਾਸਤੇ ਰੱਖੇ ਹੋਏ ਹਨ ਤੇ ਇਸ ਅਹੁਦੇ ਉਤੇ ਹੁੰਦੇ ਹੋਏ ਸਿਰਫ ਐਸ਼ ਕਰਦੇ ਹਨ, ਸ਼ਾਨ ਰੱਖਣ ਦੀ ਥਾਂ ਉਨ੍ਹਾਂ ਤੋਂ ਨਵੇਂ ਹਾਕਮਾਂ ਨਾਲ ਵੀ ਉਵੇਂ ਹੀ ਨਿਭਣ ਨੂੰ ਤਿਆਰ ਹੋਣ ਦੀ ਆਸ ਰੱਖੀ ਜਾਂਦੀ ਹੈ, ਜਿਵੇਂ ਉਹ ਪਹਿਲਿਆਂ ਦੀ ਖਿਦਮਤ ਕਰਦੇ ਰਹੇ ਸਨ। ਹਰ ਸਰਕਾਰ ਉਨ੍ਹਾਂ ਤੋਂ ਇਹੋ ਚਾਹੁੰਦੀ ਹੈ। ਜਿਹੜਾ ਆਪਣੇ ਆਪ ਨੂੰ ਬਦਲੀ ਹੋਈ ਭੂਮਿਕਾ ਲਈ ਤਿਆਰ ਨਹੀਂ ਕਰ ਸਕਦਾ, ਉਸ ਨੂੰ ਬਿਸਤਰਾ ਚੁੱਕ ਕੇ ਤੁਰ ਜਾਣ ਨੂੰ ਕਹਿਣਾ ਵੀ ਆਮ ਗੱਲ ਹੈ। ਦਸ ਸਾਲ ਪਹਿਲਾਂ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਵੀ ਇਹੋ ਕੀਤਾ ਸੀ। ਉਦੋਂ ਭਾਜਪਾ ਦੇ ਲੀਡਰ ਬੜੇ ਤੜਫੇ ਸਨ ਤੇ ਸੁਪਰੀਮ ਕੋਰਟ ਵੀ ਗਏ ਸਨ, ਜਿੱਥੋਂ ਇਸ ਸਬੰਧ ਵਿਚ ਕੁਝ ਸੇਧਾਂ ਦਿੱਤੀਆਂ ਗਈਆਂ ਸਨ। ਅੱਜ ਉਹੋ ਭਾਜਪਾ ਵਾਲੇ ਉਹੋ ਸੇਧਾਂ ਪੜ੍ਹ ਕੇ ਵੇਖਣ ਨੂੰ ਤਿਆਰ ਨਹੀਂ ਤੇ ਜਿਹੜੇ ਕਾਂਗਰਸੀ ਉਦੋਂ ਗਵਰਨਰਾਂ ਦੀ ਬਰਖਾਸਤਗੀ ਨੂੰ ਜਾਇਜ਼ ਠਹਿਰਾਉਣ ਲੱਗੇ ਹੋਏ ਸਨ, ਉਹ ਅੱਜ ਅਸੂਲਾਂ ਦਾ ਪਾਠ ਪੜ੍ਹਾਉਣ ਵਾਸਤੇ ਲੱਕ ਬੰਨ੍ਹੀ ਖੜ੍ਹੇ ਹਨ। ਕਾਂਗਰਸੀਆਂ ਦਾ ਬਣਾਇਆ ਰਾਸ਼ਟਰਪਤੀ ਪ੍ਰਣਬ ਮੁਖਰਜੀ ਹੁਣ ਮੌਕੇ ਦੀ ਸਰਕਾਰ ਦਾ ਫੈਸਲਾ ਰੋਕਣ ਦੀ ਥਾਂ ਉਸ ਦੇ ਭੇਜੇ ਕਾਗਜ਼ਾਂ ਉਤੇ ਫਟਾਫਟ ਦਸਖਤ ਕਰ ਰਿਹਾ ਹੈ। ਸੰਵਿਧਾਨ ਦੇ ਮਾਹਰ ਕਹਿੰਦੇ ਹਨ ਕਿ ਰਾਸ਼ਟਰਪਤੀ ਇਸ ਵਿਚ ਅੜਿੱਕਾ ਨਹੀਂ ਬਣ ਸਕਦਾ। ਬਣ ਕਿਉਂ ਨਹੀਂ ਸਕਦਾ, ਬਣਨ ਵਾਲੇ ਬਣ ਜਾਂਦੇ ਰਹੇ ਹਨ। ਸ਼ੰਕਰ ਦਿਆਲ ਸ਼ਰਮਾ ਨੂੰ ਕਾਂਗਰਸ ਪਾਰਟੀ ਨੇ ਰਾਸ਼ਟਰਪਤੀ ਬਣਾਇਆ ਸੀ ਤੇ ਕਾਂਗਰਸ ਦੀ ਸਰਕਾਰ ਨੇ ਹੀ ਜਦੋਂ ਇੱਕ ਗਵਰਨਰ ਨੂੰ ਕੱਢਣ ਲਈ ਕਿਹਾ ਤਾਂ ਉਸ ਨੇ ਇਸ ਬਾਰੇ ਵਿਚ ਇਹੋ ਜਿਹੇ ਸਪੱਸ਼ਟੀਕਰਨ ਮੰਗਣ ਦਾ ਰਾਹ ਫੜ ਲਿਆ ਸੀ ਕਿ ਉਸ ਮੌਕੇ ਦੇ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਨੂੰ ਪੈਰ ਪਿੱਛੇ ਖਿੱਚਣੇ ਪੈ ਗਏ ਸਨ।

ਗਵਰਨਰਾਂ ਦੀਆਂ ਬਰਖਾਸਤਗੀਆਂ ਤੋਂ ਵੱਡੀ ਬਹਿਸ ਉਨ੍ਹਾਂ ਤੋਂ ਕਰਵਾਏ ਜਾਂਦੇ ਗੈਰ-ਅਸੂਲੀ ਕੰਮਾਂ ਦੀ ਹੋਣੀ ਚਾਹੀਦੀ ਹੈ, ਪਰ ਉਸ ਬਾਰੇ ਕੋਈ ਬਹੁਤੀ ਚਿੰਤਾ ਨਹੀਂ ਕਰਦਾ। ਜਦੋਂ ਲੋਕ ਇਸ ਦੀ ਚਰਚਾ ਕਰਨਗੇ ਤਾਂ ਇਸ ਖੇਡ ਦੀ ਜੜ੍ਹ ਦਾ ਜ਼ਿਕਰ ਕੇਰਲਾ ਤੋਂ ਸ਼ੁਰੂ ਹੋਵੇਗਾ। ਆਜ਼ਾਦੀ ਦੇ ਸਿਰਫ ਦਸ ਸਾਲ ਪਿੱਛੋਂ ਦੇਸ਼ ਦੀ ਪਹਿਲੀ ਗੈਰ ਕਾਂਗਰਸੀ ਸਰਕਾਰ ਕੇਰਲਾ ਵਿਚ ਸਾਂਝੀ ਕਮਿਊਨਿਸਟ ਪਾਰਟੀ ਦੇ ਲੀਡਰ ਈ ਐਮ ਐਸ ਨੰਬੂਦਰੀਪਾਦ ਦੇ ਮੁੱਖ ਮੰਤਰੀ ਬਣਨ ਨਾਲ ਬਣੀ ਸੀ। ਉਸ ਵੇਲੇ ਗਵਰਨਰ ਉਥੇ ਬੁਰਗਲਾ ਰਾਮਾਕ੍ਰਿਸ਼ਨਾ ਰਾਓ ਸੀ, ਜਿਹੜਾ ਨਿਜ਼ਾਮ ਹੈਦਰਾਬਾਦ ਵਿਰੁਧ ਸੰਘਰਸ਼ ਵਿਚ ਕਮਿਊਨਿਸਟਾਂ ਦਾ ਸਾਥੀ ਰਹਿ ਚੁੱਕਾ ਸੀ, ਪਰ ਕਾਂਗਰਸ ਦੀ ਉਦੋਂ ਦੀ ਪ੍ਰਧਾਨ ਇੰਦਰਾ ਗਾਂਧੀ ਨੇ ਉਸ ਨੂੰ ਇਹ ਕਮਿਊਨਿਸਟ ਸਰਕਾਰ ਤੋੜਨ ਲਈ ਮਜਬੂਰ ਕਰ ਦਿੱਤਾ ਸੀ। ਸੋਵੀਅਤ ਯੂਨੀਅਨ ਦੇ ਨੇੜੇ ਲੱਗਣ ਪਿੱਛੋਂ ਅਮਰੀਕਾ ਦੀ ਵਿਰੋਧੀ ਵਜੋਂ ਮਸ਼ਹੂਰ ਹੋ ਗਈ ਇੰਦਰਾ ਗਾਂਧੀ ਉਦੋਂ ਤੱਕ ਅਮਰੀਕਾ ਦੇ ਹਰ ਇਸ਼ਾਰੇ ਮੁਤਾਬਕ ਚੱਲਣ ਨੂੰ ਤਿਆਰ ਸੀ ਤੇ ਕੇਰਲਾ ਦੀ ਨੰਬੂਦਰੀਪਾਦ ਸਰਕਾਰ ਅਮਰੀਕਾ ਦੇ ਕਹੇ ਉਤੇ ਤੋੜੀ ਗਈ ਸੀ। ਅਮਰੀਕੀ ਖੁਫੀਆ ਏਜੰਸੀ ਸੀ ਆਈ ਏ ਬਾਰੇ ਬਾਅਦ ਵਿਚ ਜ਼ਾਹਰ ਹੋਏ ਕਈ ਦਸਤਾਵੇਜ਼ ਇਹ ਪ੍ਰੋੜ੍ਹਤਾ ਕਰਦੇ ਹਨ ਕਿ ਉਸ ਵੇਲੇ ਇਹ ਸਰਕਾਰ ਤੋੜਨਾ ਅਮਰੀਕਾ ਦੀ ਪ੍ਰਮੁੱਖ ਇੱਛਾ ਦਾ ਹਿੱਸਾ ਸੀ। ਉਦੋਂ ਦੇ ਭਾਰਤ ਵਿਚ ਅਮਰੀਕੀ ਰਾਜਦੂਤ ਐਲਸਵਰਥ ਬੰਕਰ ਨੇ ਆਪਣੀ ਜੀਵਨੀ ਵਿਚ ਲਿਖਿਆ ਹੈ ਕਿ ਕੇਰਲਾ ਦੇ ਚੋਣ ਨਤੀਜੇ ਨੇ ਅਮਰੀਕਾ ਵਿਚ ਖਤਰੇ ਦੀ ਘੰਟੀ ਵਜਾ ਦਿੱਤੀ ਸੀ ਤੇ ਇਸ ਦੇ ਬਾਅਦ ਕਾਂਗਰਸ ਤੇ ਹੋਰ ਪਾਰਟੀਆਂ ਵਿਚਲੇ ਕੁਝ ਗਰੁਪਾਂ ਦੀ ਮਦਦ ਨਾਲ ਇਸ ਸਰਕਾਰ ਨੂੰ ਤੋੜਨ ਦਾ ‘ਅਪਰੇਸ਼ਨ’ ਸਿਰੇ ਚਾੜ੍ਹਿਆ ਸੀ। ਜਦੋਂ ਗਵਰਨਰ ਦੇ ਰਾਹੀਂ ਇਹ ‘ਅਪਰੇਸ਼ਨ’ ਸਿਰੇ ਚਾੜ੍ਹਿਆ ਗਿਆ ਤਾਂ ਜਿਹੜੇ ਹੋਰ ਗਰੁਪਾਂ ਨੇ ਕਾਂਗਰਸ ਦੀ ਪ੍ਰਧਾਨ ਇੰਦਰਾ ਗਾਂਧੀ ਦੀ ਇਸ ਕਾਰਵਾਈ ਦਾ ਸਵਾਗਤ ਕੀਤਾ ਸੀ, ਉਨ੍ਹਾਂ ਵਿਚ ਅੱਜ ਦੀ ਭਾਰਤੀ ਜਨਤਾ ਪਾਰਟੀ ਦੇ ਉਦੋਂ ਵਾਲੇ ਰੂਪ ਜਨ ਸੰਘ ਦੇ ਆਗੂ ਵੀ ਸ਼ਾਮਲ ਸਨ।

ਕਾਂਗਰਸੀ ਹੋਣ ਜਾਂ ਭਾਜਪਾ ਵਾਲੇ, ਜਾਂ ਫਿਰ ਇਨ੍ਹਾਂ ਦੋਵਾਂ ਵਿਚੋਂ ਨਿਕਲ ਕੇ ਵੱਖੋ-ਵੱਖ ਪਾਰਟੀਆਂ ਬਣਾਈ ਬੈਠੇ ਹੋਰ ਸਿਆਸੀ ਆਗੂ, ਉਹ ਸਾਰੇ ਉਸ ਵੇਲੇ ਇੱਕ ਗਵਰਨਰ ਨੂੰ ਕਮਿਊਨਿਸਟਾਂ ਦਾ ਕੰਡਾ ਕੱਢਣ ਲਈ ਸਰਜਰੀ ਵਾਲਾ ਸੰਦ ਬਣਾਉਣ ਦੇ ਹਮਾਇਤੀ ਸਨ। ਉਦੋਂ ਤੁਰੀ ਇਹ ਖੇਡ ਹੁਣ ਹਰ ਸਰਕਾਰ ਆਪਣੇ ਸਿਆਸੀ ਵਿਰੋਧੀਆਂ ਦਾ ਕੰਡਾ ਕੱਢਣ ਨੂੰ ਖੇਡਣ ਲੱਗੀ ਹੈ। ਜਿਹੜਾ ਗਵਰਨਰ ਸੂਤ ਨਹੀਂ ਬਹਿੰਦਾ, ਉਹ ਕਾਸੇ ਜੋਗਾ ਨਹੀਂ ਰਹਿੰਦਾ। ਬੀਬੀ ਬੇਨੀਵਾਲ ਇਸ ਵਰਤਾਰੇ ਦਾ ਤਾਜ਼ਾ ਕਾਂਡ ਬਣ ਗਈ ਹੈ। ਉਹ ਇਸ ਵਰਤਾਰੇ ਦਾ ਪਹਿਲਾ ਕਾਂਡ ਨਹੀਂ ਅਤੇ ਇਸ ਦਾ ਆਖਰੀ ਕਾਂਡ ਵੀ ਸਾਬਤ ਨਹੀਂ ਹੋਣ ਲੱਗੀ। ਇਹ ‘ਰਘੂ ਕੁਲ ਰੀਤ’ ਹੁਣ ਇੰਜ ਹੀ ਚੱਲਦੀ ਰਹਿਣੀ ਹੈ।




***ਕਾਂਗਰਸੀ ਹੋਣ ਜਾਂ ਭਾਜਪਾ ਵਾਲੇ, ਜਾਂ ਫਿਰ ਇਨ੍ਹਾਂ ਦੋਵਾਂ ਵਿਚੋਂ ਨਿਕਲ ਕੇ ਵੱਖੋ-ਵੱਖ ਪਾਰਟੀਆਂ ਬਣਾਈ ਬੈਠੇ ਹੋਰ ਸਿਆਸੀ ਆਗੂ, ਉਹ ਸਾਰੇ ਉਸ ਵੇਲੇ ਇੱਕ ਗਵਰਨਰ ਨੂੰ ਕਮਿਊਨਿਸਟਾਂ ਦਾ ਕੰਡਾ ਕੱਢਣ ਲਈ ਸਰਜਰੀ ਵਾਲਾ ਸੰਦ ਬਣਾਉਣ ਦੇ ਹਮਾਇਤੀ ਸਨ। ਉਦੋਂ ਤੁਰੀ ਇਹ ਖੇਡ ਹੁਣ ਹਰ ਸਰਕਾਰ ਆਪਣੇ ਸਿਆਸੀ ਵਿਰੋਧੀਆਂ ਦਾ ਕੰਡਾ ਕੱਢਣ ਨੂੰ ਖੇਡਣ ਲੱਗੀ ਹੈ। ਜਿਹੜਾ ਗਵਰਨਰ ਸੂਤ ਨਹੀਂ ਬਹਿੰਦਾ, ਉਹ ਕਾਸੇ ਜੋਗਾ ਨਹੀਂ ਰਹਿੰਦਾ। ਬੀਬੀ ਬੇਨੀਵਾਲ ਇਸ ਵਰਤਾਰੇ ਦਾ ਤਾਜ਼ਾ ਕਾਂਡ ਬਣ ਗਈ ਹੈ।***




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ ’ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਵੱਖਰੀ ਕਮੇਟੀ: ਸੁਪਰੀਮ ਕੋਰਟ ਦੇ ਹੁਕਮਾਂ ਪਿੱਛੋਂ ਟਕਰਾਅ ਟਲਿਆ

**ਨਵੀਂ ਦਿੱਲੀ:** ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਕਮੇਟੀ (ਐਸ.ਜੀ.ਪੀ.ਸੀ.) ਨੂੰ ਗੁਰਦੁਆਰਿਆਂ ਦੇ ਪ੍ਰਬੰਧਨ ਉੱਤੇ ਕਬਜ਼ੇ ਬਾਰੇ ਸਥਿਤੀ ਜਿਉਂ ਦੀ ਤਿਉਂ ਰੱਖਣ ਦੇ ਹੁਕਮਾਂ ਪਿੱਛੋਂ ਸੂਬੇ ਵਿਚ ਜਨ ਜੀਵਨ ਪਟੜੀ 'ਤੇ ਆਉਣਾ ਸ਼ੁਰੂ ਹੋ ਗਿਆ ਹੈ। ਉਧਰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਮਾਮਲੇ ਨੂੰ ਸੁਲਝਾਉਣ ਲਈ ਤਾਲਮੇਲ ਕਮੇਟੀ ਗਠਿਤ ਕਰਨ ਦੇ ਫੈਸਲੇ ਨਾਲ ਨੇੜਲੇ ਭਵਿੱਖ ਵਿਚ ਇਹ ਵਿਵਾਦ ਸੁਲਝਣ ਦੀ ਸੰਭਾਵਨਾ ਵਧ ਗਈ ਹੈ। ਹਾਲਾਂਕਿ ਜਾਣਕਾਰ ਹਲਕਿਆਂ ਦਾ ਕਹਿਣਾ ਹੈ ਕਿ ਵੱਖਰੀ ਕਮੇਟੀ ਦੇ ਆਗੂਆਂ ਵੱਲੋਂ ਤਾਲਮੇਲ ਕਮੇਟੀ ਨੂੰ ਮੰਨਣ ਦੇ ਅਸਾਰ ਮੱਧਮ ਹਨ ਕਿਉਂਕਿ ਵੱਖਰੀ ਕਮੇਟੀ ਸੂਬੇ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਚਾਹੁੰਦੀ ਹੈ। ਉਨ੍ਹਾਂ ਨੂੰ ਜਾਪਦਾ ਹੈ ਕਿ ਤਾਲਮੇਲ ਕਮੇਟੀ ਵੀ ਸੇਵਾ ਸੰਭਾਲ ਦਿਵਾਉਣ ਵਿਚ ਮਦਦ ਨਹੀਂ ਕਰੇਗੀ। ਵੱਖਰੀ ਕਮੇਟੀ ਦੇ ਆਗੂਆਂ ਦਾ ਕਹਿਣਾ ਹੈ ਕਿ ਇਕ ਪਾਸੇ ਉਨ੍ਹਾਂ ਦੇ ਦੋ ਆਗੂਆਂ ਨੂੰ ਇਕ ਪਾਸੜ ਤੌਰ 'ਤੇ ਪੰਥ ਵਿਚੋਂ ਛੇਕ ਦਿੱਤਾ ਗਿਆ ਹੈ। ਜੇਕਰ ਸਿੰਘ ਸਾਹਿਬਾਨ ਵਾਕਿਆ ਹੀ ਮਾਹੌਲ ਨੂੰ ਸਾਜ਼ਗਾਰ ਬਣਾਉਣਾ ਚਾਹੁੰਦੇ ਹਨ ਤਾਂ ਪਹਿਲਾਂ ਪੰਥ ਵਿਚੋਂ ਛੇਕੇ ਆਗੂਆਂ ਦਾ ਸਨਮਾਨ ਬਹਾਲ ਕਰਨ।

ਸੁਪਰੀਮ ਕੋਰਟ ਦੇ ਹੁਕਮਾਂ ਨਾਲ ਜਿਥੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਧੱਕਾ ਲੱਗਾ ਹੈ, ਉਥੇ ਵੱਖਰੀ ਕਮੇਟੀ ਦੇ ਆਗੂ



ਮੰਨਦੇ ਹਨ ਕਿ ਇਸ ਫੈਸਲੇ ਨਾਲ ਤਣਾਅ ਘਟ ਕਰਨ ਵਿਚ ਮਦਦ ਮਿਲੇਗੀ। ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ। ਜੇਕਰ ਅਦਾਲਤ ਦਾ ਫੈਸਲਾ ਇਕ ਦੋ ਦਿਨ ਅਟਕ ਕੇ ਆਉਂਦਾ ਤਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੁਝ ਹੋਰ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਯੋਜਨਾ ਸੀ।

ਵੱਖਰੀ ਕਮੇਟੀ ਵਾਲੇ ਉਂਜ ਇਸ ਗੱਲ ਤੋਂ ਸਤੁੰਸ਼ਟ ਹਨ ਕਿ ਸੁਪਰੀਮ ਕੋਰਟ ਨੇ ਉਨ੍ਹਾਂ ਦੇ ਪੱਖ ਨੂੰ ਕਾਫੀ ਹੱਦ ਠੀਕ ਸਮਝਿਆ ਹੈ ਤੇ ਇਸ ਕਰਕੇ ਇਕ ਇਤਿਹਾਸਕ ਗੁਰਦੁਆਰੇ ਸਮੇਤ ਪੰਜ ਗੁਰਦੁਆਰਿਆਂ 'ਤੇ ਕਮੇਟੀ ਦੀ ਸੇਵਾ-ਸੰਭਾਲ ਨੂੰ ਬਰਕਰਾਰ ਰੱਖਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਾਲ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਵੱਖਰੇ ਖਾਤੇ ਖੁਲ੍ਹਵਾਉਣ ਲਈ ਕਹਿਣਾ ਵੀ ਇਕ ਚੰਗਾ ਕਦਮ ਮੰਨਿਆ ਜਾ ਰਿਹਾ ਹੈ। ਕਮੇਟੀ ਦੀ ਸਮਝਦੀ ਹੈ ਕਿ ਇਸ ਨਾਲ ਉਸ ਨੂੰ ਮਾਨਤਾ ਮਿਲ ਗਈ ਹੈ।

ਹਰਿਆਣਾ ਸਰਕਾਰ ਵੱਲੋਂ ਸਥਿਤੀ ਬਾਰੇ ਰਿਪੋਰਟ ਵਿਚ ਦਾਅਵਾ ਕੀਤਾ ਕਿ ਐਚ.ਐਸ.ਜੀ.ਪੀ.ਸੀ. ਨੇ ਹੁਣ ਤੱਕ ਪੰਜ ਗੁਰਦੁਆਰਿਆਂ-ਪਾਤਸ਼ਾਹੀ ਗੁਰਦੁਆਰਾ ਚੀਕਾ (ਜਿਲ੍ਹਾ ਕੈਥਲ) ਤਿੰਨ ਛੋਟੇ ਗੁਰਦੁਆਰੇ (ਬਾਨੀ ਬਦਰਪੁਰ, ਲਾਡਵਾ ਤੇ ਸਲੇਮਪੁਰ ਜ਼ਿਲ੍ਹਾ ਕੁਰੂਕਸ਼ੇਤਰ) ਤੇ ਝਿੰਜਵਾੜਹੇੜੀ ਗੁਰਦੁਆਰਾ ਯਮੁਨਾਨਗਰ ਜ਼ਿਲ੍ਹਾ ਦਾ ਪ੍ਰਬੰਧਨ ਸੰਭਾਲ ਲਿਆ ਹੈ, ਕਿਉਂਕਿ ਇਥੇ ਕੋਈ ਵਿਰੋਧ ਨਹੀਂ ਸੀ, ਜੋ ਇਹ ਕਾਰਜ ਅਮਨ ਨਾਲ ਨੇਪਰੇ ਚੜ੍ਹ ਗਿਆ। ਐਸ.ਜੀ.ਪੀ.ਸੀ. ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਏ.ਕੇ. ਗਾਂਗੁਲੀ ਨੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਕਿ ਸਿਰਫ ਗਹੂਲਾ ਚੀਕਾ ਗੁਰਦੁਆਰੇ ਦਾ ਪ੍ਰਬੰਧਨ ਸੂਬਾਈ ਕਮੇਟੀ ਕੋਲ ਗਿਆ ਹੈ।

**ਦੋਵੇਂ ਧਿਰਾਂ ਹਾਲਾਤ ਜਿਉਂ ਦੀ ਤਿਉਂ ਰੱਖਣ ਲਈ ਰਾਜ਼ੀ**

ਇਹ ਜਨਹਿੱਤ ਪਟੀਸ਼ਨ ਐਸ.ਜੀ.ਪੀ.ਸੀ. ਤੇ ਐਸ.ਜੀ.ਪੀ.ਸੀ. ਦੇ ਕੁਰੂਕਸ਼ੇਤਰ ਤੋਂ ਮੈਂਬਰ ਹਰਭਜਨ ਸਿੰਘ ਨੇ ਪਾਈ ਸੀ, ਜਿਸ ਨੇ ਵੱਖਰੀ ਕਮੇਟੀ ਬਾਰੇ ਕਾਨੂੰਨ ਨੂੰ ਚੁਣੌਤੀ ਦਿੱਤੀ ਹੈ। ਹਰਿਆਣਾ ਦੇ ਨੋਟੀਫਾਈਡ ਗੁਰਦੁਆਰਿਆਂ ਵਿਚੋਂ ਅੱਠ ਇਤਿਹਾਸਕ ਸ਼੍ਰੇਣੀ ਵਿਚ ਹਨ। ਦੂਜੀ ਸ਼੍ਰੇਣੀ ਵਿਚ 17 ਗੁਰਦੁਆਰੇ ਹਨ, ਜਿਨ੍ਹਾਂ ਦੀ ਸਾਲਾਨਾ ਆਮਦਨ 20 ਲੱਖ ਰੁਪਏ ਤੋਂ ਵੱਧ ਹੈ ਤੇ ਬਾਕੀ ਦੇ 27 ਗੁਰਦੁਆਰੇ ਤੀਜੀ ਸ਼੍ਰੇਣੀ ਵਿਚ ਹਨ। ਬੈਂਚ ਨੇ ਕਿਹਾ ਕਿ 18 ਦਿਨ ਦੇ ਪਾੜੇ ਮਗਰੋਂ 25 ਅਗਸਤ ਨੂੰ ਸੁਣਵਾਈ ਮੌਕੇ ਮੁਕੱਦਮਾ ਲੜ ਰਹੀਆਂ ਸਭ ਧਿਰਾਂ 'ਥੋੜ੍ਹਾ ਠੰਢੀਆਂ ਹੋਈਆਂ ਹੋਣਗੀਆਂ ਤੇ ਥੋੜ੍ਹੀਆਂ ਢਿੱਲੀਆਂ ਵੀ ਪੈ ਜਾਣਗੀਆਂ। 80 ਮਿੰਟ ਚੱਲੀ ਬਹਿਸ ਦੌਰਾਨ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਆਈ ਖੁਫੀਆ ਰਿਪੋਰਟ ਵੀ ਅਦਾਲਤ ਵਿਚ ਪੇਸ਼ ਕੀਤੀ ਤੇ ਕਿਹਾ ਕਿ ਸੂਬੇ ਵਿਚ ਸਥਿਤੀ 'ਬਹੁਤ ਗੰਭੀਰ' ਹੈ।

ਕੇਂਦਰ ਦੇ ਨੋਟ ਵਾਲੀ ਇਸ ਰਿਪੋਰਟ ਵਿਚ ਕਿਹਾ ਗਿਆ ਕਿ ਇਹ ਐਕਟ ਕੇਂਦਰੀ ਗ੍ਰਹਿ ਮੰਤਰਾਲੇ ਦੀ ਨਸੀਹਤ ਤੋਂ 'ਹੋਊ ਪਰੇ' ਕਰਕੇ ਲਿਆਂਦਾ ਗਿਆ। ਸੰਵਿਧਾਨ ਦੀਆਂ ਵੱਖ-ਵੱਖ ਵਿਵਸਥਾਵਾਂ ਪੰਜਾਬ ਪੁਨਰਗਠਨ ਐਕਟ 1966, ਪਹਿਲਾ ਰਾਜ ਪੁਨਰਗਠਨ ਐਕਟ, 1925 ਤੋਂ ਲੈ ਕੇ ਵੱਖ-ਵੱਖ ਐਸ.ਜੀ.ਪੀ.ਸੀ. ਐਕਟਾਂ ਦੇ ਹਵਾਲੇ ਦਿੰਦਿਆਂ ਹਰਭਜਨ ਸਿੰਘ ਵੱਲੋਂ ਪੇਸ਼ ਸੀਨੀਅਰ ਵਕੀਲ ਹਰੀਸ਼ ਸਾਲਵੇ ਨੇ ਦਲੀਲ ਦਿੱਤੀ ਕਿ ਐਸ.ਜੀ.ਪੀ.ਸੀ. ਇਕ ਅੰਤਰਰਾਜੀ ਕਾਰਪੋਰੇਟ ਬਾਡੀ ਹੈ, ਜੋ ਕੇਂਦਰੀ ਕਾਨੂੰਨ ਅਧੀਨ ਬਣੀ ਹੈ ਤੇ ਵੱਖਰੀ ਕਮੇਟੀ ਸਿਰਫ ਕੇਂਦਰ ਦੀ ਸਹਿਮਤੀ ਤੇ ਐਸ.ਜੀ.ਪੀ.ਸੀ. ਐਕਟ ਵਿਚ ਸੋਧ ਨਾਲ ਹੀ ਬਣ ਸਕਦੀ ਹੈ।

ਇਕ ਵਾਰ ਤਾਂ ਸਥਿਤੀ ਅਜਿਹੀ ਬਣ ਗਈ ਸੀ ਕਿ ਅਦਾਲਤ ਹਰਿਆਣਾ ਦੇ ਸਾਰੇ ਗੁਰਦੁਆਰੇ ਐਸ.ਜੀ.ਪੀ.ਸੀ. ਦੇ ਪ੍ਰਬੰਧਨ ਹੇਠ ਲਿਆਉਣ ਦੇ ਨਿਰਦੇਸ਼ ਦੇਣ 'ਤੇ ਆ ਗਈ ਸੀ। ਹਰਿਆਣਾ ਸਰਕਾਰ ਨੇ ਅਦਾਲਤ ਨੂੰ ਸੂਬੇ ਵਿਚ ਹਰ ਹੀਲੇ ਅਮਨ-ਕਾਨੂੰਨ ਬਣਾ ਕੇ ਰੱਖਣ ਦਾ ਭਰੋਸਾ ਦਿਵਾਇਆ।

# ਕਾਨੂੰਨੀ ਘੁੰਮਣਘੇਰੀ 'ਚ ਉਲਝੀ ਸ਼੍ਰੋਮਣੀ ਕਮੇਟੀ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਾਨੂੰਨੀ ਹੈਸੀਅਤ ਤੋਂ ਬਾਅਦ ਕਾਰਜ ਖੇਤਰ ਵਿਚ ਵੀ ਕਾਨੂੰਨੀ ਘੁੰਮਣਘੇਰੀ ਵਿਚ ਫਸ ਗਈ ਹੈ। 2011 ਦੀਆਂ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਤੋਂ ਬਾਅਦ ਸਹਿਜਧਾਰੀ ਸਿੱਖਾਂ ਨੂੰ ਵੋਟ ਨਾ ਦੇਣ ਦੇ ਮਾਮਲੇ ਉੱਪਰ ਦਿੱਤੀ ਚੁਣੌਤੀ ਕਾਰਨ ਸੁਪਰੀਮ ਕੋਰਟ ਨੇ ਸ਼੍ਰੋਮਣੀ ਕਮੇਟੀ ਦੇ ਨਵੇਂ ਚੁਣੇ ਜਨਰਲ ਹਾਊਸ ਦੇ ਕੰਮ ਕਰਨ ਉੱਪਰ ਹੀ ਰੋਕ ਲਗਾ ਦਿੱਤੀ ਸੀ ਜੋ ਅਜੇ ਤੱਕ ਵੀ ਜਾਰੀ ਹੈ। ਸ਼੍ਰੋਮਣੀ ਕਮੇਟੀ ਦੀ ਕਾਰਜਕੁਸ਼ਲਤਾ ਤਾਂ ਕਾਨੂੰਨੀ ਚੱਕਰ ਵਿਚ ਪਈ ਹੋਈ ਹੀ ਸੀ, ਹੁਣ ਹਰਿਆਣਾ ਕਮੇਟੀ ਬਣਨ 'ਤੇ ਸੁਪਰੀਮ ਕੋਰਟ ਵੱਲੋਂ ਸਥਿਤੀ ਜਿਉਂ ਦੀ ਤਿਉਂ ਕਾਇਮ ਰੱਖਣ ਦੇ ਫ਼ੈਸਲੇ ਨਾਲ ਸ਼੍ਰੋਮਣੀ ਕਮੇਟੀ ਦਾ ਕਾਰਜਖੇਤਰ ਵੀ ਭੰਬਲਭੂਸੇ ਵਿਚ ਫਸ ਗਿਆ ਹੈ।

ਸੁਪਰੀਮ ਕੋਰਟ ਦੇ ਫ਼ੈਸਲੇ ਤਹਿਤ ਇਸ ਵੇਲੇ 2011 ਦੀ ਚੋਣ ਤੋਂ ਪਹਿਲਾਂ ਵਾਲੀ ਕਾਰਜਕਾਰਨੀ ਕਮੇਟੀ ਹੀ ਇਸ ਸਮੇਂ ਕੰਮ ਚਲਾ ਰਹੀ ਹੈ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਐਕਟ ਮੁਤਾਬਕ ਉੱਚ ਅਦਾਲਤ ਦਾ ਇਹ ਫ਼ੈਸਲਾ ਵੱਡੇ ਵਿਰੋਧ ਭਾਸ਼ਾ ਦਾ ਸ਼ਿਕਾਰ ਹੈ। ਐਕਟ ਮੁਤਾਬਕ ਸ਼੍ਰੋਮਣੀ ਕਮੇਟੀ ਦੀ ਜਦ ਤੱਕ ਨਵੀਂ ਚੋਣ ਨਹੀਂ ਹੋ ਜਾਂਦੀ ਤਦ ਤੱਕ ਪਿਛਲਾ ਜਨਰਲ ਹਾਊਸ ਭੰਗ ਨਹੀਂ ਹੁੰਦਾ, ਪਰ ਹਰ ਸਾਲ 30 ਨਵੰਬਰ ਤੱਕ ਜਨਰਲ ਹਾਊਸ ਦੀ ਮੀਟਿੰਗ ਸੱਦ ਕੇ ਨਵੀਂ ਕਾਰਜਕਾਰਨੀ ਦੀ ਚੋਣ ਕਾਨੂੰਨੀ ਤੌਰ 'ਤੇ ਜ਼ਰੂਰੀ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਸਮੇਂ 17 ਸਾਲ ਕਮੇਟੀ ਦੀ ਚੋਣ ਨਹੀਂ ਸੀ ਹੋਈ, ਪਰ ਹਰ ਸਾਲ ਜਨਰਲ ਹਾਊਸ ਦੀ ਮੀਟਿੰਗ ਸੱਦ ਕੇ ਕਾਰਜਕਾਰਨੀ ਦੀ ਚੋਣ ਕੀਤੀ ਜਾਂਦੀ ਰਹੀ ਹੈ। ਹੁਣ ਸਿਰਫ਼ 2011 ਤੋਂ ਪਹਿਲਾਂ ਵਾਲੀ ਕਾਰਜਕਾਰਨੀ ਹੀ ਕੰਮ ਚਲਾ ਰਹੀ ਹੈ ਤੇ ਦੋ ਸਾਲ ਹੋ ਗਏ ਬਜਟ ਵੀ ਜਨਰਲ ਹਾਊਸ ਦੀ ਥਾਂ ਕਾਰਜਕਾਰਨੀ ਵੱਲੋਂ ਪਾਸ ਕੀਤੇ ਜਾਂਦੇ ਹਨ।

ਹੁਣ ਸੁਪਰੀਮ ਕੋਰਟ ਦੇ ਵਿਰੋਧੀ ਧਿਰਾਂ ਨੂੰ ਕੋ ਸਟੇਟਸ ਦੇਣ, ਭਾਵ ਸਥਿਤੀ ਨੂੰ ਬਰਕਰਾਰ ਰੱਖਣ ਦੇ ਫ਼ੈਸਲੇ ਨਾਲ ਹਰਿਆਣਾ ਕਮੇਟੀ ਦੇ ਕੁਝ ਗੁਰਦੁਆਰਿਆਂ ਉਪਰ ਕੀਤੇ ਕਬਜ਼ਿਆਂ ਨੂੰ ਮਾਨਤਾ ਦੇ ਦਿੱਤੀ ਹੈ। ਕਾਨੂੰਨ ਮਾਹਿਰਾਂ ਦਾ ਮੰਨਣਾ ਹੈ ਕਿ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੋਂਦ ਨੂੰ ਮੰਨਣ ਦੇ ਆਧਾਰ ਉਪਰ ਲਿਆ ਗਿਆ ਹੈ, ਇਹੀ ਗੱਲ ਸ਼੍ਰੋਮਣੀ ਕਮੇਟੀ ਦੇ ਕਾਰਜ ਖੇਤਰ ਲਈ ਵੱਡੀ ਉਲਝਣ ਪੈਦਾ ਕਰੇਗੀ। ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਆਉਂਦੇ ਗੁਰਦੁਆਰਿਆਂ ਵਿਚੋਂ ਜੇਕਰ ਕਿਸੇ ਕਮੇਟੀ ਨੇ ਮਤਾ ਪਾਸ ਕਰ ਦਿੱਤਾ ਕਿ ਉਹ ਹਰਿਆਣਾ ਕਮੇਟੀ ਨਾਲ ਜਾਣ ਦਾ ਫ਼ੈਸਲਾ ਕਰਦੇ ਹਨ, ਤਾਂ ਕਾਨੂੰਨ ਇਸ ਨੂੰ ਰੋਕ ਨਹੀਂ ਸਕੇਗਾ ਕਿਉਂਕਿ ਸ਼੍ਰੋਮਣੀ ਕਮੇਟੀ ਤੇ ਹਰਿਆਣਾ ਕਮੇਟੀ ਦੋਵਾਂ ਦੇ ਕਾਨੂੰਨ ਵਿਚ ਇਹ ਮਦ ਸ਼ਾਮਲ ਹੈ। ਸ਼੍ਰੋਮਣੀ ਲਈ ਇਹ ਸਭ ਤੋਂ ਵੱਡਾ ਕਾਨੂੰਨੀ ਸੰਕਟ ਹੈ।

# ਸੁਪਰੀਮ ਕੋਰਟ ਦੇ ਫੈਸਲੇ ਨੂੰ ਮਾਨਤਾ ਦੇਵੇਗੀ ਹਰਿਆਣੇ ਦੀ ਸੰਗਤ: ਝੀਂਡਾ

**ਗੂਹਲਾ-ਚੀਕਾ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਸੁਪਰੀਮ ਕੋਰਟ ਨੇ 25 ਅਗਸਤ ਤੱਕ ਗੁਰਦੁਆਰਿਆਂ ਵਿਚ ਸਥਿਤੀ ਜਿਉਂ ਦੀ ਤਿਉਂ ਬਣਾ ਕੇ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਸੁਪਰੀਮ ਕੋਰਟ ਦਾ ਜੋ ਵੀ ਫੈਸਲਾ ਆਵੇਗਾ ਸੰਗਤ ਨੂੰ ਕਬੂਲ ਹੋਵੇਗਾ। ਜਥੇਦਾਰ ਝੀਂਡਾ ਨੇ ਦੱਸਿਆ ਸੁਪਰੀਮ ਕੋਰਟ ਵਿਚ ਆਪਣਾ ਪੱਖ ਰੱਖਣ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ।

ਝੀਂਡਾ ਨੇ ਕਿਹਾ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਹਰਿਆਣੇ ਦੇ ਗੁਰਦੁਆਰਿਆਂ ਵਿਚ ਹਥਿਆਰਬੰਦ ਲੋਕਾਂ ਦੀ ਘੁਸਪੈਠ ਕਰਵਾਈ ਹੋਈ ਹੈ। ਇਨ੍ਹਾਂ ਲੋਕਾਂ ਕਾਰਨ ਕਦੇ ਵੀ ਕੋਈ ਅਣਸੁਖਾਵੀਂ ਘਟਨਾ ਹੋ ਸਕਦੀ ਹੈ।



ਝੀਂਡਾ ਨੇ ਕਿਹਾ ਕਿ ਕਮੇਟੀ ਮੁੱਖ ਮੰਤਰੀ ਤੋਂ ਮੰਗ ਕਰੇਗੀ ਕਿ ਬਾਦਲ, ਮੱਕੜ ਵੱਲੋਂ ਭੇਜੇ ਗਏ ਲੋਕਾਂ ਨੂੰ ਤੁਰੰਤ ਗੁਰਦੁਆਰਿਆਂ ਤੋਂ ਬਾਹਰ ਕੱਢਿਆ ਜਾਵੇ। ਕੁਰੂਕਸ਼ੇਤਰ ਦੇ ਗੁਰਦੁਆਰਾ ਬਣੀਬਦਰਪੁਰ, ਸਲੇਮਪੁਰ, ਗੁੜੀ ਸਾਹਿਬ ਦੀ ਲੋਕਲ ਕਮੇਟੀਆਂ ਦਾ ਪ੍ਰਬੰਧ ਹਰਿਆਣਾ ਕਮੇਟੀ ਦੇ ਅਧੀਨ ਆ ਗਿਆ ਹੈ।

# ਟਕਰਾਅ ਦਾ ਹੱਲ ਆਲ ਇੰਡੀਆ ਗੁਰਦੁਆਰਾ ਕਾਨੂੰਨ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹਰਿਆਣਾ ਵਿਚ ਗੁਰਦੁਆਰਿਆਂ 'ਤੇ ਕੰਟਰੋਲ ਲਈ ਸਿੱਖਾਂ ਨੂੰ ਆਪਸ ਵਿਚ ਲੜਾਉਣ ਦਾ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਇਸ ਨਾਲ ਪੂਰੀ ਦੁਨੀਆਂ ਵਿਚ ਸਮੁਦਾਏ ਦਾ ਅਕਸ ਖਰਾਬ ਹੋਇਆ ਹੈ। ਇਸ ਦਾ ਸਭ ਤੋਂ ਵਧੀਆ ਹੱਲ ਆਲ ਇੰਡੀਆ ਗੁਰਦੁਆਰਾ ਕਾਨੂੰਨ ਹੈ, ਜਿਹੜੀ ਮੰਗ ਅਕਾਲੀ ਦਲ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਸੀ, ਪਰ ਆਲ ਇੰਡੀਆ ਗੁਰਦੁਆਰਾ ਬਾਡੀ ਤੋਂ ਕੰਟਰੋਲ ਖੋਹਣ ਦੇ ਡਰ ਨਾਲ ਬਾਦਲ ਇਸ ਤੋਂ ਪਿੱਛੇ ਹਟ ਗਏ।

# ਹਰਿਆਣਾ ਕਮੇਟੀ ਬਾਰੇ ਸੁਲ੍ਹਾ ਬਾਦਲਾਂ ਨੇ ਨਾ ਹੋਣ ਦਿੱਤੀ: ਸਰਨਾ

**ਲੁਧਿਆਣਾ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀ.ਐਸ.ਜੀ.ਪੀ.ਸੀ.) ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਦਾਅਵਾ ਕੀਤਾ ਹੈ ਕਿ ਤਿੰਨ ਅਗਸਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮਿਲ-ਬੈਠ ਕੇ ਮਸਲਾ ਹੱਲ ਹੋ ਜਾਣਾ ਸੀ ਪਰ ਅਕਾਲੀ ਦਲ ਦੀ ਗੈਰ-ਸੰਜੀਦਗੀ ਕਾਰਨ ਇਹ ਮਾਮਲਾ ਲਟਕ ਗਿਆ ਕਿਉਂਕਿ ਅਕਾਲੀ ਦਲ ਚਾਰ ਅਗਸਤ ਨੂੰ ਸੁਪਰੀਮ ਕੋਰਟ ਵਿਚ ਹਰਭਜਨ ਸਿੰਘ ਨਾਮੀ ਸ਼੍ਰੋਮਣੀ ਕਮੇਟੀ ਮੈਂਬਰ ਰਾਹੀਂ ਚਲਾ ਗਿਆ ਤੇ ਪਟੀਸ਼ਨ ਦਾਖਲ ਕਰ ਦਿੱਤੀ। ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਸ. ਸਰਨਾ ਨੇ ਕਿਹਾ ਕਿ ਅਕਾਲੀ ਦਲ ਨੇ ਅਦਾਲਤੀ ਪ੍ਰਕਿਰਿਆ ਸ਼ੁਰੂ ਕਰ ਕੇ ਹਰਿਆਣਾ ਦੇ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਦੇ ਦਿੱਤਾ ਹੈ।



# ਅਕਾਲ ਤਖਤ ਵਲੋਂ ਤਾਲਮੇਲ ਕਮੇਟੀ ਬਣਾਉਣ ਲਈ ਸਰਗਰਮੀ ਵਧੀ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਕਮੇਟੀ ਬਣਾਉਣ ਦੇ ਮਾਮਲੇ ਨੂੰ ਲੈ ਕੇ ਪੈਦਾ ਹੋਏ ਆਪਸੀ ਝਗੜੇ ਨੂੰ ਨਿਪਟਾਉਣ ਲਈ ਅਕਾਲ ਤਖ਼ਤ ਵੱਲੋਂ ਤਾਲਮੇਲ ਕਮੇਟੀ ਦੇ ਗਠਨ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਕਮੇਟੀ ਵਿਚ ਅਜਿਹੇ ਵਿਦਵਾਨ ਤੇ ਮੈਂਬਰ ਸ਼ਾਮਲ ਕੀਤੇ ਜਾਣਗੇ, ਜੋ ਦੋਵਾਂ ਧਿਰਾਂ ਨੂੰ ਪ੍ਰਵਾਨ ਹੋਣ। ਤਾਲਮੇਲ ਕਮੇਟੀ ਵੱਲੋਂ ਦੋਵਾਂ ਧਿਰਾਂ ਨਾਲ ਗੱਲਬਾਤ ਕਰਕੇ ਇਹ ਪਤਾ ਲਾਉਣ ਦਾ ਯਤਨ ਕੀਤਾ ਜਾਵੇਗਾ ਕਿ ਮਸਲਾ ਆਪਸੀ ਰਜ਼ਾਮੰਦੀ ਨਾਲ ਕਿਵੇਂ ਹੱਲ ਹੋ ਸਕਦਾ ਹੈ ਤੇ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਸ੍ਰੀ ਅਕਾਲ ਤਖ਼ਤ ਵੱਲੋਂ ਇਸ ਬਾਰੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਇਥੇ ਦੱਸਣਯੋਗ ਹੈ ਕਿ ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਵਿਚ ਇਸ ਮਸਲੇ ਨੂੰ ਹੱਲ ਕਰਨ ਲਈ ਪੰਜ ਮੈਂਬਰੀ ਤਾਲਮੇਲ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਸੀ। ਇਸ ਕਮੇਟੀ ਦਾ ਗਠਨ ਉਸੇ ਦਿਨ ਕੀਤੇ ਜਾਣ ਦੀ ਸੰਭਾਵਨਾ ਸੀ ਪਰ ਉਸੇ ਦਿਨ ਹੀ ਸੁਪਰੀਮ ਕੋਰਟ ਵੱਲੋਂ ਕੀਤੇ ਗਏ ਫੈਸਲੇ ਨੂੰ ਧਿਆਨ ਵਿਚ ਰੱਖਦਿਆਂ ਕਮੇਟੀ ਗਠਨ ਕਰਨ ਦਾ ਫੈਸਲਾ ਕੁਝ



ਦਿਨ ਅੱਗੇ ਪਾ ਦਿੱਤਾ ਗਿਆ ਸੀ। ਹੁਣ ਇਹ ਕਮੇਟੀ ਅਗਲੇ ਹਫ਼ਤੇ ਵਿਚ ਗਠਤ ਕੀਤੇ ਜਾਣ ਦੀ ਸੰਭਾਵਨਾ ਹੈ। ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਦੇ ਮਾਮਲੇ ਵਿਚ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਦੋਵਾਂ ਧਿਰਾਂ ਨੂੰ ਆਦੇਸ਼ ਦਿੱਤਾ ਹੈ ਕਿ ਹਰਿਆਣਾ ਵਿਚ ਗੁਰਦੁਆਰਾ ਪ੍ਰਬੰਧ ਦੀ ਸਥਿਤੀ ਨੂੰ ਜਿਵੇਂ ਦਾ ਤਿਵੇਂ ਰੱਖਿਆ ਜਾਵੇ। ਇਸ ਮਾਮਲੇ ਦੀ ਅਗਲੀ ਸੁਣਵਾਈ 25 ਅਗਸਤ ਨੂੰ ਨਿਰਧਾਰਤ ਕੀਤੀ ਗਈ ਹੈ। ਇਸ ਦੌਰਾਨ ਹਰਿਆਣਾ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਗੁਰਦੁਆਰਿਆਂ ਨੂੰ ਸੁਰੱਖਿਆ ਮੁਹਈਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੇ ਕੁਝ ਰਾਹਤ ਮਹਿਸੂਸ ਕੀਤੀ ਹੈ। ਇਸ ਤੋਂ ਪਹਿਲਾਂ ਦੋਵਾਂ ਧਿਰਾਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਅਤੇ ਹਰਿਆਣਾ ਵਿਚ ਵੱਖਰੀ ਕਮੇਟੀ ਸਮਰਥਕਾਂ ਵਿਚਾਲੇ ਤਣਾਅ ਵਾਲਾ ਮਾਹੌਲ ਬਣਿਆ ਹੋਇਆ ਸੀ।

ਕੁਰੂਕਸ਼ੇਤਰ ਵਿਚ ਵਾਪਰੀ ਹਿੰਸਕ ਘਟਨਾ ਨੇ ਇਸ ਤਣਾਅ ਵਿਚ ਹੋਰ ਵਾਧਾ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਦੇ ਗੁਰਦੁਆਰਿਆਂ ਵਿਚ ਤਾਇਨਤ ਕੀਤਾ ਵਾਧੂ ਅਮਲਾ ਵਾਪਸ ਸੱਦ ਲਿਆ ਗਿਆ ਹੈ। ਇਸੇ ਤਰ੍ਹਾਂ ਅਕਾਲੀ ਆਗੂ ਤੇ ਹੋਰ ਵੀ ਘਰਾਂ ਨੂੰ ਪਰਤਣੇ ਸ਼ੁਰੂ ਹੋ ਗਏ ਹਨ। ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਖੁਲਾਸਾ ਕਰਦਿਆਂ ਕਿਹਾ ਕਿ ਜੇਕਰ ਸਿੱਖ ਗੁਰਦੁਆਰਾ ਐਕਟ 1925 ਦੇ ਘੇਰੇ ਹੇਠ ਤੇ ਸ਼੍ਰੋਮਣੀ ਕਮੇਟੀ ਦੀ ਸਰਵਉਚਤਾ ਨੂੰ ਪ੍ਰਵਾਨ ਕਰਦਿਆਂ ਵੱਖਰੀ ਕਮੇਟੀ ਸਮਰਥਕ ਮਾਮਲੇ ਦੇ ਹੱਲ ਲਈ ਗੱਲਬਾਤ ਲਈ ਅੱਗੇ ਆਉਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ।

# ਗੁਰਦਾਸ ਮਾਨ ਦੀ ਮਹਿਫਿਲ ਵਿਚ ਵਗਿਆ ਸੁਰਾਂ ਦਾ ਦਰਿਆ

**ਸੈਨ ਹੋਜ਼ੇ (ਐਸ. ਅਸ਼ੋਕ ਭੌਰਾ):** ਕਈ ਵਾਰ ਉਪਰ ਮਾਰੂਥਲ ਹੁੰਦਾ ਹੈ, ਹੇਠਾਂ ਦਰਿਆ ਵਗ ਰਿਹਾ ਹੁੰਦਾ ਹੈ; ਮੁਸ਼ਕਿਲ ਇਹੀ ਹੁੰਦੀ ਹੈ ਕਿ ਉਹਦੇ ਤੱਕ ਪਹੁੰਚਦਾ ਕੋਈ-ਕੋਈ ਹੈ। ਸੰਗੀਤ ਹੀ ਉਹ ਸ਼ੈਅ ਹੈ ਜਿਸ ਦੀ ਮਹਿਫਿਲ ਵਿਚ ਬੈਠ ਕੇ ਦੋਸਤ ਤੇ ਦੁਸ਼ਮਣ ਇਕੱਠੇ ਬਹਿ ਕੇ ਪੂਰਾ ਅਨੰਦ ਲੈ ਰਹੇ ਹੁੰਦੇ ਹਨ। ਹਾਲ ਹੀ ਵਿਚ 'ਜੈ ਮਸਤਾਂ ਦੀ ਐਂਟਰਟੇਨਮੈਂਟ' ਵੱਲੋਂ ਸਥਾਨਕ ਪ੍ਰਫਾਰਮਿੰਗ ਆਰਟ ਸੈਂਟਰ ਵਿਚ ਕਰਵਾਇਆ ਗਿਆ ਗੁਰਦਾਸ ਮਾਨ ਦਾ ਸ਼ੋਅ ਜਿਨ੍ਹਾਂ ਨੇ ਵੇਖਿਆ ਹੈ, ਉਨ੍ਹਾਂ ਨੂੰ ਹੀ ਪਤਾ ਹੈ ਕਿ ਕਲਾ, ਕਲਾਕਾਰ ਤੇ ਸੁਣਨ ਵਾਲਿਆਂ ਦਾ ਰਿਸ਼ਤਾ ਇਸ਼ਕ ਦੀ ਹੱਦ ਤੱਕ ਕਿਵੇਂ ਹੋ ਸਕਦਾ ਹੈ? ਇਹ ਕਹਿਣਾ ਪਵੇਗਾ ਕਿ ਕਿਸੇ-ਕਿਸੇ ਇਨਸਾਨ ਵਿਚ ਗੱਲ ਕੋਈ ਖਾਸ ਹੀ ਹੁੰਦੀ ਹੈ। ਆਮ ਤੌਰ 'ਤੇ ਤਾਂ ਇਹੀ ਕਿਹਾ ਜਾਂਦਾ ਹੈ ਕਿ 'ਤੂੰ ਚੱਲ ਮੈਂ ਆਈ' ਪਰ ਤਿੰਨ ਘੰਟੇ ਤੋਂ ਵੱਧ ਚੱਲੇ ਇਸ ਪ੍ਰੋਗਰਾਮ ਵਿਚ ਜਦੋਂ ਲੋਕਾਂ ਨੇ ਜਾਣਾ ਤਾਂ ਕੀ, ਹਿੱਲੇ ਵੀ ਨਾ, ਤਾਂ ਹਾਲਾਤ ਇਹ ਬਣ ਗਏ ਕਿ 'ਤੂੰ ਬੈਠ ਮੈਂ ਆਈ।' ਆਲੋਚਕ ਵੀ ਦੁਨੀਆਂ ਦੀ ਬਹੁਤੀ ਗਿਣਤੀ ਇਸ ਯਤਨ ਵਿਚ ਹੀ ਲੱਗੀ ਰਹਿੰਦੀ ਹੈ ਕਿ ਬੰਦੇ ਨੂੰ ਨੰਗਾ ਕਿਵੇਂ ਕਰਨਾ ਹੈ?

ਸ਼ੋਅ ਤੋਂ ਪਹਿਲਾਂ ਅਤੇ ਬਾਅਦ ਦੇ ਇਸ ਸੰਗੀਤਕ ਘਟਨਾਕ੍ਰਮ ਨੂੰ ਵੇਖਣ ਆਏ ਲੋਕਾਂ ਦਾ ਚੁੱਪ ਕੀਤੇ ਮਾਣਿਆ ਅਨੁਭਵ ਦੇਖਦੇ ਆਂ ਪਾਰਕਿੰਗ ਲਾਟ ਵਿਚ- ਇਕ ਬਜ਼ੁਰਗ ਔਰਤ ਜਦੋਂ ਗੱਡੀ ਵਿਚੋਂ ਉਤਰਨ ਸਮੇਂ ਖੂੰਡੀ ਫੜਦਿਆਂ ਔਖੀ ਹੋ ਕੇ ਉਤਰ ਰਹੀ ਸੀ, ਤਾਂ ਵੇਖਣ ਨੂੰ ਲਗਦੀ ਔਰਤ ਨੇ ਕਿਹਾ, "ਬੀਬੀ ਤੈਨੂੰ ਤਾਂ ਕਿਹਾ ਸੀ ਕਿ ਘਰ ਹੀ ਰਹਿ ਲੈ, ਤੈਂ ਤੰਗ ਹੋਣੈਂ?" ਉਹਦਾ ਜੁਆਬ ਦੇਖੋ, "ਨੀ ਧੀਏ... ਗੁਰਦਾਸ ਮਾਨ ਨੂੰ ਦੇਖਣ ਲਈ ਜੇ ਇੰਨਾ ਕੁ ਤੰਗ ਹੋ ਵੀ ਲਿਆ ਤਾਂ ਹਰਜ ਕੀ ਹੈ। ਇੱਦਾਂ ਦਾ ਧੂਤਕੜਾ ਕਿਤੇ ਚਿਰਾਂ ਪਿੱਛੋਂ ਹੀ ਪੈਂਦੈ।" ਤੇ ਫਿਰ ਸ਼ਰਮਿੰਦੀ ਹੋਈ ਨੂੰਹ ਨੇ ਉਹਨੂੰ ਘੁੱਟ ਕੇ ਜੱਫੀ ਪਾ ਲਈ।

ਹਾਲ ਅੰਦਰ ਜਾਂ ਤਾਂ ਚੁੱਪ ਸੀ, ਜਾਂ ਕਦੇ-ਕਦੇ ਮੰਗ ਉਠਦੀ ਸੀ, 'ਦਿਲ ਦਾ ਮਾਮਲਾ' ਬਈ ... ਪਿਛਿਓਂ ਹੋਰ ਕੋਈ ਆਖਦਾ 'ਸਾਈਕਲ ਵੀ'



*ਗੁਰਦਾਸ ਮਾਨ: ਅੰਦਾਜ਼-ਏ-ਸੁਰ।*

'ਹੋ-ਹੋ' ਦੀ ਦੀਵਾਨੀ ਹੈ। ਇਥੋਂ ਦੇ ਜੰਮਪਲ ਮੁੰਡੇ ਕੁੜੀਆਂ ਗੁਰਦਾਸ ਮਾਨ ਦੀ ਸ਼ਾਇਰੀ ਤੇ ਗਾਇਕੀ ਉਤੇ ਜੇ ਸੀਟਾਂ ਤੋਂ ਉਠ-ਉਠ ਕੇ ਉਪਰ ਨੂੰ ਬਾਹਾਂ ਕਰ ਕੇ ਤਾੜੀਆਂ ਵਜਾ ਰਹੇ ਸਨ, ਤਾਂ ਕਹਿ ਸਕਦੇ ਹਾਂ ਕਿ ਗੁਰਦਾਸ ਮਾਨ ਇਨ੍ਹਾਂ ਦੇ ਅੰਦਰ ਬੋਲਾਂ ਤੇ ਧੁਨਾਂ ਦਾ ਉਛਲਦਾ ਦਰਿਆ ਹੈ।

'ਮੋਰੀ ਰੱਖਿਓ ਲਾਜ' ਤੋਂ ਅਰੰਭ ਹੋ ਕੇ 'ਛੱਲਾ', 'ਇਸ਼ਕ ਦਾ ਗਿੜਦਾ ਪੈਂਦਾ', 'ਸਾਡੇ ਜਿਥੇ ਲੱਗੀ ਆ, ਤੂੰ ਲੱਗੀ ਰਹਿਣ ਦੇ', 'ਪੁੱਤਰ ਮਿਠੜੇ ਮੇਵੇ, ਰੱਬ ਸਭ ਨੂੰ ਦੇਵੇ', 'ਜੇ ਗੱਲ ਵਿਗੜ ਗਈ, ਮੁੜ ਕੇ ਸੂਤ ਨਹੀਂ ਆਉਣੀ', 'ਦਿਲ ਦਾ ਮਾਮਲਾ ਹੈ', 'ਰੋਟੀ ਹੱਕ ਦੀ ਖਾਈਏ ਜੀ', 'ਭੱਜੀ ਫਿਰਦੀ ਏ ਰੋਟੀ ਦੇ ਮਗਰ ਦੁਨੀਆਂ', 'ਮੈਂ ਹਾਂ ਤੇਰੇ ਪਿੰਡ ਦੀ ਹਵਾ ਸੋਹਣਿਆਂ', 'ਮੜ੍ਹਕ ਪੰਜਾਬੀ ਦੀ ਆਖਿਰ ਤੱਕ ਨ੍ਹੀਂ ਜਾਂਦੀ', 'ਸਾਇਕਲ ਤੇ', 'ਜੇ ਲਾਈ ਸੀ ਤੂੰ ਕਿਉਂ ਨਾ ਨਿਭਾਈ ਸੋਹਣੀਏ', ਆਦਿ ਦਰਜਨਾਂ ਗੀਤਾਂ ਨਾਲ ਮਿਆਰੀ ਸੰਗੀਤ ਦਾ ਮੋਹਲੇਧਾਰ ਮੀਂਹ ਲਗਤਾਰ ਤਿੰਨ ਘੰਟੇ ਪੈਂਦਾ ਰਿਹਾ।

ਇਹ ਕਹਿਣ ਵਿਚ ਵੀ ਕੋਈ ਹਰਜ ਨਹੀਂ ਕਿ ਅੱਜ ਦੇ ਜ਼ਮਾਨੇ ਵਿਚ ਮੁਕਲਾਵੇ ਦਾ ਚਾਅ ਵੀ ਚਹੁੰ ਕੁ ਦਿਨਾਂ ਵਿਚ ਮੁੱਕ ਜਾਂਦਾ ਹੈ, ਪਰ ਗੁਰਦਾਸ ਮਾਨ ਚਾਲੀ ਸਾਲਾਂ ਤੋਂ ਪੰਜਾਬੀਆਂ ਦੇ ਚਾਵਾਂ ਨਾਲ ਗਹਿਗੱਚ ਹੈ, ਤਾਂ ਸੰਗੀਤ ਦੀ ਦੁਨੀਆਂ ਵਿਚ ਇਸ ਤੋਂ ਵੱਡਾ ਕ੍ਰਿਸ਼ਮਾ ਹੋਰ ਹੋ ਕਿਹੜਾ ਸਕਦਾ ਹੈ?

ਮਾਸਟਰ ਦੀਪਕ ਨੇ ਸੰਗੀਤ 'ਚ ਗੜੁੱਚ ਇਸ ਸਮੇਂ ਦੌਰਾਨ ਆਪਣੇ ਸਹਿਯੋਗੀਆਂ ਰਣਦੀਪ ਸਿੰਘ ਢਿੱਲੋਂ (ਮਿਸ ਦੁਨੀਆਂ), ਅਵਤਾਰ ਲਾਖਾ, ਪਾਲੀ ਧਨੌਲਾ ਸਮੇਤ ਬਹੁਤ ਲੋਕਾਂ ਦਾ ਮਾਣ-ਸਨਮਾਨ ਤੇ ਗੁਰਦਾਸ ਨੂੰ ਮਾਣ ਦੀ ਵੱਡੀ ਗੁਰਜ ਦਿੱਤੀ। ਹਾਲ ਵਿਚ ਇਕ ਕੁਰਸੀ 'ਤੇ ਵਿਛੀ ਚਿੱਟੀ ਚਾਦਰ ਅਤੇ ਉਪਰ ਪਏ ਫੁੱਲ 'ਸਾਈਂ ਸੁੱਖੇ' ਦੀ ਇਬਾਦਤ ਵਜੋਂ ਸਾਰੇ ਪ੍ਰੋਗਰਾਮ ਦੌਰਾਨ ਬਣੇ ਰਹੇ।

ਸਮਾਗਮ ਦੀ ਸਮਾਪਤੀ 'ਤੇ ਹਾਲ ਵਿਚੋਂ ਨਿਕਲਦੇ ਲੋਕਾਂ ਦੇ ਸਹਿਜ-ਸੁਭਾਅ ਪ੍ਰਤੀਕਰਮ ਵੇਖੋ- ਲੰਗਰ ਤਾਂ ਸੀ, ਪਰ ਅਸੀਂ ਖਾਧਾ ਨ੍ਹੀਂ... ਢਿੱਡ ਤਾਂ ਗੁਰਦਾਸ ਮਾਨ ਨੂੰ ਸੁਣ ਕੇ ਭਰਨ ਆਏ ਸਾਂ, ਰੋਟੀਆਂ ਨਾਲ ਨ੍ਹੀਂ... ਸੁਆਦ ਆ ਗਿਆ... ਕਿਥੇ ਅੱਜ ਦੇ ਗਾਉਣ ਵਾਲੇ ਛੋਕਰਿਆਂ ਤੋਂ ਬੱਝਦਾ ਰੰਗ?... ਮਾਨ ਸੱਠਾਂ ਤੋਂ ਉਪਰ ਐ, ਲਗਦਾ ਚਾਲੀਆਂ ਕੁ ਦਾ ਈ ਐ... ਲੱਲੀ-ਛੱਲੀ ਸੱਦਣ ਦਾ ਕੀ ਫਾਇਦਾ, ਇੱਦਾਂ ਦੇ ਰੰਗ ਬੱਝਣ ਬੱਸ!... ਵਕਤ ਲੇਖੇ ਲੱਗਿਆ... ਓ ਨਾ ਦਿਆ ਕਰੋ ਪੰਜਾਬੀਓ ਗੁਰਦਾਸ ਮਾਨ ਨੂੰ ਐਵੇਂ ਉਲਾਂਭੇ... ਦਾਰਾ ਕੁਸ਼ਤੀ ਦਾ ਸੀ, ਪਰ ਮਾਨ ਗਾਇਕੀ ਦਾ ਭਲਵਾਨ ਐ... ਖੌਰੇ ਕੀ ਖਾਂਦਾ, ਸਨੁੱਖਾ ਵੀ ਓਦਾਂ ਦਾ ਈ ਐ... ਮੋਟਾ-ਡਾਢਾ ਵੀ ਉਹੋ ਜਿਹਾ... ਰੱਬ ਇਹੋ ਜਿਹੇ ਪੁੱਤ ਦੇਵੇ ਪੰਜਾਬ ਨੂੰ...। ਭੋਲਿਆ ਤੂੰ ਪਹਿਲਾਂ ਕਿਉਂ ਨ੍ਹੀਂ ਬੋਲਿਆ... 'ਮੰਜਾਂ ਲੈ ਗਿਆ ਬਠਿੰਡੇ ਵਾਲਾ ਭੋਲਾ'... ਲੰਬੇ ਸਮੇਂ ਤੋਂ ਗੁਰਦਾਸ ਦੀ ਟੀਮ ਵਿਚ ਕੰਮ ਕਰਨ ਵਾਲੇ ਢੋਲਕੀ ਵਾਦਕ ਭੋਲੇ ਨਾਲ ਰਹੇ ਹਾਸਰਸ ਦੇ ਸੰਵਾਦ ਲੋਕਾਂ ਨੂੰ ਗੁਰਦਾਸ ਨੇ ਚਿੱਤ ਨੂੰ ਚਿਤਮਣੀ ਲਾਉਣ ਵਾਂਗ ਸੁਣਾਏ।

ਜਨਮ ਤਾਰੀਖ ਵਾਂਗ ਇਹ ਮਹਿਫਿਲ ਸਦਾ ਯਾਦ ਰਹੇਗੀ, ਊਂ ਨੁਕਸ ਕੱਢਣ ਵਾਲੇ ਤਾਂ ਸੁਨੱਖੀ ਔਰਤ ਦੇ ਮੋਢੇ 'ਤੇ ਲੋਦੇ ਦੇ ਨਿਸ਼ਾਨ ਨੂੰ ਵੀ ਨੁਕਸ ਦੱਸਣ ਲੱਗ ਪੈਂਦੇ ਹਨ।... ਹਾਲ 'ਚ ਇਕੱਠ ਇੰਨਾ ਸੀ ਕਿ ਜੇ ਤਿਲ ਵੀ ਸੁੱਟਦੇ, ਤਾਂ ਇਹ ਹੇਠਾਂ ਨਹੀਂ ਸੀ ਡਿਗਣਾ। ਸੰਚਾਲਨ ਆਸ਼ਾ ਸ਼ਰਮਾ ਦਾ ਸੀ। ਮੇਰੇ ਵਾਂਗ ਬਹੁਤੇ ਸਦਾ ਗੱਲਾਂ ਕਰਦੇ ਰਹਿਣਗੇ ਕਿ 'ਅਸੀਂ ਵੀ ਵੇਖੀ ਸੀ ਗੁਰਦਾਸ ਮਾਨ ਦੀ ਮਹਿਫਿਲ।'



*ਸਰੋਤਿਆਂ ਦੀ ਨ੍ਹੇਰੀ।*



*ਮਾਸਟਰ ਦੀਪਕ ਵੱਲੋਂ ਮਾਣ-ਸਨਮਾਨ ਦੀ ਰਸਮ।*

ਇਸ ਗੱਲ ਨੂੰ ਮੰਨ ਗਏ ਕਿ ਚਾਲੀ ਸਾਲਾਂ ਤੱਕ ਸਰੋਤਿਆਂ ਦੇ ਦਿਲਾਂ 'ਤੇ ਰਾਜ ਵੋਟਾਂ ਨਾਲ ਨਹੀਂ, ਸੁਰਾਂ ਨਾਲ ਹੀ ਕੀਤਾ ਜਾ ਸਕਦਾ ਹੈ, ਜਾਂ ਇਉਂ ਕਹਿ ਲਓ ਕਿ ਕਿੱਕਰ ਤੇ ਖ਼ੋਰ ਲੰਬੀ ਉਮਰ ਨਹੀਂ ਭੋਗਦੇ, ਇਹ ਸਿਰਫ਼ ਪਿੱਪਲਾਂ ਤੇ ਬੋਹੜਾਂ ਨੂੰ ਹੀ ਪਤਾ ਹੁੰਦਾ ਹੈ ਕਿ ਯੁੱਗ ਕਿਵੇਂ ਵੇਖੇ ਜਾਂਦੇ ਹਨ; ਵਰਨਾ ਗੁਰਦਾਸ ਮਾਨ ਦੇ ਕਹਿਣ ਵਾਂਗ ਇਸ ... ਤੇ ਕੋਈ 'ਆਪਣਾ ਪੰਜਾਬ ਹੋਵੇ' ਦੀ ਮੰਗ ਕਰ ਰਿਹਾ ਸੀ। ਕੁਰਸੀਆਂ ਤੋਂ ਉਠ ਕੇ ਦੋ ਬੀਬੀਆਂ ਨਾਗ ਵਾਂਗ ਤਾਂ ਮੇਲ੍ਹ ਹੀ ਰਹੀਆਂ ਸਨ, ਸਗੋਂ ਕਈ ਵਾਰ ਇੱਦਾਂ ਵੀ ਲਗਦਾ ਸੀ ਜਿਵੇਂ ਬਾਬਾ ਵਡਭਾਗ ਸਿੰਘ ਦੇ ਡੇਰੇ ਡੋਲੀਆਂ ਖੇਡ ਰਹੇ ਹੋਣ। ਇਥੇ ਇਹ ਭਰਮ ਵੀ ਟੁੱਟਿਆ ਕਿ ਅਸੀਂ ਐਵੇਂ ਕਹੀ ਜਾਂਦੇ ਹਾਂ ਕਿ ਨਵੀਂ ਪੀੜ੍ਹੀ 'ਯੋ-ਯੋ' ਜਾਂ

# ਰੱਬੀ ਸ਼ੇਰਗਿੱਲ ਤੇ 'ਯੁਨਾਈਟਿਡ ਸਿੱਖਸ' ਦੀ ਜੁਗਲਬੰਦੀ ਨੇ ਸਮਾਂ ਬੰਨ੍ਹਿਆ

## ਮਿਆਰੀ ਸੰਗੀਤ ਮਹਿਫਿਲ ਰਾਹੀਂ ਸੁੱਚੇ ਸਰੋਕਾਰਾਂ ਦਾ ਹੋਕਾ

**ਹੇਵਰਡ (ਐਸ. ਅਸ਼ੋਕ ਭੌਰਾ):** ਘਟੀਆ ਸਿਆਸਤ ਤੇ ਹਾਕਮਾਂ ਦੀ ਬੇਰੁਖੀ ਕਾਰਨ ਨਸ਼ਿਆਂ ਦੀ ਹਨੇਰੀ ਵਿਚ ਮੂੰਹ-ਸਿਰ ਅੱਟ ਕੇ ਉਜੜੇ ਜਾਂਦੇ ਪੰਜਾਬ ਨੂੰ ਬਚਾਉਣ ਅਤੇ ਇਸ ਦੀ ਵਿਰਾਸਤ, ਇਖਲਾਕ, ਅਣਖ, ਚੱਜ-ਆਚਾਰ ਨੂੰ ਮੁੜ ਪਹਿਲੀਆਂ ਤੇ ਅਸਲੀ ਪੈੜਾਂ 'ਤੇ ਲਿਆਉਣ ਦੇ ਯਤਨਾਂ ਵਜੋਂ 'ਯੁਨਾਈਟਿਡ ਸਿੱਖਸ' ਦਾ, ਉਘੇ ਗਾਇਕ ਰੱਬੀ ਸ਼ੇਰਗਿੱਲ ਜ਼ਰੀਏ ਉਦਮ ਇਕ ਤਰ੍ਹਾਂ ਨਾਲ ਇਤਿਹਾਸਕ ਘਟਨਾ ਵਜੋਂ ਹੀ ਲਿਆ ਜਾਵੇਗਾ। ਲੰਘੇ ਸਨਿਚਰਵਾਰ ਨੂੰ ਸਥਾਨਕ ਛੱਬੋ ਕਾਲਜ ਦੇ ਪ੍ਰਫਾਰਮਿੰਗ ਥਿਏਟਰ ਵਿਚ ਇਸ ਸੰਸਥਾ ਵੱਲੋਂ ਕਰਵਾਈ ਸੰਗੀਤਕ ਮਹਿਫਿਲ ਨੂੰ ਨਾ ਸਿਰਫ਼ ਸਲਾਹਿਆ ਤੇ ਵਡਿਆਇਆ ਜਾਵੇਗਾ, ਸਗੋਂ ਇਸ ਉਦਮ ਅੱਗੇ ਸਿਰ ਝੁਕਦਾ ਵੀ ਕਰਨਾ ਪਵੇਗਾ। ਇਹ ਪਰਿਵਾਰਾਂ ਸਮੇਤ ਪਹੁੰਚੇ ਪੰਜਾਬੀਆਂ ਦਾ ਸੰਗੀਤਕ ਹੁੰਗਾਰਾ ਹੀ ਨਹੀਂ ਸੀ, ਸਗੋਂ ਸਿਆਸਤਦਾਨਾਂ ਨੂੰ ਫਿਟਕਾਰ ਪਾ ਕੇ ਸੱਤ ਸਮੁੰਦਰੋਂ ਪਾਰ ਬੈਠੇ ਪੰਜਾਬੀਆਂ ਦੀ ਆਪਣੀ ਮਿੱਟੀ ਨਾਲ ਮੋਹ ਦਰਸਾਉਂਦੀ ਅਹਿਮ ਘਟਨਾ ਵੀ ਮੰਨੀ ਜਾਵੇਗੀ।



'ਯੁਨਾਈਟਿਡ ਸਿੱਖਸ' ਦੇ ਸਿਧਾਂਤਾਂ ਦੀ ਵਿਆਖਿਆ ਕਰੀਏ ਤਾਂ ਇਹ ਉਹ ਸਿਰਕੱਢ ਸੰਸਥਾ ਹੈ ਜਿਸ ਦਾ ਕੰਮ ਰੈਡਕਰਾਸ ਵਾਂਗ ਆਫਤਾਂ ਵਿਚ ਫਸੇ ਲੋਕਾਂ ਨੂੰ ਰਾਹਤ ਦੇਣਾ ਹੈ, ਤੇ ਰੈਡਕਰਾਸ ਤੋਂ ਬਾਅਦ ਇਹ ਪਹਿਲੀ ਸਿੱਖ ਸੰਸਥਾ ਹੈ ਜਿਸ ਨੂੰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਮਾਨਤਾ ਦੇ ਕੇ ਇਕ ਤਰ੍ਹਾਂ ਨਾਲ ਮਾਣ ਦਿੱਤਾ ਗਿਆ ਹੈ। ਇਹ ਉਹੀ ਸਿੱਖ ਸੰਸਥਾ ਹੈ ਜਿਸ ਨੇ ਹੈਤੀ ਅਤੇ ਪਾਕਿਸਤਾਨ ਦੇ ਭੂਚਾਲ ਮਾਰੇ ਲੋਕਾਂ ਦੀ ਬਾਂਹ ਫੜੀ। ਉਤਰਾਖੰਡ ਵਿਚ ਕੁਦਰਤੀ ਆਫਤ, ਦਿੱਲੀ ਵਿਚ ਧਰਤੀ ਦਾ ਕਹਿਰ, ਫਿਲਪੀਨਜ਼ ਦਾ ਭੂਚਾਲ ਆਉਣ ਤੋਂ ਬਾਅਦ ਦੁਖੀ ਲੋਕਾਂ ਲਈ ਲਹਿਰ ਦੀ ਵਿਵਸਥਾ, ਰੋਜ਼ਾਨਾ ਜੀਵਨ ਦੀਆਂ ਲੋੜਾਂ ਤੇ ਸਿਹਤ ਸਹੂਲਤਾਂ ਮੁਹੱਈਆ ਕੀਤੀਆਂ। ਜ਼ਿਕਰਯੋਗ ਹੈ ਕਿ 'ਯੁਨਾਈਟਿਡ ਸਿੱਖਸ' ਦੇ 12 ਦੇਸ਼ਾਂ ਵਿਚ ਦਫਤਰ ਹਨ ਤੇ ਇਸ ਸੰਸਥਾ ਨੇ ਨਾ ਸਿਰਫ਼ ਪੰਜਾਬ ਵਿਚ ਨਸ਼ਿਆਂ ਵਿਰੁਧ ਇਹ ਕਾਰਜ ਅਰੰਭਿਆ ਹੈ, ਸਗੋਂ ਇਸ ਤੋਂ ਪਹਿਲਾਂ ਇਸ ਨੇ ਸੂਬੇ ਵਿਚ ਖੁਦਕਸ਼ੀਆਂ ਕਰ ਰਹੇ ਕਿਸਾਨ ਭਰਾਵਾਂ ਦੀ ਮਦਦ ਵੀ ਕੀਤੀ ਹੈ।

ਹੇਵਰਡ ਵਿਚ ਹੋਈ ਇਸ ਸੰਗੀਤ ਮਹਿਫਲ ਵਿਚ 'ਬੁੱਲ੍ਹਾ ਕੀ ਜਾਣੇ ਮੈਂ ਕੌਣ' ਫੇਮ ਰੱਬੀ ਸ਼ੇਰਗਿੱਲ ਨੇ ਕਿਹਾ ਕਿ 'ਯੁਨਾਈਟਿਡ ਸਿੱਖਸ' ਦੇ ਇਸ ਕਾਰਜ ਲਈ ਗਾਉਂਦਿਆਂ ਉਸ ਨੂੰ ਸੰਗੀਤਕ ਤੇ ਆਤਮਿਕ ਸੁੱਖ ਦੀ ਤ੍ਰਿਪਤੀ ਵੀ ਹੋਈ ਹੈ। ਇਸ ਪ੍ਰੋਗਰਾਮ ਦੇ ਸ਼ੁਰੂ ਵਿਚ ਵਿਖਾਈ ਪ੍ਰਭਾਵਸ਼ਾਲੀ ਦਸਤਾਵੇਜ਼ੀ ਫਿਲਮ ਵਿਚ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਦੇ ਧਿਆਨ ਹਿੱਤ ਲਿਆਂਦਾ ਗਿਆ ਕਿ ਪੰਜਾਬ ਅੰਦਰ ਕਿਵੇਂ ਤੇ ਕਿਸ ਹੱਦ ਤੱਕ ਨਸ਼ੇ ਵਿਕ ਰਹੇ ਹਨ, ਇਨ੍ਹਾਂ ਦਾ ਸੇਵਨ ਕੀਤਾ ਜਾ ਰਿਹਾ ਹੈ ਤੇ ਗਰਕ ਰਹੀ ਜਵਾਨੀ ਤੇ ਪਰਿਵਾਰਾਂ ਬਾਰੇ ਸਰਕਾਰ ਬੇਧਿਆਨ ਹੋਈ ਪਈ ਹੈ। ਬਹੁਤ ਸਾਰੇ ਪਰਦੇਸੀ ਪੰਜਾਬੀਆਂ ਨੂੰ ਇਸ ਦਰਦਨਾਕ ਦਾਸਤਾਂ ਬਾਰੇ ਪਹਿਲੀ ਵਾਰੀ ਇਲਮ ਹੋ ਰਿਹਾ ਸੀ।

ਸਥਾਨਕ ਗਾਇਕਾਂ ਵਿਚ ਉਘੀ ਗਾਇਕਾ ਇਸ਼ਮੀਤ ਨਰੂਲਾ, ਨਾਮਵਰ ਗਾਇਕ ਪ੍ਰਫਾਰਮਰ ਜਤਿੰਦਰ ਮੰਡੇਰ ਜਰਗੀਆ ਨੇ ਵੱਡੀ ਗਿਣਤੀ ਵਿਚ ਆਏ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ ਤੇ ਇਕਹਿਰੇ ਸਾਜ਼ ਗਟਾਰ ਨਾਲ ਕਰੀਬ ਡੇਢ ਘੰਟਾ ਕਲਾਸੀਕਲ ਤੇ ਲੋਕ ਗਾਇਨ ਨਾਲ ਇਕ ਤਰ੍ਹਾਂ ਸਮਾਂ ਹੀ ਬੰਨ੍ਹ ਦਿੱਤਾ। ਸੰਸਥਾ ਦੇ ਅਹਿਮ ਵਰਕਰ ਅੰਮ੍ਰਿਤਪਾਲ ਸਿੰਘ ਭਾਟੀਆ (ਨਿਰਦੇਸ਼ਕ), ਕੁਲਵੰਤ ਸਿੰਘ ਖਹਿਰਾ, ਅਜਮੇਰ ਸਿੰਘ, ਬਿੱਟੂ ਨਿੱਝਰ, ਸਿਮਰਨਜੀਤ ਸਿੰਘ, ਸੰਦੀਪ ਸਿੰਘ ਜੰਟੀ, ਗੁਰਵਿੰਦਰ ਸਿੰਘ ਡੈਲਸ, ਤੇਜਿੰਦਰ ਧਾਮੀ, ਜਸਵੰਤ ਸਿੰਘ ਹੋਠੀ, ਡਾ. ਪ੍ਰਿਤਪਾਲ ਸਿੰਘ, ਹਰਪ੍ਰੀਤ ਸੰਧੂ, ਰਾਜ ਬਡਵਾਲ, ਰਵੀ ਬਾਠ, ਡਾ. ਹਰਬੰਸ ਸਿੰਘ ਸਰਾਓ, ਡਾ. ਚਰਨਜੀਤ ਸਿੰਘ ਉਪਲ ਨੇ ਇਸ ਮਹੱਤਵਪੂਰਨ ਕਾਰਜ ਵਿਚ ਅਹਿਮ ਯੋਗਦਾਨ ਵੀ ਪਾਇਆ ਤੇ ਆਏ ਲੋਕਾਂ ਨਾਲ ਵਿਚਾਰ ਵੀ ਸਾਂਝੇ ਕੀਤੇ।





ਗੋਲਡਨ ਜਿਮ ਤੇ ਏ-ਵੰਨ ਟਰੱਕਿੰਗ ਦੇ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਤੋਂ ਇਲਾਵਾ ਡਾਇਮੰਡ ਟ੍ਰਾਂਸਪੋਰਟੇਸ਼ਨ ਦੇ ਹਰਨੇਕ ਸਿੰਘ ਅਟਵਾਲ, ਗੁਲਵਿੰਦਰ ਸਿੰਘ ਭਿੰਦਾ, ਬਲਕਾਰ ਸਿੰਘ (ਬੰਬੇ ਗਾਰਡਨ), ਪੁਸ਼ਪਿੰਦਰਪਾਲ ਸਿੰਘ (ਨਿਊ ਯਾਰਕ ਲਾਇਫ), ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ, ਗਿਆਨੀ ਰਵਿੰਦਰ ਸਿੰਘ, ਬੰਗਾਲੀ ਸਵੀਟਸ, ਸਕੂਨ ਰੈਸਟੋਰੈਂਟ ਤੇ ਗੁਰਬਚਨ ਸਿੰਘ ਰਾਣਾ ਦਾ ਸੰਸਥਾ ਨੂੰ ਵਿੱਤੀ ਸਹਿਯੋਗ ਸਲਾਹਿਆ ਗਿਆ।

ਸੁਪਨੇ ਤੇਰੇ ਭਗਤ ਸਿਹਾਂ
ਹੋ ਗਏ ਚਕਨਾਚੂਰ
ਨਹੀਂ ਤੇਰੀਆਂ ਆਸਾਂ ਨੂੰ
ਪਿਆ ਹਾਲੇ ਤੀਕਰ ਬੂਰ...
ਕੂੰਜ ਕਾਂਵਾਂ ਨੇ ਘੇਰ ਲਈ
ਚਿੜੀ ਮਧੋਲਣ ਬਾਜ਼
ਇਕ ਵਾਰੀ ਤਾਂ ਦੇਖ ਲੈ
ਭਗਤ ਸਿਹਾਂ ਇਹ ਰਾਜ।

ਆਦਿ ਗੀਤਾਂ ਨਾਲ ਪੰਜਾਬੀ ਲੇਜੈਂਡ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਨੇ ਪ੍ਰੋਗਰਾਮ ਦਾ ਸੰਚਾਲਨ ਗੁਰਵਿੰਦਰ ਸਿੰਘ ਨਾਲ ਸਾਂਝੇ ਤੌਰ 'ਤੇ ਬਾਖੂਬੀ ਨਿਭਾਇਆ।

ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਏ ਨੇ ਇਸ ਉਤਮ ਕਾਰਜ ਵਿਚ ਪੂਰਾ ਸਹਿਯੋਗ ਦਿੱਤਾ। ਰੱਬੀ ਸ਼ੇਰਗਿੱਲ ਨਾਲ ਰਲ ਕੇ ਕੀਤਾ ਗਿਆ ਇਹ ਇਤਿਹਾਸਕ ਉਪਰਾਲਾ ਨਸ਼ਿਆਂ ਵਿਚ ਮਰਦੇ ਪੰਜਾਬ ਨੂੰ ਬਚਾਉਣ ਦੀ ਅਹਿਮ ਕੜੀ ਹੋਵੇਗਾ।

# ਗੋਲਡਨ ਪੰਜਾਬ ਕਲੱਬ ਨੇ ਕਰਵਾਇਆ 'ਮੀਆਂ ਨਾਲ ਤੀਆਂ' ਪ੍ਰੋਗਰਾਮ







**ਹੇਵਰਡ (ਬਿਊਰੋ):** ਸਭਿਆਚਾਰਕ ਸੰਸਥਾ ਗੋਲਡਨ ਪੰਜਾਬ ਕਲੱਬ ਯੂ.ਐਸ.ਏ. ਨੇ ਬੀਤੇ ਦਿਨੀਂ ਨਿਊ ਵਾਰਕ ਪਵੇਲੀਅਨ ਵਿਚ 'ਮੀਆਂ ਨਾਲ ਤੀਆਂ' ਮੇਲਾ ਕਰਵਾਇਆ ਜੋ ਇਕ ਨਵੀਂ ਲੀਹ ਪਾ ਗਿਆ। ਮੇਲੇ ਦਾ ਉਦੇਸ਼ ਤੀਆਂ ਦੇ ਤਿਓਹਾਰ ਨੂੰ ਪਰਿਵਾਰਾਂ ਸਮੇਤ ਮਨਾਉਣਾ ਸੀ। ਇਕ ਤਰ੍ਹਾਂ ਨਾਲ ਉਨ੍ਹਾਂ ਮੁਟਿਆਰਾਂ ਅਤੇ ਬੀਬੀਆਂ ਜੋ ਛੋਟੇ ਬੱਚਿਆਂ ਦੀ ਦੇਖ-ਭਾਲ ਕਾਰਨ ਜਾਂ ਰਾਈਡ ਨਾ ਮਿਲਣ ਦੀ ਸੂਰਤ ਵਿਚ ਤੀਆਂ ਦੇਖਣ ਨਹੀਂ ਜਾ ਸਕਦੀਆਂ ਸਨ, ਲਈ ਇਕ ਵਿਸ਼ੇਸ਼ ਉਪਰਾਲਾ ਸੀ। ਮੁਟਿਆਰਾਂ ਨੇ ਪਰਿਵਾਰਾਂ ਸਮੇਤ ਪੁੱਜ ਕੇ ਇਸ ਮੇਲੇ ਨੂੰ ਭਰਵਾਂ ਹੁੰਗਾਰਾ ਦਿੱਤਾ।

ਮੇਲੇ ਦਾ ਆਗਾਜ਼ ਸਤਵੰਤ ਸਿੰਘ (ਇੰਸ਼ੋਰੈਂਸ ਏਜੰਟ) ਨੇ ਰੀਬਨ ਕੱਟ ਕੇ ਕੀਤਾ। ਇਸ ਪਿਛੋਂ ਮਿਸ਼ਨ ਲਰਨਿੰਗ ਅਕੈਡਮੀ, ਫੁਲਵਾੜੀ ਕੋਰਪ, ਅਜੇ ਅਕੈਡਮੀ, ਵੀਆਨ-ਯਾਨਿਕ ਅਤੇ ਰਾਇਲ ਭੰਗੜਾ ਟੀਮਾਂ ਨੇ ਭੰਗੜੇ ਅਤੇ ਗਿੱਧੇ ਨਾਲ ਦਰਸ਼ਕ ਝੂਮਣ ਲਾ ਦਿੱਤੇ। ਇੰਦਰਜੀਤ ਸਿੰਘ ਮੰਗਾ ਨੇ 'ਮੀਆਂ ਨਾਲ ਤੀਆਂ' ਕਵਿਤਾ ਪੇਸ਼ ਕਰਕੇ ਦਰਸ਼ਕਾਂ ਤੋਂ ਵਾਹ-ਵਾਹ ਖੱਟੀ। ਸੋਨੀਆ ਅਤੇ ਜੱਸੀ ਨੇ 'ਤਾਈ ਬਿਸ਼ਨੀ' ਸਕਿੱਟ ਨਾਲ ਢਿੱਡੀਂ ਪੀੜਾਂ ਪਾ ਦਿੱਤੀਆਂ। ਨੀਲਮ ਸੈਣੀ ਦੀ ਅਗਵਾਈ ਵਿਚ ਤੀਆਂ ਦੇ ਮਹੱਤਵ ਨੂੰ ਸਮਝਾਉਂਦਾ 'ਮੀਆਂ ਨਾਲ ਤੀਆਂ' ਵਿਸ਼ੇਸ਼ ਰੂਪਕ ਪ੍ਰੋਗਰਾਮ ਨੂੰ ਸਿਖਰ 'ਤੇ ਲੈ ਗਿਆ। ਟੀ.ਵੀ. ਐਂਕਰ ਜਸਲੀਨ ਖਨੂਜਾ ਨੇ ਇਸੇ ਥੀਮ ਨਾਲ ਮਿਲਦਾ ਗੀਤ 'ਅੰਬਰਸਰੀਆ ਮੁੰਡਿਆ ਵੇ ਕੱਚੀਆਂ ਕਲੀਆਂ ਨਾ ਤੋੜ' ਆਪਣੇ ਮੀਆਂ ਤਨਵੀਰ ਨੂੰ ਸਟੇਜ 'ਤੇ ਲਿਆ ਕੇ ਪੇਸ਼ ਕੀਤਾ। ਜਸਵਿੰਦਰ ਕੌਰ, ਸੋਨੀਆ, ਸੁਖਬੀਰ ਕੌਰ, ਜਸਵਿੰਦਰ ਧਨੋਆ ਅਤੇ ਬਲਵਿੰਦਰ ਕੌਰ ਦੀ ਪੇਸ਼ਕਾਰੀ ਵੀ ਰੌਚਿਕ ਸੀ।



ਉਪਰੰਤ ਗਾਇਕ ਸੁਲਤਾਨ ਅਖਤਰ, ਹਰਜੀਤ ਜੀਤੀ ਅਤੇ ਦਰਸ਼ਨ ਔਜਲਾ ਨੇ ਤੀਆਂ ਨਾਲ ਸਬੰਧਤ ਗੀਤ ਗਾ ਕੇ ਮੁਟਿਆਰਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਨੀਲਮ ਸੈਣੀ ਨੇ ਇਸ ਪਰਿਵਾਰਕ ਪ੍ਰੋਗਰਾਮ ਦਾ ਤਰਤੀਬਬੱਧ ਅਤੇ ਸੁਚੱਜਾ ਸੰਚਾਲਨ ਇਸ ਤਰ੍ਹਾਂ ਕੀਤਾ ਕਿ ਸਭ ਨੇ ਪ੍ਰੋਗਰਾਮ ਦਾ ਪੂਰਾ ਅਨੰਦ ਮਾਣਿਆ। ਰੱਖੜੀ, ਜਿਊਲਰੀ, ਕੱਪੜੇ, ਮਹਿੰਦੀ ਅਤੇ ਖਾਣੇ ਦੇ ਸਟਾਲਾਂ ਨੇ ਪੂਰੇ ਮੇਲੇ ਦਾ ਮਾਹੌਲ ਬਣਾਇਆ ਹੋਇਆ ਸੀ। ਸਤਵੰਤ ਇੰਸ਼ੋਰੈਂਸ ਵਲੋਂ ਤੋਹਫਿਆਂ ਦੇ ਭਰੇ ਬੈਗ ਖਿੱਚ ਦਾ ਕਾਰਨ ਬਣੇ ਰਹੇ। ਪਾਲੀ ਧਨੌਲਾ ਦੀ ਟੀਮ ਨੇ ਗੁਰਦਾਸ ਮਾਨ ਸ਼ੋਅ ਲਈ ਰੈਫਲ ਕੱਢੇ।

ਕਲੱਬ ਨੇ ਮਨਜੀਤ ਇੰਸ਼ੋਰੈਂਸ ਸਰਵਿਸ, ਜੇ ਕੇ ਬਰੋਕਰਜ਼, ਜੇ ਕੇ ਡਾਕ ਪਰੈਪ ਸਰਵਿਸ, ਆਰ ਐਸ ਬੀ ਪੀ ਕਾਰਪੋਰੇਸ਼ਨ, ਲਾਲੀ ਟਰੱਕ ਅਤੇ ਟਾਇਰ ਸਰਵਿਸ, ਗੁਰਮੀਤ ਕਾਲੀਆ-ਇੰਸ਼ੋਰੈਂਸ ਏਜੰਸੀ, ਮਨਜੀਤ ਸਿੰਘ ਸ਼ੋਕਰ-ਸੁਪਰ ਸਟਾਰ ਲਿੱਕਰ, ਐਸ ਐਸ ਟਰੱਕਿੰਗ, ਐਸ ਯੂ ਐਸ ਲਾਜਿਸਟਿਕ ਇੰਕ, ਐਸ ਸਿੰਘ, ਰਾਜਾ ਸਵੀਟਸ ਐਂਡ ਇੰਡੀਅਨ ਕੁਜ਼ੀਨ, ਤੰਦੂਰ ਰੈਸਟੋਰੈਂਟ, ਕੈਸ਼ ਫੈਬਰਿਕ, ਸਮਰਾਟ ਕੜ੍ਹੀ ਹੱਟ, ਰੇਡੀਓ ਚੜ੍ਹਦੀ ਕਲਾ, ਰਣਧੀਰ ਕੰਗ ਐਡਵੋਕੇਟ, ਰਣਬੀਰ ਸਿੰਘ ਘੋਲੀਆ, ਜਸਵੰਤ ਸਿੰਘ ਬਾਸੀ, ਜਗਤਾਰ ਗਿੱਲ, ਪਾਲੀ ਧਨੌਲਾ, ਅਵਤਾਰ ਸਿੰਘ ਮਾਉਂਟਨ ਮਾਈਕ ਪੀਜ਼ਾ, ਜਸਵੰਤ ਖੰਨਾ, ਸਰਬਜੀਤ ਗਿੱਲ, ਗੁਰਮੀਤ ਸਿੰਘ ਮੀਤ ਇੰਸ਼ੋਰੈਂਸ, ਭਜਨ ਸਿੰਘ ਮੋਗੇ ਵਾਲੇ ਅਤੇ ਹੋਰਨਾਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।



## ਗੁਰਦੁਆਰਾ ਨਾਨਕ ਪ੍ਰਕਾਸ਼ ਫਰਿਜ਼ਨੋ 'ਚ ਪੰਜਾਬੀ ਸਕੂਲ ਸ਼ੁਰੂ



**ਫਰਿਜ਼ਨੋ (ਬਿਊਰੋ):** ਸਥਾਨਕ ਗੁਰਦੁਆਰਾ ਨਾਨਕ ਪ੍ਰਕਾਸ਼ ਦੇ ਪ੍ਰਬੰਧਕਾਂ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਇੱਕ ਪੰਜਾਬੀ ਸਕੂਲ ਸ਼ੁਰੂ ਕੀਤਾ ਗਿਆ ਹੈ। ਸਕੂਲ ਦਾ ਅਰੰਭ ਲੰਘੇ ਐਤਵਾਰ ਗੁਰੂ ਘਰ ਵਿਖੇ ਸਹਿਜ ਪਾਠ ਦੇ ਭੋਗ ਪਾਉਣ ਅਤੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਨ ਉਪਰੰਤ ਹੋਇਆ। ਤਕਰੀਬਨ ਸੌ ਬੱਚਿਆਂ ਨੇ ਇਸ ਸਕੂਲ ਵਿਚ ਦਾਖਲਾ ਲਿਆ। ਮਾਪੇ ਵੀ ਕਾਫੀ ਉਤਸ਼ਾਹਿਤ ਸਨ।

ਸਕੂਲ ਦੇ ਪ੍ਰਿੰਸੀਪਲ ਰੇਸ਼ਮਪਾਲ ਕੌਰ ਨੇ ਦੱਸਿਆ ਕਿ ਇਥੇ ਜੰਮੀ ਨਵੀਂ ਪੰਜਾਬੀ ਪੀੜ੍ਹੀ ਨੂੰ ਸਾਡੇ ਸੱਭਿਆਚਾਰ ਅਤੇ ਧਰਮ ਨਾਲ ਜੋੜਨ ਲਈ ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਪੜ੍ਹਨੀ, ਲਿਖਣੀ ਤੇ ਬੋਲਣੀ ਸਿਖਾਉਣ ਦੇ ਮਕਸਦ ਨਾਲ ਹੀ ਸਕੂਲ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦੀਆਂ ਕਲਾਸਾਂ ਪੰਜ ਲੈਵਲਾਂ ਵਿਚ ਵੰਡੀਆਂ ਗਈਆਂ ਹਨ ਅਤੇ ਸਕੂਲ ਨੂੰ ਚਲਾਉਣ ਲਈ ਸਮੂਹ ਪੰਜਾਬੀ ਭਾਈਚਾਰੇ ਦੇ ਸਹਿਯੋਗ ਦੀ ਲੋੜ ਹੈ।

ਸਕੂਲ ਦੇ ਪ੍ਰਬੰਧਕ ਜਗਰੂਪ ਸਿੰਘ ਅਤੇ ਰਾਜਵਿੰਦਰ ਸਿੰਘ ਬਰਾੜ ਨੇ ਸਮੂਹ ਪੰਜਾਬੀ ਭਾਈਚਾਰੇ ਨੂੰ ਇਸ ਸਕੂਲ ਵਿਚ ਆਪਣੇ ਬੱਚੇ ਦਾਖਲ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਬੀਬੀ ਹਰਪਾਲ ਕੌਰ ਬੱਚਿਆਂ ਨੂੰ ਕੀਰਤਨ ਸਿਖਾਇਆ ਕਰਨਗੇ। ਉਨ੍ਹਾਂ ਕਿਹਾ ਕਿ ਇਸ ਸਭ ਦਾ ਸਿਹਰਾ ਪ੍ਰਿੰਸੀਪਲ ਪੁਸਪਿੰਦਰ ਕੌਰ ਸੈਨ ਹੋਜ਼ੇ ਦੇ ਸਿਰ ਜਾਂਦਾ ਹੈ। ਬੱਚਿਆ ਦੇ ਦਾਖਲੇ ਖੁਲ੍ਹੇ ਹਨ ਅਤੇ ਸਟਾਫ ਵਿਚ ਸੇਵਾ ਕਰਨ ਲਈ ਵਾਲੰਟੀਅਰਾਂ ਦੀ ਵੀ ਲੋੜ ਹੈ।

## ਸ਼੍ਰੋਮਣੀ ਕਮੇਟੀ ਐਤਕੀਂ ਗੁਰੂ ਕਾ ਬਾਗ ਮੋਰਚੇ ਦੇ ਯੋਧਿਆਂ ਨੂੰ ਭੁੱਲ ਗਈ

**ਚੇਤਨਪੁਰਾ:** ਵੱਖਰੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਵਾਦ ਵਿਚ ਉਲਝੀ ਸ਼੍ਰੋਮਣੀ ਕਮੇਟੀ ਪਿਛਲੇ ਕਈ ਸਾਲਾਂ ਤੋਂ ਅੱਠ ਅਗਸਤ ਨੂੰ ਮਨਾਏ ਜਾਂਦੇ ਸਿੱਖ ਇਤਿਹਾਸ ਦੇ ਅਹਿਮ ਦਿਹਾੜੇ ਮੋਰਚਾ ਗੁਰੂ ਕਾ ਬਾਗ ਨੂੰ ਮਨਾਉਣਾ ਭੁੱਲ ਗਈ ਹੈ।

1922 ਵਿਚ ਅੱਠ ਅਗਸਤ ਨੂੰ ਇਤਿਹਾਸਕ ਗੁਰਦੁਆਰਾ ਗੁਰੂ ਕਾ ਬਾਗ ਦੀ ਜ਼ਮੀਨ ਵਿਚੋਂ ਗੁਰੂ ਘਰ ਦੇ ਲੰਗਰਾਂ ਲਈ ਲੱਕੜਾਂ ਲੈਣ ਗਏ ਸਿੰਘਾਂ ਨੂੰ ਉਸ ਵੇਲੇ ਗੁਰਦੁਆਰੇ 'ਤੇ ਕਾਬਜ਼ ਮਹੰਤ ਸੁੰਦਰ ਦਾਸ ਵੱਲੋਂ ਅੰਗਰੇਜ਼ ਹਕੂਮਤ ਨਾਲ ਮਿਲ ਕੇ ਚੋਰੀ ਦੇ ਕੇਸ ਵਿਚ ਗ੍ਰਿਫ਼ਤਾਰ ਕਰਵਾ ਦਿੱਤਾ ਗਿਆ ਸੀ। ਸਿੰਘਾਂ ਨੂੰ ਛੇ-ਛੇ ਮਹੀਨੇ ਦੀ ਕੈਦ ਤੇ ਜੁਰਮਾਨਾ ਵੀ ਕੀਤਾ ਗਿਆ ਸੀ। ਇਸੇ ਮਸਲੇ ਨੂੰ ਲੈ ਕੇ ਗੁਰੂ ਕਾ ਬਾਗ ਦਾ ਸ਼ਾਂਤਮਈ ਮੋਰਚਾ ਆਰੰਭ ਹੋਇਆ ਸੀ ਜੋ ਲਗਾਤਾਰ 17 ਨਵੰਬਰ 1922 ਤੱਕ ਚੱਲਿਆ ਸੀ, ਜਿਸ ਦੌਰਾਨ ਮੋਰਚੇ ਵਿਚ ਭਾਗ ਲੈਣ ਵਾਲੇ ਹਜ਼ਾਰਾਂ ਸਿੰਘਾਂ 'ਤੇ ਅਣਮਨੁੱਖੀ ਤਸ਼ੱਦਦ ਢਾਹੇ ਗਏ। ਕਈ ਸਿੰਘ ਸ਼ਹੀਦ ਵੀ ਹੋਏ। ਉਨ੍ਹਾਂ ਦੀ ਯਾਦ ਵਿਚ 6-7 ਸਾਲ ਪਹਿਲਾਂ ਗੁਰਦੁਆਰਾ ਗੁਰੂ ਕਾ ਬਾਗ ਵਿਖੇ ਦਿਹਾੜਾ ਮਨਾਉਣਾ ਸ਼ੁਰੂ ਕੀਤਾ ਗਿਆ ਸੀ।

## ਫਰੀਮਾਂਟ ਵਿਚ ਭਾਰਤ ਦੀ ਆਜ਼ਾਦੀ ਪਰੇਡ ਵਿਰੁਧ ਰੋਸ ਮੁਜ਼ਾਹਰਾ 17 ਨੂੰ

**ਫਰੀਮਾਂਟ (ਬਿਊਰੋ):** ਭਾਰਤ ਦੀ ਆਜ਼ਾਦੀ ਸਬੰਧੀ 17 ਅਗਸਤ, ਐਤਵਾਰ ਨੂੰ ਕੱਢੀ ਜਾ ਰਹੀ ਪਰੇਡ ਵਿਰੁਧ ਫਰੀਮਾਂਟ ਵਿਚ ਹੇਸਟਿੰਗਜ਼ ਸਟਰੀਟ ਅਤੇ ਕੈਪੀਟਲ ਐਵੇਨਿਊ ਦੇ ਕੋਨੇ ਉਤੇ ਅਮਨਮਈ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਬੰਧੀ ਗੁਰਦੁਆਰਾ ਫਰੀਮਾਂਟ ਦੇ ਸਕੱਤਰ ਭਾਈ ਸੁਖਵੰਤ ਸਿੰਘ ਅਤੇ ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸੰਗਤ ਨੂੰ ਆਖਿਆ ਕਿ ਗੁਰਦੁਆਰਾ ਫਰੀਮਾਂਟ ਦਾ ਅਮਰੀਕਾ ਵਿਚਲੇ ਰਾਜਨੀਤਕ ਤੇ ਧਾਰਮਿਕ ਖੇਤਰਾਂ ਵਿਚ ਵਿਲੱਖਣ ਯੋਗਦਾਨ ਹੈ। ਭਾਰਤ ਦੀ ਆਜ਼ਾਦੀ ਦੇ ਪ੍ਰਸ਼ੰਸਕਾਂ ਵੱਲੋਂ ਫਰੀਮਾਂਟ ਵਿਚ ਪਰੇਡ ਕੱਢੀ ਜਾਂਦੀ ਹੈ ਜਦਕਿ ਖਾਲਸਾ ਰਾਜ ਦੇ ਹਾਮੀਆਂ ਵਲੋਂ ਇਸ ਵਿਰੁਧ ਰੋਸ ਮੁਜ਼ਾਹਰਾ ਕੀਤਾ ਜਾਂਦਾ ਹੈ।





ਭਾਈ ਸੁਖਵੰਤ ਸਿੰਘ ਅਤੇ ਭਾਈ ਬਲਵਿੰਦਰਪਾਲ ਸਿੰਘ ਖਾਲਸਾ ਨੇ ਆਖਿਆ ਕਿ ਭਾਰਤ ਦੀ ਆਜ਼ਾਦੀ ਦੇ ਨਾਮ ਸਿੱਖ ਕੌਮ ਤੇ ਹੋਰ ਘੱਟ ਗਿਣਤੀਆਂ ਦਾ ਭਾਰਤ ਵਿਚ ਨਸਲਘਾਤ ਕਰਨ ਦਾ ਲਗਾਤਾਰ ਯਤਨ ਕੀਤਾ ਜਾ ਰਿਹਾ ਹੈ ਤੇ ਦੋ ਲੱਖ ਤੋਂ ਉਪਰ ਸਿੱਖ ਕਤਲ ਕਰ ਦਿਤੇ ਗਏ ਹਨ। ਉਨ੍ਹਾਂ ਸਮੂਹ ਸੰਗਤ ਤੇ ਪੰਥਕ ਜਥੇਬੰਦੀਆਂ ਨੂੰ ਇਸ ਰੋਸ ਮੁਜ਼ਾਹਰੇ ਵਿਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ। ਗੁਰਦੁਆਰਾ ਫਰੀਮਾਂਟ ਵੱਲੋਂ ਚਾਹ-ਪਾਣੀ ਦੀ ਸੇਵਾ ਦਾ ਪ੍ਰਬੰਧ ਹੋਵੇਗਾ।

ਇਸੇ ਦੌਰਾਨ ਗੁਰਦੁਆਰਾ ਫਰੀਮਾਂਟ ਵਿਚ ਹਫਤਾਵਾਰੀ ਦੀਵਾਨ ਦੌਰਾਨ ਕਥਾ, ਕੀਰਤਨ, ਢਾਡੀ ਵਾਰਾਂ ਦੇ ਸਮਾਗਮ ਦੌਰਾਨ ਖਾਲਸਾ ਰਾਜ ਦੀ ਕਾਇਮੀ ਅਤੇ ਭਾਰਤ ਦੀ ਕਥਿਤ ਆਜ਼ਾਦੀ ਪਰੇਡ ਵਿਰੁਧ ਕੀਤੇ ਜਾਂਦੇ ਰੋਸ ਮੁਜ਼ਾਹਰੇ ਵਿਚ ਸ਼ਾਮਲ ਹੋਣ ਲਈ ਦੀ ਅਪੀਲ ਕੀਤੀ ਗਈ। ਇਸ ਮੌਕੇ ਢਾਡੀ ਜਥੇ ਨੇ ਖਾਲਸਾ ਰਾਜ ਤੇ ਆਜ਼ਾਦੀ ਦੀਆਂ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



ਗੁਰਦੁਆਰਾ ਫਰੀਮਾਂਟ ਵਿਚ ਢਾਡੀ ਜਥਾ ਵਾਰਾਂ ਪੇਸ਼ ਕਰਦਾ ਹੋਇਆ

# ਯੂਨਾਈਟਿਡ ਸਿੱਖਸ ਵਲੋਂ 'ਨਸ਼ਿਆਂ ਤੋਂ ਪੰਜਾਬ ਬਚਾਓ' ਮੁਹਿੰਮ

## ਮਹਿਫਿਲ-ਏ-ਰੱਬੀ ਸ਼ੇਰਗਿੱਲ: ਤਸਵੀਰਾਂ ਦੀ ਜ਼ੁਬਾਨੀ



ਦਮਦਾਰ ਆਵਾਜ਼ ਦੇ ਮਾਲਕ ਰੱਬੀ ਸ਼ੇਰਗਿੱਲ ਪ੍ਰੋਗਰਾਮ ਪੇਸ਼ ਕਰਦਿਆਂ



ਗਾਇਕਾ ਇਸ਼ਮੀਤ ਕੌਰ ਨਰੂਲਾ



ਗਾਇਕ ਜਤਿੰਦਰ ਜਰਗੀਆ



ਤੇਜਿੰਦਰ ਸਿੰਘ ਧਾਮੀ ਤੇ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਹਰਦਿਆਲ ਸਿੰਘ ਅਸੈਂਬਲੀਮੈਨ ਬੌਬ ਵਿਸਕੌਸਕੀ ਦਾ ਮਾਣ-ਸਨਮਾਨ ਕਰਦੇ ਹੋਏ, ਨਾਲ ਹਨ ਯੂਨਾਈਟਿਡ ਸਿੱਖਸ ਦੇ ਕੋਆਰਡੀਨੇਟਰ ਹਰਿੰਦਰ ਕੌਰ, ਸਲਾਹਕਾਰ ਹਰਪ੍ਰੀਤ ਸਿੰਘ ਅਤੇ ਡਾਇਰੈਕਟਰ ਗੁਰਵਿੰਦਰ ਸਿੰਘ



ਯੂਨਾਈਟਿਡ ਸਿੱਖਸ ਦੇ ਸਲਾਹਕਾਰ ਗੁਰਪ੍ਰਕਾਸ਼ ਸਿੰਘ ਅਤੇ ਯੂਨਾਈਟਿਡ ਸਿੱਖਸ (ਹਰਿਆਣਾ) ਦੀ ਕੋਆਰਡੀਨੇਟਰ ਅਸ਼ਵੀਨ ਕੌਰ ਪੰਜਾਬੀ ਭਾਈਚਾਰੇ ਦੇ ਜਾਣੇ-ਪਛਾਣੇ ਸੇਵਾਦਾਰ ਭਾਈ ਰਾਮ ਸਿੰਘ ਅਤੇ ਭਾਈ ਜਸਵਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ, ਨਾਲ ਹਨ ਸ਼ਕਤੀ ਮਾਣਕ ਅਤੇ ਗੁਰਵਿੰਦਰ ਸਿੰਘ



ਯੂਨਾਈਟਿਡ ਸਿੱਖਸ ਦੇ ਸਲਾਹਕਾਰ ਗੁਰਪ੍ਰਕਾਸ਼ ਸਿੰਘ ਅਤੇ ਯੂਨਾਈਟਿਡ ਸਿੱਖਸ (ਹਰਿਆਣਾ) ਦੀ ਕੋਆਰਡੀਨੇਟਰ ਅਸ਼ਵੀਨ ਕੌਰ ਭਾਈ ਦੀਦਾਰ ਸਿੰਘ ਅਤੇ ਕੈਲੀਫੋਰਨੀਆ ਗਤਕਾ ਦਲ-ਐਲ ਸਬਰਾਂਟੇ ਦਾ ਮਾਣ-ਤਾਣ ਕਰਦੇ ਹੋਏ



ਰਾਜ ਬਡਵਾਲ ਅਤੇ ਰਵਿੰਦਰ ਸਿੰਘ ਬਾਠ (ਯੁਨਾਈਟਿਡ ਸਿੱਖਸ ਦੇ ਵਾਲੰਟੀਅਰ) ਦਾ ਸਨਮਾਨ ਕਰਦੇ ਹੋਏ ਸੰਸਥਾ ਦੇ ਕੋਆਰਡੀਨੇਟਰ ਹਰਿੰਦਰ ਕੌਰ, ਡਾਇਰੈਕਟਰ ਅੰਮ੍ਰਿਤਪਾਲ ਸਿੰਘ ਭਾਟੀਆ ਅਤੇ ਡਾਇਰੈਕਟਰ ਗੁਰਵਿੰਦਰ ਸਿੰਘ



ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਭਾਟੀਆ ਸੰਸਥਾ ਦੀ ਕੋਆਰਡੀਨੇਟਰ ਹਰਿੰਦਰ ਕੌਰ ਦਾ ਸਨਮਾਨ ਕਰਦੇ ਹੋਏ



ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਭਾਟੀਆ, ਕੋਆਰਡੀਨੇਟਰ ਹਰਿੰਦਰ ਕੌਰ ਡੀ ਜੀ ਐਨ ਟੈਕਨਾਲੋਜੀ ਦੇ ਸੀ ਈ ਓ ਰਾਜ ਸਿੰਘ, ਡਾ. ਚਰਨਜੀਤ ਸਿੰਘ ਉਪਲ ਅਤੇ ਡਾ. ਹਰਬੰਸ ਸਿੰਘ ਸਰਾਓ ਦਾ ਸਨਮਾਨ ਕਰਦੇ ਹੋਏ। ਨਾਲ ਹਨ ਸ਼ਕਤੀ ਮਾਣਕ ਅਤੇ ਗੁਰਵਿੰਦਰ ਸਿੰਘ



ਏਜੀਪੀਸੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਤੇ ਡਾ. ਮਨਜੀਤ ਕੌਰ ਦਾ ਸਨਮਾਨ ਕਰਦੇ ਹੋਏ ਯੂਨਾਈਟਿਡ ਸਿੱਖਸ ਦੇ ਕੋਆਰਡੀਨੇਟਰ ਹਰਿੰਦਰ ਕੌਰ, ਡਾਇਰੈਕਟਰ ਅੰਮ੍ਰਿਤਪਾਲ ਸਿੰਘ ਭਾਟੀਆ, ਮਰਹੂਮ ਗਾਇਕ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਅਤੇ ਡਾਇਰੈਕਟਰ ਗੁਰਵਿੰਦਰ ਸਿੰਘ

Sponsored Page

## ਅਣਵੰਡੇ ਪੰਜਾਬ ਦਾ ਮਹਾਂਕਵੀ

# ਬਾਬੂ ਰਜਬ ਅਲੀ

ਕਲਾ ਪਰਿਕਰਮਾ

*ਪੰਜਾਬੀ ਸ਼ਾਇਰ ਬਾਬੂ ਰਜਬ ਅਲੀ (10 ਅਗਸਤ 1894-6 ਜੂਨ 1979) ਦੀ ਕੋਈ ਰੀਸ ਨਹੀਂ। ਉਨ੍ਹਾਂ ਦੀ ਸ਼ਾਇਰੀ ਦੀ ਵੰਨਗੀ ਅਤੇ ਤੱਤ ਇੰਨੇ ਨਿਵੇਕਲੇ ਅਤੇ ਨਿਆਰੇ ਹਨ ਕਿ ਅੱਜ ਵੀ ਗਾਇਕ ਉਨ੍ਹਾਂ ਦੀਆਂ ਰਚਨਾਵਾਂ ਗਾ ਰਹੇ ਹਨ, ਜਾਂ ਉਨ੍ਹਾਂ ਦੇ ਛੰਦਾਂ ਨੂੰ ਆਧਾਰ ਬਣਾ ਕੇ ਆਪਣੀ ਕਵੀਸ਼ਰੀ ਜੋੜ ਰਹੇ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਪੰਜਾਬ ਦੀ ਮਹਿਕ ਵਰੋਲੇ ਬਣ-ਬਣ ਉਡਦੀ ਜਾਪਦੀ ਹੈ ਜਿਸ ਵੱਲ ਪੜ੍ਹਨ-ਸੁਣਨ ਦਾ ਧਿਆਨ ਮੱਲੋ-ਮੱਲੀ ਮੁੜ ਜਾਂਦਾ ਹੈ। -ਸੰਪਾਦਕ*

ਬਾਬੂ ਰਜਬ ਅਲੀ ਅਣਵੰਡੇ ਮਹਾਂ ਪੰਜਾਬ ਦਾ ਉਹ ਮਹਾਂ ਕਵੀ ਹੈ ਜਿਸ ਦੀਆਂ ਰਚਨਾਵਾਂ ਅੱਜ ਵੀ ਬਹੁਤੇ ਗਾਇਕ, ਕਵੀਸ਼ਰ ਅਤੇ ਢਾਡੀ ਗਾ ਰਹੇ ਹਨ। ਮੋਗਾ ਨੇੜਲੇ ਪਿੰਡ ਸਾਹੋਕੇ ਵਿਚ 10 ਅਗਸਤ 1894 ਨੂੰ ਪਿਤਾ ਧਮਾਲੀ ਖਾਂ ਅਤੇ ਮਾਤਾ ਜਿਊਣੀ ਦੇ ਘਰ ਜਨਮਿਆ ਬਾਬੂ ਰਜਬ ਅਲੀ ਪੰਜਾਬੀ ਦਾ ਉਹ ਅਲਵੇਲਾ ਸ਼ਾਇਰ ਹੈ ਜਿਸ ਨੇ ਕਈ ਛੰਦ, ਪਿੰਗਲ ਤੋਂ ਵੀ ਬਾਹਰ ਈਜਾਦ ਕੀਤੇ ਹਨ। ਉਨ੍ਹਾਂ ਬਹੱਤਰ ਕਲਾ ਛੰਦ, ਤਰਜ਼ ਦੋਤਾਰਾ, ਡੂਢੀ ਅਤੇ ਆਪਣੇ ਹੀ ਨਾਮ 'ਬਾਬੂ ਚਾਲ ਛੰਦ' ਪੰਜਾਬੀ ਗਾਇਕੀ ਨੂੰ ਸਮਰਪਿਤ ਕੀਤੇ ਹਨ। ਗਾਇਕ ਸਤਿੰਦਰ ਸਰਤਾਜ ਆਪਣੀ ਗਾਇਕੀ ਵਿਚ ਬਾਬੂ ਰਜਬ ਅਲੀ ਦੇ ਬਹੱਤਰ ਕਲਾ ਛੰਦ ਅਤੇ ਹੋਰ ਛੰਦਾਂ ਦੀ ਭਰਪੂਰ ਵਰਤੋਂ ਕਰ ਰਿਹਾ ਹੈ।



ਨਹਿਰੀ ਮਹਿਕਮੇ ਵਿਚ ਓਵਰਸੀਅਰ ਦੇ ਤੌਰ 'ਤੇ ਨੌਕਰੀ ਕਰਨ ਵਾਲੇ ਇਸ ਮਹਾਨ ਸ਼ਾਇਰ ਨੂੰ ਭਾਵੇਂ ਆਜ਼ਾਦੀ ਪਿਛੋਂ ਪਾਕਿਸਤਾਨ ਜਾ ਕੇ ਵਸਣਾ ਪਿਆ, ਪਰ ਆਪਣੇ ਬਚਪਨ ਦੇ ਸਾਥੀਆਂ ਅਤੇ ਜੱਦੀ



**ਜਗਸੀਰ ਸਿੰਘ ਸੰਧੂ**
ਫੋਨ: 91-98764-16009

ਪਿੰਡ ਸਾਹੋਕੇ ਦੇ ਮੋਹ ਬਾਰੇ ਬਾਬੂ ਰਜਬ ਅਲੀ ਲਿਖਦਾ ਹੈ,

ਸੋਹਣੀ ਸਾਹੋ ਪਿੰਡ ਦੀਏ ਬੀਹੇ,
ਬਚਪਨ ਦੇ ਵਿਚ ਪੜੇ ਬੰਬੀਹੇ।
ਚੂਰੀ ਖੁਆ ਮਾਂ ਪਾ'ਤੇ ਰਸਤੇ,
ਚੱਕ ਲੈ ਕਲਮ ਦਵਾਤਾਂ ਬਸਤੇ।

---

ਸ਼ੇਰ, ਨਿਰੰਜਣ ਮਹਿੰਗੇ ਨੇ...
ਭੁੱਲਦੀਆਂ ਨਾ ਭਰਜਾਈਆਂ
ਘੁੰਮਰਾਂ ਪਾਈਆਂ ਲਹਿੰਗੇ ਨੇ।

---

ਪੰਜ ਪਾਸ ਕਰ ਕੇ ਵੱਗ'ਗੇ ਮੋਗੇ,
ਮਾਪਿਆਂ ਜਿਉਂਦਿਆਂ ਤੋਂ ਸੁੱਖ ਭੋਗੇ।
ਪੈਸੇ ਖਾ ਮਿਠਾਈਆਂ ਬਚਦੇ,
ਵੇਂਹਦੇ ਸ਼ਹਿਰ ਸੜਕ ਪਰ ਨੱਚਦੇ।

---

ਠੁੰਮ-ਠੁੰਮ ਚੱਕਦੇ ਪੱਬ ਤਾਂ ਜੀ...
ਆਵੇ ਵਤਨ ਪਿਆਰਾ ਚੇਤੇ
ਜਦ ਖਿੱਚ ਪਾਉਣ ਮੁਹੱਬਤਾਂ ਜੀ।

ਮੋਗੇ ਤੋਂ ਅੱਠਵੀਂ ਕਰਨ ਪਿਛੋਂ ਮੈਟ੍ਰਿਕ ਫਰੀਦਕੋਟ ਤੋਂ ਕਰ ਕੇ ਗੁਜਰਾਤ ਵਿਚ ਰਸੂਲੋਂ ਓਵਰਸੀਅਰ ਦੀ ਡਿਗਰੀ ਲੈ ਨਹਿਰੀ ਬਾਬੂ ਲੱਗੇ ਰਜਬ ਅਲੀ ਨੇ 1915 ਤੋਂ ਲੈ ਕੇ ਸਰਹਿੰਦ ਬਰਾਂਚ ਨਹਿਰ 'ਤੇ ਅਖਾੜਾ ਨਹਿਰੀ ਕੋਠੀ ਤੋਂ ਨੌਕਰੀ ਸ਼ੁਰੂ ਕੀਤੀ ਅਤੇ ਆਪਣੀ ਨੌਕਰੀ ਦੌਰਾਨ ਉਹ ਸਾਰੇ ਮਾਲਵੇ ਵਿਚ ਵਿਚਰੇ। ਉਨ੍ਹਾਂ ਜਿਥੇ ਮਾਲਵੇ ਦੇ ਪਿੰਡਾਂ ਦੇ ਲੋਕਾਂ ਦੇ ਸੁਭਾਅ, ਰਹਿਣੀ-ਸਹਿਣੀ, ਖਾਣ-ਪੀਣ ਅਤੇ ਆਦਤਾਂ ਬਾਰੇ ਖੁੱਲ੍ਹ ਕੇ ਲਿਖਿਆ, ਉਥੇ ਮਾਲਵੇ ਦੀ ਧਰਤੀ 'ਤੇ ਵਰਸਦੀਆਂ ਜਾਤਾਂ-ਗੋਤਾਂ ਦੇ ਸੁਭਾਅ ਅਤੇ ਵਰਤਾਰੇ ਬਾਰੇ ਵੀ ਬੜੀ ਬੇਬਾਕੀ ਨਾਲ ਜ਼ਿਕਰ ਕੀਤਾ ਹੈ। ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲਾ ਬਾਬੂ ਰਜਬ ਅਲੀ ਲਿਖਦਾ ਹੈ:

ਏਸ਼ੀਆ 'ਚ ਏਹੋ ਜਿਹੀ ਜ਼ੁਬਾਨ ਮਿੱਠੀ ਨਾ,
ਯੂਰਪ 'ਫਰੀਕਾ ਅਮਰੀਕਾ ਡਿੱਠੀ ਨਾ।
ਦੁੱਧ ਵਿਚ ਖੰਡ ਦੇ ਪਤਾਸੇ ਘੋਲੀ ਦੇ,
ਮਿੱਠੇ ਬੋਲ ਬੋਲੀਏ ਪੰਜਾਬੀ ਬੋਲੀ ਦੇ।
ਆਜੋ ਜੇ ਗੁਰਮੁਖੀ ਕਿਸੇ ਨੇ ਸਿਖਣੀ,
ਪੜ੍ਹਨੀ ਅਸਾਨ ਤੇ ਸੁਖਾਲੀ ਲਿਖਣੀ।
ਅੱਖਰ ਜੇ ਫਾਗ ਜਿਉਂ ਜਲੇਬੀ ਪੋਲੀ ਦੇ,
ਮਿੱਠੇ ਬੋਲ ਬੋਲੀਏ ਪੰਜਾਬੀ ਬੋਲੀ ਦੇ।

ਬਾਬੂ ਰਜਬ ਅਲੀ ਪੰਜਾਬੀ ਬੋਲੀ ਤੋਂ ਮੁਨਕਰ ਹੋ ਰਹੀ ਨਵੀਂ ਪੀੜ੍ਹੀ ਨੂੰ ਵੀ ਵਰਜਦਾ ਹੋਇਆ ਕਹਿੰਦਾ ਹੈ,

ਆਪਣੀ ਜ਼ੁਬਾਨ ਛੱਡ ਗੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫ ਕਿਹੜੀ ਗੱਲ ਪਾਪ ਦੀ।
ਬਾਬੂ ਜੀ ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਬਾਪ ਦੀ।
ਕੋਇਲ ਕੂ ਕੂ ਕਰੇ ਸਦਾ ਆਪਣੀ ਜ਼ੁਬਾਨ ਵਿਚ,
ਬੁਲਬੁਲ ਸਦਾ ਆਪਣੀ ਅਲਾਪਦੀ।

ਬਾਬੂ ਰਜਬ ਅਲੀ ਸਾਰੇ ਧਰਮਾਂ ਅਤੇ ਕੌਮਾਂ ਦਾ ਸਾਂਝਾ ਕਵੀ ਹੈ। ਇਸਲਾਮ ਧਰਮ ਨਾਲ ਸਬੰਧਤ ਹੁੰਦਿਆਂ ਜਿਥੇ ਉਨ੍ਹਾਂ ਰਾਮਾਇਣ, ਪ੍ਰਹਿਲਾਦ ਭਗਤ, ਕ੍ਰਿਸ਼ਨ ਅਵਤਾਰ ਸਬੰਧੀ ਕਿੱਸੇ ਲਿਖੇ, ਉਥੇ ਮਾਤਾ ਸੁਰਸਤੀ ਦਾ ਮੰਗਲਾਚਰਨ ਕਰ ਕੇ ਆਪਣੀ ਕਲਮ ਲਈ ਤਾਕਤ ਵੀ ਮੰਗੀ। ਬਾਬੂ ਰਜਬ ਅਲੀ ਨੇ ਦਸ ਗੁਰੂ ਸਾਹਿਬਾਨ, ਪੰਚਮ ਪਾਤਿਸ਼ਾਹ ਦੀ ਸ਼ਹੀਦੀ, ਬੰਦਾ ਬਹਾਦਰ, ਬਾਬਾ ਦੀਪ ਸਿੰਘ, ਸਾਹਿਬਜ਼ਾਦਿਆਂ ਦੀ ਸ਼ਹੀਦੀ ਆਦਿ ਅਨੇਕਾਂ ਅਜਿਹੇ ਕਿਸੇ ਲਿਖੇ ਹਨ ਜੋ ਉਨ੍ਹਾਂ ਦੀ ਧਰਮ ਨਿਰਪੱਖ ਸੋਚ ਨੂੰ ਉਜਾਗਰ ਕਰਦੇ ਹਨ। ਆਪਣੀ ਕਵਿਤਾ ਦਸਮੇਸ਼ ਮਹਿਮਾ ਵਿਚ ਗੁਰੂ ਗੋਬਿੰਦ ਸਿੰਘ ਜੀ ਬਾਰੇ ਬਾਬੂ ਰਜਬ ਅਲੀ ਇਸ ਤਰ੍ਹਾਂ ਲਿਖਦਾ ਹੈ,

ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ 'ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।
ਛਾਂਟਮੇਂ ਸਰੀਰ ਵਾਲੇ, ਤੇ ਧਨੁਸ਼ ਤੀਰ ਵਾਲੇ,
ਸੋਹਣੀ ਤਸਵੀਰ ਵਾਲੇ, ਚੰਦ ਜੈਸੇ ਫੇਸ ਗੁਰ।
ਗੁਰੂ ਪੰਜਾਂ ਕੱਕਿਆਂ ਵਾਲੇ,
ਤੇ ਕਰਾਰਾਂ ਪੱਕਿਆਂ ਵਾਲੇ,
ਕੰਮ ਅਣਥੱਕਿਆਂ ਵਾਲੇ, ਕਰਨ ਹਮੇਸ਼ ਗੁਰ।
ਬਾਬੂ ਜੀ ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, ਮੇਰੇ ਦਸਮੇਸ਼ ਗੁਰ।

ਬਾਬੂ ਰਜਬ ਅਲੀ ਅੰਗਰੇਜ਼ ਸਰਕਾਰ ਦੀ ਨੌਕਰੀ ਕਰਦਾ ਹੋਇਆ ਵੀ ਆਜ਼ਾਦੀ ਦਾ ਪ੍ਰਵਾਨਾ ਬਣਿਆ। 1940 ਵਿਚ ਜਦ ਉਹ ਓਵਰਸੀਅਰ ਤੋਂ ਐਸ.ਡੀ.ਓ. ਬਣਨ ਵਾਲਾ ਸੀ ਤਾਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਪ੍ਰਸੰਗ ਵਿਚ ਉਸ ਨੇ ਕਵਿਤਾ ਲਿਖੀ,

ਥੋੜਾ ਧਨ ਲੁਟ ਕੇ ਬਣਾ ਲੇ ਬੰਗਲੇ,
ਬਲੈਤ ਵਾਲੇ ਗੋਰਿਆਂ ਨੇ।
ਹਿੰਦ ਦੇ ਧਨਾਢ ਸਾਰੇ ਕੀਤੇ ਕੰਗਲੇ,
ਸੁਕਾ'ਤੇ ਚੰਮ ਝੋਰਿਆਂ ਨੇ।
ਐਹੋ ਜੀ ਖਰੀ ਸਾਮੀ ਦੇ,
ਲਾਹ ਦਿਓ ਗਲਾਂ 'ਚ ਤਵਕ ਗੁਲਾਮੀ ਦੇ
ਕਹਿਣਾ ਸਿੱਖਾਂ ਹਿੰਦੂਆਂ ਮੁਸਲਮਾਨਾਂ ਨੂੰ,
ਪੁੱਤਰ ਇੱਕ ਮਾਂ ਦਿਓ।
ਬੁਰਜ ਉਸਰੇ ਜਿਹੜੇ ਦੇ ਕੇ ਜਾਨਾਂ ਨੂੰ,
ਗਿਰਨ ਹੇਠਾਂ ਬਾਂਹ ਦਿਉ।
ਲੰਮੀ ਫਰਿਆਦ ਗੱਭਰੂਓ,
ਕਰਲੋ ਵਤਨ ਨੂੰ ਅਜਾਦ ਗੱਭਰੂਓ।

ਕਿਸੇ ਵੱਲੋਂ ਅੰਗਰੇਜ਼ ਸਰਕਾਰ ਕੋਲ ਇਹ ਚੁਗਲੀ ਕਰ ਦਿੱਤੀ ਗਈ ਕਿ ਬਾਬੂ ਰਜਬ ਅਲੀ ਲੋਕਾਂ ਵਿਚ ਬਗਾਵਤੀ ਸਾਹਿਤ ਲਿਖ ਕੇ ਵੰਡ ਰਿਹਾ ਹੈ। ਜਦੋਂ ਕਿਸੇ ਅੰਗਰੇਜ਼ ਅਫਸਰ ਨੇ ਇਸ ਦੀ ਤਫਤੀਸ਼ ਕੀਤੀ ਤਾਂ ਕੁਦਰਤੀ ਇਹ ਕਵਿਤਾ ਰੋਜ਼ਨਾਮਚੇ ਵਿਚੋਂ ਉਸ ਨੂੰ ਮਿਲ ਗਈ ਜਿਸ ਤੋਂ ਨਾਰਾਜ਼ ਹੋ ਕੇ ਉਸ ਅਫਸਰ ਨੇ ਬਾਬੂ ਰਜਬ ਅਲੀ ਦੀ ਪ੍ਰਮੋਸ਼ਨ ਵਾਲੀ ਫਾਇਲ ਹੀ ਸੀਲ ਕਰ ਦਿੱਤੀ।

1947 ਵਿਚ ਦੇਸ਼ ਨੂੰ ਆਜ਼ਾਦੀ ਕਾਹਦੀ ਮਿਲੀ ਕਿ ਪੰਜਾਬ ਦੋ ਥਾਂਈਂ ਵੰਡਿਆ ਗਿਆ ਅਤੇ ਬਾਬੂ ਰਜਬ ਅਲੀ ਨੂੰ ਪਿੰਡ ਸਾਹੋਕੇ ਛੱਡ ਕੇ ਨਵੇਂ ਹੋਂਦ ਵਿਚ ਆਏ ਮੁਲਕ ਪਾਕਿਸਤਾਨ ਜਾਣਾ ਪਿਆ। ਉਥੇ ਉਸ ਦੇ ਪਰਿਵਾਰ ਨੂੰ ਕਈ ਮੁਰੱਬੇ ਜ਼ਮੀਨ ਅਲਾਟ ਹੋ ਗਈ ਅਤੇ ਉਨ੍ਹਾਂ ਦਾ ਕੁਨਬਾ ਰੱਜੇ-ਪੁੱਜੇ ਲੋਕਾਂ ਵਿਚ ਗਿਣਿਆ ਜਾਣ ਲੱਗਾ, ਪਰ ਬਾਬੂ ਰਜਬ ਅਲੀ ਦਾ ਦਿਲ ਹਮੇਸ਼ਾ ਆਪਣੇ ਵਤਨ ਲਈ ਤੜਫਦਾ ਰਿਹਾ। ਪਾਕਿਸਤਾਨ ਦੀ ਸਰਕਾਰ ਤੋਂ ਵੀਜ਼ਾ ਲੈ ਕੇ ਬਾਬੂ ਰਜਬ ਅਲੀ ਆਪਣੇ ਛੋਟੇ ਪੁੱਤਰ ਸ਼ਮਸ਼ੇਰ ਖਾਂ ਦੇ ਨਾਲ 15 ਮਾਰਚ 1965 ਨੂੰ ਵਾਹਗਾ ਬਾਰਡਰ ਰਾਹੀਂ ਆਪਣੇ ਪਿਆਰੇ ਵਤਨ ਦੇ ਦਰਸ਼ਨ ਕਰਨ ਲਈ ਸਾਹੋਕੇ ਆ ਗਿਆ। ਉਨ੍ਹਾਂ ਨੂੰ ਭਾਵੇਂ ਇੱਕ ਮਹੀਨੇ ਦਾ ਵੀਜ਼ਾ ਮਿਲਿਆ ਸੀ, ਪਰ ਰਣਕੱਛ ਖੇਤਰ ਵਿਚ ਪਾਕਿਸਤਾਨ-ਭਾਰਤ ਲੜਾਈ ਛਿੜ ਜਾਣ ਕਾਰਨ ਬਾਬੂ ਰਜਬ ਅਲੀ ਨੂੰ 26 ਮਾਰਚ ਨੂੰ ਹੀ ਵਾਪਸ ਪਾਕਿਸਤਾਨ ਜਾਣਾ ਪੈ ਗਿਆ। ਇਹ ਮਹਾਨ ਪੰਜਾਬੀ ਸ਼ਾਇਰ 6 ਜੂਨ 1979 ਨੂੰ ਪਾਕਿਸਤਾਨ ਵਿਚ ਹੀ ਅਕਾਲ ਚਲਾਣਾ ਕਰ ਗਿਆ।

ਬਾਬੂ ਰਜਬ ਦੀ ਕਲਮ ਨੇ ਜੰਗ ਚਮਕੌਰ ਦੀ, ਵਿਧੀ ਚੰਦ ਦੇ ਦੁਸ਼ਾਲੇ, ਸੁੱਚਾ ਸਿੰਘ ਸੂਰਮਾ, ਨਲ ਦਮਿਅੰਤੀ, ਸ਼ਾਹਣੀ ਕੌਲਾਂ, ਪੈਂਦ ਦਾ ਮਹੱਲਾ ਅਤੇ ਮਾਲਵੇ ਇਲਾਕੇ ਵਿਚ ਹੋਏ ਕਈ ਨਾਮਵਰ ਯੋਧਿਆਂ ਅਤੇ ਸੂਰਮਿਆਂ ਦੇ ਕਿੱਸੇ ਬਹੁਤ ਹੀ ਬਾਕਮਾਲ ਸ਼ੈਲੀ ਵਿਚ ਲਿਖੇ ਹਨ ਜਿਨ੍ਹਾਂ ਨੂੰ ਪੰਜਾਬ ਦੇ ਕਰੀਬ ਸਾਰੇ ਹੀ ਕਵੀਸ਼ਰ ਸੁਣਾਉਂਦੇ ਆ ਰਹੇ ਹਨ। ਧਰਮਾਂ, ਕੌਮਾਂ ਅਤੇ ਫਿਰਕੂਪੁਣੇ ਤੋਂ ਬਹੁਤ ਉਚੇ ਤੇ ਸੁੱਚੇ ਇਨਸਾਨ, ਆਜ਼ਾਦੀ ਦੇ ਪ੍ਰਵਾਨੇ ਅਤੇ ਸਾਂਝੇ ਸ਼ਾਇਰ ਬਾਬੂ ਰਜਬ ਅਲੀ ਦੀ ਕਵਿਤਾ ਪੰਜਾਬ ਦੀ ਵਿਰਾਸਤ ਹੈ। ਚੜ੍ਹਦੇ ਅਤੇ ਲਹਿੰਦੇ, ਦੋਹਾਂ ਪੰਜਾਬਾਂ ਵਿਚ ਉਨ੍ਹਾਂ ਦੀ ਇਕੋ ਜਿੰਨੀ ਮਾਨਤਾ ਹੈ ਅਤੇ ਉਹ ਲੋਕਾਂ ਦੇ ਚੇਤਿਆਂ ਵਿਚ ਵਸੇ ਹੋਏ ਹਨ।

## ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਅਗਸਤ 2014 ਹੈ। -ਸੰਪਾਦਕ

### ਕੈਪਸ਼ਨ ਮੁਕਾਬਲਾ-130



*ਤੇਰੇ ਰੰਗ ਦੀ ਚੁੰਨੀ ਵਰਗੀ ਸਿਰ 'ਤੇ ਬੰਨ੍ਹ ਦਸਤਾਰ,
ਨਿਗਾਹ ਮਾਰ ਕੇ ਵੇਖ ਚੁਫੇਰੇ ਆਈ ਕਿਵੇਂ ਬਹਾਰ।
ਤੂੰ ਹੱਸਦੀ ਚਿੱਤ ਰਾਜ਼ੀ ਹੋ ਗਿਆ ਖਿੜ੍ਹਿਆ ਚਿਹਰਾ ਮੇਰਾ,
ਰੱਬ ਕਰਕੇ ਇਉਂ ਹੀ ਭਜਨ ਕੁਰੇ ਲੰਘ'ਜੇ ਪੰਧ ਲੰਮੇਰਾ।*

### ਕੈਪਸ਼ਨ ਮੁਕਾਬਲਾ-128



ਛਿਟੀ ਤੂਤ ਦੀ ਚੀੜ੍ਹੀ ਹੁੰਦੀ
ਟੁੱਟਦੀ ਨਾਹੀਂ, ਮੁਚ ਤਾਂ ਜਾਵੇ।
ਏਸ ਸੁਭਾਅ ਦੇ ਸਦਕਾ ਕਾਮਾਂ
ਟੋਕਰਿਆਂ ਦੀ ਬੁਣਤੀ ਪਾਵੇ।
ਵਿਰਸੇ ਵਿਚੋਂ ਮਿਲੀ ਕਲਾ ਤੋਂ
ਸਰਦਾ ਪੁਜਦਾ ਡੰਗ ਟਪਾਵੇ।
***-ਜਗਮੀਤ ਸਿੰਘ ਪੰਧੇਰ ਕਲਾਹੜ***
*jagmitsinghpandher@gmail.com*

---

ਮੁੱਢ ਕਦੀਮ ਤੋਂ ਸਾਂਝ ਰੁੱਖ ਤੇ ਮਨੁੱਖ ਵਾਲੀ
ਦੇਖੋ ਕਿੰਜ ਸਭਿਅਤਾ ਦੀ ਬਾਤ ਪਾਉਂਦਾ ਟੋਕਰਾ।
ਤੂਤ ਦੀਆਂ ਲਚਕੀਲੀਆਂ ਛਿਟੀਆਂ ਮੋੜ ਕੇ
ਦੇਖੋ ਕਿੰਜ ਕਾਰੀਗਰ ਬਣਾਉਂਦਾ ਟੋਕਰਾ।
ਸਿਰ 'ਤੇ ਉਠਾ ਪਤੀ ਪਿੰਗਲੇ ਨੂੰ ਰਜਨੀ ਨੇ
ਰੱਖਿਆ ਸੀ ਛੱਪੜੀ ਕਿਨਾਰੇ ਲਿਆ ਟੋਕਰਾ।
ਸਾਉਣ ਮਹੀਨੇ ਭੈਣ ਉਡੀਕਦੀ ਵੀਰ ਤਾਈਂ
ਬੋਤੇ ਤੇ ਲਿਆਊ ਰੱਖ ਮੱਠੀਆਂ ਦਾ ਟੋਕਰਾ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***
***ਫੋਨ: 408-912-3438***

ਛਿਟੀਆਂ ਤੂਤ ਦੀਆਂ ਵਾਂਗੂੰ
ਸਰੀਰ ਪਤਲਾ, ਕਣਕਵੰਨਾ ਰੰਗ।
ਪਰ ਹਿੰਮਤੀ ਹੈ ਪੱਕਾ ਬੜਾ
ਬਜ਼ੁਰਗ ਲੱਗਦੈ ਬੜਾ ਹੀ ਮਲੰਗ।
ਆਖੇ, ਫੈਸ਼ਨਾਂ ਦੇ ਪੱਟੇ
ਹੱਥ ਕੰਮ ਨੂੰ ਨਾ ਲਾਣ ਛੋਕਰੇ।
ਕਿਰਤ ਦੀ ਬੁਣਤੀ ਦੇ ਨਾਲ
ਬਾਪੂ ਬੈਠਾ ਵਿਹੜੇ ਬੁਣੇ ਟੋਕਰੇ।
***-ਹਰਮੀਕ ਸਿੰਘ ਵਿੱਕੀ***
***ਸਟਾਕਟਨ, ਕੈਲੀਫੋਰਨੀਆ।***

---

ਬਣਾ ਕੇ ਟੋਕਰਾ ਕਰੇ ਗੁਜ਼ਾਰਾ
ਬੁੱਢਾ ਬਾਬਾ ਕਰਮਾਂ ਦਾ ਮਾਰਾ।
ਬੁਢਾਪੇ ਵਿਚ ਨਾ ਕੋਈ ਸਹਾਰਾ
ਸਰਕਾਰ ਵੀ ਲਾਇਆ ਪੈਨਸ਼ਨ ਲਾਰਾ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

---

ਜਵਾਨੀ ਵਿਚ ਕੀਤੀ ਮਿਹਨਤ
ਬੁਢਾਪੇ 'ਚ ਬਣ ਗਈ ਮਜਬੂਰੀ।
ਟੋਕਰੀਆਂ ਬਣਾ ਕੇ ਪੇਟ ਪਾਲਾਂ
ਨਾ ਕਰਾਂ ਕਿਸੇ ਦੀ ਜੀ-ਹਜ਼ੂਰੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

### ਕੈਪਸ਼ਨ ਮੁਕਾਬਲਾ-127

ਦੇਸ਼ ਦਾ ਅੰਨਦਾਤਾ ਤੇਰਾ ਕੀ ਹਾਲ ਓਏ।
ਕਰਜ਼ੇ ਦਾ ਭਾਰ ਵਧੀ ਜਾਵੇ ਹਰ ਸਾਲ ਓਏ।
ਨਿਕੰਮੀਆਂ ਸਰਕਾਰਾਂ ਤੈਨੂੰ ਕੀਤਾ ਕੰਗਾਲ ਓਏ।
'ਪਗੜੀ ਸੰਭਾਲ ਜੱਟਾ' ਪਗੜੀ ਸੰਭਾਲ ਓਏ।
***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

---

ਮੈਂ ਵੀ ਹਾਂ ਪੰਜਾਬੀ
ਮੇਰੀ ਜ਼ਿੰਦਗੀ ਅਜਾਬ।
ਪੱਛਿਓ ਤਾਂ ਗਾਉਂਦੇ ਕਿਉਂ
ਰੰਗਲਾ ਪੰਜਾਬ?
***-ਬੱਲੀ ਸਿੰਘ ਸੈਨ ਹੋਜ਼ੇ।***

# ਇਰਾਕੀ ਬਾਗੀਆਂ ਖਿਲਾਫ ਖੁੱਲ੍ਹ ਕੇ ਨਿੱਤਰਿਆ ਅਮਰੀਕਾ

**ਵਾਸ਼ਿੰਗਟਨ:** ਰਾਸ਼ਟਰਪਤੀ ਬਰਾਕ ਓਬਾਮਾ ਤੋਂ ਮਿਲੇ ਹੁਕਮਾਂ ਪਿੱਛੋਂ ਅਮਰੀਕੀ ਫੌਜਾਂ ਨੇ ਇਰਾਕ ਵਿਚ ਇਰਬਿਲ ਵਿਖੇ ਇਸਲਾਮੀ ਸਟੇਟ ਦੇ ਦਹਿਸ਼ਤਗਰਦਾਂ ਖ਼ਿਲਾਫ਼ ਹਵਾਈ ਹਮਲੇ ਸ਼ੁਰੂ ਕਰ ਦਿੱਤੇ ਹਨ। ਅਮਰੀਕੀ ਰਾਸ਼ਟਰਪਤੀ ਨੇ ਆਪਣੀ ਫੌਜ ਨੂੰ ਹੁਕਮ ਦਿੱਤੇ ਕਿ ਜੇਕਰ ਇਸਲਾਮੀ ਸਟੇਟ ਦਹਿਸ਼ਤਗਰਦ ਇਰਬਿਲ ਸ਼ਹਿਰ ਵੱਲ ਅੱਗੇ ਵਧਦੇ ਹਨ ਤਾਂ ਉਹ ਦਹਿਸ਼ਤਗਰਦਾਂ 'ਤੇ ਹਵਾਈ ਹਮਲੇ ਕਰਨ। ਕੁਰਦ ਇਲਾਕੇ ਦੀ ਰਾਜਧਾਨੀ ਇਰਬਿਲ ਵਿਚ ਅਮਰੀਕੀ ਸਫੀਰ, ਕੌਂਸਲੇਟ ਵਿਚ ਕੰਮ ਕਰਦੇ ਅਮਰੀਕੀ ਨਾਗਰਿਕ ਤੇ ਅਮਰੀਕੀ ਫੌਜ ਤਾਇਨਾਤ ਹੈ।

ਪੈਂਟਾਗਨ ਦੇ ਪ੍ਰੈੱਸ ਸਕੱਤਰ ਰਿਅਰ ਅਡਮੀਰਲ ਜੌਹਨ ਕਿਰਬੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਹਵਾਈ ਹਮਲੇ ਦਾ ਫੈਸਲਾ ਅਮਰੀਕੀ ਕੇਂਦਰ ਕਮਾਂਡ ਦੇ ਕਮਾਂਡਰ ਵੱਲੋਂ ਲਿਆ ਗਿਆ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਇਰਾਕ ਵਿਚ ਆਪਣੇ ਜਵਾਨਾਂ ਨੂੰ ਬਚਾਉਣ ਤੇ ਪਹਾੜੀ ਖੇਤਰ ਸਿੰਜਰ 'ਤੇ ਫਸੇ ਹਜ਼ਾਰਾਂ ਘੱਟ ਗਿਣਤੀਆਂ ਦੀ ਨਸ਼ਲਕੁਸ਼ੀ ਰੋਕਣ ਲਈ ਚੋਣਵੇਂ ਹਵਾਈ ਹਮਲੇ ਕਰਨ ਦਾ ਐਲਾਨ ਕੀਤਾ ਹੈ। ਸ੍ਰੀ ਓਬਾਮਾ ਨੇ ਕਿਹਾ ਕਿ ਅਮਰੀਕਾ, ਇਰਾਕੀ ਘੱਟ ਗਿਣਤੀ ਯਾਜ਼ੀਦੀਆਂ ਦੇ ਕਤਲੇਆਮ ਨੂੰ ਰੋਕਣ ਦੀ ਸਮਰੱਥਾ ਹੋਣ ਕਾਰਨ ਚੁੱਪਚਾਪ ਬੈਠ ਕੇ ਤਮਾਸ਼ਾ ਨਹੀਂ ਦੇਖ ਸਕਦਾ। ਉਨ੍ਹਾਂ ਪਹਾੜੀ 'ਤੇ ਭੋਜਨ ਤੇ ਪਾਣੀ ਤੋਂ ਬਿਨਾਂ ਰਹਿ ਰਹੇ ਲੋਕਾਂ ਦੀ ਜਾਨ ਬਚਾਉਣ ਲਈ ਮਾਨਵੀਂ ਰਾਹਤ ਦਾ ਵੀ ਐਲਾਨ ਕੀਤਾ।

ਅਮਰੀਕੀ ਰੱਖਿਆ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਜਹਾਜ਼ਾਂ ਨੇ ਹਜ਼ਾਰਾਂ ਇਰਾਕੀ ਨਾਗਰਿਕਾਂ ਲਈ ਭੋਜਨ, ਪਾਣੀ ਤੇ ਹੋਰ ਸਮੱਗਰੀ ਸੁੱਟੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੋੜ ਪਈ ਤਾਂ ਭੁੱਖੇ, ਪਿਆਸੇ ਲੋਕਾਂ ਨੂੰ ਰਾਹਤ ਪਹੁੰਚਾਉਣ ਲਈ ਅਜਿਹੇ ਹੋਰ ਉਪਰਾਲੇ ਕੀਤੇ ਜਾਣਗੇ। ਅਮਰੀਕੀ ਰਾਸ਼ਟਰਪਤੀ ਵੱਲੋਂ ਇਰਾਕ ਵਿਚ ਹਵਾਈ ਹਮਲੇ ਕੀਤੇ ਜਾਣ ਦੇ ਐਲਾਨ ਮਗਰੋਂ ਹੋਰਨਾਂ ਮੁਲਕਾਂ ਨੇ ਵੀ ਇਰਾਕ ਨੂੰ ਸਹਿਯੋਗ ਦੇਣ ਦਾ ਅਹਿਦ ਲਿਆ ਹੈ। ਇੰਗਲੈਂਡ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੇ ਓਬਾਮਾ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਕਦਰਾਂ-ਕੀਮਤਾਂ ਦੀ ਬਹਾਲੀ ਲਈ ਇਕਜੁੱਟ ਹੋਣਾ ਚਾਹੀਦਾ ਹੈ। ਉਂਜ ਡਾਊਨਿੰਗ ਸਟਰੀਟ ਦੇ ਤਰਜਮਾਨ ਨੇ ਕਿਹਾ ਕਿ ਉਹ ਫ਼ੌਜੀ ਕਾਰਵਾਈ ਦੀ ਯੋਜਨਾ ਨਹੀਂ ਬਣਾ ਰਹੇ ਹਨ। ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦੇ ਨੇ ਕੁਰਦੀਸਤਾਨ ਖੇਤਰੀ ਸਰਕਾਰ ਦੇ ਮੁਖੀ ਮਸੂਦ ਬਰਜ਼ਾਨੀ ਨਾਲ ਇਰਾਕ ਬਾਰੇ ਟੈਲੀਫੋਨ 'ਤੇ ਗੱਲਬਾਤ ਕੀਤੀ ਤੇ ਕਿਹਾ ਕਿ ਫਰਾਂਸ ਇਸ ਜੰਗ ਵਿਚ ਉਨ੍ਹਾਂ ਦਾ ਸਾਥ ਦੇਵੇਗਾ। ਓਲਾਂਦੇ ਤੇ ਬਰਜ਼ਾਨੀ ਨੇ ਇਰਾਕ ਦੇ ਉੱਤਰ ਪੂਰਬ ਵਿਚ ਇਸਲਾਮੀ ਸਟੇਟ ਦੇ ਦਹਿਸ਼ਤਗਰਦਾਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਖ਼ਿਲਾਫ਼ ਸਹਿਯੋਗ ਦੇਣ ਦਾ ਵਾਅਦਾ ਕੀਤਾ। ਗੌਰਤਲਬ ਹੈ ਕਿ ਇਰਾਕ ਵਿਚ ਬੀਤੇ ਦੇ ਮਹੀਨਿਆਂ ਤੋਂ ਜਾਰੀ ਇਸ ਲੜਾਈ ਦੌਰਾਨ ਅਮਰੀਕਾ ਵੱਲੋਂ ਕੀਤੇ ਗਏ ਹਮਲਿਆਂ ਨੂੰ ਅਹਿਮ ਘਟਨਾ ਕਰਾਰ ਦਿੱਤਾ ਜਾ ਰਿਹਾ ਹੈ। ਅਮਰੀਕੀ ਫ਼ੌਜ ਨੇ ਤਿੰਨ ਸਾਲ ਪਹਿਲਾਂ ਇਰਾਕ ਵਿਚੋਂ ਨਿਕਲਣ ਤੋਂ ਬਾਅਦ ਪਹਿਲੀ ਵਾਰ ਇਸ ਦੇ ਇਲਾਕਿਆਂ ਵਿਚ ਹਵਾਈ ਹਮਲੇ ਕੀਤੇ। ਸ੍ਰੀ ਓਬਾਮਾ ਨੇ ਕਿਹਾ ਕਿ ਉਨ੍ਹਾਂ ਇਰਾਕ ਦੇ ਉੱਤਰੀ ਸ਼ਹਿਰ ਅਰਬਿਲ ਵਿਚ ਕੰਮ ਕਰ ਰਹੇ ਅਮਰੀਕੀ ਸਫ਼ੀਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੇ ਵੀ ਅਮਰੀਕੀ ਫ਼ੌਜ ਨੂੰ ਹੁਕਮ ਦਿੱਤੇ ਹਨ। ਦੂਜੇ ਪਾਸੇ ਅਮਰੀਕੀ ਹਮਲਿਆਂ ਦੇ ਬਾਅਦ ਇਰਾਕ ਦੇ ਉੱਤਰੀ ਖ਼ੁਦਮੁਖਤਾਰ ਕੁਰਦਿਸਤਾਨ ਖਿੱਤੇ ਦੇ ਅਧਿਕਾਰੀਆਂ ਨੇ ਦਹਿਸ਼ਤਗਰਦਾਂ ਵੱਲੋਂ ਕਬਜ਼ਾਏ ਆਪਣੇ ਇਲਾਕਿਆਂ ਨੂੰ ਵਾਪਸ ਲੈਣ ਲਈ ਹੱਲਾ ਮਾਰਨ ਵਾਸਤੇ ਤਿਆਰੀ ਤੇਜ਼ ਕਰ ਦਿੱਤੀ ਹੈ। ਕੁਰਦ ਰਾਜਧਾਨੀ ਅਰਬਿਲ ਵਿਚ ਫ਼ੁਆਦ ਹੁਸੈਨ ਨੇ ਕਿਹਾ ਕਿ ਅਮਰੀਕੀ ਹਮਲਿਆਂ ਤੋਂ ਬਾਅਦ ਪੇਸ਼ਮਰਗਾ (ਕੁਰਦ ਫ਼ੌਜ) ਪਹਿਲਾਂ ਇਕਮੁੱਠ ਹੋਵੇਗੀ ਤੇ ਫਿਰ ਆਪਣੇ ਇਲਾਕੇ ਵਾਪਸ ਖੋਹ ਕੇ ਬੇਘਰ ਹੋਏ ਲੋਕਾਂ ਨੂੰ ਵਸਾਏਗੀ।

ਦੱਸਣਯੋਗ ਹੈ ਕਿ ਉੱਤਰੀ ਇਰਾਕ ਵਿਚ ਸੁੰਨੀ ਦਹਿਸ਼ਤਗਰਦਾਂ ਦੀ ਪੇਸ਼ਕਦਮੀ ਤੇ ਇਨ੍ਹਾਂ ਵੱਲੋਂ ਯਾਜ਼ੀਦੀ ਘੱਟ ਗਿਣਤੀ ਫਿਰਕੇ ਦੇ ਲੋਕਾਂ ਦਾ ਕਤਲੇਆਮ ਕੀਤੇ ਜਾਣ ਕਾਰਨ ਇਸ ਭਾਈਚਾਰੇ ਦੇ ਹਜ਼ਾਰਾਂ ਪਰਿਵਾਰ ਜਾਨ ਬਚਾਉਣ ਲਈ ਪਹਾੜਾਂ ਵੱਲ ਭੱਜ ਗਏ ਪਰ ਉੱਥੇ ਉਹ ਪਾਣੀ ਤੇ ਖਾਣੇ ਦੀ ਕਮੀ ਕਾਰਨ ਭੁੱਖੇ-ਪਿਆਸੇ ਮਰ ਰਹੇ ਹਨ।

## ਕੁਦਰਤੀ ਆਫ਼ਤਾਂ ਬਾਰੇ ਜਾਣਕਾਰੀ ਦੇਵੇਗਾ ਚੀਨ ਦਾ ਨਵਾਂ ਉਪਗ੍ਰਹਿ

**ਪੇਇਚਿੰਗ:** ਚੀਨ ਨੇ ਇਕ ਅਤਿ ਆਧੁਨਿਕ ਉਪ ਗ੍ਰਹਿ ਦਾਗਿਆ। ਇਹ ਉਪ ਗ੍ਰਹਿ ਵਿਗਿਆਨਕ ਤਜਰਬੇ ਕਰਨ ਤੇ ਕੁਦਰਤੀ ਆਫ਼ਤਾਂ ਬਾਰੇ ਅਗਾਊਂ ਜਾਣਕਾਰੀ ਦੇਣ ਵਿਚ ਸਹਾਈ ਸਿੱਧ ਹੋਵੇਗਾ। ਇਸ ਉਪ ਗ੍ਰਹਿ ਨੂੰ ਰਿਮੋਟ ਨਾਲ ਕੰਟਰੋਲ ਕੀਤਾ ਜਾ ਸਕੇਗਾ।

ਇਹ ਉਪ ਗ੍ਰਹਿ ਚੀਨ ਦੇ ਉੱਤਰ-ਪੱਛਮੀ ਗੋਬੀ ਰੇਗਿਸਤਾਨ ਵਿਚ ਸਥਿਤ ਜਿਕੁਆਨ ਉਪ ਗ੍ਰਹਿ ਪੁਲਾੜ ਕੇਂਦਰ ਤੋਂ ਸਥਾਨਕ ਸਮੇਂ ਮੁਤਾਬਕ 1.45 ਵਜੇ ਦਾਗਿਆ ਗਿਆ। ਇਹ ਜਾਣਕਾਰੀ ਉਪ ਗ੍ਰਹਿ ਰੇਂਜ ਦੇ ਸੂਤਰਾਂ ਨੇ ਦਿੱਤੀ। ਚੀਨ ਦੀ ਸਰਕਾਰੀ ਖ਼ਬਰ ਏਜੰਸੀ ਸਿਨਹੂਆ ਮੁਤਾਬਕ ਇਸ ਉਪ ਗ੍ਰਹਿ ਦੀ ਵਰਤੋਂ ਵਿਗਿਆਨਕ ਤਜਰਬੇ ਕਰਨ ਲਈ ਕੀਤੀ ਜਾਵੇਗੀ।

## 'ਅਨਪੜ੍ਹ' ਸਮਰਿਤੀ ਇਰਾਨੀ ਕੋਲ ਯੇਲ ਯੂਨੀਵਰਸਿਟੀ ਦੀ ਡਿਗਰੀ!

**ਨਵੀਂ ਦਿੱਲੀ:** ਮਾਨਵ ਸਰੋਤ ਵਿਕਾਸ ਮੰਤਰੀ ਸਮਰਿਤੀ ਇਰਾਨੀ ਦੀ ਵਿਦਿਅਕ ਯੋਗਤਾ ਦੇ ਵਿਵਾਦ ਵਿਚ ਹੁਣ ਇਕ ਹੋਰ ਮੋੜ ਆ ਗਿਆ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਅਮਰੀਕਾ ਦੀ ਪ੍ਰਸਿੱਧ ਯੇਲ ਯੂਨੀਵਰਸਿਟੀ ਤੋਂ ਵੀ ਡਿਗਰੀ ਕੀਤੀ ਹੋਈ ਹੈ। 'ਇੰਡੀਆ ਟੂਡੇ ਵੂਮੈਨ ਸਮਿਟ 2014' ਦੌਰਾਨ ਕਿਸੇ ਨੇ ਉਨ੍ਹਾਂ ਤੋਂ ਉਨ੍ਹਾਂ ਦੀਆਂ ਵਿਦਿਅਕ ਡਿਗਰੀਆਂ ਬਾਰੇ ਸਪਸ਼ਟੀਕਰਨ ਮੰਗਿਆ ਸੀ। 38 ਸਾਲਾ ਇਰਾਨੀ ਨੇ ਕਿਹਾ ਕਿ ਲੋਕ ਉਸ ਨੂੰ ਅਨਪੜ੍ਹ ਆਖਦੇ ਹਨ ਜਦਕਿ ਉਨ੍ਹਾਂ ਨੇ ਤਾਂ ਯੇਲ ਯੂਨੀਵਰਸਿਟੀ ਤੋਂ ਵੀ ਡਿਗਰੀ ਲਈ ਹੋਈ ਹੈ, ਜੋ ਉਹ ਦਿਖਾ ਸਕਦੀ ਹੈ ਤੇ ਦਰਸਾ ਸਕਦੀ ਹੈ ਕਿ ਯੇਲ ਕਿਵੇਂ ਲੀਡਰਸ਼ਿਪ ਦੇ



ਗੁਣਾਂ ਦਾ ਸਨਮਾਨ ਕਰਦੀ ਹੈ।

ਭਾਜਪਾ ਆਗੂ ਨੇ ਕਿਹਾ ਕਿ ਮੰਤਰੀ ਵਜੋਂ ਉਸ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਉਸ ਦੀ ਪਰਖ ਹੋਣੀ ਚਾਹੀਦੀ ਹੈ। ਇਰਾਨੀ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਉਸ ਨੇ ਯੇਲ ਤੋਂ ਕਿਹੜੀ ਪੜ੍ਹਾਈ ਕੀਤੀ ਹੋਈ ਹੈ ਪਰ ਉਹ ਭਾਰਤੀ ਸੰਸਦ ਮੈਂਬਰਾਂ ਦੇ ਉਸ ਦਲ ਦੀ ਮੈਂਬਰ ਸੀ, ਜਿਸ ਨੇ ਯੇਲ ਯੂਨੀਵਰਸਿਟੀ ਤੋਂ ਕਰੈੱਸ਼ ਕੋਰਸ ਕੀਤਾ ਸੀ। ਇਸ ਕੋਰਸ ਦੌਰਾਨ ਭਾਰਤ ਵਿਚ ਚੋਣਾਂ, 2014 ਵਿਚ ਅਮਰੀਕੀ ਫੌਜਾਂ ਦੀ ਵਾਪਸੀ ਮਗਰੋਂ ਅਫਗਾਨਿਸਤਾਨ ਤੇ ਪਾਕਿਸਤਾਨ ਲਈ ਮਾਹੌਲ ਤੇ ਚੀਨ ਵਿਚ ਤਬਦੀਲੀਆਂ ਦੇ ਸਿਆਸੀ ਤੇ ਆਰਥਿਕ ਪ੍ਰਭਾਵਾਂ 'ਤੇ ਚਰਚਾ ਹੋਣੀ ਸੀ। ਪੰਜ ਵੱਖ-ਵੱਖ ਕੌਮੀ ਤੇ ਖੇਤਰੀ ਸਿਆਸੀ ਪਾਰਟੀਆਂ ਦੇ 11 ਭਾਰਤੀ ਸੰਸਦ ਮੈਂਬਰਾਂ ਦਾ ਯੇਲ ਯੂਨੀਵਰਸਿਟੀ ਦੇ ਫੈਕਲਟੀ ਮੈਂਬ੍ਰਾਂ ਨਾਲ ਇਹ ਛੇ ਦਿਨ ਦਾ ਲੀਡਰਸ਼ਿਪ ਪ੍ਰੋਗਰਾਮ ਸੀ। ਪਿਛਲੇ ਸਾਲ 19 ਜੂਨ ਨੂੰ ਵੀ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਸੀ। ਉਹ ਉਦੋਂ ਭਾਜਪਾ ਦੀ ਮੀਤ ਪ੍ਰਧਾਨ ਸੀ ਤੇ ਟੀ.ਡੀ.ਪੀ. ਦੇ ਸੀ ਰਮੇਸ਼ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਸਨ। ਕਾਂਗਰਸ, ਤ੍ਰਿਣਮੂਲ ਕਾਂਗਰਸ ਤੇ ਸ਼ਿਵ ਸੈਨਾ ਦੇ ਮੈਂਬਰ ਵੀ ਇਸ ਵਿਚ ਸ਼ਾਮਲ ਸਨ।


Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



Philips-66 Truck Stop
Convenience Store
For Sale or Lease
11 Pumps, 30 Trucks Parking
Diesel & Gas With Restaurant, Liquor, Lottery
Good Profit Margin
Prime Location (4 States Traffic Area
on State Hwy I-44/I-49 in Missouri)
Also available commercial bulding (SCF), partially rented in Mohali, India
Commercial plot in business growing area (in Walmart, Home Office area)
Serious Parties Only, Please.
Contact: 417-825-7602
Email: shaanmann5@gmail.com



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash
Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਕਿਸਾਨ ਖੁਦਕੁਸ਼ੀਆਂ ਬਾਰੇ ਗੰਭੀਰ ਨਾ ਹੋਈ ਪੰਜਾਬ ਸਰਕਾਰ



**ਚੰਡੀਗੜ੍ਹ:** ਪੰਜਾਬ ਸਰਕਾਰ ਕਿਸਾਨ ਖੁਦਕੁਸ਼ੀਆਂ ਜਿਹੇ ਬੇਹੱਦ ਗੰਭੀਰ ਮੁੱਦੇ ਉਤੇ ਕਿੰਨੀ ਕੁ ਸੰਜੀਦਾ ਹੈ, ਇਸਦੀ ਇਕ ਸੱਜਰੀ ਮਿਸਾਲ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਉਸ ਵੇਲੇ ਵੇਖਣ ਨੂੰ ਮਿਲੀ ਜਦੋਂ ਸੂਬਾ ਸਰਕਾਰ ਨੇ ਪੀੜਤ ਪਰਿਵਾਰਾਂ ਲਈ ਇਕ ਕਾਰਗਰ ਯੋਜਨਾ ਬਣਾਉਣ ਦੇ ਹੁਕਮਾਂ 'ਤੇ ਹਾਲੇ ਤੱਕ ਵੀ ਮੁਕੰਮਲ ਅਮਲ ਨਾ ਹੋਣ ਕਾਰਨ ਇਸ ਕਾਰਜ ਹਿਤ ਹੋਰ ਤਿੰਨ ਮਹੀਨੇ ਦਾ ਸਮਾਂ ਮੰਗ ਲਿਆ ਗਿਆ। ਹਾਈਕੋਰਟ ਵੱਲੋਂ ਬੀਤੀ 17 ਫਰਵਰੀ ਨੂੰ ਹੀ ਸੂਬਾ ਸਰਕਾਰ ਨੂੰ ਇਸ ਮਸਲੇ ਬਾਰੇ ਦੋ ਮਹੀਨਿਆਂ ਦੇ ਅੰਦਰ-ਅੰਦਰ ਇਕ ਕਾਰਗਰ ਯੋਜਨਾ ਮੁਕੰਮਲ ਕਰਨ ਦੇ ਹੁਕਮ ਹੀ ਨਹੀਂ ਦਿੱਤੇ ਸਨ ਬਲਕਿ ਇਸ ਬਾਬਤ ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਆਪਣੇ ਸੂਬੇ ਵਿਚ ਤਸੱਲੀਬਖ਼ਸ਼ ਢੰਗ ਨਾਲ ਲਾਗੂ ਕੀਤੀ ਹੋਈ ਸਬੰਧਤ ਨੀਤੀ ਨੂੰ ਹੀ ਅਧਾਰ ਬਣਾਉਣ ਦਾ ਸੁਝਾਅ ਵੀ ਦੇ ਦਿੱਤਾ ਸੀ। ਹਾਈਕੋਰਟ ਦੇ ਤਤਕਾਲੀ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਵੱਲੋਂ ਇਹ ਫੈਸਲਾ 'ਮੂਵਮੈਂਟ ਅਗੇਂਸਟ ਸਟੇਟ ਰਿਪ੍ਰੈਸ਼ਨ' ਦੀ ਸਾਲ 2007 ਤੋਂ ਦਾਇਰ ਕੀਤੀ ਗਈ ਜਨਹਿਤ ਪਟੀਸ਼ਨ ਉਤੇ ਸੁਣਾਇਆ ਗਿਆ।

ਪੰਜਾਬ ਸਰਕਾਰ ਦੇ ਵਕੀਲ ਵੱਲੋਂ ਕਾਰਜਕਾਰੀ ਚੀਫ਼ ਜਸਟਿਸ ਆਸ਼ੂਤੋਸ਼ ਮੋਹੰਤਾ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਕੋਲੋਂ ਅਗਲੀ ਵਾਰ ਯੋਜਨਾ ਮੁਕੰਮਲ ਕਰਕੇ ਲੈ ਆਉਣ ਦਾ ਭਰੋਸਾ ਦਿੰਦੇ ਹੋਏ ਹੁਣ ਹੋਰ ਤਿੰਨ ਮੰਗੇ ਗਏ ਹਨ। ਮਿਲੀ ਜਾਣਕਾਰੀ ਮੁਤਾਬਕ ਸੂਬਾ ਸਰਕਾਰ ਵੱਲੋਂ ਸੱਜਰਾ ਸਰਵੇ ਸ਼ੁਰੂ ਕਰਨ ਹਿਤ ਕੁਝ ਮਹੀਨੇ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਮਾਹਿਰਾਂ ਤੇ ਸੀਨੀਅਰ ਅਰਥ ਸ਼ਾਸਤਰੀਆਂ ਨਾਲ ਇਕ ਮੀਟਿੰਗ ਕਰ ਸਰਵੇ ਦੀ ਤਿਆਰੀ ਕਰਨ ਲਈ ਵਿਚਾਰਾਂ ਕੀਤੀਆਂ ਜਾ ਚੁੱਕੀਆਂ ਹਨ। ਇਸ ਤੋਂ ਪਹਿਲਾਂ ਇਨ੍ਹਾਂ ਤਿੰਨਾਂ ਯੂਨੀਵਰਸਿਟੀਆਂ ਵੱਲੋਂ ਹੀ ਪੂਰੇ ਪੰਜਾਬ ਦਾ ਸਰਵੇ ਕਰ ਸਾਲ 2001, 2010 ਤੇ 2011 ਤੱਕ ਦੇ ਅੰਕੜੇ ਵੀ ਤਿਆਰ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਮੁਤਾਬਕ ਸਾਲ 2000 ਤੋਂ ਬਾਅਦ 3954 ਕਿਸਾਨਾਂ ਤੇ 2972 ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕੀਤੀਆਂ ਗਈਆਂ। ਸਭ ਤੋਂ ਵੱਧ ਖੁਦਕੁਸ਼ੀਆਂ ਦੇ ਕੇਸ ਬਠਿੰਡਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਸਾਹਮਣੇ ਆਏ ਹਨ, ਜਿਨ੍ਹਾਂ ਤਹਿਤ ਇਨ੍ਹਾਂ ਦੋਵਾਂ ਥਾਈਂ ਸਾਲ 2001 ਤੱਕ ਦੇ ਅੰਕੜਿਆਂ ਮੁਤਾਬਕ ਕ੍ਰਮਵਾਰ 1256 ਤੇ 1634 ਕਿਸਾਨ ਖੇਤੀ ਕਰਜ਼ਿਆਂ ਕਾਰਨ ਖੁਦਕੁਸ਼ੀਆਂ ਕਰ ਗਏ।

**ਅਦਾਲਤੀ ਹੁਕਮਾਂ ਦੇ ਬਾਵਜੂਦ ਨਾ ਬਣਾਈ ਰਾਹਤ ਯੋਜਨਾ**

ਇਹ ਅੰਕੜੇ ਸਰਵੇ ਰਿਪੋਰਟਾਂ ਦੇ ਹਨ, ਜਿਨ੍ਹਾਂ ਤਹਿਤ ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਉਕਤ ਦੋਵਾਂ ਜ਼ਿਲ੍ਹਿਆਂ ਦੇ ਨਾਲ-ਨਾਲ ਮਾਲਵੇ ਦੇ ਹੀ ਲੁਧਿਆਣਾ, ਮੋਗਾ, ਬਰਨਾਲਾ, ਮਾਨਸਾ ਵਿਚ ਕੀਤੀਆਂ ਗਈਆਂ ਹਨ। ਜਿਨ੍ਹਾਂ ਮੁਤਾਬਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਰਵੇ ਵਾਲੇ ਜ਼ਿਲ੍ਹਿਆਂ ਵਿਚੋਂ ਸਾਲ 2009 ਤੱਕ ਪਟਿਆਲਾ ਵਿਚ 126, ਮੁਕਤਸਰ ਵਿਚ 102, ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਮੁਹਾਲੀ ਤੇ ਰੋਪੜ ਵਿਚ 332 ਕਿਸਾਨ ਖੇਤੀ ਕਰਜ਼ਿਆਂ ਦੀ ਭੇਂਟ ਚੜ੍ਹ ਗਏ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਰਵੇ ਅਧੀਨ ਲਿਆਂਦੇ ਜ਼ਿਲ੍ਹਿਆਂ ਵਿਚੋਂ ਫਿਰੋਜ਼ਪੁਰ ਵਿਚ 66, ਅੰਮ੍ਰਿਤਸਰ ਵਿਚ 62, ਗੁਰਦਾਸਪੁਰ 40, ਤਰਨਤਾਰਨ 33 ਤੇ ਜਲੰਧਰ ਕਪੂਰਥਲਾ ਤੇ ਨਵਾਂ ਸ਼ਹਿਰ ਵਿਚ 25 ਕਿਸਾਨਾਂ ਵੱਲੋਂ ਹਾਲਾਤ ਤੋਂ ਤੰਗ ਆ ਫਾਹਾ ਲੈਣ ਦੇ ਅੰਕੜੇ ਦਰਜ ਕੀਤੇ ਗਏ ਹਨ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਉਕਤ ਯੋਜਨਾ ਸਿਰੇ ਚੜ੍ਹਾਉਣ ਸਬੰਧੀ ਮੰਗੇ ਜਾਣ 'ਤੇ ਹੋਰ ਦੋ ਮਹੀਨੇ ਦੀ ਮੋਹਲਤ ਦੇ ਦਿੱਤੀ ਗਈ ਹੈ।

## ਬਾਦਲ ਦੇ ਰੁਝੇਵੇਂ ਬਣੇ ਰਾਹਤ ਵਿਚ ਅੜਿੱਕਾ

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਹੋਰ ਰੁਝੇਵਿਆਂ ਕਾਰਨ ਖੁਦਕੁਸ਼ੀਆਂ ਤੋਂ ਪ੍ਰਭਾਵਿਤ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਰਾਹਤ ਦੇਣ ਦਾ ਮਾਮਲਾ ਲਟਕਿਆ ਹੈ। ਇਹ ਵੀ ਮਹੱਤਵਪੂਰਨ ਹੈ ਕਿ ਅਦਾਲਤ ਵੱਲੋਂ 17 ਫਰਵਰੀ ਨੂੰ ਸੁਣਾਏ ਇਕ ਫੈਸਲੇ ਮੁਤਾਬਕ ਦੋ ਮਹੀਨਿਆਂ ਦੇ ਅੰਦਰ-ਅੰਦਰ ਇਸ ਬਾਰੇ ਨੀਤੀ ਪੇਸ਼ ਕਰਨੀ ਸੀ। ਸਰਕਾਰ ਨੇ ਨੀਤੀ ਬਣਾਉਣ ਦੀ ਥਾਂ ਅਦਾਲਤ ਤੋਂ ਹੋਰ ਸਮਾਂ ਮੰਗ ਲਿਆ।

ਸਰਕਾਰ ਵੱਲੋਂ ਪੰਜਾਬ ਕਿਸਾਨ ਕਮਿਸ਼ਨ ਦੇ ਚੇਅਰਮੈਨ ਡਾ. ਗੁਰਚਰਨ ਸਿੰਘ ਕਾਲਕਟ ਦੀ ਅਗਵਾਈ ਹੇਠ ਇਕ ਕਮੇਟੀ ਗਠਿਤ ਕੀਤੀ ਗਈ ਸੀ। ਇਸ ਕਮੇਟੀ ਵਿਚ ਵਿੱਤ ਕਮਿਸ਼ਨਰ (ਮਾਲ) ਨਵਰੀਤ ਸਿੰਘ ਕੰਗ, ਵਿੱਤ ਕਮਿਸ਼ਨਰ (ਵਿਕਾਸ) ਸੁਰੇਸ਼ ਕੁਮਾਰ ਮੈਂਬਰ ਸਨ ਤੇ ਖੇਤੀਬਾੜੀ ਵਿਭਾਗ ਦੇ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਮੈਂਬਰ ਸਕੱਤਰ ਸਨ। ਕਮੇਟੀ ਵੱਲੋਂ ਕੀਤੀਆਂ ਮੀਟਿੰਗਾਂ ਦੌਰਾਨ ਨੀਤੀ ਦਾ ਖਰੜਾ ਤਿਆਰ ਕਰ ਲਿਆ ਸੀ। ਖੇਤੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਵੀ ਇਸ ਨੀਤੀ 'ਤੇ ਸਹਿਮਤੀ ਦੇ ਦਿੱਤੀ ਸੀ। ਜ਼ਿਕਰਯੋਗ ਹੈ ਕਿ ਤਿੰਨ ਯੂਨੀਵਰਸਿਟੀਆਂ ਵੱਲੋਂ ਕੀਤੀ ਗਣਨਾ ਮੁਤਾਬਕ ਸੂਬੇ ਵਿਚ ਤਕਰੀਬਨ ਪੰਜ ਹਜ਼ਾਰ ਕਿਸਾਨ ਤੇ ਖੇਤਰ ਮਜ਼ਦੂਰ ਕਰਜ਼ੇ ਦੇ ਬੋਝ ਕਾਰਨ ਖੁਦਕੁਸ਼ੀਆਂ ਕਰ ਚੁੱਕੇ ਹਨ। ਸਰਕਾਰ ਵੱਲੋਂ ਅਜਿਹੇ ਪ੍ਰਭਾਵਿਤ ਪਰਿਵਾਰਾਂ ਨੂੰ ਦੋ ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੋਇਆ ਹੈ। ਸਰਕਾਰ ਵੱਲੋਂ ਪਰਿਵਾਰਾਂ ਨੂੰ ਕੁਝ ਰਾਹਤ ਦਿੱਤੀ ਵੀ ਜਾ ਚੁੱਕੀ ਹੈ।

# ਕੇਂਦਰ ਵੱਲੋਂ ਪੰਜਾਬ ਸਰਕਾਰ ਨੂੰ ਝਾੜ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ 1987 ਬੈਚ ਦੇ ਪੰਜ ਆਈ.ਪੀ.ਐਸ. ਅਧਿਕਾਰੀਆਂ ਨੂੰ ਤਰੱਕੀਆਂ ਦੇਣ 'ਤੇ ਪੰਜਾਬ ਸਰਕਾਰ ਦੀ ਤਕੜੀ ਖਿਚਾਈ ਕੀਤੀ ਹੈ ਕਿਉਂਕਿ ਇਨ੍ਹਾਂ ਦਾ ਅਗਲੇ ਸਕੇਲ ਲੈਣ ਦਾ ਮਿੱਥਿਆ ਸਮਾਂ ਪੂਰਾ ਹੋਣ ਵਿਚ ਮਹੀਨਾ ਰਹਿੰਦਾ ਸੀ। ਅਮਲਾ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਅਮਲਾ ਤੇ ਸਿਖਲਾਈ ਵਿਭਾਗ ਨੇ ਇਨ੍ਹਾਂ ਅਫਸਰਾਂ ਦੀ ਫਾਈਲ ਇਹ ਕਹਿ ਕੇ ਵਾਪਸ ਕਰ ਦਿੱਤੀ ਹੈ ਕਿ ਇਨ੍ਹਾਂ ਨੂੰ ਅਗਲਾ ਸਕੇਲ ਉਦੋਂ ਹੀ ਮਿਲੇਗਾ ਜਦੋਂ ਇਨ੍ਹਾਂ ਦੇ ਸੇਵਾਕਾਲ ਦੇ 25 ਸਾਲ ਪੂਰੇ ਹੋਣਗੇ। ਇਹ ਅਧਿਕਾਰੀ ਦਿਨਕਰ ਗੁਪਤਾ, ਸੀ.ਐਸ.ਆਰ. ਰੈਡੀ, ਐਮ.ਕੇ. ਤਿਵਾੜੀ, ਜੀ.ਐਸ. ਸਹੋਤਾ (ਹੁਣ ਸੇਵਾਮੁਕਤ), ਰਾਜਪਾਲ ਮੀਨਾ ਤੇ ਵੀ.ਕੇ. ਭਾਵਰਾ ਹਨ। ਇਨ੍ਹਾਂ ਅਧਿਕਾਰੀਆਂ ਦੇ ਸੇਵਾਕਾਲ ਦੇ 25 ਸਾਲ 31 ਦਸੰਬਰ 2011 ਨੂੰ ਪੂਰੇ ਹੋਏ ਸਨ ਤੇ ਉਹ ਪਹਿਲੀ ਜਨਵਰੀ 2012 ਤੋਂ ਤਰੱਕੀ ਲਈ ਪਾਤਰ ਬਣੇ ਸਨ, ਪਰ ਇਨ੍ਹਾਂ ਨੂੰ ਸੂਬਾ ਸਰਕਾਰ ਨੇ ਇਕ ਦਸੰਬਰ 2011 ਨੂੰ ਹੀ ਤਰੱਕੀ ਦੇ ਦਿੱਤੀ ਸੀ।

ਇਸ ਬਾਰੇ ਪਰਸੋਨਲ ਵਿਭਾਗ ਦਾ ਕਹਿਣਾ ਹੈ ਕਿ ਰੂਲਜ਼ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕਿਸੇ ਆਈ.ਪੀ.ਐਸ. ਨੂੰ ਡੀ.ਆਈ.ਜੀ. (ਪੁਲਿਸ), ਅਸਲ ਸੇਵਾਕਾਲ ਪੂਰੇ ਕਰਨ ਉਤੇ, ਤੇ ਆਈ.ਜੀ. (ਪੀ.) 10 ਸਾਲ ਪੂਰੇ ਕਰਨ 'ਤੇ ਬਣਾਇਆ ਜਾ ਸਕਦਾ ਹੈ। 25 ਸਾਲ ਪੂਰੇ ਹੋਣ 'ਤੇ ਹੀ ਕਿਸੇ ਅਧਿਕਾਰੀ ਨੂੰ ਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ ਤੇ ਡਾਇਰੈਕਟਰ ਜਨਰਲ ਆਫ ਪੁਲਿਸ 30 ਸਾਲ ਮਗਰੋਂ ਬਣਾਇਆ ਜਾ ਸਕਦਾ ਹੈ। ਪੰਜਾਬ ਸਰਕਾਰ ਦੇ ਸੂਤਰਾਂ ਨੇ ਦੱਸਿਆ ਕਿ ਅਮਲਾ ਤੇ ਸਿਖਲਾਈ ਵਿਭਾਗ ਤੋਂ ਮਿਲੇ ਸੁਨੇਹੇ ਦਾ ਅਧਿਐਨ ਕਰ ਕੇ ਇਸ ਬਾਰੇ ਅੱਗੇ ਫੈਸਲਾ ਕੀਤਾ ਜਾਏਗਾ।

# ਕਾਲਾ ਧਨ: ਪਿਛਲੇ ਸਾਲ 24 ਹਜ਼ਾਰ ਮਾਮਲਿਆਂ ਦੇ ਅੰਕੜੇ ਮਿਲੇ

**ਨਵੀਂ ਦਿੱਲੀ:** ਵਿਦੇਸ਼ਾਂ ਵਿਚ ਜਮ੍ਹਾਂ ਕਾਲੇ ਧਨ ਦਾ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਭਾਰਤ ਨੂੰ ਪਿਛਲੇ ਵਿੱਤੀ ਸਾਲ ਦੌਰਾਨ ਟੈਕਸ ਚੋਰੀ ਤੇ ਸੰਦੇਹ ਪੂਰਨ ਫੰਡਾਂ ਦੇ 24000 ਤੋਂ ਵੱਧ ਮਾਮਲਿਆਂ ਵਿਚ ਗੁਪਤ ਅੰਕੜੇ ਮਿਲੇ ਹਨ। ਇਨ੍ਹਾਂ ਮਾਮਲਿਆਂ ਦੀ ਟੈਕਸ ਵਿਭਾਗ ਨਾਲ ਸਬੰਧਤ ਅਧਿਕਾਰੀ ਜਾਂਚ ਕਰ ਰਹੇ ਹਨ ਤੇ ਵਿਸ਼ੇਸ਼ ਜਾਂਚ ਟੀਮ (ਸਿਟ) ਇਸ ਵਿਸ਼ੇਸ਼ ਜਾਣਕਾਰੀ ਜੋ 2013-14 ਦੇ ਵਿੱਤੀ ਸਾਲ ਦੌਰਾਨ ਦਰਜਨ ਤੋਂ ਵੱਧ ਦੇਸ਼ਾਂ ਤੋਂ ਮਿਲੀ ਹੈ, ਉਪਰ ਨਜ਼ਰ ਰੱਖ ਰਹੀ ਹੈ। ਇਨ੍ਹਾਂ ਵਿਦੇਸ਼ੀ ਖਾਤਿਆਂ ਤੇ ਵੇਰਵਿਆਂ ਬਾਰੇ ਜ਼ਿਆਦਾਤਰ ਜਾਣਕਾਰੀ ਨਿਊਜ਼ੀਲੈਂਡ, ਸਪੇਨ, ਯੂ.ਕੇ., ਸਵੀਡਨ ਤੇ ਡੈਨਮਾਰਕ ਤੋਂ ਮਿਲੀ ਹੈ। ਇਨ੍ਹਾਂ ਸਾਰੇ ਮਾਮਲਿਆਂ ਦਾ ਬੁਨਿਆਦੀ ਤੌਰ 'ਤੇ ਸਬੰਧ ਭਾਰਤ ਨਾਲ ਜੁੜਿਆ ਹੋਇਆ ਹੈ।

ਵਿੱਤ ਮੰਤਰਾਲੇ ਵੱਲੋਂ ਵਿਸ਼ੇਸ਼ ਜਾਂਚ ਟੀਮ ਨੂੰ ਦਿੱਤੇ ਗਏ ਤੇ ਇਸ ਏਜੰਸੀ ਵੱਲੋਂ ਅੰਕੜਿਆਂ ਦੇ ਕੀਤੇ ਗਏ ਮੁਲਾਂਕਣ ਮੁਤਾਬਕ ਕੁਲ 24085 ਮਾਮਲਿਆਂ ਬਾਰੇ ਜਾਣਕਾਰੀ ਮਿਲੀ ਹੈ। ਇਹ ਜਾਣਕਾਰੀ ਸਵੈਚਾਲਿਤ ਟੈਕਸ ਸੂਚਨਾ ਵਟਾਂਦਰਾ ਮਾਰਗ ਰਾਹੀਂ ਪ੍ਰਾਪਤ ਹੋਈ ਹੈ ਜੋ ਕਿ ਟੈਕਸ ਮਾਮਲਿਆਂ ਨਾਲ ਸਬੰਧਤ ਅੰਕੜਿਆਂ ਦੇ ਵਟਾਂਦਰੇ ਬਾਰੇ ਕਾਨੂੰਨੀ ਸੰਧੀ ਵੀ ਹੈ। ਵਿੱਤ ਮੰਤਰਾਲੇ ਦੀ ਰਿਪੋਰਟ ਅਨੁਸਾਰ ਖੁਦ ਬਖੁਦ ਟੈਕਸ ਸੂਚਨਾ ਦਾ ਵਟਾਂਦਰਾ ਪੈਰਿਸ ਦੇ ਆਰਥਕ ਸਹਿਯੋਗ ਤੇ ਵਿਕਾਸ ਬਾਰੇ ਸੰਗਠਨ (ਓ.ਈ.ਸੀ.ਡੀ.) ਵੱਲੋਂ ਨਿਰਧਾਰਤ ਨਿਯਮਾਂ ਅਨੁਸਾਰ ਹੁੰਦਾ ਹੈ।




ਓ.ਈ.ਸੀ.ਡੀ. ਇਕ ਅੰਤਰ ਰਾਸ਼ਟਰੀ ਸੰਗਠਨ ਹੈ ਤੇ ਉਹ ਕੌਮਾਂਤਰੀ ਟੈਕਸ ਤੇ ਆਰਥਕ ਨੀਤੀਆਂ ਤੈਅ ਕਰਦਾ ਹੈ ਜੋ ਭਾਰਤ ਸਮੇਤ ਇਸ ਦੇ 34 ਮੈਂਬਰ ਦੇਸ਼ਾਂ ਵੱਲੋਂ ਅਪਣਾਈਆਂ ਜਾਂਦੀਆਂ ਹਨ। ਨਿਊਜ਼ੀਲੈਂਡ ਨੇ 10372, ਸਪੇਨ ਨੇ 4169, ਯੂ.ਕੇ. ਨੇ 3164, ਸਵੀਡਨ- 2404, ਡੈਨਮਾਰਕ- 2145, ਫਿਨਲੈਂਡ-685, ਪੁਰਤਗਾਲ-625, ਜਪਾਨ-440 ਤੇ ਸਲੋਵੇਨੀਆ ਨੇ ਭਾਰਤ ਨਾਲ 44 ਮਾਮਲਿਆਂ ਵਿਚ ਅੰਕੜੇ ਸਾਂਝੇ ਕੀਤੇ ਹਨ।

ਹੋਰ ਜਿਨ੍ਹਾਂ ਦੇਸ਼ਾਂ ਨੇ ਭਾਰਤ ਦੀ ਬੇਨਤੀ ਉਪਰ ਮੁਕਾਬਲਤਨ ਘੱਟ ਹੁੰਗਾਰਾ ਭਰਿਆ ਹੈ ਉਨ੍ਹਾਂ ਵਿਚ ਆਸਟ੍ਰੇਲੀਆ, ਮੈਕਸੀਕੋ, ਇਟਲੀ ਤੇ ਟੋਬਾਗੋ ਸ਼ਾਮਲ ਹਨ। ਇਨ੍ਹਾਂ ਦੇਸ਼ਾਂ ਨੇ ਭਾਰਤ ਨਾਲ ਬਹੁਤ ਥੋੜ੍ਹੇ ਅੰਕੜੇ ਸਾਂਝੇ ਕੀਤੇ ਹਨ।

## ਸਵਿੱਟਜ਼ਰਲੈਂਡ ਵੱਲੋਂ ਕਾਨੂੰਨ ਵਿਚ ਸੋਧਾਂ

**ਨਵੀਂ ਦਿੱਲੀ:** ਸਵਿੱਟਜ਼ਰਲੈਂਡ ਨੇ ਭਾਰਤ ਤੇ ਹੋਰਨਾਂ ਦੇਸ਼ਾਂ ਦੇ ਦਬਾਅ ਕਰਕੇ ਕਾਲੇ ਧਨ ਦੀ ਪੈੜ ਕੱਢਣ ਲਈ ਆਪਣੇ ਮੁਕਾਮੀ ਕਾਨੂੰਨਾਂ ਵਿਚ ਕੁਝ ਅਹਿਮ ਤਬਦੀਲੀਆਂ ਕੀਤੀਆਂ ਹਨ। ਇਸ ਮਹੀਨੇ ਅਮਲ ਵਿਚ ਆਉਣ ਵਾਲੀਆਂ ਇਨ੍ਹਾਂ ਤਬਦੀਲੀਆਂ ਸਦਕਾ ਭਾਰਤ ਤੇ ਹੋਰਨਾਂ ਦੇਸ਼ਾਂ ਨੂੰ ਕਾਲੇ ਧਨ ਮੁਤੱਲਕ ਸ਼ੱਕੀ ਮਾਮਲਿਆਂ ਦੀ ਜਾਣਕਾਰੀ ਲਈ ਸਮੂਹਿਕ ਬੇਨਤੀਆਂ ਕਰਨ ਦੀ ਆਗਿਆ ਮਿਲ ਜਾਵੇਗੀ ਜਦਕਿ ਸਵਿਸ ਅਧਿਕਾਰੀ ਨੂੰ ਵੇਰਵੇ ਸਾਂਝੇ ਕਰਨ ਤੋਂ ਪਹਿਲਾਂ ਸ਼ੱਕੀ ਵਿਅਕਤੀਆਂ ਜਾਂ ਇਕਾਈਆਂ ਬਾਰੇ ਅਗਾਊਂ ਜਾਣਕਾਰੀ ਨਹੀਂ ਦੇਣੀ ਪਵੇਗੀ। ਉਂਜ, ਹੁਣ ਇਹ ਸਾਬਤ ਕਰਨ ਦੀ ਜ਼ਿੰਮੇਵਾਰੀ ਭਾਰਤ (ਜਾਂ ਕਿਸੇ ਹੋਰ ਬਿਨੈਕਾਰ ਦੇਸ਼) ਦੀ ਹੋਵੇਗੀ ਕਿ ਖਾਤਾਧਾਰਕਾਂ ਬਾਰੇ ਜਾਣਕਾਰੀ ਸਾਂਝੀ ਕਰਨ ਤੋਂ ਪਹਿਲਾਂ ਅਗਾਊਂ ਇਤਲਾਹ ਪ੍ਰਸ਼ਾਸਕੀ ਇਮਦਾਦ ਦਾ ਮੰਤਵ ਖਾਰਜ ਕਰ ਦੇਵੇਗੀ ਤੇ ਜਾਂਚ ਦੀ ਸਫ਼ਲਤਾ ਵੀ ਸਾਬੋਤਾਜ ਹੋ ਜਾਵੇਗੀ।

# ਚੰਡੀਗੜ੍ਹ 'ਚ ਪੰਜਾਬੀ ਲਾਗੂ ਕਰਨ ਦੇ ਸਦਾ ਖਿਲਾਫ ਰਹੀ ਹੈ ਸਰਕਾਰ

**ਚੰਡੀਗੜ੍ਹ:** ਭਾਰਤ ਸਰਕਾਰ ਨੇ 46 ਸਾਲ ਪਹਿਲਾਂ ਚੰਡੀਗੜ੍ਹ ਯੂ.ਟੀ. ਦੇ ਪਹਿਲੇ ਚੀਫ ਕਮਿਸ਼ਨਰ ਡਾਕਟਰ ਐਮ.ਐਸ. ਰੰਧਾਵਾ ਦੀ ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਮਹੱਤਤਾ ਦੇਣ ਲਈ 'ਜਵਾਬ ਤਲਬੀ' ਕੀਤੀ ਸੀ। ਮਿਲੀ ਜਾਣਕਾਰੀ ਮੁਤਾਬਕ ਉਸ ਵੇਲੇ ਦੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਜੁਆਇੰਟ ਸਕੱਤਰ ਏ.ਡੀ. ਪਾਂਡੇ ਨੇ ਚਾਰ ਜੁਲਾਈ 1968 ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਚੀਫ਼ ਕਮਿਸ਼ਨਰ ਡਾਕਟਰ ਰੰਧਾਵਾ ਨੂੰ ਇਕ ਗੁਪਤ ਅਰਧ ਸਰਕਾਰੀ (ਡੀ.ਓ.) ਪੱਤਰ ਰਾਹੀਂ ਕਿਹਾ ਸੀ ਕਿ ਉਨ੍ਹਾਂ (ਕੇਂਦਰ ਗ੍ਰਹਿ ਵਿਭਾਗ) ਨੂੰ ਰਿਪੋਰਟ ਮਿਲੀ ਹੈ ਕਿ ਯੂ.ਟੀ. ਪ੍ਰਸ਼ਾਸਨ ਵਿਚ ਪੰਜਾਬੀ ਭਾਸ਼ਾ ਨੂੰ ਥੋਪਣ ਦਾ ਯਤਨ ਕੀਤਾ ਜਾ ਰਿਹਾ ਹੈ ਤੇ ਕੰਮ-ਕਾਰ ਪੰਜਾਬੀ ਭਾਸ਼ਾ ਵਿਚ ਕੀਤੇ ਜਾ ਰਹੇ ਹਨ।

**ਕੇਂਦਰ ਸਰਕਾਰ ਨੇ ਪਹਿਲੇ ਚੀਫ ਕਮਿਸ਼ਨਰ ਰੰਧਾਵਾ ਦੀ ਕੀਤੀ ਸੀ ਜਵਾਬ-ਤਲਬੀ**

ਗ੍ਰਹਿ ਵਿਭਾਗ ਨੇ ਇਸ ਪੱਤਰ ਵਿਚ ਲਿਖਿਆ ਕਿ ਉਨ੍ਹਾਂ ਨੂੰ ਰਿਪੋਰਟ ਮਿਲੀ ਹੈ ਕਿ ਰੋਜ਼ ਗਾਰਡਨ ਵਿਚ ਪੰਜਾਬੀ ਭਾਸ਼ਾ ਵਿਚ ਉਕਰੇ ਇਕ ਪੱਥਰ ਨੂੰ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬੀ ਭਾਸ਼ਾ ਵਿਚ ਛਪੇ ਰਾਸ਼ਨ ਕਾਰਡ ਤੇ ਪ੍ਰੋਫੈਸ਼ਨਲ ਟੈਕਸ ਫਾਰਮ ਵਰਤੇ ਜਾ ਰਹੇ ਹਨ। ਪੱਤਰ ਵਿਚ ਬਕਾਇਦਾ ਅੰਕਿਤ ਕੀਤਾ ਗਿਆ ਕਿ ਚੰਡੀਗੜ੍ਹ ਉਪਰ ਪੰਜਾਬ ਤੇ ਹਰਿਆਣਾ ਰਾਜ ਆਪੋ-ਆਪਣਾ ਦਾਅਵਾ ਕਰ ਰਹੇ ਹਨ, ਜਿਸ ਕਾਰਨ ਇਹ ਬੜਾ ਨਾਜ਼ੁਕ ਮੁੱਦਾ ਹੈ। ਇਸੇ ਕਾਰਨ ਚੰਡੀਗੜ੍ਹ ਦੀ ਸਰਕਾਰੀ ਭਾਸ਼ਾ ਬਾਰੇ ਕੋਈ ਫੈਸਲਾ ਨਹੀਂ ਲਿਆ ਗਿਆ। ਪੱਤਰ ਵਿਚ ਇਹ ਵੀ ਲਿਖਿਆ ਹੈ ਕਿ ਭਾਸ਼ਾ ਬਾਰੇ ਫੈਸਲਾ ਲੈਣ ਨਾਲ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਲੱਗ ਸਕਦੀ ਹੈ।

ਇਸ ਦੇ ਜਵਾਬ ਵਿਚ ਡਾਕਟਰ ਰੰਧਾਵਾ ਨੇ ਕੇਂਦਰੀ ਗ੍ਰਹਿ ਵਿਭਾਗ ਨੂੰ 26 ਤੇ 27 ਜੁਲਾਈ 1968 ਨੂੰ ਡੀ.ਓ. ਪੱਤਰ ਲਿਖ ਕੇ ਸਪੱਸ਼ਟੀਕਰਨ ਦਿੱਤਾ ਸੀ। ਇਸ ਵਿਚ ਦੱਸਿਆ ਸੀ ਕਿ ਉਨ੍ਹਾਂ ਵੱਲੋਂ ਰੋਜ਼ ਗਾਰਡਨ ਵਿਚ ਕਿਸੇ ਤਰ੍ਹਾਂ ਦਾ ਕੋਈ ਪੱਥਰ ਨਹੀਂ ਲਾਇਆ ਗਿਆ ਤੇ ਸਿਰਫ ਪ੍ਰਮੁੱਖ ਕਵੀ ਭਾਈ ਵੀਰ ਸਿੰਘ ਦੀ ਗੁਲਾਬ ਦੇ ਫੁੱਲਾਂ 'ਤੇ ਅਧਾਰਤ ਪੰਜਾਬੀ ਵਿਚ ਲਿਖੀ ਕਵਿਤਾ ਦੀ ਤਾਂਬੇ ਦੀ ਪਲੇਟ ਹੀ ਰੋਜ਼ ਗਾਰਡਨ ਵਿਖੇ ਲਾਈ ਗਈ ਹੈ। ਡਾਕਟਰ ਰੰਧਾਵਾ ਨੇ ਕਿਹਾ ਸੀ ਕਿ ਉਨ੍ਹਾਂ ਪੰਜਾਬੀ ਦੇ ਨਾਲ-ਨਾਲ ਚੰਡੀਗੜ੍ਹ ਸਾਹਿਤ ਅਕੈਡਮੀ ਦੇ ਹਿੰਦੀ ਦੇ ਕਵੀਆਂ ਨੂੰ ਵੀ ਗੁਲਾਬ ਦੇ ਫੁੱਲ ਨਾਲ ਸਬੰਧਤ ਹਿੰਦੀ ਵਿਚ ਲਿਖੀ ਕਵਿਤਾ ਦੇਣ ਲਈ ਕਿਹਾ ਸੀ ਪਰ ਅੱਜ ਤੱਕ ਹਿੰਦੀ ਦੀ ਕੋਈ ਕਵਿਤਾ ਹਾਸਲ ਨਾ ਹੋਣ ਕਾਰਨ ਹੀ ਉਨ੍ਹਾਂ ਨੇ ਸਿਰਫ ਪੰਜਾਬੀ ਵਿਚ ਲਿਖੀ ਕਵਿਤਾ ਦੀ ਪਲੇਟ ਰੋਜ਼ ਗਾਰਡਨ ਵਿਖੇ ਲਾਈ ਹੈ।



ਡਾਕਟਰ ਰੰਧਾਵਾ ਨੇ ਇਸ ਪੱਤਰ ਵਿਚ ਗ੍ਰਹਿ ਵਿਭਾਗ ਨੂੰ ਭਰੋਸਾ ਦਿੱਤਾ ਸੀ ਕਿ ਜਦੋਂ ਵੀ ਕਿਸੇ ਹਿੰਦੀ ਦੇ ਸਾਹਿਤਕਾਰ ਵੱਲੋਂ ਹਿੰਦੀ ਵਿਚ ਲਿਖੀ ਕਵਿਤਾ ਭੇਜੀ ਜਾਵੇਗੀ ਤਾਂ ਉਹ ਵੀ ਰੋਜ਼ ਗਾਰਡਨ ਵਿਖੇ ਲਾ ਦਿੱਤੀ ਜਾਵੇਗੀ। ਡਾਕਟਰ ਰੰਧਾਵਾ ਨੇ ਹੋਰ ਸਪੱਸ਼ਟੀਕਰਨ ਦਿੱਤਾ ਸੀ ਕਿ ਪੰਜਾਬੀ ਵਿਚ ਛਪੇ ਰਾਸ਼ਨ ਕਾਰਡ ਤੇ ਪ੍ਰੋਫੈਸ਼ਨਲ ਟੈਕਸ ਦੇ ਫਾਰਮ ਪੁਨਰਗਠਨ ਤੋਂ ਪਹਿਲਾਂ ਦੇ ਸਟਾਕ ਦੇ ਹਨ ਤੇ ਉਸ ਤੋਂ ਬਾਅਦ ਕੋਈ ਵੀ ਫਾਰਮ ਪੰਜਾਬੀ ਵਿਚ ਨਹੀਂ ਛਾਪਿਆ ਗਿਆ। ਪੰਜਾਬੀ ਦੇ ਫਾਰਮ ਖ਼ਤਮ ਹੋਣ ਤੋਂ ਬਾਅਦ ਨਵੇਂ ਰਾਸ਼ਨ ਕਾਰਡ ਆਦਿ ਬਕਾਇਦਾ ਹਿੰਦੀ ਵਿਚ ਛਪਵਾ ਕੇ ਹੀ ਵਰਤੇ ਜਾ ਰਹੇ ਹਨ। ਡਾਕਟਰ ਰੰਧਾਵਾ ਨੇ ਇਸ ਪੱਤਰ ਵਿਚ ਬਕਾਇਦਾ ਗ੍ਰਹਿ ਵਿਭਾਗ ਨੂੰ ਸਪੱਸ਼ਟੀਕਰਨ ਦਿੰਦਿਆਂ ਕਿਹਾ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਇਥੇ ਪੰਜਾਬੀ ਭਾਸ਼ਾ ਥੋਪਣ ਦੀ ਰਿਪੋਰਟ ਪੂਰੀ ਤਰ੍ਹਾਂ ਗਲਤ ਹੈ। ਡਾਕਟਰ ਰੰਧਾਵਾ ਨੇ ਇਸ ਪੱਤਰ ਵਿਚ ਲਿਖਿਆ ਸੀ ਕਿ ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਇਸ ਸ਼ਹਿਰ ਉਪਰ ਆਪੋ-ਆਪਣਾ ਹੱਕ ਜਤਾਉਣ ਲਈ ਭਾਸ਼ਾ ਨੀਤੀ ਆਪਣੇ ਹੱਕ ਵਿਚ ਤਬਦੀਲ ਕਰਵਾਉਣ ਲਈ ਯਤਨਸ਼ੀਲ ਹਨ ਪਰ ਮੈਂ ਇਥੇ ਸਥਿਤੀ ਬਰਕਰਾਰ ਰੱਖਣ ਲਈ ਯਤਨਸ਼ੀਲ ਹਾਂ।

# ਫਿਰਕੂਵਾਦ ਨੂੰ ਸਮਝ ਨਹੀਂ ਰਹੇ ਭਾਰਤੀ ਲੀਡਰ

ਮੈਨੂੰ ਕਈ ਸਾਲਾਂ ਤੋਂ ਇਹ ਅਫ਼ਸੋਸ ਰਿਹਾ ਹੈ ਕਿ ਭਾਰਤ ਦੇ ਸੰਸਦ ਮੈਂਬਰ ਉਸ ਫਿਰਕੂਵਾਦ ਦੀ ਪੈਦਾਵਾਰ ਦੀ ਸਮਝ ਹੀ ਨਹੀਂ ਰੱਖਦੇ ਜੋ ਦੇਸ਼ ਦੀ ਵੰਡ ਤੋਂ ਵੀ ਪਹਿਲਾਂ ਭਾਰਤੀ ਸਮਾਜ ਦਾ ਅੰਗ ਬਣੀ ਹੋਈ ਹੈ। ਦੇਸ਼ ਦੀ ਵੰਡ ਤੋਂ ਬਾਅਦ ਦੋਹਾਂ ਹਿੱਸਿਆਂ ਵਿਚ ਖੂਨ-ਖਰਾਬਾ ਹੋਇਆ। ਮੈਂ ਵੀ ਪਾਕਿਸਤਾਨ ਵਿਚ ਆਪਣੀ ਜਨਮ ਭੂਮੀ ਨੂੰ ਛੱਡ ਕੇ ਆਪਣੇ ਮਾਂ-ਪਿਉ ਨਾਲ ਪੂਰਬੀ ਪੰਜਾਬ ਵਿਚ 'ਨਵੇਂ ਘਰ' ਵਿਚ ਆ ਵਸਿਆ।

ਜਿਵੇਂ-ਜਿਵੇਂ ਮੈਂ ਪੱਤਰਕਾਰ ਅਤੇ ਲੇਖਕ ਵਜੋਂ ਪੇਸ਼ੇਵਰ ਤੌਰ 'ਤੇ ਅੱਗੇ ਵਧਿਆ, ਸਿਆਸੀ ਸੁਆਰਥਾਂ ਦੀ ਪੂਰਤੀ ਲਈ ਲੋਕਾਂ ਨੂੰ ਵੰਡਣ ਵਾਲੀ ਫਿਰਕਾਪ੍ਰਸਤੀ ਦੀ ਘਟੀਆ ਸਿਆਸਤ ਦਾ ਬਹੁਤ ਨੇੜਿਓਂ ਅਵਲੋਕਨ ਕਰਦਾ ਰਿਹਾ ਹਾਂ।

ਹਰੀ ਜੈਸਿੰਘ

ਮਹਾਰਾਸ਼ਟਰ, ਗੁਜਰਾਤ, ਪੱਛਮੀ ਬੰਗਾਲ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਦਰਪੇਸ਼ ਫਿਰਕੂਵਾਦ ਦੀ ਚੁਣੌਤੀ ਸਾਹਮਣੇ ਸਾਡੇ ਨੇਤਾਵਾਂ ਦੇ ਵਧਦੇ ਦੀਵਾਲੀਏਪਨ ਨੂੰ ਦੇਖ ਕੇ ਮੈਂ ਬਹੁਤ ਦੁਖੀ ਹੁੰਦਾ ਰਿਹਾ ਹਾਂ।

ਕਈ ਦਹਾਕਿਆਂ ਤਕ ਸਭ ਤੋਂ ਜ਼ਿਆਦਾ ਵੋਟਰਾਂ ਦੇ ਸਮਰਥਨ ਦਾ ਸੁੱਖ ਭੋਗਣ ਵਾਲੀ ਕਾਂਗਰਸ ਨੇ ਕਦੇ ਵੀ ਇਨ੍ਹਾਂ ਧਮਾਕਾਖੇਜ਼ ਸਥਿਤੀਆਂ ਦੀ ਅਸਰਦਾਰ ਢੰਗ ਨਾਲ ਫੂਕ ਕੱਢਣ ਅਤੇ ਫਿਰਕੂ ਰੁਝਾਨਾਂ ਨੂੰ ਉਲਟਾ ਘੁਮਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਪਿਛਲੇ 10 ਸਾਲਾਂ ਦੌਰਾਨ ਬਸਪਾ ਅਤੇ ਸਮਾਜਵਾਦੀ ਪਾਰਟੀ ਦੇ ਸਮਰਥਨ ਨਾਲ ਚੱਲਣ ਵਾਲੀ ਕੇਂਦਰ ਦੀ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਯੂ.ਪੀ. ਵਿਚ ਵਾਪਰੀਆਂ ਘਟਨਾਵਾਂ 'ਤੇ ਨਜ਼ਰ ਮਾਰੋ। ਤੱਥ ਇੰਨੇ ਦਮਦਾਰ ਹਨ ਕਿ ਸ਼ਬਦੀ ਦਾਅਵਿਆਂ ਨਾਲ ਉਨ੍ਹਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

ਕਾਂਗਰਸ ਅੰਦਰ ਆਪਣੀ ਸਿਆਸੀ ਪੈਂਠ ਬਣਾਈ ਰੱਖਣ ਲਈ ਯਤਨਸ਼ੀਲ ਰਾਹੁਲ ਗਾਂਧੀ ਨੇ ਲੋਕ ਸਭਾ ਵਿਚ ਉਦੋਂ ਅਚਾਨਕ ਹੀ ਇਸੇ ਪੁਰਾਣੇ ਹੱਥਕੰਡੇ ਨੂੰ ਅਪਨਾ ਲਿਆ, ਜਦੋਂ ਉਨ੍ਹਾਂ ਨੇ ਦੋਸ਼ ਲਗਾਇਆ ਕਿ ਮੌਜੂਦਾ ਦੌਰ ਵਿਚ ਚੱਲ ਰਿਹਾ ਫਿਰਕੂ ਟਕਰਾਅ ਗਰੀਬਾਂ ਵਿਚ ਫੁੱਟ ਪਾਉਣ ਲਈ 'ਬਨਾਉਟੀ ਰੂਪ ਅਤੇ ਜਾਣਬੁਝ ਕੇ' ਪੈਦਾ ਕੀਤਾ ਗਿਆ ਹੈ। ਅੰਨ੍ਹੇ ਨੂੰ ਹਨ੍ਹੇਰੇ ਵਿਚ ਕਿੰਨੀ ਦੂਰ ਦੀ ਸੁੱਝੀ, ਕੀ ਰਾਹੁਲ ਨੇ ਕਦੇ ਇਕ ਪਲ ਲਈ ਵੀ 'ਬਨਾਉਟੀ ਤੌਰ 'ਤੇ' ਪੈਦਾ ਕੀਤੇ ਗਏ ਇਨ੍ਹਾਂ ਦੰਗਿਆਂ ਦੀ ਅਸਲੀਅਤ ਸਮਝਣ ਲਈ ਆਪਣੇ ਦਿਮਾਗ 'ਤੇ ਜ਼ੋਰ ਪਾਇਆ ਹੈ? ਕੀ ਉਨ੍ਹਾਂ ਨੇ ਕਦੇ ਇਹ ਸੋਚਿਆ ਹੈ ਕਿ ਇਹ ਕਿਸ ਵਲੋਂ ਪੈਦਾ ਕੀਤੇ ਜਾ ਰਹੇ ਹਨ?

ਇਹ 'ਫਿਰਕੂ ਇੰਜੀਨੀਅਰਿੰਗ' ਕਈ ਦਹਾਕਿਆਂ ਤੋਂ ਕਾਰਜਸ਼ੀਲ ਹੈ ਅਤੇ ਯੂ.ਪੀ. ਵਿਚ ਮੁਸਲਿਮ ਵੋਟ ਬੈਂਕ ਦੇ ਠੇਕੇਦਾਰਾਂ ਨੇ ਜਿਥੇ ਮੁਸਲਮਾਨਾਂ ਨੂੰ ਘੋਰ ਗਰੀਬੀ ਅਤੇ ਜੀਵਨ ਦੇ ਅਣਮਨੁੱਖੀ ਹਾਲਾਤ ਵਿਚ ਧੱਕੀ ਰੱਖਿਆ ਹੈ, ਉਥੇ ਹੀ ਸਿਆਸਤ ਦੇ ਅਪਰਾਧੀਕਰਨ ਅਤੇ ਫਿਰਕੂਵਾਦ ਦੇ ਪ੍ਰੇਤ-ਪਰਛਾਵੇਂ ਨੂੰ ਨਿਰਵਿਘਨ ਰੂਪ ਵਿਚ ਵਧਣ ਦਿੱਤਾ ਹੈ। ਇਹ ਵੀ ਮੰਨਿਆ ਜਾਣਾ ਚਾਹੀਦਾ ਹੈ ਕਿ ਯੂ.ਪੀ. ਵਿਚ ਹੋਣ ਵਾਲੇ ਫਿਰਕੂ ਦੰਗੇ ਮੰਨੇ-ਪ੍ਰਮੰਨੇ ਅਪਰਾਧੀਆਂ ਅਤੇ ਸਿਆਸਤਦਾਨਾਂ ਦੀ ਆਪਸੀ ਮਿਲੀਭੁਗਤ ਦਾ ਹੀ ਨਤੀਜਾ ਹੈ।

ਅਪਰਾਧੀਆਂ ਨੂੰ ਤਾਕਤਵਰ ਲੋਕਾਂ ਦੀ ਸ਼ਹਿ ਮਿਲੀ ਹੋਈ ਹੈ। ਇਸ ਮਾਮਲੇ ਵਿਚ ਮੁਲਾਇਮ ਸਿੰਘ ਯਾਦਵ ਅਤੇ ਉਨ੍ਹਾਂ ਦਾ ਮੁੱਖ ਮੰਤਰੀ ਬੇਟਾ ਕਈ ਸਵਾਲਾਂ ਦੇ ਘੇਰੇ ਵਿਚ ਹਨ। ਫਿਰਕੂ ਸਥਿਤੀ 'ਤੇ ਨਜ਼ਰ ਮਾਰਨ ਦੇ ਅਸਲ ਵਿਚ ਦੋ ਨਜ਼ਰੀਏ ਹਨ- ਇਕ ਹੈ ਅਗਾਊਂ ਧਾਰਨਾ ਦਾ ਸ਼ਿਕਾਰ ਸਿਆਸੀ ਨਜ਼ਰੀਆ, ਤਾਂ ਦੂਜਾ ਹੈ ਜ਼ਮੀਨੀ ਸੱਚਾਈ ਦੇ ਆਧਾਰ 'ਤੇ ਵਿਸ਼ਲੇਸ਼ਣ। ਕਾਂਗਰਸ ਦੇ ਉਪ ਪ੍ਰਧਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਫਿਰਕਾਪ੍ਰਸਤੀ ਪਾਣੀ ਵਾਂਗ ਉਪਰੋਂ ਹੇਠਾਂ ਵੱਲ ਨੂੰ ਵਗਦੀ ਹੈ ਅਤੇ ਇਸ ਪ੍ਰਕਿਰਿਆ ਵਿਚ ਸਭ ਤੋਂ ਜ਼ਿਆਦਾ ਦੁੱਖ ਆਮ ਆਦਮੀ ਨੂੰ ਹੀ ਭੋਗਣਾ ਪੈਂਦਾ ਹੈ। ਹਰ ਤਰ੍ਹਾਂ ਦੀਆਂ ਗਲਤੀਆਂ ਲਈ ਭਾਜਪਾ ਨੂੰ ਦੋਸ਼ ਦੇਣ ਦੀ ਕੋਈ ਤੁਕ ਨਹੀਂ ਕਿਉਂਕਿ ਸੂਬੇ ਵਿਚ ਗਵਰਨੈਂਸ ਅਤੇ ਅਮਨ-ਕਾਨੂੰਨ ਦੀ ਜ਼ਿੰਮੇਵਾਰੀ ਤਾਂ ਅਖਿਲੇਸ਼ ਯਾਦਵ ਸਰਕਾਰ ਦੀ ਹੀ ਹੈ।

ਰਾਹੁਲ ਗਾਂਧੀ ਅਤੇ ਵੱਖ-ਵੱਖ ਪਾਰਟੀਆਂ ਨਾਲ ਸਬੰਧਿਤ ਸਾਰੇ ਸੰਸਦ ਮੈਂਬਰਾਂ ਨੂੰ ਫਿਰਕੂਵਾਦ ਦੀ ਸਮੱਸਿਆ ਦੇ ਸਿੱਧੇ ਅਤੇ ਅਸਿੱਧੇ ਕਾਰਨਾਂ ਨੂੰ ਸਮਝਣ ਲਈ ਨਿਰਪੱਖ ਭਾਵਨਾ ਨਾਲ ਅਸਲੀ ਇਤਿਹਾਸ ਦਾ ਅਧਿਐਨ ਕਰਨਾ ਪਵੇਗਾ। ਇਹ ਤ੍ਰਾਸਦੀ ਹੀ ਹੈ ਕਿ ਮਹਾਤਮਾ ਗਾਂਧੀ ਵਲੋਂ 'ਖਿਲਾਫਤ ਅੰਦੋਲਨ' ਨੂੰ ਦਿੱਤਾ ਗਿਆ ਸਮਰਥਨ ਇਕ ਤਰ੍ਹਾਂ ਨਾਲ ਉਨ੍ਹਾਂ ਦੇ ਆਦਰਸ਼ਾਂ ਦੇ ਉਲਟ ਹੀ ਗਿਆ। ਦੇਸ਼ ਤੋਂ ਬਾਹਰ ਆਪਣੀਆਂ ਵਫ਼ਾਦਾਰੀਆਂ ਦੀ ਜੜ੍ਹ ਲੱਭਣ ਵਾਲੇ ਇਸ ਅੰਦੋਲਨ ਨੂੰ ਮਹਾਤਮਾ ਗਾਂਧੀ ਨੇ ਜੋ ਸਮਰਥਨ ਦਿੱਤਾ, ਉਸ ਦੇ ਬਹੁਤ ਦੂਰਰਸ ਨਤੀਜੇ ਨਿਕਲੇ।

ਅੱਜ ਵੀ ਸੀਰੀਆ ਤੇ ਇਰਾਕ ਵਿਚ ਆਈ.ਐਸ.ਆਈ.ਐਸ. ਦੇ ਜਹਾਦੀਆਂ ਦੀਆਂ ਅਤਿਵਾਦੀ ਕਾਰਵਾਈਆਂ ਵਿਚ ਸਾਨੂੰ 'ਖਿਲਾਫਤ



ਅੰਦੋਲਨ' ਦੀ ਗੂੰਜ ਸੁਣਾਈ ਦਿੰਦੀ ਹੈ। ਫਿਰਕੂ ਸੁਹਿਰਦਤਾ ਸਿਰਫ਼ ਸ਼ਬਦ-ਜਾਲ ਤਕ ਹੀ ਸੀਮਤ ਨਹੀਂ। ਭਾਰਤ ਦੀ ਸਥਿਤੀ ਰੂਸ ਜਾਂ ਚੀਨ ਦੇ ਮੁਕਾਬਲੇ ਬੁਨਿਆਦੀ ਤੌਰ 'ਤੇ ਵੱਖਰੀ ਹੈ। ਲੋਕਤੰਤਰ ਜਿਥੇ ਵਿਚਾਰਾਂ ਦੇ ਖੁੱਲ੍ਹੇ ਅਦਾਨ-ਪ੍ਰਦਾਨ ਦੀ ਮੰਗ ਕਰਦਾ ਹੈ, ਉਥੇ ਹੀ ਸਾਰੇ ਫਿਰਕਿਆਂ ਲਈ ਬਰਾਬਰ ਦੇ ਮੌਕੇ ਵੀ ਪੇਸ਼ ਕਰਦਾ ਹੈ। ਇਸ ਲਈ ਜਨਤਕ ਜੀਵਨ ਵਿਚ ਇਮਾਨਦਾਰੀ ਅਤੇ ਭੱਦਰਤਾ ਦੇ ਪੈਮਾਨੇ ਕਾਇਮ ਰੱਖੇ ਜਾਣ।

ਭਾਰਤ ਵਿਚ ਇਕ ਅਮਲੀ ਲੋਕਤੰਤਰ ਹੈ, ਫਿਰ ਵੀ ਇਸ ਦੀਆਂ ਕੁਝ ਸੰਵੇਦਨਸ਼ੀਲ ਸਮਾਜਕ ਅਤੇ ਸਿਆਸੀ 'ਨਾੜੀਆਂ' ਵੰਡ ਤੋਂ ਪਹਿਲਾਂ ਦੇ ਦੌਰ ਤੋਂ ਬੁਰੀ ਤਰ੍ਹਾਂ ਨੁਕਸਾਨੀਆਂ ਚੱਲੀਆਂ ਆ ਰਹੀਆਂ ਹਨ। ਗਲੋਬਲ ਇਸਲਾਮਪ੍ਰਸਤੀ ਤੋਂ ਲੈ ਕੇ ਪਾਕਿਸਤਾਨ ਦੀ ਸਿਰਜਣਾ ਤਕ ਭਾਰਤੀ ਉਪ-ਮਹਾਦੀਪ ਵਿਚ ਨੀਤੀਆਂ ਅਤੇ ਭਾਵਨਾਵਾਂ ਆਪਸੀ ਸ਼ੱਕ ਵਿਚ ਘਿਰੀਆਂ ਰਹੀਆਂ ਹਨ। ਅੱਜ ਅਸੀਂ ਜੋ ਕੁਝ ਦੇਖ ਰਹੇ ਹਾਂ, ਉਹ ਸਿੱਧੇ ਅਰਥਾਂ ਵਿਚ ਧਰਮ ਅਤੇ ਸਿਆਸਤ ਦੀ ਖਿਚੜੀ ਹੈ ਅਤੇ ਇਸ ਨੇ ਸਾਡੇ ਦਿਲੋ-ਦਿਮਾਗ ਤਕ ਨੂੰ ਵੰਡਿਆ ਹੋਇਆ ਹੈ।

ਉਂਝ ਹਰ ਤਰ੍ਹਾਂ ਦੀਆਂ ਗੱਲਾਂ ਨੂੰ ਬਸਤੀਵਾਦ ਦੀ ਵਿਰਾਸਤ ਦੱਸਣ ਦਾ ਫੈਸ਼ਨ ਹੀ ਚੱਲ ਪਿਆ ਹੈ। ਬ੍ਰਿਟਿਸ਼ ਹਾਕਮਾਂ ਨੇ ਆਪਣੇ ਹਿੱਤਾਂ ਦੀ ਰਾਖੀ ਲਈ 'ਪਾੜੋ ਤੇ ਰਾਜ ਕਰੋ' ਦੇ ਰੁਝਾਨ ਨੂੰ ਹੱਲਾਸ਼ੇਰੀ ਦਿੱਤੀ ਸੀ ਪਰ ਰਵਾਇਤੀ ਤੌਰ 'ਤੇ ਇਸ ਤੱਥ ਨੂੰ ਅਣਡਿੱਠ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਤਾਂ ਸਿਰਫ਼ ਸਾਡੀ ਵਿਵਸਥਾ ਅਤੇ ਸਾਡੇ ਚਰਿੱਤਰ ਦੀਆਂ ਕਮਜ਼ੋਰੀਆਂ ਦਾ ਹੀ ਨਾਜਾਇਜ਼ ਲਾਭ ਉਠਾਇਆ ਸੀ। ਕੀ ਯੂ.ਪੀ. ਵਿਚ ਰਾਜ ਕਰ ਰਹੀ ਜੁੰਡਲੀ ਅੱਜ ਕਲ੍ਹ ਇਹੋ ਕੁਝ ਨਹੀਂ ਕਰ ਰਹੀ?

ਇਸ ਰੋਗੀ ਸਥਿਤੀ ਲਈ ਆਖਿਰ ਜ਼ਿੰਮੇਵਾਰ ਕੌਣ ਹੈ? ਇਹ ਸੱਚ ਹੈ ਕਿ ਭਾਰਤੀ ਲੀਡਰਸ਼ਿਪ ਹੁਣ ਤਕ ਘੱਟ-ਗਿਣਤੀਆਂ ਅਤੇ ਖਾਸ ਕਰ ਕੇ ਮੁਸਲਮਾਨਾਂ ਦੀਆਂ ਸਮੱਸਿਆਵਾਂ ਦਾ ਕੋਈ ਹੱਲ ਲੱਭਣ ਵਿਚ ਨਾਕਾਮ ਰਹੀ ਹੈ। ਇਹ ਸਮੁੱਚੇ ਕੌਮੀ ਅਤੇ ਵਿਵੇਕਪੂਰਨ ਪ੍ਰਸੰਗ ਵਿਚ ਉਨ੍ਹਾਂ ਦੀਆਂ ਸੰਵੇਦਨਾਵਾਂ ਦਾ ਨੋਟਿਸ ਨਹੀਂ ਲੈ ਸਕੀ। ਜ਼ਿਆਦਾਤਰ ਮੁਸਲਿਮ ਨੇਤਾ ਹੀ ਸਿਰਫ਼ ਸ਼ਿਕਾਇਤਾਂ, ਸੌਦੇਬਾਜ਼ੀ ਅਤੇ ਨਾਸਾਂ ਫੁਲਾਉਣ ਦੀ ਸਿਆਸਤ ਵਿਚ ਉਲਝ ਕੇ ਰਹਿ ਗਏ ਹਨ। ਉਹ ਆਪਣੇ ਭਾਈਚਾਰੇ ਨੂੰ ਗਰੀਬੀ, ਅਨਪੜ੍ਹਤਾ, ਬਿਮਾਰੀ, ਸਮਾਜਕ ਬੇਇਨਸਾਫੀ, ਪੱਛੜੇਪਣ, ਜਾਗੀਰਦਾਰੀ ਰੀਤੀ-ਰਿਵਾਜ ਅਤੇ ਅਤਿਵਾਦ ਵਰਗੇ ਅੰਦਰੂਨੀ ਦੁਸ਼ਮਣਾਂ ਵਿਰੁੱਧ ਭੜਕਾਉਣ ਦੀ ਸਮਰੱਥਾ ਹੀ ਨਹੀਂ ਰੱਖਦੇ।

ਸਮਝੌਤਾਵਾਦੀ ਸਿਆਸਤ ਦੀ ਤ੍ਰਾਸਦੀ ਇਹ ਹੈ ਕਿ ਇਸ ਨੇ ਪ੍ਰਤੀਕਿਰਿਆਵਾਦੀ ਤਾਕਤਾਂ ਅੱਗੇ ਗੋਡੇ ਟੇਕ ਦਿੱਤੇ ਹਨ। ਸਿਆਸੀ ਤੰਤਰ ਨੂੰ ਫਿਰਕਾਪ੍ਰਸਤੀ ਤੋਂ ਮੁਕਤ ਕਰਨ ਲਈ ਜਿਸ ਤਰ੍ਹਾਂ ਦੀ ਵਚਨਬੱਧਤਾ ਚਾਹੀਦੀ ਹੈ, ਉਹ ਤਾਂ ਹੀ ਆ ਸਕਦੀ ਹੈ, ਜੇ ਅਗਵਾਈ ਕਰ ਰਹੇ ਲੋਕ ਸਮੁੱਚੀ ਫਿਰਕੂ ਸਿਆਸਤ ਦੀ ਅਸਲੀਅਤ ਨੂੰ ਸਮਝਦੇ ਹੋਣ ਅਤੇ ਸਮੱਸਿਆ ਨੂੰ ਸੁਲਝਾਉਣ ਲਈ ਚਿਰਸਥਾਈ ਹੱਲ ਵੀ ਸੁਝਾਅ ਸਕਦੇ ਹੋਣ। 'ਹਿੰਦੂ-ਮੁਸਲਿਮ ਭਾਈ-ਭਾਈ' ਵੀ ਇਕ ਬੁਨਿਆਦੀ ਪਹੁੰਚ ਹੈ- ਰਾਸ਼ਟਰਵਾਦ ਅਤੇ ਮਨੁੱਖਤਾਵਾਦ ਦਾ ਸੱਦਾ। ਜਦੋਂ ਹਰ ਕਿਸੇ ਦਾ ਇਨ੍ਹਾਂ ਦੋਹਾਂ ਗੱਲਾਂ ਦੇ ਸਬੰਧ ਵਿਚ ਨਜ਼ਰੀਆ ਇਕ-ਦੂਜੇ ਨਾਲੋਂ ਕਾਫੀ ਵੱਖਰਾ ਹੋਵੇ ਤਾਂ ਅਜਿਹਾ ਕਰਨਾ ਸੌਖਾ ਕੰਮ ਨਹੀਂ। ਦੂਜੀ ਪਹੁੰਚ ਹੈ 'ਆਰਥਿਕਵਾਦੀ'। ਇਸ ਵਿਚ ਆਰਥਿਕ ਵਿਕਾਸ 'ਤੇ ਜ਼ੋਰ ਦਿੰਦਿਆਂ ਇਹ ਉਮੀਦ ਕਰਨੀ ਚਾਹੀਦੀ ਹੈ ਕਿ ਇਸ ਨਾਲ ਫਿਰਕੂ ਵਿਚਾਰਧਾਰਾ ਕਮਜ਼ੋਰ ਹੋ ਜਾਵੇਗੀ। ਆਰਥਿਕ ਵਿਕਾਸ ਯਕੀਨੀ ਤੌਰ 'ਤੇ ਸਹਾਈ ਸਿੱਧ ਹੋ ਸਕਦਾ ਹੈ ਪਰ ਇਸ ਦੇ ਬਾਵਜੂਦ ਇਹ ਮੂਲਵਾਦੀ ਤਾਕਤਾਂ ਨੂੰ ਮਜ਼ਬੂਤ ਬਣਾ ਸਕਦਾ ਹੈ।

ਇਸ ਲਈ ਸਾਨੂੰ ਚਿੰਤਨ ਦੀ ਕੋਈ ਪਟੜੀ ਅਪਣਾਉਣੀ ਪਵੇਗੀ। ਫਿਰਕੂਵਾਦ ਦੀਆਂ ਆਰਥਿਕ ਅਤੇ ਸਮਾਜਕ ਜੜ੍ਹਾਂ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ। ਹਰ ਭਾਈਚਾਰੇ ਨੂੰ ਆਪਣੀ ਤਾਕਤ ਦੇ ਨਾਲ-ਨਾਲ ਰਾਸ਼ਟਰ ਦਾ ਹਿੱਤ ਵੀ ਅੱਗੇ ਰੱਖਣਾ ਪਵੇਗਾ। ਕੀ ਇਹ ਸਹੀ ਨਹੀਂ ਹੋਵੇਗਾ ਕਿ ਸਿੱਖ ਵਿਦਵਾਨ ਡਾ. ਗੋਪਾਲ ਸਿੰਘ ਵਲੋਂ ਦਿੱਤੇ ਗਏ ਸੁਝਾਅ ਅਨੁਸਾਰ 'ਧਰਮ ਆਧਾਰਤ ਘੱਟ-ਗਿਣਤੀ' ਸ਼ਬਦ ਨੂੰ ਸੰਵਿਧਾਨ ਵਿਚੋਂ ਖਾਰਜ ਹੀ ਕਰ ਦਿੱਤਾ ਜਾਵੇ?

ਸਾਡੇ ਦੇਸ਼ ਵਰਗੀ ਲੋਕਤੰਤਰਿਕ ਪ੍ਰਣਾਲੀ ਵਿਚ ਹਰ ਨਾਗਰਿਕ ਨੂੰ ਸਾਂਝੇ ਕਾਨੂੰਨ ਦੇ ਤਹਿਤ ਬਰਾਬਰ ਦੇ ਨਾਗਰਿਕ ਸਮਝਿਆ ਜਾਣਾ ਜ਼ਰੂਰੀ ਹੈ, ਤਾਂ ਹੀ ਫਿਰਕੂਵਾਦ ਦੀ ਖੋਡ ਹੌਲੀ-ਹੌਲੀ ਅਤੇ ਯਕੀਨੀ ਤੌਰ 'ਤੇ ਭਰੀ ਜਾ ਸਕੇਗੀ। ਧਾਰਮਿਕ ਪਛਾਣ ਗੁਆਏ ਬਿਨਾਂ ਅਤੇ ਇਸ ਦੇ ਬਰਾਬਰ ਹੀ ਭਾਰਤੀ ਰਾਸ਼ਟਰਵਾਦ ਦੀਆਂ ਨਵੀਆਂ ਪਛਾਣਾਂ ਨੂੰ ਵਿਕਸਿਤ ਕਰਦਿਆਂ ਸਾਨੂੰ ਸਾਰਿਆਂ ਨੂੰ ਜੋੜਨ ਅਤੇ ਆਪਸ ਵਿਚ ਰਚਣ-ਵਸਣ 'ਤੇ ਜ਼ੋਰ ਦੇਣਾ ਪਵੇਗਾ। ਸ਼ਾਇਦ ਅਜਿਹੇ ਵਿਚਾਰ ਭਾਰਤ ਨੂੰ ਹਮੇਸ਼ਾ ਪਤਨਮੁਖੀ ਰੱਖਣ ਦੇ ਸੁਪਨੇ ਦਿਖਾਉਣ ਵਾਲੇ ਰਾਹੁਲ ਗਾਂਧੀ, ਮੁਲਾਇਮ ਸਿੰਘ, ਆਜ਼ਮ ਖਾਨ, ਅਖਿਲੇਸ਼ ਯਾਦਵ, ਲਾਲੂ ਯਾਦਵ ਅਤੇ ਕਈ ਹੋਰਨਾਂ ਲੋਕਾਂ ਦੀ ਸਮਝ ਤੋਂ ਹੀ ਬਾਹਰ ਦੀ ਗੱਲ ਹੈ।

# ਮਹਾਨ ਸ਼ਹੀਦ ਮਦਨ ਲਾਲ ਢੀਂਗਰਾ

ਅੰਮ੍ਰਿਤਸਰ ਦੇ ਸਪੂਤ ਅਤੇ ਮਹਾਨ ਦੇਸ਼ ਭਗਤ ਸ਼ਹੀਦ ਮਦਨ ਲਾਲ ਢੀਂਗਰਾ ਦਾ ਜਨਮ ਡਾ. ਸਾਹਿਬ ਦਿੱਤਾ ਮੱਲ ਦੇ ਘਰ 18 ਫਰਵਰੀ 1883 (4 ਜੁਲਾਈ 1909 ਦੇ 'ਦਿ ਟ੍ਰਿਬਿਊਨ ਲਾਹੌਰ' ਅਨੁਸਾਰ ਜਨਮ ਸੰਨ 1887 ਵਿਚ ਹੋਇਆ) ਨੂੰ ਐਤਵਾਰ ਦੇ ਦਿਨ ਸਵੇਰੇ ਤਿੰਨ ਵਜੇ ਅੰਮ੍ਰਿਤਸਰ ਦੀ ਆਬਾਦੀ ਕੱਟੜਾ ਸ਼ੇਰ ਸਿੰਘ ਵਿਖੇ ਹੋਇਆ। ਸ਼ਹਿਰ ਦੇ ਰਿਜੈਂਟ ਸਿਨਮਾ ਦੇ ਨਾਲ ਲੱਗਦੇ ਕੱਟੜਾ ਸ਼ੇਰ ਸਿੰਘ ਦੇ ਜਿਸ ਘਰ ਵਿਚ ਮਦਨ ਲਾਲ ਦਾ ਜਨਮ ਹੋਇਆ, ਉਸ ਵਿਚ ਸੰਨ


ਸੁਰਿੰਦਰ ਕੋਛੜ

2010 ਤੋਂ ਪਹਿਲਾਂ ਤੱਕ ਮਦਨ ਲਾਲ ਦੇ ਵੱਡੇ ਭਰਾ ਡਾ. ਕੁੰਦਨ ਲਾਲ ਦੇ ਪੁੱਤਰ ਮੁਕੰਦ ਲਾਲ ਦੀ ਪਤਨੀ ਵਿਮਲਾ ਦੇਵੀ ਆਪਣੇ ਪਰਿਵਾਰ ਸਹਿਤ ਰਹਿ ਰਹੇ ਹਨ। ਉਨ੍ਹਾਂ ਵੱਲੋਂ ਇਹ ਉਪਰੋਕਤ ਯਾਦਗਾਰੀ ਘਰ ਵੇਚੇ ਜਾਣ ਤੋਂ ਬਾਅਦ ਖਰੀਦਦਾਰ ਵੱਲੋਂ ਇਸ ਨੂੰ ਜ਼ਮੀਨ-ਦੋਜ਼ ਕਰ ਦਿੱਤਾ ਗਿਆ।

ਜੰਮੂ-ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ ਦੇ ਆਨਰੇਰੀ ਸ਼ਾਹੀ ਡਾਕਟਰ ਅਤੇ ਹੋਰ ਮੁੱਖ ਅਹੁਦਿਆਂ 'ਤੇ ਨਿਯੁਕਤ ਰਹੇ ਡਾ. ਸਾਹਿਬ ਦਿੱਤਾ ਮੱਲ ਅੰਮ੍ਰਿਤਸਰ ਵਿਚ ਲੰਮੇ ਸਮੇਂ ਤੱਕ ਅੱਖਾਂ ਦੇ ਮਾਹਿਰ ਡਾਕਟਰ ਦੇ ਤੌਰ 'ਤੇ ਪ੍ਰੈਕਟਿਸ ਕਰਦੇ ਰਹੇ। ਉਨ੍ਹਾਂ ਕਿਰਾਏ 'ਤੇ ਦੇਣ ਲਈ ਅੰਮ੍ਰਿਤਸਰ ਦੀ ਜੀ.ਟੀ. ਰੋਡ 'ਤੇ ਮਾਡਲ ਟਾਊਨ ਦੇ ਸਾਹਮਣੇ ਆਪਣੀਆਂ ਛੇ ਕੋਠੀਆਂ ਅਤੇ ਕੱਟੜਾ ਸ਼ੇਰ ਸਿੰਘ ਵਿਚ 21 ਮਕਾਨ ਬਣਾ ਰੱਖੇ ਸਨ। ਇਨ੍ਹਾਂ ਵਿਚੋਂ ਬਹੁਤ ਸਾਰੇ ਮਕਾਨ ਅੱਜ ਵੀ ਚੰਗੀ ਹਾਲਤ ਵਿਚ ਮੌਜੂਦ ਹਨ। ਉਨ੍ਹਾਂ ਦੀ ਅਮੀਰੀ ਦਾ ਅੰਦਾਜ਼ਾ ਇੱਥੋਂ ਹੀ ਲਾਇਆ ਜਾ ਸਕਦਾ ਹੈ ਕਿ ਉਨ੍ਹੀਂ ਦਿਨੀਂ ਉਹ ਅੰਮ੍ਰਿਤਸਰ 'ਚ ਇਕੱਲੇ ਅਜਿਹੇ ਭਾਰਤੀ ਸਨ ਜਿਨ੍ਹਾਂ ਕੋਲ ਆਪਣੀ ਕਾਰ ਸੀ।

ਮਦਨ ਲਾਲ ਆਪਣੇ ਭੈਣ-ਭਰਾਵਾਂ 'ਚੋਂ ਸੱਤਵੇਂ ਨੰਬਰ 'ਤੇ ਸਨ ਅਤੇ ਇਹ ਕੁੱਲ ਅੱਠ ਭੈਣ-ਭਰਾ (ਇਕ ਭੈਣ ਕਾਕੀ ਰਾਣੀ ਅਤੇ ਸੱਤ ਭਰਾ) ਸਨ। ਇਨ੍ਹਾਂ ਵਿਚੋਂ ਡਾ. ਕੁੰਦਨ ਲਾਲ ਢੀਂਗਰਾ (ਅੱਖਾਂ ਦੇ ਮਾਹਿਰ ਡਾਕਟਰ), ਡਾ. ਮੋਹਨ ਲਾਲ ਢੀਂਗਰਾ (ਐਮ.ਡੀ., ਐਫ.ਆਰ.ਸੀ. ਐਸ., ਐਮ.ਆਰ.ਸੀ.ਪੀ., ਡੀ.ਪੀ.ਐਚ.) ਅੰਮ੍ਰਿਤਸਰ ਮਿਊਂਸਪੈਲਟੀ ਦੇ ਹੈਲਥ ਅਫਸਰ ਸਨ, ਡਾ. ਬਿਹਾਰੀ ਲਾਲ ਢੀਂਗਰਾ (ਐਮ.ਡੀ., ਐਮ. ਆਰ. ਸੀ. ਪੀ.) ਜੀਂਦ ਰਿਆਸਤ ਦੇ ਪ੍ਰਧਾਨ ਮੰਤਰੀ ਸ਼ਮਸ਼ੇਰ ਸਿੰਘ ਦੀ ਮੌਤ ਤੋਂ ਬਾਅਦ ਸਟੇਟ ਦੇ ਪ੍ਰਧਾਨ ਮੰਤਰੀ ਬਣੇ। ਚਮਨ ਲਾਲ ਢੀਂਗਰਾ (ਪਟਿਆਲਾ ਰਿਆਸਤ ਦੇ ਕਾਨੂੰਨ ਮੰਤਰੀ), ਚੁੰਨੀ ਲਾਲ ਢੀਂਗਰਾ (ਬੈਰਿਸਟਰ ਐਟ ਲਾਅ), ਭਜਨ ਲਾਲ ਢੀਂਗਰਾ (ਬੈਰਿਸਟਰ ਐਟ ਲਾਅ); ਇਹ ਮਦਨ ਲਾਲ ਢੀਂਗਰਾ ਦੀ ਸ਼ਹਾਦਤ ਸਮੇਂ ਲੰਦਨ ਵਿਚ ਹੀ ਪ੍ਰੈਕਟਿਸ ਕਰ ਰਿਹਾ ਸੀ। ਮਦਨ ਲਾਲ ਦੀ ਸ਼ਹਾਦਤ ਤੋਂ ਬਾਅਦ ਇਹ ਅੰਮ੍ਰਿਤਸਰ ਆ ਗਿਆ ਅਤੇ ਇਥੇ ਵਕਾਲਤ ਸ਼ੁਰੂ ਕਰ ਦਿੱਤੀ। ਬਾਅਦ ਵਿਚ ਇਹ ਲਾਹੌਰ ਚਲਾ ਗਿਆ ਅਤੇ ਉਥੇ ਮੁਸਲਮਾਨ ਪੀਰ ਲਸੂੜੀ ਸ਼ਾਹ ਦਾ ਮੁਰੀਦ ਬਣ ਗਿਆ ਅਤੇ ਇਸਲਾਮ ਧਾਰਨ ਕਰ ਲਿਆ। ਪੀਰ ਦੇ ਦੇਹਾਂਤ ਤੋਂ ਭਜਨ ਲਾਲ ਨੂੰ ਦਰਬਾਰ ਦਾ ਗੱਦੀ-ਨਸ਼ੀਨ ਬਣਾ ਦਿੱਤਾ ਗਿਆ।

ਮਦਨ ਲਾਲ ਢੀਂਗਰਾ ਨੇ ਸਕੂਲ ਅਤੇ ਕਾਲਜ ਦੀ ਪੜ੍ਹਾਈ ਅੰਮ੍ਰਿਤਸਰ ਤੋਂ ਕੀਤੀ ਅਤੇ ਬਾਅਦ ਵਿਚ ਕੁਝ ਸਮੇਂ ਲਈ ਗੌਰਮਿੰਟ ਕਾਲਜ ਲਾਹੌਰ ਵਿਚ ਬੀ.ਐਸਸੀ. ਵਿਚ ਵੀ ਦਾਖਲਾ ਲਿਆ। ਵੀਰ ਸਾਵਰਕਰ ਤੋਂ ਪ੍ਰਭਾਵਿਤ ਹੋ ਕੇ ਮਦਨ ਲਾਲ ਨੇ ਕਾਲਜ ਦੀਆਂ ਰਾਜਨੀਤਕ ਗਤੀਵਿਧੀਆਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਜਿਸ ਕਾਰਨ ਇਸ ਨੂੰ ਕਾਲਜ ਵਿਚੋਂ ਕੱਢ ਦਿੱਤਾ ਗਿਆ। ਮਦਨ ਲਾਲ ਨੂੰ ਆਪਣੀ ਜ਼ਿੰਦਗੀ ਵਿਚ ਅੰਗਰੇਜ਼ੀ ਪਿੱਠੂਆਂ ਦੇ ਪਰਿਵਾਰ ਵਿਚ ਪੈਦਾ ਹੋਣ ਦਾ ਰੰਜ ਅੰਤ ਤੱਕ ਰਿਹਾ। ਇਸ ਲਈ ਉਸ ਨੇ ਆਪਣੇ ਅੰਗਰੇਜ਼ ਭਗਤ ਪਰਿਵਾਰ ਤੋਂ ਅਲੱਗ ਹੋ ਕੇ ਕਸ਼ਮੀਰ ਸੈਟਲਮੈਂਟ ਬੈਂਕ ਵਿਚ ਕਲਰਕ ਦੀ ਨੌਕਰੀ ਅਤੇ ਬਾਅਦ ਵਿਚ ਟਾਂਗਾ ਚਲਾਉਣ, ਮਿੱਲ ਮਜ਼ਦੂਰ ਤੇ ਮੁੰਬਈ 'ਚ ਕਿਸ਼ਤੀ ਚਲਾਉਣ ਦੀ ਵੀ ਨੌਕਰੀ ਕਰਨ ਵਰਗੇ ਕੰਮ ਵੀ ਕੀਤੇ।



ਮਦਨ ਲਾਲ ਢੀਂਗਰਾ ਦੀ ਇਕ ਦੁਰਲੱਭ ਤਸਵੀਰ

ਵੱਡੇ ਭਰਾ ਦੇ ਕਹਿਣ 'ਤੇ ਇਸ ਨੇ 10 ਅਕਤੂਬਰ 1906 ਨੂੰ ਇੰਗਲੈਂਡ ਦੇ ਲੰਡਨ ਯੂਨੀਵਰਸਿਟੀ ਇੰਜਨੀਅਰਿੰਗ ਕਾਲਜ ਵਿਚ ਦਾਖਲਾ ਲੈ ਲਿਆ। ਇੰਡੀਆ ਹਾਊਸ ਵਿਚ ਵੀਰ ਸਾਵਰਕਰ ਨੂੰ ਮਿਲਣ ਤੋਂ ਬਾਅਦ ਮਦਨ ਲਾਲ ਉਨ੍ਹਾਂ ਦਾ ਪੱਕਾ ਪੁਜਾਰੀ ਬਣ ਗਿਆ। ਲਾਹੌਰ ਤੋਂ ਛਪਦੇ 'ਕਿਰਤੀ' ਵਿਚ ਮਾਰਚ ਤੋਂ ਅਕਤੂਬਰ 1928 ਤਕ ਸ਼ਹੀਦ ਭਗਤ ਸਿੰਘ ਨੇ ਸ਼ਹੀਦਾਂ 'ਤੇ ਲਗਾਤਾਰ ਲੇਖ ਲਿਖੇ। ਮਾਰਚ 1928 ਦੇ 'ਕਿਰਤੀ' ਵਿਚ ਭਗਤ ਸਿੰਘ ਨੇ ਸ਼ਹੀਦ ਢੀਂਗਰਾ ਦੇ ਸਬੰਧ ਵਿਚ ਲਿਖਿਆ- "ਇਕ ਰਾਤ ਮਦਨ ਲਾਲ ਢੀਂਗਰਾ ਨੇ ਵੀਰ ਸਾਵਰਕਰ ਨੂੰ ਕਿਹਾ ਕਿ ਮੈਂ ਦੇਸ਼ ਲਈ ਕਦੇ ਵੀ ਜਾਨ ਦੇ ਸਕਦਾ ਹਾਂ। ਉਨ੍ਹਾਂ ਦੀ ਹਿੰਮਤ ਪਰਖਣ ਵਾਸਤੇ ਸਾਵਰਕਰ ਨੇ ਉਨ੍ਹਾਂ ਨੂੰ ਆਪਣਾ ਹੱਥ ਲਕੜੀ ਦੇ ਮੇਜ਼ 'ਤੇ ਰੱਖਣ ਲਈ ਕਿਹਾ, ਜਦੋਂ ਉਨ੍ਹਾਂ ਹੱਥ ਮੇਜ਼ 'ਤੇ ਰੱਖਿਆ ਤਾਂ ਸਾਵਰਕਰ ਨੇ ਜ਼ੋਰ ਨਾਲ ਹੱਥ ਵਿਚ ਸੂਆ ਮਾਰ ਕੇ ਆਰ-ਪਾਰ ਕਰ ਦਿੱਤਾ, ਪਰ ਮਦਨ ਲਾਲ ਨੇ ਉਫ਼ ਤੱਕ ਨਾ ਕੀਤੀ। ਇਸ ਤੋਂ ਬਾਅਦ ਦੋਵਾਂ ਇਕ ਦੂਜੇ ਨੂੰ ਗੱਲਵਕੜੀ ਵਿਚ ਲੈ ਲਿਆ, ਦੋਵਾਂ ਦੀਆਂ ਅੱਖਾਂ ਵਿਚ ਅੱਥਰੂ ਸਨ।"

ਉਸ ਦਿਨ ਤੋਂ ਬਾਅਦ ਮਦਨ ਲਾਲ ਢੀਂਗਰਾ ਇੰਡੀਅਨ ਹਾਊਸ ਸਾਵਰਕਰ ਵਾਲੀ ਸਭਾ ਵਿਚ ਨਹੀਂ ਗਏ, ਸਗੋਂ ਭਾਰਤੀ ਵਿਦਿਆਰਥੀਆਂ 'ਤੇ ਨਜ਼ਰ ਰੱਖਣ ਲਈ ਖਾਸ ਖੁਫ਼ੀਆ ਪੁਲੀਸ ਦਾ ਪ੍ਰਬੰਧ ਕਰਨ ਵਾਲੇ ਸੈਕਰੇਟਰੀ ਆਫ਼ ਸਟੇਟ ਫ਼ਾਰ ਇੰਡੀਆ ਦੇ ਏਡ-ਡੀ-ਕਾਪ ਸਰ ਕਰਜਨ ਵਾਇਲੀ ਵੱਲੋਂ ਚਲਾਈ ਹਿੰਦੁਸਤਾਨੀ ਵਿਦਿਆਰਥੀਆਂ ਦੀ ਸਭਾ ਵਿਚ ਸ਼ਾਮਲ ਹੋ ਗਏ। ਸਾਵਰਕਰ ਦੇ ਬਾਕੀ ਸਾਥੀਆਂ ਨੇ ਢੀਂਗਰਾ ਨੂੰ ਦੇਸ਼ ਧਰੋਹੀ, ਦੇਸ਼ ਘਾਤਕ ਅਤੇ ਹੋਰ ਵੀ ਬਹੁਤ ਕੁਝ ਕਿਹਾ, ਪਰ ਇਹ ਕਿਸੇ ਨੂੰ ਚਾਨਣਾ ਨਹੀਂ ਸੀ ਕਿ ਉਹ ਦਿਲ ਵਿਚ ਕੀ ਖਿਚੜੀ ਪਕਾ ਰਹੇ ਸਨ। ਅੰਤ 1 ਜੁਲਾਈ 1909 ਦੀ ਰਾਤ 'ਦਿ ਨੈਸ਼ਨਲ ਇੰਡੀਅਨ ਐਸੋਸੀਏਸ਼ਨ' ਦੇ ਸਾਲਾਨਾ ਸਮਾਗਮ 'ਚ ਇੰਪੀਰੀਅਲ ਇੰਸਟੀਚਿਊਟ ਦੇ ਜਹਾਂਗੀਰ ਹਾਲ ਵਿਚ ਸਰ ਕਰਜਨ ਵਾਇਲੀ ਨੂੰ ਗੋਲੀ ਮਾਰ ਕੇ ਉਨ੍ਹਾਂ ਆਪਣਾ ਦਮਨਕਾਰੀ ਅੰਗਰੇਜ਼ ਹਕੂਮਤ ਪ੍ਰਤੀ ਗੁੱਸਾ ਸ਼ਾਂਤ ਕਰਦੇ ਹੋਏ ਇਕ ਸੱਚੇ ਦੇਸ਼ ਭਗਤ ਹੋਣ ਦਾ ਸਬੂਤ ਦੇ ਦਿੱਤਾ। ਅਸਲ ਵਿਚ ਮਦਨ ਲਾਲ ਢੀਂਗਰਾ ਉਸ ਦਿਨ ਭਾਰਤ ਦੇ ਸਾਬਕਾ ਵਾਇਸਰਾਏ ਲਾਰਡ ਕਰਜ਼ਨ, ਸਾਬਕਾ ਸੈਕਰੇਟਰੀ ਆਫ਼ ਸਟੇਟ ਲਾਰਡ ਮਾਰਲੀ ਅਤੇ ਸਰ ਕਰਜ਼ਨ ਵਾਇਲੀ; ਤਿੰਨਾਂ ਨੂੰ ਮੌਤ ਦੇ ਘਾਟ ਉਤਾਰਨ ਲਈ ਜੇਬ ਵਿਚ ਦੋ ਗੋਲੀਆਂ ਨਾਲ ਭਰੇ ਪਿਸਤੌਲ ਲੈ ਕੇ ਗਿਆ ਸੀ, ਪਰ ਉਸ ਸਮਾਗਮ ਵਿਚ ਇਕੱਲਾ ਸਰ ਕਰਜ਼ਨ ਵਾਇਲੀ ਹੀ ਪਹੁੰਚ ਸਕਿਆ ਸੀ।

11 ਅਗਸਤ 1909 ਨੂੰ 'ਡੇਲੀ ਨਿਊਜ਼' ਨੂੰ ਦਿੱਤੇ ਆਪਣੇ ਆਖਰੀ ਬਿਆਨ ਵਿਚ ਮਦਨ ਲਾਲ ਢੀਂਗਰਾ ਨੇ ਕਿਹਾ- "ਮੈਂ ਮੰਨਦਾ ਹਾਂ ਕਿ ਮੈਂ ਉਸ ਦਿਨ ਇਕ ਅੰਗਰੇਜ਼ ਦਾ ਖ਼ੂਨ ਕੀਤਾ ਅਤੇ ਮੈਂ ਸੋਚਦਾ ਹਾਂ ਕਿ ਇਹ ਉਨ੍ਹਾਂ ਨਿਰਦਇਤਾ ਭਰੀਆਂ ਸਜ਼ਾਵਾਂ ਦਾ ਮਾੜਾ ਜਿਹਾ ਬਦਲਾ ਹੈ ਜੋ ਹਿੰਦੁਸਤਾਨੀ ਦੇਸ਼ ਭਗਤ ਨੌਜਵਾਨਾਂ ਨੂੰ ਫਾਂਸੀ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਹਨ। ਮੈਂ ਇਸ ਕੰਮ ਵਿਚ ਆਪਣੀ ਜ਼ਮੀਰ ਤੋਂ ਸਿਵਾ ਹੋਰ ਕਿਸੇ ਦੀ ਸਲਾਹ ਨਹੀਂ ਲਈ। ਆਪਣੇ ਕਰਤੱਵ-ਯੁੱਧ ਜਾਂ ਆਪਣੀ ਫਰਜ਼-ਸ਼ਨਾਸੀ ਤੋਂ ਸਿਵਾ ਕਿਸੇ ਨਾਲ ਸਾਜਿਸ਼ ਨਹੀਂ ਕੀਤੀ। ... ਮੇਰਾ ਇਹ ਵਿਸ਼ਵਾਸ ਹੈ ਕਿ ਇਕ ਕੌਮ ਜਿਸ ਨੂੰ ਵਿਦੇਸ਼ੀ ਲੋਕਾਂ ਨੇ ਬੰਦੂਕਾਂ ਨਾਲ ਦਬਾਇਆ ਹੋਇਆ ਹੋਵੇ, ਉਹ ਹਮੇਸ਼ਾ ਲੜਾਈ ਦੀ ਹਾਲਤ ਵਿਚ ਹੁੰਦੀ ਹੈ ਅਤੇ ਕਿਉਂਕਿ ਸਾਡੇ ਤੋਂ ਹਥਿਆਰ ਖੋਹ ਕੇ ਖੁੱਲ੍ਹੀ ਲੜਾਈ ਨਾ-ਮੁਮਕਿਨ ਕਰ ਦਿੱਤੀ ਜਾਂਦੀ ਹੈ, ਮੈਂ ਲੁਕ ਕੇ ਬਿਨਾਂ ਦੱਸਿਆ ਹਮਲਾ ਕੀਤਾ ਹੈ। ਸਾਨੂੰ ਕਿਉਂਕਿ ਬੰਦੂਕਾਂ ਰੱਖਣ ਤੋਂ ਮਨ੍ਹਾਂ ਕੀਤਾ ਜਾਂਦਾ ਹੈ, ਇਸ ਕਰ ਕੇ ਮੈਂ ਪਿਸਤੌਲ ਧੂਹ ਲਿਆ ਅਤੇ ਚਲਾ ਦਿੱਤਾ।" ਮਦਨ ਲਾਲ ਨੇ ਆਪਣੀ ਸਹਾਇਤਾ ਲਈ ਕੋਈ ਵਕੀਲ ਨਹੀਂ ਕੀਤਾ ਅਤੇ ਅੰਤ ਇਸ ਮਹਾਨ ਦੇਸ਼ ਭਗਤ ਨੂੰ 17 ਅਗਸਤ 1909 ਨੂੰ ਲੰਦਨ ਦੀ ਪੈਂਟੋਨਵਿਲੇ ਜੇਲ੍ਹ ਵਿਚ ਫਾਂਸੀ 'ਤੇ ਚੜ੍ਹਾ ਦਿੱਤਾ ਗਿਆ।

ਸ਼ਹੀਦ ਮਦਨ ਲਾਲ ਢੀਂਗਰਾ ਦੀ ਸ਼ਹਾਦਤ ਦੇ 67 ਵਰ੍ਹੇ ਬਾਅਦ 13 ਦਸੰਬਰ 1976 ਨੂੰ ਵੱਡੀ ਜੱਦੋਜਹਿਦ ਦੇ ਬਾਅਦ ਲੰਡਨ ਤੋਂ ਸ਼ਹੀਦ ਮਦਨ ਲਾਲ ਢੀਂਗਰਾ ਦੀਆਂ ਅਸਥੀਆਂ ਭਾਰਤ ਮੰਗਵਾਈਆਂ ਗਈਆਂ। ਸ਼ਰਧਾਂਜਲੀ ਭੇਟ ਕਰਨ ਹਿਤ ਸ਼ਹੀਦ ਦੀਆਂ ਅਸਥੀਆਂ ਪੰਜਾਬ ਦੇ ਅਲੱਗ-ਅਲੱਗ ਸ਼ਹਿਰਾਂ 'ਚੋਂ ਹੁੰਦੀਆਂ ਹੋਈਆਂ 20 ਦਸੰਬਰ ਨੂੰ ਸ਼ਹੀਦ ਦੀ ਜਨਮ ਭੂਮੀ ਅੰਮ੍ਰਿਤਸਰ ਪਹੁੰਚੀਆਂ। ਅੰਮ੍ਰਿਤਸਰ ਪਹੁੰਚਣ 'ਤੇ ਸ਼ਹਿਰ ਦੀ ਮਾਲ ਮੰਡੀ ਦੇ ਪਾਸ ਉਨ੍ਹਾਂ ਦਾ ਸਸਕਾਰ ਕੀਤਾ ਗਿਆ।

# ਤੂੰਬੀ, ਸੁਰ ਤੇ ਸੰਗੀਤ

**ਅੱਜ ਗੀਤ-ਸੰਗੀਤ ਦੀ ਦੁਨੀਆਂ ਵਿਚ ਜਿੰਨਾ ਘੜਮੱਸ ਹੈ, ਪਹਿਲਾਂ ਕਦੀ ਸ਼ਾਇਦ ਹੀ ਨੋਟ ਕੀਤਾ ਗਿਆ ਹੋਵੇ। ਜੇ ਤੁਹਾਡੀ ਜੇਬ ਭਰੀ ਹੋਈ ਹੈ ਤਾਂ ਐਲਬਮ ਤਿਆਰ ਕਰਨੀ ਅਤੇ ਫਿਰ ਉਸ ਦੀ ਵੀਡੀਓ ਬਣਵਾਉਣੀ ਹੁਣ ਕੋਈ ਵੱਡੀ ਗੱਲ ਨਹੀਂ। ਕਾਹਲ ਇੰਨੀ ਹੈ ਕਿ ਸੰਗੀਤ ਅਤੇ ਸੁਰਾਂ ਨੂੰ ਸਿੱਖੇ ਤੇ ਸਮਝੇ ਬਗੈਰ ਇਹ ਕਾਰਨਾਮੇ ਕੀਤੇ ਜਾ ਰਹੇ ਹਨ। ਸੰਗੀਤ ਦੀ ਇਸ ਤੱਦੀ ਬਾਰੇ ਕੁਲਦੀਪ ਤੱਖਰ ਦਾ ਇਹ ਲੇਖ ਕਾਫੀ ਸਮਾਂ ਪਹਿਲਾਂ ਛਪਣ ਲਈ ਆਇਆ ਸੀ। ਕਾਫੀ ਸੋਚ-ਵਿਚਾਰ ਤੋਂ ਬਾਅਦ ਇਹ ਲੇਖ ਛਾਪਣ ਦਾ ਫੈਸਲਾ ਕੀਤਾ ਗਿਆ ਹੈ। ਇਸ ਲੇਖ ਨਾਲ ਕਿਸੇ ਦੀ ਵੀ ਸਹਿਮਤੀ ਜਾਂ ਅਸਹਿਮਤੀ ਹੋ ਸਕਦੀ ਹੈ। ਇਹ ਲੇਖ ਛਾਪਣ ਦਾ ਇਕ ਹੀ ਮਕਸਦ ਹੈ; ਭਾਵੇਂ ਕਿਸੇ ਪਾਸਿਉਂ ਹੀ ਸਹੀ, ਸੰਗੀਤ ਦੀ ਦੁਨੀਆਂ ਵਿਚ ਪਏ ਇਸ ਘੜਮੱਸ ਬਾਰੇ ਕੋਈ ਗੱਲ ਤਾਂ ਤੁਰਨੀ ਹੀ ਚਾਹੀਦੀ ਹੈ। -ਸੰਪਾਦਕ**

'ਉਸਤਾਦ' ਬੜਾ ਸਾਧਾਰਨ ਜਿਹਾ ਲਫ਼ਜ਼ ਏ। ਇਹਦੀ ਕੋਈ ਵਿਆਖਿਆ ਕਰਨ ਦੀ ਲੋੜ ਨਹੀਂ। ਇਹ ਫ਼ਾਰਸੀ ਦਾ ਲਫ਼ਜ਼ ਏ ਪਰ ਪੰਜਾਬੀ ਵਿਚ ਇਸ ਤਰ੍ਹਾਂ ਰਚਮਿਚ ਗਿਆ ਕਿ ਬਿਲਕੁਲ ਓਪਰਾ ਨਹੀਂ ਲਗਦਾ। ਪੰਜਾਬੀ ਬੋਲਚਾਲ ਵਿਚ ਇਹ ਆਮ ਹੀ ਵਰਤਿਆ ਜਾਂਦਾ ਏ। ਪੁਰਾਣੇ ਬਜ਼ੁਰਗ ਉਰਦੂ ਪੜ੍ਹੇ ਹੁੰਦੇ ਸਨ, ਉਹ ਮਾਸਟਰ ਦੀ ਥਾਂ ਉਸਤਾਦ ਹੀ ਵਰਤਦੇ ਸਨ। ਉਂਜ ਅਖਾੜੇ ਵਿਚ ਦਾਅ-ਪੇਚ ਸਿਖਾਉਣ ਵਾਲੇ ਭਲਵਾਨ ਨੂੰ ਉਸ ਦੇ ਪੱਠੇ ਉਸਤਾਦ ਜੀ ਆਖ ਕੇ ਹੀ ਬੁਲਾਉਂਦੇ ਹਨ। ਕਈ ਵਾਰੀ ਪਿੰਡਾਂ ਵਿਚ ਬਿਲਕੁਲ ਕੋਰੇ ਅਨਪੜ੍ਹ ਨੂੰ ਵੀ 'ਸੁਣਾਓ ਉਸਤਾਦ ਜੀ, ਕੀ ਹਾਲ-ਚਾਲ ਏ' ਆਖ ਕੇ ਸੰਬੋਧਨ ਕੀਤਾ ਜਾਂਦਾ ਏ।

ਪਰ ਸੰਗੀਤ ਦੇ ਖੇਤਰ ਵਿਚ 'ਉਸਤਾਦ' ਲਫ਼ਜ਼ ਹਾਰੀ-ਸਾਰੀ ਦੇ ਨਾਂ ਨਾਲ ਨਹੀਂ ਜੁੜਦਾ। ਜਿਵੇਂ ਚੰਗਾ ਭਲਵਾਨ ਬਣਨ ਵਾਸਤੇ ਬੜੀ ਮਿਹਨਤ ਕਰਨੀ ਪੈਂਦੀ ਏ, ਇਸੇ ਤਰ੍ਹਾਂ ਸੰਗੀਤ ਵਿਚ ਉਸਤਾਦ ਦਾ ਰੁਤਬਾ ਲੈਣ ਲਈ, ਬੇਸ਼ੱਕ ਮਿਹਨਤ ਕਰਨੀ ਪੈਂਦੀ ਹੈ। ਰਾਗਾਂ ਦੀ ਬਾਕਾਇਦਾ ਸਮਝ ਹੋਣੀ ਚਾਹੀਦੀ ਏ, ਤੇ ਇਹ ਰਾਗ ਤੁਹਾਨੂੰ ਗਾ ਕੇ ਵੀ ਆਉਣੇ ਚਾਹੀਦੇ ਨੇ; ਫਿਰ ਕਿਤੇ ਜਾ ਕੇ ਤੁਹਾਨੂੰ 'ਉਸਤਾਦ' ਦਾ ਇਹ ਰੁਤਬਾ ਨਸੀਬ ਹੁੰਦਾ ਏ। ਕਈਆਂ ਨੂੰ ਤਾਂ ਬਹੁਤ ਮਿਹਨਤ ਨਾਲ ਵੀ ਇਹ ਰੁਤਬਾ ਨਸੀਬ ਨਹੀਂ ਹੁੰਦਾ।

ਪਾਕਿਸਤਾਨ ਦੀ ਇਕ ਫ਼ਿਲਮ ਵਿਚ ਇਕ ਜਣਾ, ਦੂਜੇ ਨੂੰ ਖਾਨ ਸਾਹਿਬ ਆਖ ਕੇ ਬੁਲਾਉਂਦਾ ਏ। ਕੋਲ ਖਲੋਤਾ ਦੂਜਾ ਬੋਲ ਪੈਂਦਾ ਏ, "ਓਏ ਇਹ ਕਿੱਧਰ ਦਾ ਖਾਨ ਏ? ਇਹਨੇ ਕਿੰਨੀਆਂ ਕੁ ਲੱਕੜਾਂ ਪਾੜੀਆਂ



**ਕੁਲਦੀਪ ਤੱਖਰ, ਕੈਲੀਫੋਰਨੀਆ**
**ਫੋਨ: 209-513-8868**

ਹੋਈਆਂ ਨੇ?" ਲੱਕੜਾਂ ਪਾੜਨ ਵਾਲੇ ਹਾਤੋਆਂ ਨੂੰ ਵੀ ਖਾਨ ਆਖ ਕੇ ਬੁਲਾਇਆ ਜਾਂਦਾ ਏ।

ਹੁਣ ਤੁਸੀਂ ਆਪ ਹੀ ਦੱਸੋ ਕਿ ਯਮਲੇ ਜੱਟ ਨੇ ਕਿੰਨੀਆਂ ਕੁ ਲੱਕੜਾਂ (ਰਾਗ) ਪਾੜੀਆਂ ਹੋਈਆਂ ਨੇ ਕਿ ਕਈਆਂ ਦਾ ਉਹਨੂੰ ਉਸਤਾਦ-ਉਸਤਾਦ ਆਖਦਿਆਂ ਗਲਾ ਖੁਸ਼ਕ ਹੋ ਜਾਂਦਾ ਏ। ਇਨ੍ਹਾਂ ਨੂੰ ਬੰਦਾ ਪੁੱਛੇ ਕਿ ਯਮਲੇ ਨੂੰ ਕਿਹੜਾ ਰਾਗ ਆਉਂਦਾ ਸੀ, ਜਾਂ ਉਸ ਨੇ ਕਿਹੜਾ ਰਾਗ ਗਾਇਆ ਏ? 'ਤੇਰੇ ਨੀ ਕਰਾਰਾਂ ਮੈਨੂੰ ਪੱਟਿਆ', 'ਵਿਸਕੀ ਦੀ ਬੋਤਲ ਵਰਗੀ, ਮੈਂ ਇਕ ਕੁੜੀ ਫ਼ਸਾ ਲਈ ਏ', 'ਸੁੰਨੀਆਂ-ਸੁੰਨੀਆਂ ਗਲੀਆਂ ਨੀ ਮੇਰੇ ਯਾਰ ਬਿਨਾਂ' ਅਤੇ ਇਸ ਤਰ੍ਹਾਂ ਦੇ ਹੋਰ ਕਈ ਗੀਤ ਹਨ। ਇਹ ਕਿਹੜੇ ਰਾਗ ਵਿਚ ਨੇ?

ਸੁਣਨ ਵਿਚ ਤਾਂ ਇਹ ਵੀ ਆਇਆ ਏ ਕਿ ਸਭ ਤੋਂ ਪਹਿਲਾਂ ਤੂੰਬੀ ਯਮਲੇ ਨੇ ਹੀ ਸਟੇਜ 'ਤੇ ਲਿਆਂਦੀ ਸੀ। ਜੇ ਤਾਂ ਇਹ ਸੱਚ ਏ, ਤਾਂ ਮੈਂ ਸਮਝਦਾ ਹਾਂ ਕਿ ਪੰਜਾਬੀ ਸੰਗੀਤ ਦਾ ਬੇੜਾ ਗਰਕ ਕਰਨ ਵਾਲਾ ਹੋਰ ਕੋਈ ਨਹੀਂ, 'ਉਸਤਾਦ ਯਮਲਾ ਜੱਟ' ਹੀ ਏ।

ਅੱਜ ਚਾਰ-ਚੁਫ਼ੇਰੇ ਰੌਲਾ ਪੈ ਰਿਹਾ ਏ ਕਿ ਬਹੁਤ ਸਾਰੇ ਗਾਉਣ ਵਾਲੇ ਬੇ-ਸੁਰੇ ਗਾ ਰਹੇ ਨੇ। ਇਹ ਸਭ ਤੂੰਬੀ ਦੀ ਹੀ ਮਿਹਰਬਾਨੀ ਏ। ਤੂੰਬੀ ਨਾਲ ਸੁਰ ਅਤੇ ਲੈਅ ਦਾ ਦੂਰ ਦਾ ਵੀ ਰਿਸ਼ਤਾ ਨਹੀਂ। ਤੂੰਬੀ ਨਾਲ ਤੁਹਾਨੂੰ ਸੁਰ-ਤਾਲ ਦੀ ਲੋੜ ਹੀ ਨਹੀਂ ਪੈਂਦੀ, ਤੇ ਨਾ ਹੀ ਤੁਹਾਨੂੰ ਤੂੰਬੀ ਨਾਲ ਸੁਰ-ਤਾਲ ਸਿੱਖਣ ਦੀ ਲੋੜ ਪੈਂਦੀ ਏ। ਜੋ ਕੁਝ ਮੂੰਹ ਵਿਚ ਆਉਂਦਾ ਏ, ਬੱਸ ਚੁੱਕੀ ਚੱਲੋ। ਜਗਤ ਸਿੰਘ ਜੱਗਾ ਆਖਦਾ ਹੁੰਦਾ ਸੀ ਕਿ ਜਿਹੜਾ ਮੁੰਡਾ ਦਸਵੀਂ ਵਿਚ ਫੇਲ੍ਹ ਹੋ ਜਾਂਦਾ ਏ, ਉਹ ਕੱਦੂ ਵਿਚ ਡੰਡਾ ਲੰਘਾ ਕੇ (ਤੂੰਬੀ) ਸਟੇਜ 'ਤੇ ਜਾ ਚੜ੍ਹਦਾ ਏ। ਉਂਜ, ਉਹ ਆਪ ਵੀ ਤੂੰਬੀ ਨਾਲ ਹੀ ਗਾਉਂਦਾ ਸੀ। ਤੁਹਾਨੂੰ ਤੂੰਬੀ ਸਿੱਖਣ ਦੀ ਲੋੜ ਹੀ ਨਹੀਂ ਪੈਂਦੀ, ਤੇ ਨਾ ਹੀ ਤੁਹਾਨੂੰ ਇਹਦੇ ਵਾਸਤੇ ਕੋਈ 'ਉਸਤਾਦ' ਧਾਰਨ ਦੀ ਲੋੜ ਪੈਂਦੀ ਏ। ਗਾਣੇ ਨਾਲ ਤੂੰਬੀ ਦੀ ਤਾਨ ਰਲੇ ਨਾ ਰਲੇ, ਤੁਸਾਂ ਤਾਂ ਗਾਈ ਹੀ ਜਾਣਾ ਏ।

ਸ. ਸ. ਮੀਸ਼ਾ ਜਲੰਧਰ ਰੇਡੀਓ ਸਟੇਸ਼ਨ 'ਤੇ ਪੰਜਾਬੀ ਵਿਭਾਗ ਦਾ ਕਰਤਾ-ਧਰਤਾ ਸੀ। ਮੇਰਾ ਉਹਦੇ ਨਾਲ ਵਾਹਵਾ ਉਠਣਾ-ਬਹਿਣਾ ਸੀ। ਇਕ ਵਾਰੀ ਰੇਡੀਓ ਸਟੇਸ਼ਨ ਦੇ ਬਾਹਰ ਲਾਅਨ ਵਿਚ ਬੈਠੇ ਗੱਪਾਂ ਮਾਰ ਰਹੇ ਸਾਂ। ਮੈਂ ਮੀਸ਼ੇ ਨੂੰ ਆਖਿਆ, "ਮੀਸ਼ਿਆ, ਜੇ ਕਿਤੇ ਤੂੰ ਇਕ ਕੰਮ ਕਰ ਜਾਵੇਂ, ਤਾਂ ਤੇਰਾ ਨਾਂ ਪੰਜਾਬੀ ਸੰਗੀਤ ਦੀ ਦੁਨੀਆਂ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾਵੇਗਾ।" ਉਹ ਆਖਣ ਲੱਗਾ, "ਕਿਹੜਾ?" ਮੈਂ ਆਖਿਆ, "ਜੇ ਤੂੰ ਕਿਤੇ ਰੇਡੀਓ ਸਟੇਸ਼ਨ ਤੋਂ ਤੂੰਬੀ ਬੰਦ ਕਰਵਾ ਦੇਵੇਂ, ਤਾਂ ਤੇਰੀ ਬੱਲੇ-ਬੱਲੇ ਹੋ ਜਾਵੇਗੀ।" ਉਹ ਖੱਚਰੀ ਜਿਹੀ ਹਾਸੀ ਹੱਸ ਕੇ ਮੈਨੂੰ ਆਖਣ ਲੱਗਾ, "ਤੱਖਰਾ... ਕਿਉਂ ਤੂੰ ਮੈਨੂੰ ਨੌਕਰੀਓਂ ਕਢਵਾਉਣ ਲੱਗਾ ਏਂ। ਤੂੰਬੀ ਬੰਦ ਕਰਵਾ ਕੇ ਸਾਡੇ ਕੋਲ ਰਹਿ ਕੀ ਜਾਂਦਾ ਏ?" ਗੱਲ ਉਹਦੀ ਵੀ ਠੀਕ ਸੀ।

ਠੀਕ ਏ ਕਿ ਸਾਡੀ ਬਹੁਤੀ ਵਸੋਂ ਅਜੇ ਵੀ ਅਨਪੜ੍ਹ ਏ, ਤੇ ਉਨ੍ਹਾਂ ਨੂੰ ਸੰਗੀਤ ਦੀ ਬਹੁਤੀ ਸੂਝ-ਸਮਝ ਨਹੀਂ, ਤੇ ਉਨ੍ਹਾਂ ਵਾਸਤੇ ਤੂੰਬੀ ਵਾਲੇ ਹੀ ਤਾਨਸੈਨ ਨੇ, ਪਰ ਸਾਡੇ ਬਹੁਤੇ ਪੜ੍ਹੇ-ਲਿਖੇ ਲੋਕਾਂ ਦਾ ਵੀ ਤਾਂ ਇਹੋ ਹਾਲ ਏ। ਇਕ ਪਾਸੇ ਤੁਸੀਂ ਮੁਹੰਮਦ ਰਫ਼ੀ ਦਾ ਅਖਾੜਾ ਲਾ ਦਿਓ, ਤੇ ਦੂਜੇ ਪਾਸੇ ਉਸਤਾਦ ਯਮਲੇ ਜੱਟ ਦਾ। ਮੇਰਾ ਨਹੀਂ ਖ਼ਿਆਲ, ਕੋਈ ਰਫ਼ੀ ਸਾਹਿਬ ਦੇ ਅਖਾੜੇ ਵਿਚ ਵੜੇ।

ਮੇਰੇ ਇਕ ਬਹੁਤ ਚੰਗੇ (ਅਣਦੇਖੇ) ਦੋਸਤ ਨੇ ਯਮਲੇ 'ਤੇ ਕਿਤਾਬ ਹੀ ਲਿਖ ਧਰੀ ਏ। ਮੈਂ ਉਹਨੂੰ ਬੁੱਧੀਜੀਵੀਆਂ ਵਿਚੋਂ ਹੀ ਗਿਣਦਾ ਹਾਂ, ਪਰ ਮੈਂ ਹੈਰਾਨ ਹਾਂ ਕਿ ਇਸ ਬੰਦੇ ਨੂੰ ਸੰਗੀਤ ਦੀ ਇੰਨੀ ਵੀ ਸੂਝ ਨਹੀਂ? ਜਾਂ ਇਹਨੂੰ ਚੰਗਾ ਸੰਗੀਤ ਸੁਣਨ ਦਾ ਸ਼ੌਕ ਹੀ ਨਹੀਂ। ਇਹਦਾ ਕੋਈ ਸੰਗੀਤ ਰਸ ਨਹੀਂ? ਜੇ ਇਹਦਾ ਇਹ ਹਾਲ ਏ, ਫਿਰ ਦੂਜਿਆਂ ਨੂੰ ਕਾਹਦਾ ਦੋਸ਼ ਦੇਣਾ ਏ; ਪਰ ਵਿਚੋਂ ਬਿਮਾਰੀ ਇਹ ਨਿਕਲੀ ਕਿ ਉਹ ਆਪ ਵੀ ਤੂੰਬੀ ਨਾਲ ਗਾਉਂਦਾ ਏ, ਤੇ ਯਮਲਾ ਉਸ ਨੇ ਕਦੋਂ 'ਉਸਤਾਦ' ਧਾਰਿਆ ਸੀ।

ਹੁਣ ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਮੁਲਕਾਂ ਵਿਚ ਵੀ ਲੋਕੀ ਯਮਲੇ ਦੇ ਨਾਂ 'ਤੇ ਵੱਡੇ-ਵੱਡੇ ਮੇਲੇ ਲਾਉਂਦੇ ਨੇ, ਤੇ ਇਨ੍ਹਾਂ ਮੇਲਿਆਂ ਵਿਚ ਤਿਲ ਸੁੱਟਣ ਨੂੰ ਥਾਂ ਨਹੀਂ ਲੱਭਦੀ। ਬਲਵੰਤ ਗਾਰਗੀ ਆਖਦਾ ਹੁੰਦਾ ਸੀ ਕਿ ਚੰਗਾ ਸੰਗੀਤ ਸੁਣਨ ਵਾਲਾ ਹੀ ਚੰਗਾ ਲੇਖਕ ਬਣ ਸਕਦਾ ਏ, ਰੱਬ ਜਾਣੇ ਕਿਥੋਂ ਤੱਕ ਠੀਕ ਏ!

ਤੁਸਾਂ ਕਦੇ ਤੂੰਬੀ ਨਾਲ ਗਾਉਣ ਵਾਲੇ ਨੂੰ ਗਾਉਣ ਤੋਂ ਪਹਿਲਾਂ ਅਲਾਪ ਕਰਦੇ ਸੁਣਿਆ ਏ? ਅਲਾਪ ਸੰਗੀਤ ਦੀ ਰੂਹ ਹੁੰਦੀ ਏ, ਤੇ ਇਹ ਹਾਰੀ-ਸਾਰੀ ਦਾ ਕੰਮ ਨਹੀਂ ਹੁੰਦਾ। ਤੂੰਬੀ ਵਾਲੇ ਬੇਸੁਰੇ ਹੀ ਨਹੀਂ ਹੁੰਦੇ, ਇਹ ਪੰਜਾਬੀ ਜ਼ੁਬਾਨ ਦੇ ਲਫ਼ਜ਼ ਵੀ ਠੀਕ ਨਹੀਂ ਬੋਲ ਸਕਦੇ। ਮੈਂ ਕਈਆਂ ਨੂੰ ਤੂੰਬੀ ਨਾਲ ਸ਼ਿਵ ਦੇ ਗੀਤ ਗਾਉਂਦੇ ਵੀ ਸੁਣਿਆ ਏ; ਹਾਲਾਂਕਿ ਸ਼ਿਵ ਦੇ ਗੀਤ ਤੂੰਬੀ ਨਾਲ ਗਾਉਣ ਵਾਲੇ ਨਹੀਂ ਪਰ ਸ਼ਿਵ ਜਿਥੇ 'ਰਾਹਵਾਂ' ਲਿਖਦਾ ਏ, ਇਹ ਗਾਉਣ ਵਾਲੇ ਹਮੇਸ਼ਾ 'ਰਾਹਾਂ' ਹੀ ਆਖਣਗੇ। ਇਸ ਤਰ੍ਹਾਂ ਹੋਰ ਢੇਰ ਸਾਰੇ ਲਫ਼ਜ਼ ਨੇ ਜਿਹੜੇ ਇਨ੍ਹਾਂ ਨੂੰ ਆਖਣੇ ਨਹੀਂ ਆਉਂਦੇ।

ਇਕ ਵਾਰੀ ਮੈਂ ਕਿਸੇ ਸਟੇਜ ਸੰਚਾਲਕਾ ਨੂੰ ਕਹਿ ਬੈਠਾ, "ਤੁਸੀਂ ਧੰਨ ਹੋ ਜਿਹੜੇ ਇਨ੍ਹਾਂ ਬੇਸੁਰਿਆਂ ਨੂੰ ਸੁਣੀ ਜਾਂਦੇ ਹੋ"; ਉਹ ਮੇਰੇ ਗਲ ਹੀ ਪੈ ਗਈ, ਤੇ ਕਿੰਨਾ ਚਿਰ ਮੂੰਹ ਵਿਚ ਬੁੜ-ਬੁੜ ਕਰਦੀ ਰਹੀ ਤੇ ਫਿਰ ਅੰਦਰ ਚਲੀ ਗਈ। ਉਹ ਤਾਂ ਚਲੀ ਗਈ, ਪਰ ਪਿਛੋਂ ਮੈਂ ਕਿੰਨਾ ਚਿਰ ਸੋਚਦਾ ਰਿਹਾ, ਤੇ ਅਜੇ ਤਕ ਸੋਚ ਰਿਹਾ ਹਾਂ ਕਿ, ਕੀ ਆਸ਼ਾ ਵਰਗੀ ਔਰਤ ਵੀ ਤੂੰਬੀ ਵਾਲਿਆਂ ਨੂੰ ਸੁਣ ਕੇ ਖੁਸ਼ ਹੁੰਦੀ ਹੋਵੇਗੀ!

ਹੁਣ ਤਾਂ ਮੈਂ ਕਦੇ ਕਿਸੇ ਤੂੰਬੀ ਵਾਲੇ ਨੂੰ ਸੁਣਨ ਵਾਸਤੇ ਨਹੀਂ ਗਿਆ, ਪਰ ਪਹਿਲਾਂ-ਪਹਿਲਾਂ ਮੈਂ ਕਈ ਤੂੰਬੀ ਵਾਲਿਆਂ ਨੂੰ ਵੇਖਿਆ-ਸੁਣਿਆ ਏ। ਪਹਿਲਾਂ ਸਟੇਜ 'ਤੇ ਉਹ ਦੋ ਮਿੰਟ ਤੂੰਬੀ ਨੂੰ ਟੁਣ-ਟੁਣ ਕਰ ਕੇ, ਫਿਰ ਤੂੰਬੀ ਨੂੰ ਇਕ ਪਾਸੇ ਰੱਖ ਕੇ ਢੋਲ-ਢਮੱਕੇ ਨਾਲ ਗਾਈ ਜਾਂਦੇ ਨੇ। ਉਨ੍ਹਾਂ ਨੂੰ ਚੇਤਾ ਹੀ ਭੁੱਲ ਜਾਂਦਾ ਏ ਕਿ ਘਰੋਂ ਤਾਂ ਤੂੰਬੀ ਨਾਲ ਗਾਉਣ ਆਏ ਸਨ।

ਮੇਰੇ ਪਿੰਡ ਵਿਚ ਜਦੋਂ ਕਦੇ ਵਿਆਹ-ਸ਼ਾਦੀ ਹੋਣੀ ਤਾਂ ਗੁਆਂਢੀ ਪਿੰਡ ਤੋਂ ਇਕ ਬੰਦੇ ਨੇ ਆਪਣੇ



**ਸੁਣਨ ਵਿਚ ਤਾਂ ਇਹ ਵੀ ਆਇਆ ਏ ਕਿ ਸਭ ਤੋਂ ਪਹਿਲਾਂ ਤੂੰਬੀ ਯਮਲੇ ਨੇ ਹੀ ਸਟੇਜ 'ਤੇ ਲਿਆਂਦੀ ਸੀ। ਜੇ ਤਾਂ ਇਹ ਸੱਚ ਏ, ਤਾਂ ਮੈਂ ਸਮਝਦਾ ਹਾਂ ਕਿ ਪੰਜਾਬੀ ਸੰਗੀਤ ਦਾ ਬੇੜਾ ਗਰਕ ਕਰਨ ਵਾਲਾ ਹੋਰ ਕੋਈ ਨਹੀਂ, 'ਉਸਤਾਦ ਯਮਲਾ ਜੱਟ' ਹੀ ਏ। ਅੱਜ ਚਾਰ-ਚੁਫ਼ੇਰੇ ਰੌਲਾ ਪੈ ਰਿਹਾ ਏ ਕਿ ਬਹੁਤ ਸਾਰੇ ਗਾਉਣ ਵਾਲੇ ਬੇ-ਸੁਰੇ ਗਾ ਰਹੇ ਨੇ। ਇਹ ਸਭ ਤੂੰਬੀ ਦੀ ਹੀ ਮਿਹਰਬਾਨੀ ਏ। ਤੂੰਬੀ ਨਾਲ ਸੁਰ ਅਤੇ ਲੈਅ ਦਾ ਦੂਰ ਦਾ ਵੀ ਰਿਸ਼ਤਾ ਨਹੀਂ। ਤੂੰਬੀ ਨਾਲ ਤੁਹਾਨੂੰ ਸੁਰ-ਤਾਲ ਦੀ ਲੋੜ ਹੀ ਨਹੀਂ ਪੈਂਦੀ, ਤੇ ਨਾ ਹੀ ਤੁਹਾਨੂੰ ਤੂੰਬੀ ਨਾਲ ਸੁਰ-ਤਾਲ ਸਿੱਖਣ ਦੀ ਲੋੜ ਪੈਂਦੀ ਏ। ਜੋ ਕੁੱਝ ਮੂੰਹ ਵਿਚ ਆਉਂਦਾ ਏ, ਬੱਸ ਚੁੱਕੀ ਚੱਲੋ।**

ਤਵੇ ਮਸ਼ੀਨ ਚੁੱਕ ਕੇ ਆ ਜਾਣਾ। ਆਉਂਦਿਆਂ ਸਾਰ ਹੀ ਉਸ ਨੇ ਨੈਤਕੋਟੀਆ ਘੁਮਿਆਰ ਲਾ ਦੇਣਾ। ਉਸ ਉਮਰ ਵਿਚ ਸਾਨੂੰ ਵੀ ਫਿਲਮੀ ਗਾਣੇ ਸੁਣਨ ਦਾ ਸ਼ੌਕ ਹੁੰਦਾ ਸੀ। ਅਸੀਂ ਉਹਨੂੰ ਫਿਲਮੀ ਗਾਣੇ ਲਾਉਣ ਨੂੰ ਆਖਣਾ, ਪਰ ਉਹਦੇ ਕੋਲ ਕੋਈ ਫਿਲਮੀ ਗਾਣਾ ਹੁੰਦਾ ਹੀ ਨਹੀਂ ਸੀ। ਉਸ ਨੇ ਸਭ ਦੇਸੀ ਗਾਣੇ ਗਾਉਣ ਵਾਲੇ ਹੀ ਲਾਈ ਜਾਣੇ। ਜੇ ਨੈਤਕੋਟੀਆ ਮੁੱਕ ਜਾਣਾ, ਤਾਂ ਉਸ ਨੇ ਆਲਮ ਲੁਹਾਰ ਲਾ ਦੇਣਾ, ਤੇ ਜੇ ਆਲਮ ਮੁੱਕ ਜਾਣਾ ਤਾਂ ਉਸ ਨੇ ਉਹੋ ਜਿਹਾ ਹੀ ਕੋਈ ਹੋਰ ਲਾ ਦੇਣਾ। ਹੁਣ ਮੈਂ ਕਈ ਵਾਰੀ ਸੋਚਦਾ ਹਾਂ ਕਿ ਉਹ ਭਲਾ ਕਿਸੇ ਤੂੰਬੀ ਵਾਲੇ ਦਾ ਤਵਾ ਕਿਉਂ ਨਹੀਂ ਸੀ ਲਾਉਂਦਾ? ਕੀ ਉਸ ਨੂੰ ਵੀ ਮੇਰੇ ਵਾਂਗ ਤੂੰਬੀ ਵਾਲਾ ਚੰਗਾ ਨਹੀਂ ਸੀ ਲਗਦਾ ਕਿ ਕੋਈ ਹੋਰ ਵਜ੍ਹਾ ਸੀ?

ਨੈਤਕੋਟੀਏ ਘੁਮਿਆਰ ਤੋਂ ਮੈਨੂੰ ਇਕ ਹਾਸੇ ਵਾਲੀ ਗੱਲ ਚੇਤੇ ਆ ਗਈ ਏ। ਆਂਹਦੇ ਨੇ ਕਿ ਸਿਆਲ ਵਿਚ ਸਿਆਲਕੋਟੀਏ ਦਾ ਬੁੱਢਾ ਮਰ ਰਿਹਾ ਹੋਵੇ, ਤਾਂ ਤੁਸੀਂ ਨੈਤਕੋਟੀਏ ਦਾ ਤਵਾ ਲਾ ਦਿਉ, ਉਹ ਬੁੱਢਾ ਮਰਦਾ-ਮਰਦਾ ਵੀ ਚਾਰ ਪਹਿਰ ਕੱਢ ਜਾਵੇ।

ਮੈਂ ਘਰ ਵਿਚ ਅਕਸਰ ਨੈਤਕੋਟੀਏ ਘੁਮਿਆਰ ਨੂੰ ਸੁਣਦਾ ਰਹਿਨਾ ਵਾਂ। ਮੇਰੀ ਘਰਵਾਲੀ ਸ਼ਹਿਰਨ ਏ। ਉਹਨੂੰ ਇਹ ਨਹੀਂ ਪਤਾ ਕਿ ਕਣਕ ਦਾ ਬੂਟਾ ਕਿਹੋ ਜਿਹਾ ਹੁੰਦਾ ਏ। ਉਹਨੂੰ ਮੈਂ ਕਈ ਵਾਰੀ ਗੁਣ-ਗੁਣਾਉਂਦੀ ਨੂੰ ਸੁਣਿਆ। ਇਕ ਦਿਨ ਮੈਂ ਚੰਗੀ ਤਰ੍ਹਾਂ ਕੰਨ ਲਾ ਕੇ ਸੁਣਿਆ ਤਾਂ ਉਹ ਗਾ ਰਹੀ ਸੀ, "ਤੇਰੀ ਕੁੱਟੀ ਏ ਮੈਂ ਤੋਤਿਆ ਓਏ ਚੂਰੀ, ਕਿਥੇ ਬਹਿ ਗਿਓਂ ਓਏ ਰੰਨ ਦਿਆ ਮਜੂਰਾ।" ਉਹ ਲੋਕੀਂ ਬੜੀ ਮਿੱਠੀ ਆਵਾਜ਼ ਵਿਚ, ਤੇ ਬੜਾ ਠਹਿਰਾ ਕੇ ਗਾਉਂਦੇ ਸਨ। ਤੂੰਬੀ ਵਾਲਿਆਂ ਵਾਂਗੂੰ ਕੋਈ ਪਿਛੇ ਨਹੀਂ ਸੀ ਪਿਆ ਹੁੰਦਾ। ਤੂੰਬੀ ਨਾਲ ਤੁਸੀਂ ਹੌਲੀ ਚੱਲ ਹੀ ਨਹੀਂ ਸਕਦੇ। ਇਹ ਤਾਂ ਪੱਠੇ ਕੁਤਰਨ ਵਾਲੀ ਮਸ਼ੀਨ ਵਾਂਗੂੰ ਕੁਤਰਾਈ ਕਰੀ ਜਾਂਦੀ ਏ।

ਤੁਸਾਂ ਕਈ ਵਾਰੀ ਪੈਰਾਂ 'ਚ ਘੁੰਗਰੂ ਬੰਨ੍ਹ ਕੇ ਨੱਚਣ ਵਾਲੀਆਂ ਵੇਖੀਆਂ ਹੋਈਆਂ ਨੇ। ਅਸੀਂ ਉਨ੍ਹਾਂ ਨੂੰ ਭਾਵੇਂ ਕੰਜਰੀਆਂ ਆਖ ਦਿੰਨੇ ਆਂ, ਪਰ ਜੇ ਕਦੇ ਤੁਸੀਂ ਧਿਆਨ ਨਾਲ ਉਨ੍ਹਾਂ ਦਾ ਨਾਚ ਵੇਖੋ, ਤਾਂ ਮਜਾਲ ਏ ਉਨ੍ਹਾਂ ਅਤੇ ਘੁੰਗਰੂਆਂ ਦੀ ਤਾਲ ਇਧਰ-ਉਧਰ ਹੋ ਜਾਵੇ। ਤੂੰਬੀ ਵਾਲਿਆਂ ਨੂੰ ਮੇਰੀ ਨਿਮਾਣੀ ਜਿਹੀ ਸਲਾਹ ਏ ਕਿ ਜੇ ਤੁਸਾਂ ਤੂੰਬੀ ਨਾਲ ਹੀ ਗਾਉਣਾ ਏ, ਤਾਂ ਪੈਰਾਂ ਵਿਚ ਘੁੰਗਰੂ ਬੰਨ੍ਹ ਲਵੋ। ਇਹ ਘੁੰਗਰੂ ਤੁਹਾਨੂੰ ਬੇਤਾਲਾ ਤੇ ਬੇਸੁਰਾ ਨਹੀਂ ਹੋਣ ਦੇਣਗੇ।

ਮੇਰੇ ਯਾਰ-ਦੋਸਤ ਬੜੇ ਹੈਰਾਨ ਹੁੰਦੇ ਨੇ ਜਦੋਂ ਉਹ ਵੇਖਦੇ ਨੇ ਕਿ ਮੇਰੇ ਘਰ ਵਿਚ ਨਾ ਤਾਂ ਕੋਈ ਦੇਸੀ ਰੇਡੀਓ ਏ, ਤੇ ਨਾ ਹੀ ਮੇਰੇ ਕੋਲ ਟੀ.ਵੀ., ਤੇ ਨਾ ਹੀ ਕੋਈ ਦੇਸੀ ਚੈਨਲ ਏ। ਜਵਾਬ ਬੜਾ ਸੌਖਾ ਜਿਹਾ ਏ। ਰੇਡੀਓ ਜਾਂ ਟੀ.ਵੀ. 'ਤੇ ਜਦੋਂ ਕੋਈ ਪ੍ਰੋਗਰਾਮ ਵੇਖਦਿਆਂ-ਵੇਖਦਿਆਂ ਇਕ ਦਮ ਕੋਈ ਤੂੰਬੀ ਵਾਲਾ ਟਪਕਦਾ ਏ, ਮੈਂ ਉਸੇ ਵੇਲੇ ਰੇਡੀਓ ਜਾਂ ਟੀ.ਵੀ. ਬੰਦ ਕਰ ਦਿੰਦਾ ਹਾਂ। ਘੜੀ-ਮੁੜੀ ਬੰਦ ਕਰਨ ਤੇ ਖੋਲ੍ਹਣ ਨਾਲੋਂ ਮੈਂ ਇਸ ਸਿਆਪੇ ਦਾ ਫਾਹਾ ਹੀ ਵੱਢ ਛੱਡਿਆ ਹੋਇਆ ਏ।

ਪਿਛੇ ਜਿਹੇ ਕਿਸੇ ਅਖ਼ਬਾਰ ਵਿਚ ਪੜ੍ਹਿਆ ਸੀ ਕਿ ਕੁਝ ਬੀਬੀਆਂ 'ਕੱਠੀਆਂ ਹੋ ਕੇ ਇਕ ਤੂੰਬੀ ਵਾਲੇ ਦੇ ਘਰ ਅੱਗੇ ਸਿਆਪਾ ਕਰਨ ਗਈਆਂ ਸਨ ਕਿ ਤੂੰ ਲੱਚਰ ਗਾਉਣਾ ਛੱਡ ਦੇ। ਮੈਂ ਉਸ ਲੱਚਰ ਗਾਉਣ ਵਾਲੇ ਨੂੰ ਕੋਈ ਦੋਸ਼ ਨਹੀਂ ਦਿੰਦਾ। ਮੈਂ ਇਨ੍ਹਾਂ ਬੀਬੀਆਂ ਨੂੰ ਇਹੋ ਸੁਝਾਅ ਦਿੰਨਾਂ ਕਿ ਜਾਂ ਤਾਂ ਇਨ੍ਹਾਂ ਲੋਕਾਂ ਨੂੰ ਕੋਸਣਾ ਛੱਡ ਦੇਵੋ, ਜਾਂ ਫਿਰ ਇਨ੍ਹਾਂ ਨੂੰ ਸੁਣਨਾ ਛੱਡ ਦੇਵੋ।

ਪੰਜਾਬੀਓ! ਜੇ ਤੁਸਾਂ ਪੰਜਾਬੀ ਸੰਗੀਤ ਨੂੰ ਇਨ੍ਹਾਂ ਬੇਸੁਰੇ ਗਾਇਕਾਂ ਅਤੇ ਲੱਚਰ ਗਾਇਕੀ ਤੋਂ ਬਚਾਉਣਾ ਏ, ਤਾਂ ਇਨ੍ਹਾਂ ਸਾਰੇ ਤੂੰਬੀ ਵਾਲਿਆਂ ਦਾ ਬਾਈਕਾਟ ਕਰੋ। ਇਨ੍ਹਾਂ ਨੂੰ ਆਖੋ ਕਿ ਜਾ ਕੇ ਪਹਿਲਾਂ ਵਾਜੇ (ਹਾਰਮੋਨੀਅਮ) ਨਾਲ ਗਾਉਣਾ ਸਿੱਖ ਕੇ ਆਓ, ਫਿਰ ਤੁਹਾਡੇ ਨਾਲ ਗੱਲ ਕਰਾਂਗੇ। ਤੁਸੀਂ ਵੇਖੋਗੇ ਕਿ ਰਾਤੋ-ਰਾਤ ਇਨ੍ਹਾਂ ਵਿਚੋਂ ਅੱਧਿਓਂ ਬਹੁਤੇ ਝੜ ਜਾਣਗੇ।

ਇਸ ਦਾ ਇਲਾਜ ਤੁਹਾਨੂੰ ਮੈਂ ਦੱਸ ਦਿੰਨਾਂ, ਪੈਰਵੀ ਕਰਨਾ ਤੁਹਾਡਾ ਕੰਮ। ਤੁਰਕੀ ਵਿਚ ਜਦੋਂ ਅੱਤਾ ਤੁਰਕ ਨੇ ਮੁਲਕ ਦੀ ਵਾਗਡੋਰ ਸੰਭਾਲੀ ਤਾਂ ਉਹ ਚਾਹੁੰਦਾ ਸੀ ਕਿ ਤੁਰਕੀ ਪੱਛਮੀ ਦੇਸ਼ਾਂ ਵਾਂਗ ਤਰੱਕੀ ਕਰੇ, ਤੇ ਜਿਹੜੇ ਰਸਮੋ-ਰਿਵਾਜ ਭੈੜੇ ਨੇ, ਉਨ੍ਹਾਂ ਨੂੰ ਤਿਲਾਂਜਲੀ ਦਿੱਤੀ ਜਾਵੇ। ਤੁਰਕੀ ਕਿਉਂਕਿ ਮੁਸਲਮਾਨੀ ਮੁਲਕ ਸੀ, ਸੋ ਬੁਰਕੇ ਦਾ ਉਥੇ ਆਮ ਰਿਵਾਜ ਸੀ। ਬੁਰਕਾ ਹਟਾਉਣ ਵਾਸਤੇ ਅੱਤਾ ਤੁਰਕ ਜੇ ਕੋਈ ਸਖ਼ਤ ਕਾਨੂੰਨ ਬਣਾਉਂਦਾ ਤਾਂ ਲੋਕਾਂ ਵਿਚ ਹਾਹਾਕਾਰ ਮੱਚ ਜਾਣੀ ਸੀ ਅਤੇ ਮੁਲਾਣਿਆਂ ਨੇ ਉਹਦੇ ਖ਼ਿਲਾਫ ਕੋਈ ਫਤਵਾ ਲਗਾ ਦੇਣਾ ਸੀ। ਇਸ ਸਾਰੇ ਕੁਝ ਤੋਂ ਬਚਣ ਲਈ ਉਸ ਨੇ ਐਲਾਨ ਕਰ ਦਿੱਤਾ (ਕਾਨੂੰਨ ਨਹੀਂ) ਕਿ ਕੱਲ੍ਹ ਤੋਂ ਬਾਅਦ ਸਿਰਫ ਕੰਜਰੀਆਂ ਹੀ ਬੁਰਕਾ ਪਾਉਣਗੀਆਂ। ਕੋਈ ਸਖ਼ਤੀ ਨਹੀਂ, ਕੋਈ ਸਖ਼ਤ ਕਾਨੂੰਨ ਨਹੀਂ; ਰਾਤੋ-ਰਾਤ ਬੁਰਕਾ ਗਾਇਬ ਹੋ ਗਿਆ। ਤੂੰਬੀ ਵਾਲਿਆਂ ਦਾ ਪੂਰਨ ਬਾਈਕਾਟ ਕਰ ਕੇ ਵੇਖੋ, ਫਿਰ ਕੋਈ ਮਾਈ ਦਾ ਲਾਲ ਹੀ ਅਖਾੜੇ ਵਿਚ ਰਹਿ ਜਾਵੇਗਾ।

## ਕਾਵਿ ਕਿਆਰੀ

### ਭਾਂਬੜ

ਭਾਂਬੜ ਬਲਦੇ ਮੱਠੇ ਹੋ ਗਏ,
ਸੁੱਤੀ ਅਲਖ ਜਗਾਵੋ ਨਾ।
ਜਾਣ ਬੁੱਝ ਕੇ ਬਲਦੀ ਉਤੇ,
ਤੇਲ ਦੇ ਬਾਟੇ ਪਾਵੋ ਨਾ।

ਬੀਤ ਗਿਆ ਜੋ ਬੀਤ ਗਿਆ
ਕੀ ਉਹਨੂੰ ਪਛਤਾਉਂਦੇ ਹੋ,
ਸੂਲਾਂ ਵਿੰਨ੍ਹੇ ਸ਼ਬਦਾਂ ਵਾਲਾ
ਗੀਤ ਹੋਰ ਕੋਈ ਗਾਵੋ ਨਾ।

ਪੱਥਰ ਦਿਲ ਜਿਨ੍ਹਾਂ ਸੀ ਕੀਤੇ
ਉਹ ਵੀ ਏਥੋਂ ਤੁਰ ਗਏ ਨੇ,
ਅੰਗਿਆਰਾਂ ਦੇ ਫੁੱਲਾਂ ਵਾਲੀ
ਅਰਥੀ ਹੋਰ ਸਜਾਵੋ ਨਾ।

ਕੀ ਹੈ ਲੈਣਾ-ਦੇਣਾ ਆਪਾਂ
ਆਪਣਾ ਆਪ ਸੰਭਾਲ ਲਵੋ,
ਗੁੰਝਲਦਾਰ ਬੁਝਾਰਤ ਵਾਲੇ
ਚੱਕਰ ਹੋਰ ਚਲਾਵੋ ਨਾ।

ਬੰਦਾ ਗਲਤੀ ਦਾ ਹੈ ਪੁਤਲਾ
ਸਭ 'ਤੋਂ ਗਲਤੀ ਹੋ ਜਾਂਦੀ,
ਭੁੱਲ ਕੇ ਗ਼ਲਤੀ ਹੋ ਜਾਏ ਤਾਂ
ਉਸ ਦੇ ਸ਼ਗਨ ਮਨਾਵੋ ਨਾ।

ਦੋਸ਼ਾਂ ਨੂੰ ਤਾਂ ਦੋਸ਼ ਦਿਉਗੇ
ਕੀ ਆਖੋਗੇ, ਨਿਰਦੋਸ਼ਾਂ ਨੂੰ,
ਜੱਗ 'ਤੇ ਕੋਈ ਨਿਰਦੋਸ਼ ਨਹੀਂ
ਤਾਂ ਆਪਣੇ ਦੋਸ਼ ਲੁਕਾਵੋ ਨਾ।

ਆਪਣਾ ਕੀਤਾ ਆਪੇ ਪਾਉਣਾ
ਤੈਨੂੰ ਕੀਹ ਤੇ ਮੈਨੂੰ ਕੀਹ,
ਚੋਭਾਂ ਭਰੀਆਂ ਗੱਲਾਂ ਕਰਕੇ
ਕਿਸੇ ਦਾ ਮਨ ਤਪਾਵੋ ਨਾ।

ਠੋਕਰ ਖਾ ਕੇ ਬਣਦਾ ਬੰਦਾ
ਜਿਵੇਂ ਹੈ ਬਣਦਾ ਪੱਥਰ ਗੋਲ,
ਛੈਣੀ-ਹਥੌੜੇ ਪੱਥਰਾਂ ਉਤੇ
ਐਵੇਂ ਹੋਰ ਚਲਾਵੋ ਨਾ।

ਆਪਣੇ 'ਤੇ ਨਾ ਛਿੱਟੇ ਪੈ ਜਾਣ
ਏਨਾਂ ਵੀ ਤਾਂ ਸੋਚ ਲਵੋ,
ਛੱਜ 'ਚ ਪਾ, ਨਾ ਛੱਟੇ ਜਾਇਉ
ਐਸਾ ਕਰਮ ਕਮਾਵੋ ਨਾ।

'ਸੁਹਲ' ਬੰਦ ਕਰੋ ਬਕਵਾਸ
ਜਿਗਰਾ ਫਟਦਾ ਜਾਂਦਾ ਏ,
ਸਮਝਦਾਰ ਨੂੰ ਬੜਾ ਇਸ਼ਾਰਾ
ਬਹੁਤਾ ਵੀ ਸਮਝਾਵੋ ਨਾ।

**-ਮਲਕੀਅਤ ਸੁਹਲ ਫੋਨ: 91-98728-48610**




ਐਸ. ਅਸ਼ੋਕ ਭੌਰਾ

# ਦੂਰਦਰਸ਼ਨ ਲਈ ਪੇਸ਼ਕਾਰੀ ਤੇ ਪ੍ਰੋਗਰਾਮਾਂ ਦਾ ਨਿਰਮਾਣ

ਦਸਾਂ ਡਾਲਰ ਦੇ ਰੰਗਾਂ ਨੂੰ ਲੱਖਾਂ ਡਾਲਰਾਂ ਵਿਚ ਕਿਵੇਂ ਬਦਲਿਆ ਜਾ ਸਕਦਾ ਹੈ, ਇਹ ਭੇਤ ਪਾਬਲੋ ਪਿਕਾਸੋ ਦੀਆਂ ਕਲਾਕ੍ਰਿਤਾਂ ਨੇ ਖੋਲ੍ਹਿਆ ਹੈ ਤੇ ਚਿੱਤਰਕਾਰ ਸ਼ੋਭਾ ਸਿੰਘ ਨੇ ਦੱਸਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਦੀ ਤਸਵੀਰ ਬਣਾ ਕੇ ਰੰਗਾਂ ਨਾਲ ਸ਼ਰਧਾ ਵੀ ਪੈਦਾ ਕੀਤੀ ਜਾ ਸਕਦੀ ਹੈ। ਬਦਕਿਸਮਤ ਉਹ ਨਹੀਂ ਹਨ ਜਿਨ੍ਹਾਂ ਕੋਲ ਪੈਸਾ-ਟਕਾ ਨਹੀਂ ਹੈ, ਸਗੋਂ ਮਾੜੀ ਕਿਸਮਤ ਉਨ੍ਹਾਂ ਦੀ ਹੈ ਜਿਨ੍ਹਾਂ ਕੋਲ ਕਲਾ ਦਾ ਖਜ਼ਾਨਾ ਤਾਂ ਸੀ, ਪਰ ਇਸ ਦੇ ਬੂਹੇ ਬਾਰੀਆਂ ਖੋਲ੍ਹਣ ਲਈ ਜੰਦਰਿਆਂ ਦੀਆਂ ਚਾਬੀਆਂ ਨਹੀਂ ਲੱਭ ਸਕੀਆਂ। ਗੁਰਦਾਸ ਮਾਨ ਇਸ ਗੱਲ ਤੋਂ ਕਦੇ ਇਨਕਾਰੀ ਨਹੀਂ ਹੋ ਸਕਦਾ ਕਿ ਉਹਨੂੰ ਪਹਿਲੇ ਦਿਨਾਂ ਵਿਚ ਗਵੱਈਆ ਬਣਨ ਲਈ ਸਭ ਤੋਂ ਵੱਡਾ ਯੋਗਦਾਨ ਦੂਰਦਰਸ਼ਨ ਨੇ ਦਿੱਤਾ ਹੈ। ਕਿਸੇ ਨੂੰ ਇਸ ਗੱਲ ਦਾ ਤਾਂ ਭਾਵੇਂ ਚੇਤਾ ਨਾ ਹੋਵੇ ਕਿ ਜਿਸ ਕਾਲੇ ਤਵੇ ਨਾਲ ਉਹ ਹਿੱਟ ਹੋਇਆ ਸੀ, ਉਹਦਾ ਸੰਗੀਤ ਜਸਵੰਤ ਭੰਵਰੇ ਨੇ ਦਿੱਤਾ ਸੀ ਪਰ ਇਹ ਗੱਲ ਪੰਜਾਬੀ ਸੰਗੀਤ ਪ੍ਰੇਮੀਆਂ ਨੂੰ ਕਦੇ ਨਹੀਂ ਭੁੱਲੇਗੀ ਕਿ 'ਮਾਮਲਾ ਗੜਬੜ ਹੈ' ਗੀਤ ਨੂੰ ਕਿਸੇ ਸਮੇਂ ਸਭ ਤੋਂ ਹਿੱਟ ਬਣਾਉਣ ਵਿਚ ਨਿੱਕੇ ਪਰਦੇ ਯਾਨਿ ਜਲੰਧਰ ਦੂਰਦਰਸ਼ਨ ਦੀ ਮੁੱਖ ਭੂਮਿਕਾ ਸੀ। ਇਸੇ ਲਈ ਕਹਿ ਸਕਦੇ ਹਾਂ ਕਿ ਮੇਰੇ ਵਾਂਗ ਕਲਾ ਦੀਆਂ ਰੋਟੀਆਂ ਸੇਕਣ ਵਿਚ ਇਸ ਕੇਂਦਰ ਨੇ ਚੁੱਲ੍ਹਾ ਤਪਾ ਕੇ ਬਹੁਤਿਆਂ ਲਈ ਮਘਦਾ ਰੱਖਿਆ ਹੈ।



ਸਾਲ 2001 'ਚ ਬੰਗਾ ਵਿਚ ਨਵੇਂ ਸਾਲ ਦੇ ਪ੍ਰੋਗਰਾਮ ਸਮੇਂ ਮੇਰੇ ਨਾਲ ਲਵਲੀ ਨਿਰਮਾਣ, ਗੀਤਕਾਰ ਮਰਹੂਮ ਗੁਰਨੇਕ ਰਾਠੀ ਤੇ ਮਾਣਕ ਦਾ ਦਫ਼ਤਰੀ ਸਕੱਤਰ ਮੇਵਾ ਸਿੰਘ ਨੌਰਥ

ਰਾਜ ਗਾਇਕ ਹੰਸ ਰਾਜ ਹੰਸ ਦਾ ਪਹਿਲਾ ਐਲ.ਪੀ. ਰਿਕਾਰਡ 'ਜੋਗੀਆਂ ਦੇ ਕੰਨਾਂ ਵਿਚ' ਜਲੰਧਰ ਦੇ ਸਾਹਨੀ ਰੇਡੀਓਜ਼ ਵਾਲਿਆਂ ਦੀ ਹਿੰਮਤ ਨਾਲ ਨਿਕਲਿਆ ਸੀ। ਉਸ ਤੋਂ ਬਾਅਦ ਉਹ ਕਈ ਵਰ੍ਹੇ ਚੁੱਪ ਰਿਹਾ। ਸੰਗੀਤ ਨਿਰਦੇਸ਼ਕ ਚਰਨਜੀਤ ਆਹੂਜਾ ਨੂੰ ਮੈਂ ਜਦੋਂ ਹੰਸ ਦੀ ਸੁਰੀਲੀ ਸੁਰ ਨੂੰ ਦੁਬਾਰਾ ਪੇਸ਼ ਕਰਨ ਲਈ ਕਿਹਾ ਤਾਂ ਉਹਦਾ ਜਵਾਬ ਸੀ, 'ਉਹ ਮੁੜ ਕੇ ਲੱਭਿਆ ਹੀ ਨਹੀਂ।' ਸਾਲ 1991 ਵਿਚ ਜਦੋਂ ਮੈਂ ਢਾਡੀ ਅਮਰ ਸਿੰਘ ਸ਼ੌਂਕੀ ਦੇ ਗੀਤਾਂ ਦੀ ਰੀਲ੍ਹ ਲੁਧਿਆਣੇ ਦੀ 'ਇੰਦਰਲੋਕ' ਕੰਪਨੀ ਤੋਂ ਸਰਦੂਲ ਸਿਕੰਦਰ ਦੇ ਸੰਗੀਤ ਹੇਠ 'ਸੱਜਣਾਂ ਦੂਰ ਦਿਆ' ਰਿਲੀਜ਼ ਕਰਵਾਈ, ਤਾਂ ਇਹਦੇ ਲਈ ਹੰਸ, ਸਰਦੂਲ, ਸਰਦੂਲ ਦੇ ਵੱਡੇ ਵੀਰ ਗਮਦੂਰ ਅਮਨ ਤੇ ਸੁਖਵਿੰਦਰ ਪੰਛੀ ਨੇ ਗੀਤ ਗਾਏ ਸਨ। ਪੰਛੀ ਦਾ 'ਸਾਹਿਬਾ ਵਾਜਾਂ ਮਾਰਦੀ' ਵੀ ਹਿੱਟ ਹੋਇਆ ਸੀ ਤੇ ਹੰਸ ਦਾ 'ਫੜ੍ਹਾਂ ਫੋਕੀਆਂ ਬਥੇਰੇ ਲੋਕੀ ਮਾਰਦੇ' ਵੀ ਬਹੁਤ ਸਲਾਹਿਆ ਗਿਆ। ਫਿਰ ਜਦੋਂ 'ਤੇਰਾ ਮੇਰਾ ਪਿਆਰ' ਐਲਬਮ ਟੀ-ਸੀਰੀਜ਼ ਨੇ ਰਿਲੀਜ਼ ਕੀਤੀ ਤਾਂ ਹੁਣ ਭਾਵੇਂ ਗਾਇਕਾਂ ਦੀ ਆਪਸ ਵਿਚ ਕਿੰਨੀ ਵੀ ਸ਼ਰੀਕੇਬਾਜ਼ੀ ਹੋਵੇ, ਉਦੋਂ ਮੈਂ ਤੇ ਸਰਦੂਲ ਸਿਕੰਦਰ ਲੁਧਿਆਣੇ ਦੇ ਗੁਲਮੋਹਰ ਹੋਟਲ ਵਿਚ ਜਲੰਧਰ ਦੂਰਦਰਸ਼ਨ ਦੇ ਹਰਜੀਤ ਸਿੰਘ ਨੂੰ ਮਿਲੇ ਤਾਂ ਇਹੋ ਕਹਿ ਕੇ ਦੋਹਾਂ ਨੇ ਹੱਥ ਜੋੜੇ ਸਨ, 'ਹੰਸ ਕਮਾਲ ਦਾ ਗਾਉਂਦਾ ਹੈ, ਉਹਨੂੰ ਮੌਕਾ ਦਿਓ।' ਇਸ ਕੈਸਿਟ ਵਿਚਲਾ ਗੀਤ 'ਅੱਜ ਕੱਲ੍ਹ ਸੁਣਿਆ ਫਤੂਰ ਵਿਚ ਰਹਿੰਦੇ ਹੋ' ਜਦੋਂ ਜਲੰਧਰ ਦੇ ਹਿੱਟ ਵਰਾਇਟੀ ਪ੍ਰੋਗਰਾਮਾਂ ਵਿਚ ਚੱਲਿਆ ਤਾਂ ਮਾਨੋ ਹੰਸ ਨੇ ਕਲਾ ਦੀ ਕੋਹਾਂ ਲੰਮੀ ਵਾਟ ਰਾਤੋ-ਰਾਤ ਨਿਬੇੜ ਲਈ ਸੀ, ਤੇ 'ਤੇਰਾ ਕੱਲੇ ਕੱਲੇ ਤਾਰੇ ਉਤੇ ਨਾਂ ਲਿਖਿਆ' ਜਾਂ 'ਨੀ ਵਣਜਾਰਨ ਕੁੜੀਏ' ਤੱਕ ਸਫ਼ਰ ਨਾਲ ਮੰਨਣਾ ਪਵੇਗਾ ਕਿ ਪੰਜਾਬੀ ਗਾਇਕੀ ਵਿਚ ਉਹ ਸੱਚੀਂ ਮੋਤੀ ਚੁਗਣ ਦੇ ਸਮਰੱਥ ਹੋ ਗਿਆ ਸੀ। ਤੇ ਵਣਜਾਰਨ ਵਾਲੇ ਗੀਤ ਨੇ 'ਛਣਕਾਟੇ' ਵਿਚ ਭੱਲੇ-ਬਾਲੇ ਹੋਰਾਂ ਨਾਲ ਕੰਮ ਕਰਨ ਵਾਲੀ ਕੁੜੀ ਨੀਲੂ ਨੂੰ ਡਾਂਸਰ ਤੋਂ ਕਲਾਕਾਰ ਵੀ ਬਣਾ ਦਿੱਤਾ ਸੀ।

ਗੱਲ ਸਿਰਫ਼ ਮਾਣਕ ਦੀ ਪਹਿਲੀ ਐਂਟਰੀ ਦੀ ਨਹੀਂ, ਸਗੋਂ 'ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ, ਬੇਸਮਝ ਜ਼ਮਾਨਾ ਕੀ ਜਾਣੇ' ਵਾਲੇ ਪ੍ਰੋ. ਸਰੂਪ ਸਿੰਘ ਸਰੂਪ ਨੂੰ ਬਜ਼ੁਰਗ ਉਮਰੇ ਮੇਰੀ ਸਿਫ਼ਾਰਸ਼ 'ਤੇ ਲਖਵਿੰਦਰ ਜੌਹਲ ਨੇ ਦੂਰਦਰਸ਼ਨ ਲਈ ਰਿਕਾਰਡ ਕੀਤਾ। ਫਿਰ ਗੁਰਮੀਤ ਬਾਵਾ ਦੀਆਂ ਬੇਟੀਆਂ- ਲਾਚੀ ਤੇ ਗਲੋਰੀ ਬਾਵਾ ਦੀ ਦੱਸ ਪਾਈ। ਮਨਮੋਹਨ ਵਾਰਿਸ ਨੂੰ ਮੇਰੇ ਕਹਿਣ 'ਤੇ ਨਿਰਮਾਤਾ ਏ. ਗੁਰਦੀਪ ਸਿੰਘ ਨੇ 'ਇਕ ਲੱਪ ਸੁਰਮੇ ਦੀ' ਪ੍ਰੋਗਰਾਮ ਵਿਚ 'ਕਿਤੇ ਰੰਗ ਨਾ ਵਟਾ ਲਈ ਕੁੜੀਏ, ਦੁਨੀਆਂ ਦੇ ਰੰਗ ਵੇਖ ਕੇ' ਨਾਲ ਬ੍ਰੇਕ ਦਿੱਤੀ। ਧੀਆਂ ਭੈਣਾਂ ਦੇ ਗੀਤ ਗਾਉਣ ਵਾਲੇ ਪਾਲੀ ਦੇਤਵਾਲੀਏ ਦੀ ਦੱਸ ਇਸ ਕੇਂਦਰ ਦੇ ਕੰਨਾਂ ਵਿਚ ਮੈਂ ਪਾਈ। ਸੁਨੀਤਾ ਭੱਟੀ ਨੂੰ ਗਵਾਇਆ, ਨਰਿੰਦਰ ਬੀਬਾ ਨੂੰ ਦੂਰਦਰਸ਼ਨ ਦਾ ਮੰਚ ਲੈ ਕੇ ਦਿੱਤਾ ਤੇ ਸੱਚ ਮੰਨਿਓ... ਅਮਰ ਸਿੰਘ ਨੂੰ 'ਮੇਰਾ ਪਿੰਡ ਮੇਰੇ ਖੇਤ' ਪ੍ਰੋਗਰਾਮ ਤੋਂ ਲੈ ਕੇ ਹਰ ਸੰਗੀਤਕ ਪ੍ਰੋਗਰਾਮ ਦੇ ਨਿਰਮਾਤਾ ਤੱਕ ਪਹੁੰਚ ਕਰਨ ਦੀ ਵਾਹ ਲਾਈ, ਪਰ ਕਿਸੇ ਨੇ ਵੀ ਪਿੰਡੇ ਉਤੇ ਪਾਣੀ ਨਾ ਪੈਣ ਦਿੱਤਾ। ਮੈਨੂੰ ਇਹ ਦੁੱਖ ਰਹੇਗਾ ਕਿ ਉਹਦੇ ਤੱਤੇ ਗੀਤਾਂ ਨੂੰ ਬਹਾਨਾ ਬਣਾ ਕੇ 'ਤਲਵਾਰ ਮੈਂ ਕਲਗੀਧਰ ਦੀ ਹਾਂ' ਜਾਂ 'ਸਾਥੋਂ ਬਾਬਾ ਖੋਹ ਲਿਆ ਤੇਰਾ ਨਨਕਾਣਾ' ਵਰਗੇ ਧਾਰਮਿਕ ਗੀਤਾਂ ਲਈ ਵੀ ਕਿਸੇ ਨੇ ਲੜ ਨਾ ਫੜਾਇਆ। ਜਸਪਿੰਦਰ ਨਰੂਲਾ ਬਾਰੇ ਸਭ ਤੋਂ ਪਹਿਲਾਂ ਲਿਖਣ ਵਾਲਾ ਹੀ ਮੈਂ ਨਹੀਂ ਸੀ, ਸਗੋਂ ਉਹਦੇ ਸੰਗੀਤਕਾਰ ਪਿਤਾ ਕੇਸਰ ਸਿੰਘ ਨਰੂਲਾ ਦੇ ਕਹਿਣ 'ਤੇ ਜਸਪਿੰਦਰ ਨੂੰ ਪੇਸ਼ ਕਰਨ ਦੀ ਦੁਹਾਈ ਵੀ ਦਿੰਦਾ ਰਿਹਾ। ਇਉਂ ਨਾ ਸਿਰਫ਼ ਮੈਂ ਇਕੱਲੇ ਨੇ ਦੂਰਦਰਸ਼ਨ 'ਤੇ ਕਲਾ ਦਾ ਚਰਖਾ ਕੱਤਿਆ, ਸਗੋਂ ਪੂਣੀਆਂ ਲਾਹੁਣ ਦਾ ਅਵਸਰ ਹੋਰ ਵੀ ਅਨੇਕਾਂ ਗਾਇਕਾਂ ਨੂੰ ਲੈ ਕੇ ਦੇਣ ਵਿਚ ਸਫ਼ਲ ਹੁੰਦਾ ਰਿਹਾ।

ਅਨੇਕਾਂ ਸਭਿਆਚਾਰਕ ਪ੍ਰੋਗਰਾਮਾਂ ਅਤੇ ਟਾਕ ਸ਼ੋਅਜ਼ ਵਿਚ ਸੰਚਾਲਨ ਕਰਦਿਆਂ-ਕਰਦਿਆਂ ਸਾਲ 2000 ਵਿਚ ਜਦੋਂ ਪ੍ਰਸਾਰ ਭਾਰਤੀ ਨੇ ਜਲੰਧਰ ਦੂਰਦਰਸ਼ਨ ਦੇ ਕੁਝ ਪ੍ਰੋਗਰਾਮਾਂ ਨੂੰ ਨਿੱਜੀ



ਬਲਕਾਰ ਸਿੱਧੂ ਗਾ ਕੇ ਵੀ 'ਛਣਕਾਟਾ ਪੈਂਦਾ ਗਲੀ ਗਲੀ' ਵਿਚੋਂ ਮਨਫੀ ਹੋ ਗਿਆ ਸੀ

ਹੱਥਾਂ ਵਿਚ ਦੇਣ ਦਾ ਫੈਸਲਾ ਕੀਤਾ, ਤਾਂ ਸਭ ਤੋਂ ਪਹਿਲਾਂ ਰਾਜੇਸ਼ ਸ਼ਰਮਾ ਨੇ 'ਕਾਲਾ ਡੋਰੀਆ' ਨਾਲ ਮੱਲ ਹੀ ਨਹੀਂ ਮਾਰੀ, ਸਗੋਂ ਵੱਡਾ ਲਾਭ ਇਹ ਹੋਇਆ ਕਿ ਉਹ ਨਕੋਦਰ ਚੌਕ ਵਿਚ ਆਪਣਾ 'ਸਟਾਂਸ' ਨਾਂ ਦਾ ਆਡੀਓ ਤੇ ਵੀਡੀਓ ਸਟੂਡੀਓ ਖੋਲ੍ਹਣ ਵਿਚ ਵੀ ਕਾਮਯਾਬ ਹੋਇਆ। ਕੇਂਦਰ ਦੇ ਸੇਵਾ ਮੁਕਤ ਹੋਏ ਡਾਇਰੈਕਟਰ ਡਾ. ਦਲਜੀਤ ਸਿੰਘ ਉਨ੍ਹਾਂ ਦਿਨਾਂ ਵਿਚ ਡਿਪਟੀ ਦੇ ਅਹੁਦੇ 'ਤੇ ਸਨ। ਮਿੱਠ ਬੋਲੜਾ ਸੁਭਾਅ ਹੋਣ ਕਰ ਕੇ ਸਾਰੇ ਉਨ੍ਹਾਂ ਦਾ ਸਤਿਕਾਰ ਕਰਦੇ ਸਨ। ਇਕ ਦਿਨ ਉਨ੍ਹਾਂ ਮੈਨੂੰ ਬੁਲਾ ਕੇ ਕਿਹਾ, 'ਤੇਰੇ ਵਰਗੇ ਸੁਹਿਰਦ ਬੰਦੇ ਨੂੰ ਵਧੀਆ ਪ੍ਰੋਗਰਾਮ ਦਾ ਨਿਰਮਾਣ ਕਰਨਾ ਚਾਹੀਦਾ ਹੈ, ਮੇਰੇ ਵਾਂਗ ਅਨੇਕਾਂ ਪੰਜਾਬੀ ਤੈਥੋਂ ਇਹੋ ਤਵੱਕੋਂ ਕਰਦੇ ਹਨ।'

ਫਿਰ ਮੈਂ ਲੋਕ ਸਾਜ਼ਾਂ ਦੇ ਨਿਰਮਾਣ 'ਤੇ ਇਕ ਪਾਇਲਟ ਬਣਾ ਕੇ ਜਮ੍ਹਾਂ ਕਰਵਾਇਆ। ਬਦਕਿਸਮਤੀ ਕਿ ਮੇਰੇ ਉਤੇ ਮੇਰੀ ਮਿਹਨਤ ਨਾਲੋਂ ਵੀ ਕਿਤੇ ਵੱਧ ਆਸ ਰੱਖੀ ਹੋਣ ਕਰ ਕੇ ਰਿਵੀਊ ਕਮੇਟੀ ਇਸ ਉਤੇ ਇਤਰਾਜ਼ ਲਗਾਉਂਦੀ ਰਹੀ। ਹਾਰ ਕੇ ਮੈਂ ਪੱਲਾ ਹੀ ਖਿੱਚ ਲਿਆ; ਦੂਜੇ ਪਾਸੇ ਮਨੋਹਰ ਭਾਰਜ ਜਦੋਂ ਕਮਰਸ਼ੀਅਲ ਵਿਭਾਗ ਦਾ ਇੰਚਾਰਜ ਬਣਿਆ, ਤਾਂ ਏ.ਬੀ. ਪ੍ਰੋਡਕਸ਼ਨ ਦੇ ਬੈਨਰ ਹੇਠ ਮਰਹੂਮ ਕਾਮੇਡੀਅਨ ਰਵਿੰਦਰ ਘੋੜਾ ਨਾਲ ਰਲ ਕੇ ਬੱਚਿਆਂ ਲਈ ਪ੍ਰੋਗਰਾਮ 'ਛਾਈਆਂ ਮਾਈਆਂ' ਦਾ ਨਿਰਮਾਣ ਕਰਨ ਵਿਚ ਸਫ਼ਲ ਹੋ ਗਿਆ। ਇਹ ਪ੍ਰੋਗਰਾਮ ਸਾਲ 2001 ਦੇ ਅੱਧ ਵਿਚ ਸ਼ੁਰੂ ਹੋਇਆ ਜੋ ਐਤਵਾਰ ਵਾਲੇ ਦਿਨ ਦੁਪਹਿਰ ਨੂੰ ਪ੍ਰਸਾਰਿਤ ਹੁੰਦਾ ਸੀ। ਬ੍ਰਾਡਕਾਸਟਿੰਗ ਵਿਚ ਮੇਰਾ ਕੋਈ ਤਜਰਬਾ ਨਾ ਹੋਣ ਦੇ ਬਾਵਜੂਦ, ਦਰਸ਼ਕਾਂ ਦੇ ਸਰਵੇਖਣ ਤਹਿਤ ਦੂਰਦਰਸ਼ਨ ਦੀ ਲਿਖਤੀ ਰਿਪੋਰਟ ਅਨੁਸਾਰ 'ਟੌਪ-10' ਵਿਚ ਆ ਗਿਆ। ਫਿਰ ਪਹਿਲੇ ਛੇ ਮਹੀਨੇ ਇਸ ਨੂੰ ਰਾਜਾ ਇੰਟਰਟੇਨਰਜ਼ ਦੇ ਮਨਿੰਦਰ ਗਿੱਲ ਨੇ ਸਪਾਂਸਰ ਕਰ ਦਿੱਤਾ। ਮਗਰੋਂ ਸਾਨੂੰ 'ਫੇਅਰ ਐਂਡ ਲਵਲੀ' ਤੇ 'ਲਕਸ' ਸਾਬਣ ਵਰਗੀਆਂ ਕੰਪਨੀਆਂ ਨੇ ਮੁੰਬਈ ਤੋਂ ਕਮਰਸ਼ੀਅਲ ਵੀ ਦਿੱਤੇ।

ਇਸ ਪ੍ਰੋਗਰਾਮ ਦਾ ਸਾਰਾ ਸਕਰਿਪਟ ਵਰਕ ਬੱਚਿਆਂ ਲਈ ਮਾਣੋ ਬਿੱਲੀ ਅੰਕਲ ਕਰ ਕੇ ਜਾਣੇ ਜਾਂਦੇ ਕਮਲਜੀਤ ਨੀਲੋਂ ਕੋਲ ਹੁੰਦਾ ਸੀ। ਉਸ ਨੇ ਇਸ ਦਾ ਟਾਈਟਲ ਗੀਤ 'ਦਾਈਆਂ ਦੂਕੜੇ ਛਾਈਆਂ-ਮਾਈਆਂ' ਗਾਇਆ। ਅਨੇਕਾਂ ਬੱਚਿਆਂ ਦੀ ਕਲਾ ਚਾਹੇ ਉਹ ਸਰਕਾਰੀ ਸਕੂਲ 'ਚ ਸੀ, ਤੇ ਚਾਹੇ ਪ੍ਰਾਈਵੇਟ ਵਿਚ, ਵਿਖਾਉਣ ਦੇ ਨਾਲ-ਨਾਲ ਸ਼ਿੰਗਾਰਨ ਵਿਚ ਵੀ ਸਫ਼ਲ ਹੋ ਗਏ। ਕਰੀਬ ਛੱਬੀ ਐਪੀਸੋਡ ਵਾਲੇ ਇਸ ਪ੍ਰੋਗਰਾਮ ਨੇ ਮੇਰੇ ਪੈਰਾਂ ਵਿਚ ਨਿੱਕੇ ਪਰਦੇ 'ਤੇ ਸਫ਼ਲਤਾ ਦੀਆਂ ਝਾਂਜਰਾਂ ਘੜਾ ਕੇ ਪੁਆ ਦਿੱਤੀਆਂ ਸਨ। ਸਰਕਾਰੀ ਨੌਕਰੀ ਕਰਦਾ ਹੋਣ ਕਰ ਕੇ ਨਿਰਮਾਤਾ ਲਈ ਨਾਂ ਮੈਂ ਆਪਣੀ ਪਤਨੀ ਕਸ਼ਮੀਰ ਕੌਰ ਦਾ ਵਰਤਦਾ ਰਿਹਾ ਸਾਂ। ਇਹ ਪੇਸ਼ਕਾਰੀ ਹਾਲਾਂਕਿ ਸੀਮਤ ਦਾਇਰੇ ਵਾਲੀ ਸੀ, ਪਰ ਉਸ ਵੇਲੇ ਦੇ ਦਿੱਲੀ ਦੂਰਦਰਸ਼ਨ ਦੇ ਡਾਇਰੈਕਟਰ ਜਨਰਲ ਅਲਬੇਲ ਸਿੰਘ ਗਰੇਵਾਲ ਦੀ ਪ੍ਰਸ਼ੰਸਾ ਹਾਸਲ ਹੋਣ ਨਾਲ ਮੈਨੂੰ ਇਸ ਗੱਲ ਦਾ ਵਿਸ਼ਵਾਸ ਨਹੀਂ, ਯਕੀਨ ਹੋ ਗਿਆ ਸੀ ਕਿ ਮੈਂ ਨਾ ਸਿਰਫ਼ ਲਿਖ ਸਕਦਾ ਹਾਂ, ਸਗੋਂ ਇਹ ਕਾਰਜ ਵੀ ਕਰ ਸਕਦਾ ਹਾਂ। ਉਂਜ ਆਧਾਰ ਮੇਰੀਆਂ ਲਿਖਤਾਂ ਦੀ ਜਾਣ-ਪਛਾਣ ਨੇ ਹੀ ਬਣਾਇਆ ਸੀ।

ਫਿਰ ਸੰਗੀਤ ਦੇ ਇਕ ਹੋਰ ਪ੍ਰੋਗਰਾਮ ਜਿਸ ਦਾ ਨਾਂ 'ਝਾਂਜਰ ਛਣਕ ਪਈ' ਵੀ ਮੈਂ ਆਪ ਹੀ ਰੱਖਿਆ ਸੀ, ਦੀਆਂ ਕੁਝ ਕਿਸ਼ਤਾਂ ਦੀ ਕੰਪੀਅਰਿੰਗ ਕੀਤੀ। ਇਸ ਪ੍ਰੋਗਰਾਮ ਦਾ ਪ੍ਰਾਈਵੇਟ ਨਿਰਮਾਤਾ ਬਿੰਨੀ ਸ਼ਰਮਾ ਸੀ, ਪਰ ਇਸ ਨੂੰ ਵਿਚਕਾਰੋਂ ਇਸ ਕਰ ਕੇ ਛੱਡ ਦਿੱਤਾ ਕਿਉਂਕਿ ਬੱਚਿਆਂ ਦੇ ਪ੍ਰੋਗਰਾਮ ਦੀ ਟੈਲੀਕਾਸਟ ਫੀਸ ਮੈਥੋਂ ਦੂਰਦਰਸ਼ਨ ਪ੍ਰਤੀ ਐਪੀਸੋਡ ਤਿੰਨ ਹਜ਼ਾਰ ਰੁਪਏ ਲੈਂਦਾ ਸੀ। ਤੇ ਅੱਠ ਹਜ਼ਾਰ ਨੂੰ ਮੈਂ ਡੀ.ਡੀ. ਪੰਜਾਬੀ (ਜਿਸ ਨੂੰ ਨਾਲੋ-ਨਾਲ 26 ਦੇਸ਼ਾਂ ਵਿਚ ਵਿਖਾਇਆ ਜਾਂਦਾ ਸੀ) ਉਤੇ 'ਰੰਗਲੀ ਧਰਤ ਪੰਜਾਬ ਦੀ' ਟਾਈਟਲ ਅਧੀਨ ਇਕ ਹੋਰ ਪੰਗਾ ਲੈ ਲਿਆ। ਕਿਸ਼ਤਾਂ ਤਾਂ ਇਸ ਦੀਆਂ ਕੁੱਲ 13 ਹੀ ਬਣਾ ਸਕਿਆ, ਕਿਉਂਕਿ ਸਕੂਲ ਤੋਂ ਛੁੱਟੀਆਂ ਬਹੁਤ ਕਰਨੀਆਂ ਪੈਂਦੀਆਂ ਸਨ, ਤੇ ਸਿੱਖਿਆ ਵਿਭਾਗ ਬੱਚਿਆਂ ਦੀ ਪੜ੍ਹਾਈ ਦੀ ਦੁਹਾਈ ਦੇਣ ਲੱਗ ਪਿਆ ਸੀ, ਪਰ ਇਸ ਪ੍ਰੋਗਰਾਮ ਨੇ ਮੈਨੂੰ ਸਮਰੱਥ ਨਿਰਮਾਤਾ ਜ਼ਰੂਰ ਬਣਾ ਦਿੱਤਾ ਸੀ। ਦੂਜੀ ਵੱਡੀ ਗੱਲ ਇਹ ਸੀ ਕਿ 'ਛਾਈਆਂ-ਮਾਈਆਂ' ਅਤੇ ਇਸ ਪ੍ਰੋਗਰਾਮ ਜ਼ਰੀਏ ਮੈਂ ਆਪਣਾ ਸ਼ੌਕ ਲਾਂਭੇ ਕਰ ਕੇ ਕਾਲਜ ਪੜ੍ਹਦੀਆਂ ਕਈ ਕੁੜੀਆਂ ਨੂੰ ਹੋਸਟ ਬਣਨ ਦਾ ਮੌਕਾ ਦਿੱਤਾ। ਇਨ੍ਹਾਂ ਵਿਚ ਬਟਾਲੇ ਦੀ ਲਵਦੀਪ ਕੌਰ ਪੇਸ਼ਕਾਰੀ ਵਿਚ ਕਾਫ਼ੀ ਨਿਖਰ ਕੇ ਆਈ ਸੀ।

'ਰੰਗਲੀ ਧਰਤੀ ਪੰਜਾਬ ਦੀ' ਪ੍ਰੋਗਰਾਮ ਦੀ ਅਸਾਈਨਮੈਂਟ ਸਰਕਾਰੀ ਤੌਰ 'ਤੇ ਮੇਰੇ ਨਾਂ ਹੋਈ। ਇਸ ਦੀ ਪਹਿਲੀ ਕਿਸ਼ਤ 3 ਜਨਵਰੀ 2001 ਨੂੰ ਚੱਲਣੀ ਸੀ ਸ਼ਾਮੀਂ ਸਾਢੇ ਅੱਠ ਵਜੇ। ਚੰਡੀਗੜ੍ਹ ਤੋਂ ਲਾਈਟ ਐਂਡ ਸਾਊਂਡ ਸਿਸਟਮ ਹਾਇਰ ਕਰ ਕੇ ਅਸੀਂ ਇਸ ਨੂੰ ਨਵੇਂ ਵਰ੍ਹੇ ਦੀ ਆਮਦ 'ਤੇ ਵੰਗਾਰ ਵਾਂਗ ਮਿਹਨਤ ਨਾਲ ਬੰਗਿਆਂ ਦੇ ਅਨਮੋਲ ਪੈਲਿਸ ਵਿਚ ਸਾਰੀ ਰਾਤ ਫਿਲਮਾਇਆ। ਲਵਲੀ ਨਿਰਮਾਣ, ਮਨਜੀਤ ਰਾਹੀ, ਦਲਜੀਤ ਕੌਰ, ਸਰਦੂਲ ਸਿਕੰਦਰ, ਪਰਮਿੰਦਰ ਸੰਧੂ, ਘੁੱਲ੍ਹੇ ਸ਼ਾਹ, ਭਜਨਾ ਅਮਲੀ, ਰਵਿੰਦਰ ਘੋੜਾ, ਪਾਲੀ ਦੇਤਵਾਲੀਆ ਨੂੰ ਲੈ ਕੇ ਬਣਾਏ ਇਸ ਪ੍ਰੋਗਰਾਮ ਦਾ ਕੱਦ ਦੂਰਦਰਸ਼ਨ ਦੇ ਆਪ ਬਣਾਏ ਰੰਗਾ-ਰੰਗ ਪ੍ਰੋਗਰਾਮ ਦੇ ਬਰਾਬਰ ਕਰਨ ਵਿਚ ਕਾਮਯਾਬ ਰਹਿਣ ਦਾ ਸਿੱਟਾ ਹੀ ਸੀ ਕਿ ਦੂਰਦਰਸ਼ਨ ਦੇ ਕੈਮਰਾ ਵਿਭਾਗ ਦੇ ਮੁਖੀ ਸੁਰਿੰਦਰ ਪਾਲ ਨੇ ਸਾਲ 2007 ਦੇ ਵੱਡੇ ਪ੍ਰੋਗਰਾਮ ਦੀ ਬੋਲੀ ਵੇਲੇ ਮੀਟਿੰਗ ਵਿਚ ਡਾਇਰੈਕਟਰ ਨੂੰ ਸਿਫ਼ਾਰਸ਼ ਵਾਂਗ ਕਹਿ ਦਿੱਤਾ ਸੀ ਕਿ ਅਸ਼ੋਕ ਇਸ ਕੰਮ ਨੂੰ ਵਧੀਆ ਕਰ ਸਕੇਗਾ। ਡੀ.ਡੀ. ਪੰਜਾਬੀ ਦੇ ਪ੍ਰਸਾਰਨ ਦਾ ਘੇਰਾ ਪੂਰੇ ਹਿੰਦੋਸਤਾਨ ਤੇ ਅਰਬ ਦੇਸ਼ਾਂ ਤੱਕ ਹੋਣ ਕਰ ਕੇ ਮੇਰੇ ਸਭ ਤੋਂ ਵੱਡੇ ਪ੍ਰਸ਼ੰਸਕ ਹਰਿਆਣੇ ਵਿਚਲੇ ਪੰਜਾਬੀ ਤੇ ਦੁਬਈ, ਮਸਕਟ 'ਚ ਰਹਿੰਦੇ ਲੋਕ ਬਣ ਗਏ। ਪ੍ਰਿੰਟ ਮੀਡੀਆ ਨੇ ਮੇਰੇ ਇਸ ਕਾਰਜ ਨੂੰ ਪੂਰੇ ਦਾ ਪੂਰਾ ਸਵੀਕਾਰ ਕਰ ਲਿਆ ਸੀ।

ਇਸ ਤੋਂ ਬਾਅਦ ਮੈਂ ਅਨੇਕਾਂ ਹੋਰ ਪ੍ਰੋਗਰਾਮ ਦੀ ਪੇਸ਼ਕਾਰੀ ਤਾਂ ਵੱਖ-ਵੱਖ ਪ੍ਰੋਗਰਾਮਾਂ ਲਈ ਕਰਦਾ ਰਿਹਾ, ਪਰ ਨਵੰਬਰ 2006 ਵਿਚ ਪ੍ਰਸਾਰ



ਨਵਾਂ ਸ਼ਹਿਰ ਲਾਗੇ ਪਿੰਡ ਸਲੋਹ ਵਿਚ ਪੰਮੀ ਬਾਈ ਦਾ ਗੀਤ 'ਰੰਗਲੀ ਧਰਤ ਪੰਜਾਬ ਦੀ' ਫਿਲਮਾਏ ਜਾਣ ਸਮੇਂ

ਭਾਰਤੀ ਨੇ ਸਾਲ ਦਾ ਸਭ ਤੋਂ ਹਰਮਨ-ਪਿਆਰਾ, ਨਵੇਂ ਵਰ੍ਹੇ ਦੀ ਆਮਦ ਵਾਲਾ ਪ੍ਰੋਗਰਾਮ ਵੀ ਨਿੱਜੀ ਨਿਰਮਾਤਾਵਾਂ ਦੇ ਹੱਥਾਂ ਵਿਚ ਦੇਣ ਦਾ ਫੈਸਲਾ ਕਰ ਲਿਆ। ਇਸ ਨੂੰ ਹਾਸਲ ਕਰਨ ਲਈ ਬਾਕਾਇਦਾ ਬੋਲੀ ਹੋਣੀ ਸੀ। ਪਤਾ ਸੀ ਕਿ ਇਸ ਦੀ ਕੀਮਤ ਚੜ੍ਹੇਗੀ ਅਤੇ ਸਰਕਾਰੀ ਨੌਕਰੀ ਤੇ ਆਪਣੇ ਸੀਮਤ ਵਿੱਤੀ ਸਾਧਨਾਂ ਨਾਲ ਮੇਰੇ ਲਈ ਇਹ ਔਖਾ ਕੰਮ ਹੋਵੇਗਾ। ਲੱਤ ਅੜਾਉਣ ਲਈ ਮੈਨੂੰ ਮਨੋਹਰ ਭਾਰਜ ਤੇ ਰਾਕੇਸ਼ ਸੂਰੀ ਨੇ ਹੱਲਾਸ਼ੇਰੀ ਦਿੱਤੀ, 'ਤੂੰ ਇਹ ਕੰਮ ਕਰੀਂ ਤੇ ਸਮਰਥਨ ਅਸੀਂ ਦਿਆਂਗੇ।' ਵੱਖ-ਵੱਖ ਆਵਾਜ਼ਾਂ ਕੱਢਣ ਅਤੇ ਕਾਮੇਡੀ ਕਰਨ ਵਾਲਾ ਬੂਟਾ ਜੱਬਲ 'ਲਿਸ਼ਕਾਰਾ' ਪ੍ਰੋਗਰਾਮ ਤੋਂ ਮੇਰੇ ਸੰਪਰਕ ਵਿਚ ਸੀ। ਉਹ ਸੁਭੈਕੀ ਮੇਰੇ ਕੋਲ ਆਇਆ ਕਿ ਉਹਦੇ ਨਜ਼ਦੀਕੀ ਰਿਸ਼ਤੇਦਾਰ ਕੈਨੇਡਾ ਵਿਚ ਹਨ, ਉਨ੍ਹਾਂ ਨੇ ਉਥੇ ਸ਼ੋਅ ਕਰਵਾਉਣ ਲਈ ਸਰਦੂਲ-ਨੂਰੀ ਨੂੰ ਬੁੱਕ ਵੀ ਕਰ ਲਿਆ ਹੈ।... ਖ਼ੈਰ! ਕੈਨੇਡਾ ਦੇ ਸ਼ਹਿਰ ਟੋਰਾਂਟੋ ਵਸਦੇ ਹਰਨੇਕ ਲੱਲੀ ਨਾਲ ਸੰਪਰਕ ਜੁੜ ਗਿਆ ਤੇ ਪੈਸੇ ਖਰਚਣ ਦਾ ਮਸਲਾ ਹੱਲ ਹੋ ਗਿਆ। ਬੋਲੀ ਹੋਣ ਵਾਲੇ ਦਿਨ ਉਹਦਾ ਤਾਇਆ ਮੇਰੇ ਨਾਲ ਮੀਟਿੰਗ ਵਿਚ ਹਾਜ਼ਰ ਸੀ।

ਬੋਲੀ ਹੋਣ ਤੋਂ ਇਕ ਦਿਨ ਪਹਿਲਾਂ ਆਪਣੇ ਮੁਲਕ ਦੇ ਰਿਸ਼ਵਤ ਵਾਲੇ ਢਾਂਚੇ ਦੀ ਉਦਾਹਰਣ ਵੀ ਦੱਸਦਾ ਹਾਂ। ਨਵੇਂ ਸਾਲ ਦਾ ਇਹ ਪ੍ਰੋਗਰਾਮ ਖਰੀਦਣ ਵਾਲੀਆਂ ਹੋਰ ਪਾਰਟੀਆਂ ਦੇ ਲੋਕਾਂ ਨੇ ਮੇਰੇ ਨਾਲ ਰਾਜੇਸ਼ ਸ਼ਰਮਾ ਦੇ 'ਸਟਾਂਸ' ਸਟੂਡੀਓ ਵਿਚ ਮੀਟਿੰਗ ਕੀਤੀ। ਇਨ੍ਹਾਂ ਲੋਕਾਂ ਨੇ ਤੈਅ ਕੀਤਾ ਕਿ 'ਬੋਲੀ ਦਸ ਲੱਖ ਤੋਂ ਸ਼ੁਰੂ ਹੋਵੇਗੀ, ਜੇ ਤੂੰ ਸਾਨੂੰ ਤਿੰਨਾਂ ਨੂੰ ਚਾਲੀ-ਚਾਲੀ ਹਜ਼ਾਰ ਦੇ ਦੇਵੇਂ ਤਾਂ ਅਸੀਂ ਬਾਰਾਂ ਲੱਖ ਤੋਂ ਨਹੀਂ ਵਧਾਂਗੇ... ਨਹੀਂ ਤਾਂ ਫਿਰ ਭੱਜਦੇ ਵਾਹਣ ਵਿਚ ਗੱਲ ਵੀਹ ਲੱਖ ਤੱਕ ਵੀ ਜਾ ਸਕਦੀ ਹੈ।' ਹਰਨੇਕ ਨਾਲ ਗੱਲ ਕਰਨ ਤੋਂ ਬਾਅਦ ਮੈਂ ਇਹ ਤਜਵੀਜ਼ ਸਵੀਕਾਰ ਕਰ ਲਈ। ਬੋਲੀ ਅਰੰਭ ਹੋਈ, ਤਾਂ ਪਹਿਲਾਂ ਹੀ ਤੈਅ ਨੀਤੀ ਅਧੀਨ ਜਦੋਂ ਸਾਢੇ ਗਿਆਰਾਂ ਲੱਖ ਤੋਂ ਅੱਗੇ ਪੰਜਾਹ ਹਜ਼ਾਰ ਵਧਾ ਕੇ ਮੈਂ ਬਾਰਾਂ ਲੱਖ ਕਿਹਾ ਤਾਂ ਸਭ ਚੁੱਪ ਹੋ ਗਏ, ਤੇ ਨਿਕਾਹ ਵਾਂਗ ਤਿੰਨ ਵਾਰ 'ਕਬੂਲ ਹੈ ਕਬੂਲ ਹੈ ਕਬੂਲ ਹੈ' ਕਹਿ ਕੇ ਪਟਾ ਮੇਰੇ ਨਾਂ ਲਿਖ ਦਿੱਤਾ ਗਿਆ। ਅੱਧੀ ਰਕਮ ਅਸੀਂ ਉਸੇ ਦਿਨ ਚੜ੍ਹਾ ਦਿੱਤੀ। ਦੋ ਪਾਰਟੀਆਂ ਨੇ ਤਾਂ ਰਿਸ਼ਵਤ ਦੀ ਚਾਲੀ-ਚਾਲੀ ਹਜ਼ਾਰ ਬੋਲੀ ਤੋਂ ਦੋ ਘੰਟੇ ਪਿਛੋਂ ਲੈ ਲਿਆ ਪਰ ਤੀਜੇ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਤੇਰੇ ਸਤਿਕਾਰ ਕਰ ਕੇ ਮੇਰੀ ਜ਼ਮੀਰ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦੀ।

ਪ੍ਰੋਗਰਾਮ ਦਾ ਨਾਂ ਅਸੀਂ ਰੱਖਿਆ ਮੁਹੰਮਦ ਸਦੀਕ ਦੇ ਗੀਤ 'ਮੇਰੀ ਐਸੀ ਝਾਂਜਰ ਛਣਕੇ, ਛਣਕਾਟਾ ਪੈਂਦਾ ਗਲੀ ਗਲੀ' ਵਿਚੋਂ 'ਛਣਕਾਟਾ ਪੈਂਦਾ ਗਲੀ ਗਲੀ।' ਇਸ ਪ੍ਰੋਗਰਾਮ ਲਈ ਗੱਲ ਬਾਰਾਂ ਲੱਖ ਦੂਰਦਰਸ਼ਨ ਨੂੰ ਦੇਣ ਨਾਲ ਨਹੀਂ ਮੁੱਕੀ, ਸਗੋਂ ਨਿਰਮਾਣ ਉਤੇ ਯਾਨਿ ਪ੍ਰੋਡਕਸ਼ਨ ਕਾਸਟ ਕਰੀਬ ਵੀਹ ਲੱਖ ਰੁਪਏ ਵੀ ਆਉਣੀ ਸੀ। ਰਲਾ-ਮਿਲਾ ਕੇ ਕੁੱਲ ਖਰਚ ਪੈਂਤੀ ਲੱਖ ਦੇ ਕਰੀਬ ਸੀ, ਤੇ ਸਾਰਾ ਖਰਚਾ ਪੂਰਾ ਕਰਨ ਦਾ ਇਕੋ-ਇਕ ਜ਼ਰੀਆ ਸੀ- ਦੋ ਘੰਟੇ ਦੇ ਪ੍ਰੋਗਰਾਮ ਦੌਰਾਨ ਨੌਂ ਸੌ ਸੈਕਿੰਡ ਐਫ.ਸੀ.ਟੀ. (ਫਰੀ ਕਮਰਸ਼ੀਅਲ ਟਾਈਮ) ਯਾਨਿ ਇਸ਼ਤਿਹਾਰਾਂ ਨਾਲ; ਤੇ ਜਾਂ ਫਿਰ ਪ੍ਰਮੋਸ਼ਨ ਦਾ ਬਹਾਨਾ ਲਾ ਕੇ ਗਾਇਕ ਕਲਾਕਾਰਾਂ ਤੋਂ ਕੁਝ ਮੱਦਦ ਲੈਣ ਨਾਲ। ਹਰਨੇਕ ਇਹ ਚਾਹੁੰਦਾ

(ਬਾਕੀ ਸਫਾ 31 ਉਤੇ)

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਬਦਲਦੇ ਮੌਸਮ

ਧੌਣ ਸੁੱਟ ਕੇ ਵਿਲ੍ਹਕੇ ਨਾ ਫੁੱਲ ਕਾਹਤੋਂ, ਜਦੋਂ ਖਿੜਦੀ ਨਹੀਂ ਪੂਰੀ ਬਸੰਤ ਮੀਆਂ।
ਹੁਣ ਰੱਬ ਨੂੰ ਵੇਚ ਕੇ ਖਾਣ ਜਿਹੜੇ, ਲੋਕੀਂ ਉਨ੍ਹਾਂ ਨੂੰ ਆਖਦੇ ਸੰਤ ਮੀਆਂ।
ਦਾਗੀ ਪੱਗ ਨੂੰ ਸਿਰ 'ਤੇ ਫਿਰੇ ਬੰਨ੍ਹੀਂ, ਬਣਿਆ ਡੇਰੇ ਦਾ ਜਿਹੜਾ ਮਹੰਤ ਮੀਆਂ।
ਧੰਦਾ ਬੀਵੀ ਬਿਚਾਰੀ ਨਾ ਕਿਉਂ ਕਰਦੀ ਆਥਣੇ ਡੱਕ ਕੇ ਆਉਂਦਾ ਜਦੋਂ ਕੰਤ ਮੀਆਂ।
ਨ੍ਹੇਰੀ ਕੁਫਰ ਦੀ ਚੜ੍ਹੀ ਅਸਮਾਨ ਤੀਕਰ, ਕਦੋਂ ਹੋਵੇਗਾ ਏਸ ਦਾ ਅੰਤ ਮੀਆਂ।
ਘੁੱਗੀ ਕਾਂ ਨੂੰ ਮਸ਼ਕਰੀਆਂ ਰਹੇ ਕਰਦੀ, ਉਲੂ ਇੱਲ੍ਹਾਂ ਨਾਲ ਇਸ਼ਕ ਕਮਾਉਣ ਲੱਗ'ਪੇ।
ਮੀਰ ਆਲਮ ਪੁਲਿਸ ਵਿਚ ਹੋਏ ਭਰਤੀ, ਤੇ ਪੁੱਤ ਜੱਟਾਂ ਦੇ ਅੱਜ ਕੱਲ੍ਹ ਗਾਉਣ ਲੱਗ'ਪੇ।

ਗੁਰਮਤਿ ਵਿਚਾਰ

# ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ



ਡਾ. ਗੁਰਨਾਮ ਕੌਰ, ਕੈਨੇਡਾ

ਬਾਣੀ ਨੂੰ, ਸ਼ਬਦ ਨੂੰ 'ਧੁਰ ਕੀ ਬਾਣੀ', 'ਸਾਚੀ ਬਾਣੀ' ਮੰਨਿਆ ਗਿਆ ਹੈ ਕਿਉਂਕਿ ਇਸ ਦਾ ਸੋਮਾ ਅਕਾਲ ਪੁਰਖ ਆਪ ਹੈ, ਇਹ ਅਕਾਲ ਪੁਰਖ ਵੱਲੋਂ ਆਈ ਹੈ ਅਤੇ ਗੁਰੂ ਇਸ ਦੇ ਪ੍ਰਕਾਸ਼ਨ ਦਾ ਮਾਧਿਅਮ ਹੈ। ਸਿੱਖ ਧਰਮ ਚਿੰਤਨ ਅਨੁਸਾਰ ਗੁਰੂ ਨੇ ਆਪਣੀ ਅਕਾਲ ਪੁਰਖ ਨਾਲ ਇਕਸੁਰਤਾ ਦੇ ਪਲਾਂ ਵਿਚ ਪਹਿਲਾਂ ਆਪ ਰੱਬੀ ਸਤਿ ਦਾ ਅਨੁਭਵ ਕੀਤਾ ਅਤੇ ਫਿਰ ਇਸ ਸਤਿ ਨੂੰ ਸ਼ਬਦ ਰਾਹੀਂ, ਬਾਣੀ ਰਾਹੀਂ ਪਰਗਟ ਕੀਤਾ। ਸਿੱਖ ਧਰਮ ਵਿਚ ਇਹ ਵਿਲੱਖਣ ਇਲਹਾਮ ਤਿੰਨ ਤਰ੍ਹਾਂ ਨਾਲ ਵਾਪਰਦਾ ਹੈ। ਪਰਮ ਸਤਿ ਦਾ, ਸ਼ਬਦ ਦਾ ਅਨੁਭਵ ਗੁਰੂ ਨੂੰ ਅਕਾਲ ਪੁਰਖ ਵੱਲੋਂ ਉਨ੍ਹਾਂ ਦੇ ਰਹੱਸਮਈ ਪਲਾਂ ਵਿਚ ਅਕਾਲ ਪੁਰਖ ਨਾਲ ਸਿੱਧੇ ਸੰਪਰਕ ਵਿਚ ਹੁੰਦਾ ਹੈ। ਫਿਰ ਗੁਰੂ ਵੱਲੋਂ ਸਿੱਖ ਲਈ ਇਹ ਸਤਿ ਬਾਣੀ ਰਾਹੀਂ, ਸ਼ਬਦ ਰਾਹੀਂ ਪਰਗਟ ਕੀਤਾ ਜਾਂਦਾ ਹੈ। ਫਿਰ ਗੁਰਮੁਖ ਜਾਂ ਬ੍ਰਹਮ-ਗਿਆਨੀ ਨੂੰ ਗੁਰੂ ਇਸ ਬਾਣੀ ਨੂੰ, ਸ਼ਬਦ ਨੂੰ ਗ੍ਰਹਿਣ ਕਰਨ ਦੇ ਯੋਗ ਬਣਾ ਦਿੰਦਾ ਹੈ। ਗੁਰੂ ਦੀ ਮਿਹਰ ਨਾਲ ਸਿੱਖ ਇਸ ਤੱਕ ਪਹੁੰਚਣ ਦੇ ਯੋਗ ਹੋ ਜਾਂਦਾ ਹੈ।

ਗੁਰੂ ਅਮਰਦਾਸ ਜੀ ਨੇ ਰਾਮਕਲੀ ਰਾਗੁ ਵਿਚ ਰਚੀ ਬਾਣੀ 'ਅਨੰਦ' ਵਿਚ ਸਤਿਗੁਰੂ ਦੀ ਬਾਣੀ ਨੂੰ ਸੱਚੀ ਬਾਣੀ ਕਿਹਾ ਹੈ। ਗੁਰੂ ਅਮਰਦਾਸ ਜੀ ਦੇ ਸਮੇਂ ਤੱਕ 'ਨਾਨਕ' ਛਾਪ ਹੇਠਾਂ ਗੁਰੂ ਘਰ ਦੇ ਦੋਖੀਆਂ ਵੱਲੋਂ 'ਕੱਚੀ ਬਾਣੀ' ਦੀ ਰਚਨਾ ਸ਼ੁਰੂ ਹੋ ਚੁੱਕੀ ਸੀ। ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਸਤਿਗੁਰੂ ਦੀ ਬਾਣੀ ਸਤਿ ਕਰਕੇ ਮੰਨਣ ਦਾ ਆਦੇਸ਼ ਕੀਤਾ ਹੈ। ਇਹ ਸਤਿ ਇਸ ਲਈ ਹੈ ਕਿ ਇਸ ਨੂੰ ਇਸ ਸੰਸਾਰ ਦੀ ਰਚਨਾ ਕਰਨ ਵਾਲੇ ਅਕਾਲ ਪੁਰਖ ਨੇ ਆਪ ਸਤਿਗੁਰੂ ਦੇ ਮੁੱਖ ਤੋਂ ਕਢਵਾਇਆ ਹੈ। ਇਹੀ ਨਹੀਂ, ਗੁਰੂ ਰਾਮਦਾਸ ਜੀ ਨੇ ਇੱਕ ਹੋਰ ਥਾਂ 'ਤੇ ਬਾਣੀ ਨੂੰ ਗੁਰੂ ਅਤੇ ਗੁਰੂ ਨੂੰ ਬਾਣੀ ਕਿਹਾ ਹੈ। ਇਸ ਸਲੋਕ ਵਿਚ ਗੁਰੂ ਰਾਮਦਾਸ ਫੁਰਮਾ ਰਹੇ ਹਨ ਕਿ ਜਿਨ੍ਹਾਂ ਉਤੇ ਅਕਾਲ ਪੁਰਖ ਦੀ ਬਖਸ਼ਿਸ਼ ਹੁੰਦੀ ਹੈ, ਉਨ੍ਹਾਂ ਦੀ ਸ਼ੋਭਾ ਉਹ ਆਪ ਵਧਾਉਂਦਾ ਹੈ। ਜਿਨ੍ਹਾਂ ਨੂੰ ਵਡਿਆਈ ਬਖਸ਼ਦਾ ਹੈ, ਫਿਰ ਸੰਸਾਰ ਨੂੰ ਆਪ ਲਿਆ ਕੇ ਉਨ੍ਹਾਂ ਦੇ ਚਰਨਾਂ ਵਿਚ ਪਾਉਂਦਾ ਹੈ, ਅਕਾਲ ਪੁਰਖ ਦੀ ਮਿਹਰ ਸਦਕਾ ਸੰਸਾਰ ਉਨ੍ਹਾਂ ਦੇ ਪੈਰਾਂ ਵਿਚ ਸੀਸ ਨਿਵਾਉਂਦਾ ਹੈ। ਇਸ ਵਡਿਆਈ ਨੂੰ ਆਉਂਦਾ ਦੇਖ ਕੇ ਡਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਤਾਂ ਅਕਾਲ ਪੁਰਖ ਦੀ ਖੇਡ ਹੈ, ਡਰੀਏ ਤਾਂ ਜੇ ਆਪਣੇ ਵੱਲੋਂ ਕੁੱਝ ਕਰਦੇ ਹੋਈਏ ਇਹ ਤਾਂ ਉਸ ਦੀ ਬਖਸ਼ਿਸ਼ ਹੈ, ਉਸ ਦਾ ਰਚਿਆ ਕੌਤਕ ਹੈ। ਇਹ ਸੰਸਾਰ ਉਸ ਸੱਚੇ ਅਕਾਲ ਪੁਰਖ ਦਾ ਇੱਕ ਅਖਾੜਾ ਹੈ ਜਿਸ ਨੇ ਸੰਸਾਰ ਦੇ ਲੋਕਾਂ ਨੂੰ ਸਤਿਗੁਰੂ ਅੱਗੇ ਨਿਵਾਇਆ ਹੈ। ਉਹ ਜੋ ਸਭ ਦਾ ਮਾਲਕ ਹੈ, ਸੁਆਮੀ ਹੈ, ਉਹ ਆਪਣੇ ਭਗਤਾਂ ਦੀ ਆਪ ਰੱਖਿਆ ਕਰਦਾ ਹੈ ਅਤੇ ਭਗਤਾਂ ਦੀ ਨਿੰਦਿਆ ਕਰਨ ਵਾਲੇ ਦੇ ਮੂੰਹ 'ਤੇ ਫਿਟਕਾਰ ਵੀ ਆਪ ਹੀ ਪਾਉਂਦਾ ਹੈ। ਸਤਿਗੁਰੂ ਦੀ ਵਡਿਆਈ, ਉਸ ਦੀ ਮਹਿਮਾ ਦਿਨ ਰਾਤ ਸਦਾ ਵਧਦੀ ਰਹਿੰਦੀ ਹੈ ਕਿਉਂਕਿ ਸੰਸਾਰ ਦੀ ਰਚਨਾ ਕਰਨ ਵਾਲਾ ਆਪਣੀ ਕੀਰਤੀ ਅਤੇ ਭਗਤੀ ਹਰ ਸਮੇਂ ਸਤਿਗੁਰ ਪਾਸੋਂ ਕਰਵਾਉਂਦਾ ਹੈ,

ਜਿਨ ਕਉ ਆਪਿ ਦੇਇ ਵਡਿਆਈ ਜਗਤੁ ਭੀ
ਆਪੇ ਆਣਿ ਤਿਨ ਕਉ ਪੈਰੀ ਪਾਏ॥
ਡਰੀਐ ਤਾਂ ਜੇ ਕਿਛੁ ਆਪ ਦੂ ਕੀਚੈ
ਸਭੁ ਕਰਤਾ ਆਪਣੀ ਕਲਾ ਵਧਾਏ॥
ਦੇਖਹੁ ਭਾਈ ਏਹੁ ਅਖਾੜਾ ਹਰਿ ਪ੍ਰੀਤਮ ਸਚੇ ਕਾ
ਜਿਨਿ ਆਪਣੈ ਜੋਰਿ ਸਭਿ ਆਣਿ ਨਿਵਾਏ॥
ਆਪਣਿਆ ਭਗਤਾ ਕੀ ਰਖ ਕਰੇ ਹਰਿ ਸੁਆਮੀ
ਨਿੰਦਕਾ ਦੁਸਟਾ ਕੇ ਮੁਹ ਕਾਲੇ ਕਰਾਏ॥
ਸਤਿਗੁਰ ਕੀ ਵਡਿਆਈ ਨਿਤ ਚੜੈ ਸਵਾਈ
ਹਰਿ ਕੀਰਤਿ ਭਗਤਿ ਨਿਤ ਆਪਿ ਕਰਾਏ॥

ਗੁਰੂ ਰਾਮਦਾਸ ਗੁਰੂ ਦੇ ਸਿੱਖਾਂ ਨੂੰ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦਾ ਆਦੇਸ਼ ਦਿੰਦੇ ਹਨ ਤਾਂ ਕਿ ਸਿਰਜਣਹਾਰ ਅਕਾਲ ਪੁਰਖ ਸਤਿਗੁਰੂ ਨੂੰ ਉਨ੍ਹਾਂ ਦੇ ਹਿਰਦੇ ਵਿਚ ਵਸਾ ਦੇਵੇ (ਸਤਿਗੁਰੂ ਨੂੰ ਹਿਰਦੇ ਵਿਚ ਵਸਾਉਣ ਦਾ ਅਰਥ ਹੈ- ਰੱਬੀ ਬਾਣੀ ਦਾ ਮਨੁੱਖ ਦੇ ਹਿਰਦੇ ਵਿਚ ਟਿਕ ਜਾਣਾ। ਇਹ ਅਗਲੀ ਪੰਕਤੀ ਤੋਂ ਸਪਸ਼ਟ ਹੋ ਜਾਂਦਾ ਹੈ)। ਅੱਗੇ ਆਦੇਸ਼ ਕੀਤਾ ਗਿਆ ਹੈ ਕਿ ਸਤਿਗੁਰੂ ਦੀ ਬਾਣੀ ਨੂੰ ਨਿਰੋਲ ਸੱਚ ਜਾਣ ਕੇ ਆਪਣੇ ਹਿਰਦੇ ਵਿਚ ਵਸਾਉ ਕਿਉਂਕਿ ਇਸ ਬਾਣੀ ਦਾ ਸੋਮਾ ਸਿਰਜਣਹਾਰ ਆਪ ਹੈ ਅਤੇ ਇਸ ਨੂੰ ਸਤਿਗੁਰੂ ਦੇ ਮੁੱਖ ਤੋਂ ਉਹੀ ਉਚਾਰਨ ਕਰਵਾਉਂਦਾ ਹੈ। ਉਹ ਸਿਰਜਣਹਾਰ ਜੋ ਸਭ ਦਾ ਪਿਆਰਾ ਹੈ ਗੁਰੂ ਦੇ ਸਿੱਖਾਂ ਦੇ ਮੂੰਹ ਆਪ ਉਜਲੇ ਕਰਦਾ ਹੈ ਅਤੇ ਸਾਰੇ ਸੰਸਾਰ ਵਿਚ ਸਤਿਗੁਰ ਦੀ ਜੈ ਜੈ ਕਾਰ ਕਰਾਉਂਦਾ ਹੈ ਅਰਥਾਤ ਜਿੱਤ ਕਰਵਾਉਂਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਪਰਵਰਦਗਾਰ ਦੇ ਸੇਵਕ ਹਨ ਅਤੇ ਪਰਮਾਤਮਾ ਆਪਣੇ ਸੇਵਕਾਂ ਦੀ ਸਦਾ ਲਾਜ ਰੱਖਦਾ ਆਇਆ ਹੈ,

ਅਨਦਿਨੁ ਨਾਮੁ ਜਪਹੁ ਗੁਰਸਿਖਹੁ
ਹਰਿ ਕਰਤਾ ਸਤਿਗੁਰੁ ਘਰੀ ਵਸਾਏ॥
ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥
ਜਨੁ ਨਾਨਕੁ ਹਰਿ ਕਾ ਦਾਸੁ ਹੈ
ਹਰਿ ਦਾਸਨ ਕੀ ਹਰਿ ਪੈਜ ਰਖਾਏ॥
(ਪੰਨਾ ੩੦੮)

ਅੱਗੇ ਪਉੜੀ ਵਿਚ ਗੁਰੂ ਸਾਹਿਬ ਅਕਾਲ ਪੁਰਖ ਬਾਰੇ ਦੱਸਦੇ ਹਨ ਕਿ ਉਹ ਪਰਵਰਦਗਾਰ ਸਦਾ ਕਾਇਮ ਰਹਿਣ ਵਾਲੀ ਹਸਤੀ ਹੈ ਅਤੇ ਸਭ ਦਾ ਸੱਚਾ ਮਾਲਕ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਉਹ ਤਾਂ ਉਸ ਸੱਚੇ ਪਰਮਾਤਮਾ ਦੇ ਵਣਜਾਰੇ ਹਨ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਹ ਉਨ੍ਹਾਂ ਨੂੰ ਦ੍ਰਿੜ ਕਰਵਾਏ ਕਿ ਉਸ ਦਾ ਨਾਮ ਹੀ ਸੱਚੀ ਪੂੰਜੀ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਉਹ ਮਨੁੱਖ ਜੋ ਸਤਿਗੁਰ ਦੇ ਸ਼ਬਦ ਰਾਹੀਂ ਸੁਆਰੇ ਹੋਏ ਸੇਵਕ ਸੁਭਾਅ ਵਾਲੇ ਅਰਥਾਤ ਨਿਮਰ ਹੋ ਜਾਂਦੇ ਹਨ ਅਤੇ ਸੇਵਕ ਹੋ ਕੇ ਹੀ ਉਸ ਅਕਾਲ ਪੁਰਖ ਨੂੰ ਮਿਲਦੇ ਹਨ। ਜਿਹੜੇ ਮਨੁੱਖ ਉਸ ਸੱਚੇ ਪਰਵਰਦਗਾਰ ਦੇ ਨਾਮ ਦਾ ਸਿਮਰਨ ਕਰਦੇ ਹਨ, ਉਹ ਸੱਚੇ ਨਾਮ ਦਾ ਸੌਦਾ ਖਰੀਦਦੇ ਹਨ ਅਤੇ ਉਸ ਸਭ ਤੋਂ ਨਿਆਰੀ ਹਸਤੀ ਪਰਮਾਤਮਾ ਦੇ ਗੁਣ ਗਾਉਂਦੇ ਹਨ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਹੇ ਅਕਾਲ ਪੁਰਖ ਤੂੰ ਹੀ ਸੱਚਾ ਮਾਲਕ ਹੈਂ ਜਿਸ ਦੀ ਸੋਝੀ ਹੋ ਸਕਣੀ ਮੁਸ਼ਕਿਲ ਹੈ ਪਰ ਤੇਰੀ ਸੋਝੀ ਸਤਿਗੁਰੂ ਦੇ ਸ਼ਬਦ ਦੁਆਰਾ ਹੋ ਜਾਂਦੀ ਹੈ,

ਤੂ ਸਚਾ ਸਾਹਿਬੁ ਆਪਿ ਹੈ
ਸਚੁ ਸਾਹ ਹਮਾਰੇ॥
ਸਚੁ ਪੂਜੀ ਨਾਮੁ ਦ੍ਰਿੜਾਇ
ਪ੍ਰਭ ਵਣਜਾਰੇ ਥਾਰੇ॥
ਸਚੁ ਸੇਵਹਿ ਸਚੁ ਵਣੰਜਿ ਲੈਹਿ
ਗੁਣ ਕਥਹਿ ਨਿਰਾਰੇ॥
ਸੇਵਕ ਭਾਇ ਸੇ ਜਨ ਮਿਲੇ
ਗੁਰ ਸਬਦਿ ਸਵਾਰੇ॥
ਤੂ ਸਚਾ ਸਾਹਿਬੁ ਅਲਖੁ ਹੈ
ਗੁਰ ਸਬਦਿ ਲਖਾਰੇ॥੧੪॥

ਅਗਲੇ ਸਲੋਕ ਵਿਚ ਗੁਰੂ ਰਾਮਦਾਸ ਦੱਸਦੇ ਹਨ ਕਿ ਦੂਸਰਿਆਂ ਪ੍ਰਤੀ ਮਨ ਵਿਚ ਈਰਖਾ ਕਰਨੀ ਚੰਗੀ ਨਹੀਂ ਹੁੰਦੀ। ਗੁਰਮਤਿ ਦਰਸ਼ਨ ਵਿਚ ਨਿੰਦਾ-ਚੁਗ਼ਲੀ, ਈਰਖਾ, ਹਉਮੈ, ਲੋਭ, ਮੋਹ ਆਦਿ ਨੂੰ ਅਜਿਹੇ ਔਗੁਣ ਮੰਨਿਆ ਗਿਆ ਹੈ ਜਿਹੜੇ ਮਨੁੱਖ ਦੀ ਅਧਿਆਤਮਕਤਾ ਦੇ ਰਸਤੇ ਦੇ ਰੋੜੇ ਹਨ, ਉਸ ਦੇ ਵਿਅਕਤਿਤਵ ਨੂੰ ਨਾਂਹ-ਮੁਖੀ ਬਣਾ ਦਿੰਦੇ ਹਨ। ਇਸੇ ਦਾ ਜ਼ਿਕਰ ਕਰਦੇ ਹਨ ਕਿ ਜਿਹੜੇ ਮਨੁੱਖਾਂ ਦੇ ਮਨ 'ਚ ਦੂਜਿਆਂ ਪ੍ਰਤੀ ਈਰਖਾ ਹੁੰਦੀ ਹੈ ਉਨ੍ਹਾਂ ਲੋਕਾਂ ਦਾ ਕਦੇ ਭਲਾ ਨਹੀਂ ਹੋ ਸਕਦਾ ਕਿਉਂਕਿ ਉਹ ਆਪ ਭਲੇ ਵਾਲਾ ਕੰਮ ਕਰ ਹੀ ਨਹੀਂ ਸਕਦੇ। ਅਜਿਹੇ ਮਨੁੱਖਾਂ ਦੇ ਕੋਈ ਵੀ ਨੇੜੇ ਨਹੀਂ ਲੱਗਦਾ ਅਤੇ ਨਾ ਹੀ ਉਨ੍ਹਾਂ ਦੀ ਗੱਲ ਕੋਈ ਸੁਣਦਾ ਹੈ ਕਿਉਂਕਿ ਹਰ ਇੱਕ ਨੂੰ ਉਨ੍ਹਾਂ ਦੇ ਨਿੰਦਿਆਂ ਵਾਲੇ ਸੁਭਾਅ ਦਾ ਪਤਾ ਹੁੰਦਾ ਹੈ, ਆਪਣੇ ਇਸ ਈਰਖਾਲੂ ਸੁਭਾਅ ਕਾਰਨ ਉਹ ਦੁਨੀਆਂ ਵਿਚ ਇਕੱਲੇ ਰਹਿ ਜਾਂਦੇ ਹਨ। ਅਜਿਹਾ ਈਰਖਾਲੂ ਮਨੁੱਖ ਦੂਸਰਿਆਂ ਦੀ ਝੂਠੀ ਚੁਗ਼ਲੀ-ਨਿੰਦਾ ਕਰਦਾ ਹੈ ਜਿਸ ਕਰਕੇ ਉਹ ਚੁਗਲ, ਨਿੰਦਕ ਵਜੋਂ ਮਸ਼ਹੂਰ ਹੋ ਜਾਂਦਾ ਹੈ। ਆਪਣੀ ਇਸ ਮਾੜੀ ਆਦਤ ਕਾਰਨ ਉਹ ਕਿਸੇ ਦੇ ਮੱਥੇ ਨਹੀਂ ਲੱਗ ਸਕਦਾ ਅਤੇ ਮੂੰਹ 'ਤੇ ਨਿੰਦਾ-ਰੂਪੀ ਕਾਲਖ ਮਲ ਲੈਂਦਾ ਹੈ,

ਜਿਸੁ ਅੰਦਰਿ ਤਾਤਿ ਪਰਾਈ ਹੋਵੈ
ਤਿਸ ਦਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ
ਨਿਤ ਓਜਾੜੀ ਪੂਕਾਰੇ ਖਲਾ॥
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ
ਕੀਤਾ ਕਰਤਿਆ ਓਸ ਦਾ ਸਭੁ ਗਇਆ॥
ਨਿਤੁ ਚੁਗਲੀ ਕਰੇ ਅਣਹੋਦੀ ਪਰਾਈ
ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥

ਗੁਰੂ ਸਾਹਿਬ ਨੇ ਮਨੁੱਖ ਦੇ ਇਸ ਜਨਮ ਵਿਚ ਮਿਲੇ ਹੋਏ ਸਰੀਰ ਨੂੰ ਜ਼ਮੀਨ ਕਿਹਾ ਹੈ ਜਿਸ ਵਿਚ ਮਨੁੱਖ ਕਰਮ-ਰੂਪੀ ਬੀਜ ਬੀਜਦਾ ਹੈ। ਧਰਤੀ ਵਿਚ ਜਿਸ ਕਿਸਮ ਦਾ ਬੀਜ ਪਾਈਏ ਉਸੇ ਕਿਸਮ ਦੀ ਫ਼ਸਲ ਉਗਦੀ ਹੈ। ਇਸੇ ਤਰ੍ਹਾਂ ਇਸ ਸਰੀਰ-ਰੂਪੀ ਜ਼ਮੀਨ ਵਿਚ ਜਿਸ ਕਿਸਮ ਦੇ ਕਰਮਾਂ ਦਾ ਮਨੁੱਖ ਬੀਜ ਪਾਏਗਾ ਉਸੇ ਕਿਸਮ ਦਾ ਫਲ ਪ੍ਰਾਪਤ ਕਰੇਗਾ। ਜੇ ਚੰਗੇ ਕਰਮ ਕਰੇਗਾ ਤਾਂ ਚੰਗਾ ਫਲ ਮਿਲੇਗਾ ਅਤੇ ਜੇ ਕਰ ਈਰਖਾ, ਚੁਗ਼ਲੀ ਵਰਗੇ ਮਾੜੇ ਕਰਮ ਕਰੇਗਾ ਤਾਂ ਮਾੜਾ ਫਲ ਪ੍ਰਾਪਤ ਕਰੇਗਾ। ਮਹਿਜ ਗੱਲਾਂ ਰਾਹੀਂ ਚੰਗਾ ਫਲ ਨਹੀਂ ਮਿਲ ਸਕਦਾ, ਗੱਲਾਂ ਕਰਨ ਨਾਲ ਹੀ ਕੋਈ ਅਧਿਆਤਮਕ ਨਹੀਂ ਬਣ ਜਾਂਦਾ। ਜੇਕਰ ਕੋਈ ਜ਼ਹਿਰ ਖਾਂਦਾ ਹੈ ਤਾਂ ਉਸ ਦਾ ਨਤੀਜਾ ਤੁਰਤ ਮਰ ਜਾਣ ਵਿਚ ਹੀ ਨਿਕਲਦਾ ਹੈ।

ਗੁਰੂ ਰਾਮਦਾਸ ਮਨੁੱਖ ਨੂੰ ਚੇਤੰਨ ਕਰਦੇ ਹਨ ਕਿ ਹੇ ਭਾਈ! ਇਹ ਸੱਚੇ ਪਰਵਰਦਗਾਰ ਦਾ ਨਿਆਂ ਹੈ ਕਿ ਮਨੁੱਖ ਜਿਸ ਕਿਸਮ ਦੇ ਕਰਮ ਕਰੇਗਾ, ਉਸ ਦਾ ਫਲ ਵੀ ਉਹੋ ਜਿਹਾ ਹੀ ਪ੍ਰਾਪਤ ਕਰੇਗਾ। ਆਪਣੇ ਆਪ ਨੂੰ ਸੰਬੋਧਨ ਕਰਦੇ ਹਨ ਕਿ ਜਿਸ ਮਨੁੱਖ ਨੂੰ ਪਰਮਾਤਮਾ ਇਸ ਤੱਥ ਨੂੰ ਸਮਝਣ ਦੀ ਬੁੱਧੀ ਬਖਸ਼ਿਸ਼ ਕਰਦਾ ਹੈ, ਉਹ ਮਨੁੱਖ ਪਰਮਾਤਮਾ ਦੇ ਦਰ ਦੀਆਂ ਇਹ ਗੱਲਾਂ ਕਰਕੇ ਸੁਣਾਉਂਦਾ ਹੈ ਅਰਥਾਤ ਦੂਸਰਿਆਂ ਨੂੰ ਵੀ ਇਹ ਗੱਲਾਂ ਸਮਝਾਉਂਦਾ ਹੈ,

ਕਰਮ ਧਰਤੀ ਸਰੀਰੁ ਕਲਿਜੁਗ ਵਿਚਿ
ਜੇਹਾ ਕੋ ਬੀਜੇ ਤੇਹਾ ਕੋ ਖਾਏ॥
ਗਲਾ ਉਪਰਿ ਤਪਾਵਸੁ ਨ ਹੋਈ
ਵਿਸੁ ਖਾਧੀ ਤਤਕਾਲਿ ਮਰਿ ਜਾਏ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ
ਜੇਹਾ ਕੋਈ ਕਰੇ ਤੇਹਾ ਕੋਈ ਪਾਏ॥
ਜਨ ਨਾਨਕ ਕਉ ਸਭ ਸੋਝੀ ਪਾਈ
ਹਰਿ ਦਰ ਕੀਆ ਬਾਤਾ ਆਖਿ ਸੁਣਾਏ॥੧॥
(ਪੰਨਾ ੩੦੮)

ਅਗਲੇ ਸਲੋਕ 'ਚ ਦੱਸਿਆ ਗਿਆ ਹੈ ਕਿ ਸਤਿਗੁਰੂ ਦੇ ਪ੍ਰਤੱਖ ਹੁੰਦਿਆਂ ਹੋਇਆਂ ਵੀ ਜੋ ਨਿੰਦਕ ਕਿਸਮ ਦੇ ਮਨੁੱਖ ਗੁਰੂ ਤੋਂ ਵਿਛੜੇ ਰਹਿੰਦੇ ਹਨ ,ਉਨ੍ਹਾਂ ਨੂੰ ਅੱਗੇ ਦਰਗਾਹ ਵਿਚ ਢੋਈ ਨਹੀਂ ਮਿਲਦੀ। ਭਾਵ ਮਨੁੱਖ ਨੂੰ ਪਤਾ ਹੈ ਕਿ ਸਤਿਗੁਰੂ ਹੈ ਅਤੇ ਉਸ ਤੋਂ ਅਗਵਾਈ ਲਈ ਜਾ ਸਕਦੀ ਹੈ ਫਿਰ ਵੀ ਜੇ ਮਨੁੱਖ ਉਸ ਤੋਂ ਦੂਰ ਰਹਿੰਦਾ ਹੈ, ਚੰਗੀ ਸੰਗਤ ਨਹੀਂ ਕਰਦਾ, ਫਿਰ ਉਸ ਨੂੰ ਸੱਚੇ ਅਕਾਲ ਪੁਰਖ ਦੀ ਸ਼ਰਨ ਪ੍ਰਾਪਤ ਨਹੀਂ ਹੁੰਦੀ। ਜੇ ਕੋਈ ਦੂਸਰਾ ਅਜਿਹੇ ਨਿੰਦਕਾਂ ਦੀ ਸੰਗਤ ਕਰਦਾ ਹੈ, ਉਸ ਦਾ ਮੂੰਹ ਵੀ ਫਿੱਕਾ ਹੋ ਜਾਂਦਾ ਹੈ ਅਤੇ ਉਸ ਨੂੰ ਵੀ ਲੋਕਾਂ ਦੀ ਫਿਟਕਾਰ ਮੂੰਹ 'ਤੇ ਹੀ ਸੁਣਨੀ ਪੈਂਦੀ ਹੈ। ਜਿਹੜੇ ਮਨੁੱਖ ਗੁਰੂ ਤੋਂ ਵਿਛੜੇ ਹੋਏ ਹਨ ਅਰਥਾਤ ਨਿੰਦਾ ਦੇ ਸੁਭਾਅ ਕਾਰਨ ਗੁਰੂ ਤੋਂ ਦੂਰ ਹਨ, ਉਨ੍ਹਾਂ ਨੂੰ ਦੁਨੀਆਂ ਵੀ ਫਿਟਕਾਰਦੀ ਹੈ ਅਤੇ ਉਹ ਸਦਾ ਡਾਵਾਂਡੋਲ ਹਾਲਤ ਵਿਚ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਕੋਈ ਪਸੰਦ ਨਹੀਂ ਕਰਦਾ,

ਹੋਦੈ ਪਰਤਖਿ ਗੁਰੂ ਜੋ ਵਿਛੁੜੇ
ਤਿਨ ਕਉ ਦਰਿ ਢੋਈ ਨਾਹੀ॥
ਕੋਈ ਜਾਇ ਮਿਲੈ ਤਿਨ ਨਿੰਦਕਾ
ਮੁਹ ਫਿਕੇ ਥੁਕ ਥੁਕ ਮੁਹਿ ਪਾਹੀ॥
ਜੋ ਸਤਿਗੁਰਿ ਫਿਟਕੇ ਸੇ
ਸਭ ਜਗਤਿ ਫਿਟਕੇ ਨਿਤ ਭੰਭਲ ਭੂਸੇ ਖਾਹੀ॥

ਅੱਗੇ ਦੱਸਿਆ ਹੈ ਕਿ ਸਤਿਗੁਰੂ ਅਰਥਾਤ ਪੂਰੇ ਗੁਰੂ ਦੀ ਨਿੰਦਿਆ ਕਰਨ ਵਾਲੇ ਮਨੁੱਖ ਮਾਨਸਿਕ ਤੌਰ 'ਤੇ ਕਦੇ ਸੁਖੀ ਨਹੀਂ ਰਹਿ ਸਕਦੇ। ਉਨ੍ਹਾਂ ਦੀ ਹਾਲਤ ਇਵੇਂ ਹੁੰਦੀ ਹੈ ਜਿਵੇਂ ਧਾਹਾਂ ਮਾਰਦੇ ਫਿਰ ਰਹੇ ਹੋਣ। ਉਨ੍ਹਾਂ ਦੀ ਤ੍ਰਿਸ਼ਨਾ ਕਦੇ ਸ਼ਾਂਤ ਨਹੀਂ ਹੁੰਦੀ ਇਸ ਲਈ ਹੋਰ ਹੋਰ ਦੀ ਪ੍ਰਾਪਤੀ ਦੀ ਹੋੜ ਉਨ੍ਹਾਂ ਦੇ ਮਨ ਵਿਚ ਲੱਗੀ ਰਹਿੰਦੀ ਹੈ। ਅਜਿਹੇ ਮਨੁੱਖਾਂ ਦੀ ਕਹੀ ਹੋਈ ਗੱਲ ਨੂੰ ਕੋਈ ਵੀ ਸੁਣਦਾ ਨਹੀਂ ਅਤੇ ਨਾ ਹੀ ਇਤਬਾਰ ਕਰਦਾ ਹੈ (ਕਿਉਂਕਿ ਨਿੰਦਕ ਝੂਠੇ ਹੁੰਦੇ ਹਨ ਤੇ ਕੋਈ ਉਨ੍ਹਾਂ 'ਤੇ ਇਤਬਾਰ ਨਹੀਂ ਕਰਦਾ) ਇਸ ਲਈ ਉਨ੍ਹਾਂ ਦੇ ਮਨ ਨੂੰ ਸਦਾ ਚਿੰਤਾ ਲੱਗੀ ਰਹਿੰਦੀ ਹੈ, ਉਹ ਸਦੀਵ ਫ਼ਿਕਰ ਵਿਚ ਮਨ ਨੂੰ ਸਾੜਦੇ ਰਹਿੰਦੇ ਹਨ,

ਜਿਨ ਗੁਰੁ ਗੋਪਿਆ ਆਪਣਾ
ਸੇ ਲੈਦੇ ਢਹਾ ਫਿਰਾਹੀ॥
ਤਿਨ ਕੀ ਭੁਖ ਕਦੇ ਨ ਉਤਰੈ
ਭੁਖਾ ਭੁਖ ਕੂਕਾਹੀ॥
ਓਨਾ ਦਾ ਆਖਿਆ ਕੋ ਨਾ ਸੁਣੈ
ਨਿਤ ਹਉਲੇ ਹਉਲਿ ਮਰਾਹੀ॥

ਸਤਿਗੁਰੂ ਲੋਕਾਂ ਨੂੰ ਜੀਵਨ ਜਾਚ ਸਿਖਾਉਂਦੇ ਹਨ, ਇਸ ਲਈ ਲੋਕ ਗੁਰੂ ਦੀ ਵਡਿਆਈ ਕਰਦੇ ਹਨ, ਪ੍ਰਸ਼ੰਸਾ ਕਰਦੇ ਹਨ ਪਰ ਨਿੰਦਕ ਗੁਰੂ ਦੀ ਵਡਿਆਈ ਦੇਖ ਕੇ ਉਸ ਨੂੰ ਜਰ ਨਹੀਂ ਸਕਦੇ ਕਿਉਂਕਿ ਉਨ੍ਹਾਂ ਦੇ ਮਨ ਵਿਚ ਸਤਿਗੁਰੂ ਪ੍ਰਤੀ ਖਾਸ ਕਿਸਮ ਦੀ ਈਰਖਾ ਹੁੰਦੀ ਹੈ। ਪਰ ਅਜਿਹੇ ਈਰਖਾਲੂ ਮਨੁੱਖਾਂ ਨੂੰ ਨਾ ਇਸ ਲੋਕ ਵਿਚ ਅਤੇ ਨਾ ਹੀ ਪ੍ਰਲੋਕ ਵਿਚ ਕੋਈ ਟਿਕਾਣਾ ਮਿਲਦਾ ਹੈ। ਉਹ ਆਪਣਾ ਹਲਤ ਅਤੇ ਪਲਤ- ਦੋਵੇਂ ਗੁਆ ਲੈਂਦੇ ਹਨ। ਅਜਿਹੇ ਮਨੁੱਖਾਂ ਨੂੰ ਜੋ ਕੋਈ ਵੀ ਹੋਰ ਜਾ ਕੇ ਮਿਲਦਾ ਹੈ, ਉਹ ਵੀ ਆਪਣੀ ਇੱਜ਼ਤ ਗੁਆ ਲੈਂਦਾ ਹੈ, ਉਸ ਦਾ ਸਤਿਕਾਰ ਵੀ ਚਲਿਆ ਜਾਂਦਾ ਹੈ। ਗੁਰੂ ਤੋਂ ਖੁੰਝੇ ਹੋਏ ਮਨੁੱਖ (ਆਪਣੇ ਨਿੰਦਕ ਸੁਭਾਅ ਕਾਰਨ) ਪਹਿਲਾਂ ਹੀ ਕੋਹੜੇ ਹਨ, ਜਿਹੜਾ ਕੋਈ ਦੂਸਰਾ ਜਾ ਕੇ ਉਨ੍ਹਾਂ ਦੀ ਸੰਗਤ ਕਰਦਾ ਹੈ, ਉਸ ਨੂੰ ਨਿੰਦਾ-ਰੂਪੀ ਕੋਹੜ ਲਾ ਦਿੰਦੇ ਹਨ,

ਸਤਿਗੁਰ ਕੀ ਵਡਿਆਈ ਵੇਖਿ ਨ ਸਕਨੀ
ਓਨ੍ਹਾ ਅਗੈ ਪਿਛੈ ਥਾਉ ਨਾਹੀ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ
ਰਹਦੀ ਖੁਹਦੀ ਸਭ ਪਤਿ ਗਵਾਹੀ॥
ਓਇ ਅਗੈ ਕੁਸਟੀ ਗੁਰ ਕੇ ਫਿਟਕੇ
ਜਿ ਓਸੁ ਮਿਲੈ ਤਿਸੁ ਕੁਸਟੁ ਉਠਾਹੀ॥

ਗੁਰੂ ਰਾਮਦਾਸ ਅਜਿਹੇ ਨਿੰਦਕ ਕਿਸਮ ਦੇ ਲੋਕਾਂ ਦੀ ਸੰਗਤ ਕਰਨ ਤੋਂ ਪ੍ਰਹੇਜ਼ ਕਰਨ ਦੀ ਸਿੱਖਿਆ ਦਿੰਦੇ ਹਨ, ਮਨੁੱਖ ਨੂੰ ਸੁਚੇਤ ਕਰਦੇ ਹਨ ਕਿ ਅਜਿਹੇ ਲੋਕਾਂ ਤੋਂ ਦੂਰ ਰਹੋ ਜਿਹੜੇ ਅਧਿਆਤਮਕਤਾ ਦੇ ਰਸਤੇ ਨੂੰ ਛੱਡ ਕੇ ਮਾਇਆ ਨਾਲ ਪ੍ਰੇਮ ਕਰਦੇ ਹਨ। ਅਜਿਹੇ ਮਨੁੱਖਾਂ ਦਾ ਸੁਧਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਦੇ ਕੀਤੇ ਕਰਮਾਂ ਅਨੁਸਾਰ ਹੀ ਕਰਤਾ ਪੁਰਖ ਨੇ ਉਨ੍ਹਾਂ ਦੇ ਅਜਿਹੇ ਸੰਸਕਾਰ ਬਣਾ ਦਿੱਤੇ ਹਨ। ਗੁਰੂ ਸਾਹਿਬ ਆਪਣੇ ਮਨ ਨੂੰ ਸਮਝਾਉਂਦੇ ਹਨ ਕਿ ਹੇ ਮਨ! ਕਰਤਾ ਪੁਰਖ ਦੇ ਨਾਮ ਦਾ ਸਿਮਰਨ ਕਰ ਜਿਸ ਦੇ ਬਰਾਬਰ ਕੋਈ ਨਹੀਂ ਪਹੁੰਚ ਸਕਦਾ। ਕਰਤਾ ਪੁਰਖ ਦੇ ਨਾਮ ਦੀ ਬਹੁਤ ਮਹਿਮਾ ਹੈ ਅਤੇ ਇਹ ਮਹਿਮਾ ਦਿਨੋ-ਦਿਨ ਵਧਦੀ ਹੈ। ਭਾਵ ਪਰਮਾਤਮਾ ਦੇ ਨਾਮ ਸਿਮਰਨ ਰਾਹੀਂ ਮਨੁੱਖ ਦੇ ਅੰਦਰ ਚੰਗੇ ਗੁਣਾਂ ਦਾ ਸੰਚਾਰ ਹੁੰਦਾ ਹੈ, ਮਨੁੱਖ ਚੰਗੇ ਗੁਣਾਂ ਨੂੰ ਅੰਦਰ ਵਸਾਉਂਦਾ ਹੈ ਅਤੇ ਆਪਣੇ ਗੁਣਾਂ ਕਾਰਨ ਸੰਸਾਰ ਵਿਚ ਮਾਣ-ਇੱਜ਼ਤ ਪ੍ਰਾਪਤ ਕਰਦਾ ਹੈ,

ਹਰਿ ਤਿਨ ਕਾ ਦਰਸਨੁ ਨਾ ਕਰਹੁ
ਜੋ ਦੂਜੈ ਭਾਇ ਚਿਤੁ ਲਾਹੀ॥
ਧੁਰਿ ਕਰਤੈ ਆਪਿ ਲਿਖਿ ਪਾਇਆ
ਤਿਸੁ ਨਾਲਿ ਕਿਹੁ ਚਾਰਾ ਨਾਹੀ॥
ਜਨ ਨਾਨਕ ਨਾਮੁ ਅਰਾਧਿ ਤੂ
ਤਿਸੁ ਅਪੜਿ ਕੋ ਨ ਸਕਾਹੀ॥
ਨਾਵੈ ਕੀ ਵਡਿਆਈ ਵਡੀ ਹੈ
ਨਿਤ ਸਵਾਈ ਚੜੈ ਚੜਾਹੀ॥੨॥
(ਪੰਨਾ ੩੦੮-੩੦੯)

# ਭਗਤਿ, ਭਗਤੁ ਅਤੇ ਭਗਤ

**ਭਗਤਿ:**

ਇਹ ਸ਼ਬਦ ਸਿਹਾਰੀ ਬੋਲਣ ਕਰਕੇ ਹੀ ਇਸਤਰੀ ਲਿੰਗ ਭਾਵ-ਵਾਚਕ ਨਾਂਵ ਇੱਕ ਵਚਨ ਹੈ ਤੇ 656 ਵਾਰ ਬਾਣੀਕਾਰਾਂ ਨੇ ਵਰਤਿਆ ਹੈ। ਇਹ ਦਾ ਪਾਠ 'ਭਗਤੁ' ਜਾਂ 'ਭਗਤ' ਨਹੀਂ ਜੋ ਸ਼ਬਦ-ਜੋੜ ਅਤੇ ਅਰਥ ਭੇਦ ਕਰਕੇ ਵੱਖਰੇ ਸ਼ਬਦ ਹਨ।

ਤੇਰੀ ਭਗਤਿ ਤੇਰੀ ਭਗਤਿ ਭੰਡਾਰ ਜੀ ਭਰੇ ਬਿਅੰਤ ਬੇਅੰਤਾ॥ (ਪੰਨਾ 8)

ਪ੍ਰੋ. ਕਸ਼ਮੀਰਾ ਸਿੰਘ
ਫੋਨ: 801-414-0171

ਵਿਚਾਰ- 'ਤੇਰੀ' ਸ਼ਬਦ ਇਸਤਰੀ ਲਿੰਗ ਪੜਨਾਂਵ ਹੈ ਜਿਸ ਤੋਂ ਬਾਅਦ ਲਿਖਿਆ ਸ਼ਬਦ ਪੁਲਿੰਗ ਆਵਾਜ਼ ਵਾਲਾ ਨਹੀਂ ਹੋ ਸਕਦਾ। ਇਸ ਤਰ੍ਹਾਂ 'ਤੇਰੀ ਭਗਤਿ' ਨੂੰ 'ਤੇਰੀ ਭਗਤ' ਪੜ੍ਹਨਾ ਵਿਆਕਰਣ ਦੇ ਨੇਮਾ ਤੋਂ ਕੋਰਾ ਅਗਿਆਨ ਪ੍ਰਗਟ ਕਰਦਾ ਹੈ। ਜੇ 'ਤੇਰੀ ਮੁੰਡਾ', 'ਤੇਰੀ ਪਿਤਾ', 'ਤੇਰੀ ਕੁੜਤਾ' ਆਦਿ ਵਾਕ-ਅੰਸ਼ ਬੋਲਣੇ ਰਸ-ਹੀਣ, ਨਿਰਾਰਥਕ ਤੇ ਹਾਸੋ-ਹੀਣੇ ਜਾਪਦੇ ਹਨ ਇਵੇਂ ਹੀ 'ਤੇਰੀ ਭਗਤ' ਬੋਲਣਾ ਭੀ ਹਾਸੋ-ਹੀਣਾ ਹੈ ਕਿਉਂਕਿ 'ਭਗਤ' ਸ਼ਬਦ ਬੋਲਣ ਵਿਚ ਪੁਲਿੰਗ ਹੈ ਤੇ ਇਸ ਤੋਂ ਪਹਿਲਾਂ 'ਤੇਰੀ' ਸ਼ਬਦ ਪੁਲਿੰਗ ਨਹੀਂ ਹੈ। 'ਭਗਤਿ' ਸ਼ਬਦ ਸਿਹਾਰੀ ਬੋਲਣ ਨਾਲ ਹੀਂ ਇਸਤਰੀ ਲਿੰਗ ਰਹੇਗਾ ਨਹੀਂ ਤਾਂ ਬੋਲਣ ਵਿਚ ਪੁਲਿੰਗ ਬਣ ਜਾਵੇਗਾ ਜੋ ਅਯੋਗ ਹੋਵੇਗਾ।

**ਭਗਤੁ:**

ਇਹ ਸ਼ਬਦ ਪੁਰਾਤਨ ਵਿਆਕਰਣ ਅਨੁਸਾਰ ਪੁਲਿੰਗ ਇੱਕ ਵਚਨ ਨਾਂਵ ਹੈ ਜੋ ਕੇਵਲ ਔਂਕੜ ਬੋਲਣ ਨਾਲ ਹੀ ਅਜਿਹਾ ਹੋਵੇਗਾ। ਔਂਕੜ ਛੱਡਣ 'ਤੇ ਇਹ ਰਹੇਗਾ ਤਾਂ ਪੁਲਿੰਗ ਹੀ ਪਰ ਬਹੁਵਚਨ ਬਣ ਜਾਵੇਗਾ। ਇਸ ਸ਼ਬਦ ਤੋਂ ਪਹਿਲਾਂ 'ਤੇਰੀ' ਅਤੇ 'ਤੇਰੇ' ਸ਼ਬਦ ਬੋਲੇ ਅਤੇ ਲਿਖੇ ਨਹੀਂ ਜਾ ਸਕਦੇ ਪਰ 'ਤੇਰਾ' ਸ਼ਬਦ ਲਿਖਿਆ ਤੇ ਬੋਲਿਆ ਜਾ ਸਕਦਾ ਹੈ। ਇਹ ਸ਼ਬਦ 64 ਵਾਰ ਗੁਰਬਾਣੀ ਵਿਚ ਆਇਆ ਹੈ।

ਸਭ ਕੋ ਤੇਰਾ ਭਗਤੁ ਕਹਾਏ॥
(ਪੰਨਾ ੧੨੨)

**ਭਗਤ:**

ਗੁਰਬਾਣੀ ਵਿਆਕਰਣ ਦੱਸਦੀ ਹੈ ਕਿ ਇਹ ਸ਼ਬਦ ਪੁਲਿੰਗ ਬਹੁਵਚਨ ਨਾਂਵ ਹੈ। ਇਸ ਸ਼ਬਦ ਤੋਂ ਪਹਿਲਾਂ 'ਤੇਰੀ' ਜਾਂ 'ਤੇਰਾ' ਸ਼ਬਦ ਬੋਲੇ ਅਤੇ ਲਿਖੇ ਨਹੀਂ ਜਾ ਸਕਦੇ, ਕੇਵਲ 'ਤੇਰੇ' ਸ਼ਬਦ ਹੀ ਵਰਤਿਆ ਜਾ ਸਕਦਾ ਹੈ। ਇਸ ਸ਼ਬਦ ਦੀ ਵਰਤੋਂ 281 ਵਾਰ ਕੀਤੀ ਗਈ ਹੈ।

ਤੇਰੇ ਭਗਤ ਤੇਰੇ ਭਗਤ ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ॥ (ਪੰਨਾ ੧੧)

## ਗਤਿ, ਗਤੁ ਅਤੇ ਗਤ

**ਗਤਿ:**

ਸਿਹਾਰੀ ਬੋਲਣ ਤੇ ਇਹ ਸ਼ਬਦ ਇਸਤਰੀ ਲਿੰਗ ਇੱਕ ਵਚਨ ਨਾਂਵ ਹੈ ਤੇ ਅਰਥ ਹੈ- ਆਤਮਕ ਦਸ਼ਾ, ਹਾਲਤ ਤੇ 172 ਵਾਰ ਵਰਤਿਆ ਗਿਆ ਹੈ।

ਤੁਮਰੀ ਗਤਿ ਮਿਤਿ ਤੁਮ ਹੀ ਜਾਨੀ॥
(ਪੰਨਾ ੨੬੮)

ਮਿਤਿ- ਮਿਣਤੀ, ਅੰਦਾਜ਼ਾ, ਵਡੱਪਣ।

**ਗਤੁ:**

(ੳ) ਇਹ ਸ਼ਬਦ 'ਗਤਿ' ਸ਼ਬਦ ਤੋਂ ਅੱਡ ਹੈ ਤੇ ਵੱਖਰੇ ਅਰਥ ਵਾਲਾ ਹੈ। ਇਹ ਸ਼ਬਦ (ਨੌਂ ਵਾਰੀ ਵਰਤਿਆ ਹੈ) ਕਿਰਿਆਵਾਚਕ ਹੈ। ਅਰਥ ਹੈ- ਦੂਰ ਹੋ ਜਾਣਾ, ਛੱਡ ਜਾਣਾ।

ਜਹ ਹਰਿ ਸਿਮਰਨੁ ਭਇਆ ਤਹ ਉਪਾਧਿ
ਗਤੁ ਕੀਨੀ ਵਡਭਾਗੀ ਹਰਿ ਜਪਨਾ॥
(ਪੰਨਾ ੬੭੦)

ਉਪਾਧਿ ਗਤੁ ਕੀਨੀ- ਬਿਮਾਰੀ ਦੂਰ ਹੋ ਗਈ। 'ਉਪਾਧਿ ਗਤੁ ਕੀਨੀ' ਵਾਕ-ਅੰਸ਼ ਨੂੰ 'ਉਪਾਧ ਗਤ ਕੀਨੀ' ਬੋਲਣਾ ਨਿਰਾਰਥਕ, ਗ਼ਲਤ ਲੀਹਾਂ ਪਾਉਣਾ ਤੇ ਸ਼ਬਦ ਜੋੜਾਂ ਦੀ ਨਿਰਾਦਰੀ ਹੈ।

(ਅ) ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਸੋਗੁ॥ (ਪੰਨਾ ੨੧)

ਗਤੁ ਗਏ- ਦੂਰ ਹੋ ਗਏ।

**ਗਤ:**

ਇਹ ਸ਼ਬਦ ਸਰੂਪ ਇੱਕ ਵਾਰੀ ਹੀ ਵਰਤਿਆ ਮਿਲਦਾ ਹੈ।

ਅਬ ਕਿਆ ਕਥੀਐ ਗਿਆਨੁ ਵੀਚਾਰਾ॥
ਨਿਜ ਨਿਰਖਤ ਗਤ ਬਿਉਹਾਰਾ॥
(ਪੰਨਾ ੬੫੫)

ਗਤ- ਤਬਦੀਲੀ। ਗਤ ਬਿਉਹਾਰਾ- ਜਗਤ ਦੇ ਬਿਉਹਾਰ ਵਿਚ ਆ ਰਹੀ ਤਬਦੀਲੀ। ਅਰਥ- ਗਿਆਨ ਦਾ ਸਦਕਾ ਵੇਖਦਿਆਂ ਵੇਖਦਿਆਂ ਜਗਤ ਦੇ ਬਿਉਹਾਰ ਦੀ ਤਬਦੀਲੀ ਦਾ ਪਤਾ ਲੱਗ ਜਾਂਦਾ ਹੈ।

ਗੁਰਬਾਣੀ ਸ਼ਬਦ ਜੋੜ ਗਿਆਨ

ਆਜ਼ਾਦੀ ਦਿਵਸ 'ਤੇ

# ਆਜ਼ਾਦੀ ਦੀ ਸੰਪੂਰਨਤਾ ਦਾ ਸੰਕਲਪ

15 ਅਗਸਤ 1947 ਨੂੰ ਮਿਲੀ ਆਜ਼ਾਦੀ ਦਾ ਜ਼ਿਕਰ ਆਮ ਕਰਕੇ ਸਾਡੇ ਮਨ ਵਿਚ ਅੰਗਰੇਜ਼ ਦੀ ਗ਼ੁਲਾਮੀ ਦਾ ਅਤੇ ਲੰਮੇ ਤੇ ਸਖ਼ਤ ਸੰਗਰਾਮ ਮਗਰੋਂ ਉਹਨੂੰ ਕੱਢ ਕੇ ਆਪਣਾ ਰਾਜ ਕਾਇਮ ਕਰਨ ਦਾ ਭਾਵ ਜਗਾਉਂਦਾ ਹੈ। ਪਰ ਭਾਰਤ ਉਤੇ ਬਾਹਰਲੇ ਹਮਲਿਆਂ ਦੀ, ਇਹਦੀਆਂ ਦੌਲਤਾਂ ਲੁੱਟੇ ਜਾਣ ਦੀ, ਇਹਨੂੰ ਅਧੀਨ ਕੀਤੇ ਜਾਣ ਦੀ, ਭਾਂਤ ਭਾਂਤ ਦੇ ਵਿਦੇਸ਼ੀਆਂ ਦੇ ਇਥੇ ਕਾਇਮ ਕੀਤੇ ਰਾਜ-ਘਰਾਣਿਆਂ ਦੇ ਜ਼ੁਲਮੀ ਰਾਜ ਦੀ ਦਰਦ-ਕਹਾਣੀ ਤਾਂ ਹਜ਼ਾਰਾਂ ਸਾਲ ਪੁਰਾਣੀ ਹੈ। ਆਜ਼ਾਦੀ ਦੇ ਅਰਥ ਵੀ ਅਸੀਂ ਬੜੇ ਸੀਮਤ ਜਿਹੇ ਬਣਾ ਲਏ ਹਨ। ਆਮ ਕਰਕੇ ਆਜ਼ਾਦੀ ਨੂੰ ਰਾਜਨੀਤਕ ਅਰਥਾਂ ਵਿਚ ਹੀ ਲਿਆ ਜਾਂਦਾ ਹੈ। ਅੰਗਰੇਜ਼ ਦਾ ਰਾਜ ਖ਼ਤਮ ਹੋਇਆ ਅਤੇ ਸਾਡਾ ਆਪਣਾ ਰਾਜ ਕਾਇਮ ਹੋਇਆ, ਇਹੋ ਹੀ ਸਾਡੀ ਨਜ਼ਰ ਵਿਚ ਆਜ਼ਾਦੀ ਹੈ। ਪਰ ਆਜ਼ਾਦੀ ਨੂੰ ਸਹੀ ਅਰਥਾਂ ਵਿਚ ਲਿਆ ਜਾਵੇ ਤਾਂ ਰਾਜਨੀਤਕ ਦੇ ਨਾਲ ਨਾਲ ਇਸ ਵਿਚ ਸਮਾਜਕ ਅਤੇ ਆਰਥਕ ਆਜ਼ਾਦੀ ਵੀ ਸ਼ਾਮਲ ਹੁੰਦੀ ਹੈ।



ਗੁਰਬਚਨ ਸਿੰਘ ਭੁੱਲਰ
ਫੋਨ: 01191-1165736868
bhullargs@gmail.com

ਅਸਲ ਵਿਚ ਤਾਂ ਕੇਵਲ ਸਾਡਾ ਹੀ ਨਹੀਂ, ਪੂਰੀ ਮਨੁੱਖਜਾਤੀ ਦਾ ਇਤਿਹਾਸ ਹੀ ਉਹਦੇ ਅਰੰਭ ਤੋਂ ਨਵੇਂ ਇਲਾਕਿਆਂ ਵੱਲ ਵਹੀਰਾਂ, ਲੜਾਈਆਂ-ਝਗੜਿਆਂ, ਜਿੱਤਾਂ-ਹਾਰਾਂ, ਕਬਜ਼ਿਆਂ ਅਤੇ ਵਸੇਵਿਆਂ ਦਾ ਇਤਿਹਾਸ ਰਿਹਾ ਹੈ। ਮਨੁੱਖ ਜੰਗਲ ਤੋਂ ਸਭਿਅਤਾ ਤੱਕ ਦਾ ਸੁਹਾਨਾ ਸਫ਼ਰ ਕਰ ਕੇ ਅੱਜ ਵਾਲੇ ਮਕਾਮ ਉਤੇ ਪੁੱਜ ਗਿਆ, ਤਾਂ ਵੀ ਸਮੇਂ ਨਾਲ ਇਸ ਵਰਤਾਰੇ ਦੇ ਰੂਪ ਤੇ ਉਦੇਸ਼ ਤਾਂ ਬਦਲਦੇ ਰਹੇ, ਪਰ ਵਰਤਾਰਾ ਜਿਉਂ ਦਾ ਤਿਉਂ ਬਣਿਆ ਰਿਹਾ। ਭਾਰਤ ਆਪਣੇ ਭੂਗੋਲ ਅਤੇ ਪ੍ਰਕਿਰਤੀ ਸਦਕਾ ਬਾਹਰਲਿਆਂ ਲਈ ਆਦਿਕਾਲ ਤੋਂ ਖਿੱਚ ਦਾ ਕੇਂਦਰ ਰਿਹਾ ਹੈ।

ਪਹਿਲਾਂ-ਪਹਿਲ ਨਾ ਨਿੱਜੀ ਜਾਇਦਾਦ ਦਾ ਸੰਕਲਪ ਅੱਜ ਵਾਲਾ ਸੀ ਅਤੇ ਨਾ ਹੀ ਰਾਜ ਦਾ ਕੋਈ ਰੂਪ ਹੋਂਦ ਵਿਚ ਆਇਆ ਸੀ। ਜੰਗਲਾਂ ਵਿਚ ਇੱਜੜ ਦੇ ਰੂਪ ਵਿਚ ਰਹਿੰਦਾ ਮਨੁੱਖ ਕਿਸੇ ਵੀ ਚੀਜ਼ ਉਤੇ ਕਿਸੇ ਵੀ ਕਿਸਮ ਦੀ ਕਬਜ਼ੇ ਦੀ ਭਾਵਨਾ ਤੋਂ ਮੁਕਤ ਸੀ। ਹੋਰ ਜੀਵਾਂ ਵਾਂਗ ਜੋ ਕੁਝ ਕੁਦਰਤ ਤੋਂ ਮਿਲਿਆ, ਖਾ ਲਿਆ। ਉਹ ਅਜੇ ਪੇਟ ਭਰਨ ਤੱਕ ਸੀਮਤ ਸੀ, ਕੱਪੜੇ ਤੇ ਮਕਾਨ ਦੀ ਲੋੜ ਨਹੀਂ ਸੀ ਬਣੀ। ਸਮੱਸਿਆ ਉਦੋਂ ਖੜ੍ਹੀ ਹੋਣ ਲੱਗੀ ਜਦੋਂ ਮਨੁੱਖ ਨੇ ਅੱਜ ਦੇ ਬਚੇ ਹੋਏ ਸ਼ਿਕਾਰ ਤੇ ਕੰਦ-ਮੂਲ ਨੂੰ ਭਲਕੇ ਲਈ ਬਚਾਉਣਾ ਸਿੱਖ ਲਿਆ। ਥੋੜ੍ਹਾ ਅੱਗੇ ਚੱਲ ਕੇ ਮਨੁੱਖ ਨੂੰ ਦੋ ਜੁਗਤਾਂ ਅਜਿਹੀਆ ਸੁੱਝੀਆਂ ਜੋ ਇਤਿਹਾਸ ਦੇ ਬਹੁਤ ਵੱਡੇ ਇਨਕਲਾਬ ਸਿੱਧ ਹੋਈਆਂ। ਇਕ ਸੀ, ਉਹਦਾ ਦੁਧਾਰੂ ਪਸ਼ੂਆਂ ਤੇ ਘੋੜਿਆਂ ਨੂੰ ਸਿਧਾਉਣ ਲੱਗਣਾ ਅਤੇ ਦੂਜਾ ਸੀ, ਕੁਦਰਤ ਦੀ ਥਾਂ ਆਪ ਬੀ ਖਿਲਾਰ ਕੇ ਫ਼ਸਲ ਲੈਣ ਲੱਗਣਾ।

ਇਥੋਂ ਹੀ ਪਰਵਾਸਾਂ, ਕਬਜ਼ਿਆਂ, ਲੜਾਈਆਂ ਦਾ ਮੁੱਢ ਬੱਝਾ ਅਤੇ ਗ਼ੁਲਾਮੀ ਤੇ ਆਜ਼ਾਦੀ ਦੇ ਅੱਜ ਵਾਲੇ ਸੰਕਲਪ ਪੈਦਾ ਹੋਏ। ਪਸ਼ੂ ਪਾਲਣ ਨੇ ਚਰਾਂਦਾਂ ਵਜੋਂ ਨਵੇਂ ਹਰਿਆਲੇ ਇਲਾਕਿਆਂ ਦੀ ਭਾਲ ਦੀ ਲੋੜ ਪੈਦਾ ਕੀਤੀ। ਭਾਰਤ ਵਿਚ ਕਬੀਲਿਆਂ ਦੀ ਮੁੱਢਲੀ ਆਵਾਜਾਈ ਅਤੇ ਟਕਰਾਉ ਦਾ ਇਹੋ ਕਾਰਨ ਸੀ। ਮਹਾਂਭਾਰਤ ਦੀ ਲੜਾਈ ਦੇ ਕਾਰਨਾਂ ਵਿਚ ਵੱਧ ਤੋਂ ਵੱਧ ਹਰਿਆਲੇ ਖੇਤਰ ਅਤੇ ਪਸ਼ੂ ਆਪਣੇ ਕਬਜ਼ੇ ਵਿਚ ਰੱਖਣ ਦੀ ਭਾਵਨਾ ਵੀ ਕੰਮ ਕਰ ਰਹੀ ਸੀ। ਦੁਨੀਆਂ ਵਿਚ ਟਿਕਵੇਂ ਰਾਜ ਕਾਇਮ ਹੋਣ ਨਾਲ ਵੀ ਆਪਣੀਆਂ ਹੱਦਾਂ ਤੋਂ ਬਾਹਰਲੀਆਂ ਦੌਲਤਾਂ ਨੂੰ ਦੇਖ ਕੇ ਲਲਚਾਉਣ ਦੀ ਮਨੁੱਖੀ ਆਦਤ ਗਈ ਨਹੀਂ। ਦੂਜਿਆਂ ਦੇ ਧਨ-ਦੌਲਤ ਉਤੇ ਅੱਖ ਰੱਖਣ ਦੀ ਮਨੁੱਖੀ ਫ਼ਿਤਰਤ ਦਾ ਪਤਾ ਹਰ ਸਮਾਜ ਵਿਚ ਮਿਲਦੇ ਅਖਾਣਾਂ ਤੋਂ ਹੀ ਲੱਗ ਜਾਂਦਾ ਹੈ। ਅਸੀਂ 'ਬਿਗਾਨੀ ਥਾਲੀ ਵਿਚ ਲੱਡੂ ਵੱਡਾ' ਆਖਦੇ ਹਾਂ ਤਾਂ ਅੰਗਰੇਜ਼ੀ ਵਾਲਿਆਂ ਦਾ ਕਹਿਣਾ ਹੈ, 'ਗੁਆਂਢੀ ਦਾ ਘਾਹ ਬਹੁਤਾ ਹਰਾ ਦਿਸਦਾ ਹੈ।'

ਭਾਰਤ ਦੀ ਕੁਦਰਤੀ ਪੈਦਾਵਾਰ, ਮਾਲ-ਪਸ਼ੂ, ਧਨ-ਦੌਲਤ, ਸੋਨੇ-ਚਾਂਦੀ, ਹੀਰੇ-ਮੋਤੀਆਂ, ਦਸਤਕਾਰੀ ਤੇ ਕਲਾ ਨੇ ਭਾਰਤ ਦੇ ਇਤਿਹਾਸ ਨੂੰ ਬਾਹਰਲੇ ਹਮਲਿਆਂ ਅਤੇ ਲੜਾਈਆਂ ਦਾ ਇਤਿਹਾਸ ਬਣਾ ਦਿੱਤਾ। ਆਜ਼ਾਦੀ ਤੋਂ ਪਹਿਲਾਂ ਦਾ ਪੂਰਾ ਇਤਿਹਾਸ ਦੋ ਕਿਸਮਾਂ ਦੇ ਹਮਲਿਆਂ ਦੀ ਲੜੀ ਹੈ। ਇਕ ਉਹ ਹਮਲਾਵਰ ਸਨ ਜੋ ਮੂਲ ਰੂਪ ਵਿਚ ਲੁਟੇਰੇ ਬਣ ਕੇ ਆਉਂਦੇ ਸਨ ਅਤੇ ਤਲਵਾਰ ਤੇ ਜ਼ੁਲਮ ਦੇ ਜ਼ੋਰ ਜੋ ਕੁਝ ਵੀ ਹੱਥ ਆਉਂਦਾ, ਹੂੰਝ ਕੇ ਲੈ ਜਾਂਦੇ ਸਨ। ਇਕ ਹਮਲਾਵਰ ਉਹ ਸਨ ਜੋ ਇਲਾਕੇ ਜਿੱਤ ਕੇ ਰਾਜ ਕਰਨ ਦੇ ਚਾਹਵਾਨ ਸਨ।

ਭਾਰਤ ਉਤੇ ਪਹਿਲਾ ਵੱਡਾ ਹਮਲਾ ਅੱਜ ਤੋਂ ਕੋਈ ਸਾਢੇ ਤੇਈ ਸਦੀਆਂ ਪਹਿਲਾਂ ਮਕਦੂਨੀਆ ਦੇ ਸਿਕੰਦਰ ਨੇ ਕੀਤਾ। ਰਾਹ ਦੇ ਇਲਾਕੇ ਫ਼ਤਿਹ ਕਰਦਾ ਕਰਦਾ ਉਹ ਪੰਜਾਬ ਆ ਪਹੁੰਚਿਆ। ਉਹ ਏਨੇ ਦਲ-ਬਲ ਨਾਲ ਜਿੱਤ ਦਾ ਪਰਚਮ ਝੁਲਾਉਂਦਾ ਆਇਆ ਕਿ ਉਹਦਾ ਨਾਂ ਹੀ ਸਿਕੰਦਰ ਮਹਾਨ ਪੈ ਗਿਆ। ਪਰ ਪੰਜਾਬੀਆਂ ਸਾਹਮਣੇ ਉਹਦੀ ਸਾਰੀ ਮਹਾਨਤਾ ਧਰੀ-ਧਰਾਈ ਰਹਿ ਗਈ ਅਤੇ ਉਹ ਇਥੋਂ ਵਾਪਸ ਪਰਤਣ ਲਈ ਮਜਬੂਰ ਹੋ ਗਿਆ।

ਬਹੁਤ ਸਮਾਂ ਮਗਰੋਂ 712 ਈਸਵੀ ਵਿਚ ਮੁਹੰਮਦ ਬਿਨ ਕਾਸਿਮ ਨੇ ਸਿੰਧ ਫ਼ਤਿਹ ਕਰ ਕੇ ਅਰਬ ਹਮਲਿਆਂ ਦਾ ਮੁੱਢ ਬੰਨ੍ਹਿਆ। ਉਨ੍ਹਾਂ ਤੋਂ ਪਿੱਛੋਂ ਤੁਰਕਾਂ ਨੇ ਇਧਰ ਰੁਖ਼ ਕੀਤਾ। ਉਨ੍ਹਾਂ ਦੇ ਹਮਲੇ ਵਧੀਕ ਲੰਮੇ, ਲੁੱਟੂ, ਜ਼ਾਲਮ ਤੇ ਖ਼ੂਨੀ ਸਨ। ਗਿਆਰਵੀਂ ਸਦੀ ਵਿਚ ਮਹਿਮੂਦ ਗ਼ਜ਼ਨੀ ਨੇ 25 ਸਾਲਾਂ ਵਿਚ 17 ਹਮਲੇ ਕੀਤੇ। ਉਹਦਾ ਉਦੇਸ਼ ਇਲਾਕੇ ਜਿੱਤ ਕੇ ਰਾਜ ਕਰਨਾ ਨਹੀਂ ਸੀ, ਵੱਧ ਤੋਂ ਵੱਧ ਲੁੱਟ-ਮਾਰ ਕਰਨਾ ਸੀ। ਉਹ ਸਦੀਆਂ ਦੌਰਾਨ ਪੂਜਾ-ਭੇਟ ਰਾਹੀਂ ਮੰਦਰਾਂ ਵਿਚ ਇਕੱਤਰ ਹੋਈ ਦੌਲਤ ਬਾਰੇ ਚੰਗੀ ਤਰ੍ਹਾਂ ਜਾਣਦਾ ਸੀ। ਇਸ ਕਰਕੇ ਮੰਦਰ ਉਹਦਾ ਖ਼ਾਸ ਨਿਸ਼ਾਨਾ ਬਣਦੇ। ਸੋਮਨਾਥ ਦੇ ਮੰਦਰ ਨੂੰ ਉਸੇ ਨੇ ਲੁੱਟਿਆ ਸੀ। ਅਗਲੀ, ਬਾਰ੍ਹਵੀਂ ਸਦੀ ਵਿਚ ਮੁਹੰਮਦ ਗੌਰੀ ਨੇ ਹਮਲੇ ਕੀਤੇ। ਦਿੱਲੀ ਫ਼ਤਿਹ ਕਰਨ ਵਾਲਾ ਉਹ ਪਹਿਲਾ ਹਮਲਾਵਰ ਸੀ।

ਗੌਰੀ ਆਪ ਤਾਂ ਪਰਤ ਗਿਆ ਪਰ ਪਿੱਛੇ ਆਪਣੇ ਗ਼ੁਲਾਮ ਕੁਤਬ-ਉਦ-ਦੀਨ ਐਬਕ ਨੂੰ ਸੁਲਤਾਨ ਥਾਪ ਕੇ ਛੱਡ ਗਿਆ ਜਿਸ ਦੇ ਕਾਇਮ ਕੀਤੇ ਰਾਜ-ਘਰਾਣੇ ਨੂੰ ਆਮ ਕਰਕੇ ਗ਼ੁਲਾਮ ਵੰਸ਼ ਕਿਹਾ ਜਾਂਦਾ ਹੈ। ਕੁਤਬ ਮੀਨਾਰ ਉਸੇ ਨੇ ਬਣਾਈ ਸੀ। ਉਸ ਪਿੱਛੋਂ ਦਿੱਲੀ ਸਲਤਨਤ ਉਤੇ ਕਈ ਮੁਸਲਮਾਨ ਘਰਾਣਿਆਂ ਦਾ ਰਾਜ ਰਿਹਾ। 1526 ਵਿਚ ਕਾਬਲ ਦੇ ਬਾਦਸ਼ਾਹ ਬਾਬਰ ਨੇ ਦਿੱਲੀ ਸਲਤਨਤ ਅਤੇ ਹੋਰ ਇਲਾਕੇ ਜਿੱਤ ਕੇ ਪ੍ਰਸਿੱਧ ਮੁਗ਼ਲ ਵੰਸ਼ ਦੀ ਬੁਨਿਆਦ ਰੱਖੀ। ਉਹਨੇ ਕਾਬਲ ਤੋਂ ਰਾਜ ਕਰਨ ਦੀ ਥਾਂ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਵੰਸ਼ ਦੇ ਸਾਰੇ ਬਾਦਸ਼ਾਹਾਂ-ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹ ਜਹਾਨ ਅਤੇ ਔਰੰਗਜ਼ੇਬ ਨੇ ਇਤਿਹਾਸ ਵਿਚ ਆਪਣੀ ਅਹਿਮ ਥਾਂ ਬਣਾਈ। ਪਰ ਔਰੰਗਜ਼ੇਬ ਦੀਆਂ ਗ਼ਲਤ ਨੀਤੀਆਂ ਨੇ ਮੁਗ਼ਲ ਵੰਸ਼ ਦੀ ਖੈ ਦਾ ਮੁੱਢ ਬੰਨ੍ਹ ਦਿੱਤਾ।

ਇਸ ਸਮੇਂ ਤੱਕ ਭਾਰਤ ਦੀ ਖ਼ੁਸ਼ਹਾਲੀ ਦੀਆਂ ਖ਼ਬਰਾਂ ਯੂਰਪ ਤੱਕ ਪੁੱਜ ਗਈਆਂ ਸਨ। ਯੂਰਪੀਆਂ ਦਾ ਪਹਿਲੇ ਸਭ ਬਦੇਸੀਆਂ ਨਾਲੋਂ ਵੱਡਾ ਫ਼ਰਕ ਇਹ ਸੀ ਕਿ ਉਹ ਤਲਵਾਰਧਾਰੀ ਹਮਲਾਵਰ ਦੀ ਥਾਂ ਤੱਕੜੀਧਾਰੀ ਵਪਾਰੀ ਬਣ ਕੇ ਲੁੱਟਣ ਆਏ। ਇੰਡੀਆ ਪੁੱਜਣ ਦਾ ਦਾਈਆ ਬੰਨ੍ਹਣ ਵਾਲਾ ਪਹਿਲਾ ਯੂਰਪੀ ਕੋਲੰਬਸ ਸੀ। ਉਹ ਸੀ ਤਾਂ ਇਟਲੀ ਦਾ ਪਰ ਯਾਤਰਾ ਲਈ ਸਰਪ੍ਰਸਤੀ ਉਹਨੂੰ ਸਪੇਨ ਦੇ ਬਾਦਸ਼ਾਹ ਨੇ ਦਿੱਤੀ। 1492 ਵਿਚ ਤਿੰਨ ਸਮੁੰਦਰੀ ਜਹਾਜ਼ ਲੈ ਕੇ ਉਹ ਸਪੇਨ ਦੀ ਇਕ ਬੰਦਰਗਾਹ ਤੋਂ ਚੱਲਿਆ ਤਾਂ ਇੰਡੀਆ ਲਈ ਪਰ ਪਹੁੰਚ ਅਮਰੀਕਾ ਗਿਆ ਜਿਸ ਨੂੰ ਉਹਨੇ ਸਾਰੀ ਉਮਰ ਇੰਡੀਆ ਹੀ ਸਮਝਿਆ। ਉਹਦੇ ਇਸ ਭੁਲੇਖੇ ਕਰਕੇ ਉਥੋਂ ਦੇ ਮੂਲ ਵਾਸੀਆਂ ਨੂੰ ਇੰਡੀਅਨ ਕਿਹਾ ਜਾਣ ਲੱਗਿਆ ਜਿਹੜਾ ਨਾਂ ਅੱਜ ਵੀ ਪ੍ਰਚਲਿਤ ਹੈ।



ਇਹ ਕੇਹੀ ਆਜ਼ਾਦੀ! ਆਜ਼ਾਦੀ ਦਿਵਸ 'ਤੇ ਤਿਰੰਗੇ ਝੰਡੇ ਵੇਚ ਰਿਹਾ ਇਕ ਬੱਚਾ

ਇੰਡੀਆ ਦੇ ਗਰਮ ਮਸਾਲਿਆਂ ਨੂੰ ਸੁੰਘਦਾ ਹੋਇਆ ਇਥੇ ਪਹੁੰਚਣ ਵਾਲਾ ਪਹਿਲਾ ਯੂਰਪੀ ਪੁਰਤਗਾਲ ਦਾ ਵਾਸਕੋ-ਡਿ-ਗਾਮਾ ਸੀ। ਜਦੋਂ ਕੋਲੰਬਸ ਅਮਰੀਕਾ ਨੂੰ ਇੰਡੀਆ ਸਮਝ ਕੇ ਗਦਗਦ ਹੋ ਰਿਹਾ ਸੀ, ਉਹਤੋਂ ਕੁੱਲ ਛੇ ਸਾਲ ਮਗਰੋਂ, 1498 ਵਿਚ ਵਾਸਕੋ ਨੇ ਆਪਣਾ ਜਹਾਜ਼ ਸਾਡੇ ਪੱਤਣ ਉਤੇ ਆ ਲਾਇਆ। ਭਾਵੇਂ ਪੁਰਤਗਾਲੀਆਂ ਦੇ ਪੈਰ ਮਗਰੋਂ ਆਏ ਅੰਗਰੇਜ਼ਾਂ ਨੇ ਉਖੇੜ ਦਿੱਤੇ, ਤਾਂ ਵੀ ਗੋਆ ਸਮੇਤ ਸਾਡੀ ਧਰਤੀ ਦੇ ਕੁਝ ਟੋਟੇ ਉਨ੍ਹਾਂ ਦੀ ਮਲਕੀਅਤ ਬਣੇ ਰਹੇ। ਉਹ ਭਾਰਤ ਵਿਚ ਸਭ ਤੋਂ ਪਹਿਲਾਂ ਆਉਣ ਵਾਲੇ ਤੇ ਸਭ ਤੋਂ ਮਗਰੋਂ ਜਾਣ ਵਾਲੇ ਯੂਰਪੀ ਸਨ ਕਿਉਂਕਿ ਗੋਆ, ਦਮਨ ਤੇ ਦਿਉ, ਦਾਦਰਾ ਤੇ ਨਗਰ ਹਵੇਲੀ ਦੇ ਇਲਾਕੇ ਫ਼ੌਜੀ ਕਾਰਵਾਈ ਨਾਲ 1961 ਵਿਚ ਆਜ਼ਾਦ ਕਰਵਾਏ ਗਏ। ਪਹਿਲਾਂ ਹੋਏ ਜਨਤਕ ਸੱਤਿਆਗ੍ਰਹਿ ਵਿਚ ਸਾਡੇ ਅਧਿਆਪਕ ਸਾਥੀ ਕਰਨੈਲ ਸਿੰਘ ਈਸੜੂ ਨੇ ਵੀ ਸ਼ਹੀਦੀ ਪ੍ਰਾਪਤ ਕੀਤੀ ਸੀ।

ਪੁਰਤਗਾਲੀਆਂ ਦੇ ਪਿੱਛੇ ਪਿੱਛੇ ਆਪਣੀਆਂ ਆਪਣੀਆਂ ਈਸਟ ਇੰਡੀਆ ਕੰਪਨੀਆਂ ਬਣਾ ਕੇ ਫ਼ਰਾਂਸੀਸੀ, ਡੱਚ ਅਤੇ ਅੰਗਰੇਜ਼ ਆ ਪਹੁੰਚੇ। ਇਨ੍ਹਾਂ ਵਿਚੋਂ ਅੰਗਰੇਜ਼ ਸਭ ਤੋਂ ਚਲਾਕ-ਚਤੁਰ, ਬੇਅਸੂਲੇ ਤੇ ਕਮੀਨੇ ਨਿਕਲੇ। ਡੱਚ ਤਾਂ ਛੇਤੀ ਹੀ ਮੈਦਾਨ ਛੱਡ ਗਏ ਅਤੇ ਇੰਡੋਨੇਸ਼ੀਆ ਉਤੇ ਜਾ ਕਾਬਜ਼ ਹੋਏ। ਫ਼ਰਾਂਸੀਸੀ ਖਾਸਾ ਚਿਰ ਟੱਕਰ ਲੈਂਦੇ ਰਹੇ, ਪਰ ਆਖ਼ਰ ਭਾਰਤ ਦੀ ਧਰਤੀ ਦੇ ਕੁਝ ਖਿੰਡੇ-ਵਿੱਖਰੇ ਟੋਟਿਆਂ ਨਾਲ ਸਬਰ ਕਰ ਕੇ ਬੈਠ ਗਏ। ਉਹ ਪਾਂਡੀਚਰੀ, ਕਾਰੀਕੁਲ, ਯਾਨਾਉਨ, ਮਾਹੇ ਤੇ ਚੰਦਰਨਗਰ ਦੇ ਇਲਾਕਿਆਂ ਤੋਂ ਇਲਾਵਾ ਸ਼ੁਰੂ ਵਿਚ ਵਪਾਰ ਲਈ ਇਥੇ-ਉਥੇ ਬਣਾਈਆਂ ਕੁਝ ਇਮਾਰਤਾਂ ਦੇ ਵੀ ਮਾਲਕ ਸਨ। ਇਸ ਸਭ ਕੁਝ ਦਾ ਕੁੱਲ-ਜੋੜ 510 ਵਰਗ ਕਿਲੋਮੀਟਰ ਬਣਦਾ ਸੀ। 1947 ਤੋਂ ਸ਼ੁਰੂ ਕਰ ਕੇ ਕਿਸੇ ਲੜਾਈ ਤੋਂ ਬਿਨਾਂ ਹੋਏ ਕਈ ਸਮਝੌਤਿਆਂ ਰਾਹੀਂ ਉਹ ਇਕ ਇਕ ਕਰ ਕੇ ਇਨ੍ਹਾਂ ਇਲਾਕਿਆਂ ਦੀ ਮਾਲਕੀ ਛਡਦੇ ਗਏ। ਆਖ਼ਰ 1954 ਵਿਚ ਉਨ੍ਹਾਂ ਦੀ ਮਾਲਕੀ ਦਾ ਅੰਤ ਹੋ ਗਿਆ।

ਅੰਗਰੇਜ਼ ਈਸਟ ਇੰਡੀਆ ਕੰਪਨੀ ਨੇ ਪਹਿਲਾਂ ਚਲਾਕ ਵਪਾਰੀ ਵਜੋਂ ਦੇਸ਼ ਦੇ ਵੱਖ ਵੱਖ ਰਾਜਿਆਂ ਤੋਂ ਅਜਿਹੀਆਂ ਰਿਆਇਤਾਂ ਲਈਆਂ ਜਿਨ੍ਹਾਂ ਦੇ ਸਹਾਰੇ ਉਹ ਆਪਣੇ ਯੂਰਪੀ ਸ਼ਰੀਕਾਂ ਨੂੰ ਮਾਤ ਦੇਣ ਵਿਚ ਸਫਲ ਹੋਈ। ਫੇਰ ਉਹ ਵਪਾਰਕ ਕੇਂਦਰਾਂ ਦੇ ਬਹਾਨੇ ਇਲਾਕੇ ਹਥਿਆਉਣ ਲੱਗੀ। 1600 ਵਿਚ ਕਾਇਮ ਹੋਈ ਇਸ ਕੰਪਨੀ ਨੂੰ ਅਸਲ ਪੈਰ-ਧਰਾਵਾ ਉਦੋਂ ਮਿਲਿਆ ਜਦੋਂ ਜਹਾਂਗੀਰ ਨੇ ਉਹਨੂੰ ਸੂਰਤ ਵਿਚ ਅੱਡਾ ਬਣਾਉਣ ਦੀ ਇਜਾਜ਼ਤ ਦੇ ਦਿੱਤੀ। ਇਸ ਇਜਾਜ਼ਤ ਦੇ ਸਹਾਰੇ ਉਹ ਕਈ ਹੋਰ ਰਾਜਿਆਂ ਤੋਂ ਅਜਿਹੀਆਂ ਇਜਾਜ਼ਤਾਂ ਲੈਣ ਵਿਚ ਸਫਲ ਹੋ ਗਈ। 1757 ਵਿਚ ਪਲਾਸੀ ਦੀ ਲੜਾਈ ਵਿਚ ਫ਼ਤਿਹ ਪ੍ਰਾਪਤ ਕਰ ਕੇ ਉਹਨੇ ਵਪਾਰ ਦੀ ਥਾਂ ਰਾਜ ਦਾ ਝੰਡਾ ਝੁਲਾ ਦਿੱਤਾ। 1773 ਵਿਚ ਕਲਕੱਤੇ ਨੂੰ ਰਾਜਧਾਨੀ ਬਣਾ ਕੇ ਰਾਜਕਾਜ ਚਲਾਉਣ ਵਾਸਤੇ ਬਾਕਾਇਦਾ ਗਵਰਨਰ ਜਨਰਲ ਥਾਪਣੇ ਸ਼ੁਰੂ ਕਰ ਦਿੱਤੇ ਗਏ। ਵਾਰਨ ਹੇਸਟਿੰਗਜ਼ ਪਹਿਲਾ ਗਵਰਨਰ ਜਨਰਲ ਸੀ। ਉਹ ਆਪਣੇ ਆਪ ਨੂੰ 'ਕੰਪਨੀ ਬਹਾਦਰ' ਕਹਾਉਣ ਲੱਗਾ ਅਤੇ ਉਹਦੇ ਰਾਜ ਨੂੰ 'ਕੰਪਨੀ ਬਹਾਦਰ ਦਾ ਰਾਜ' ਕਿਹਾ ਜਾਣ ਲੱਗਿਆ।

1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਮਗਰੋਂ ਬਰਤਾਨਵੀ ਸਰਕਾਰ ਨੇ ਰਾਜ ਦੀ ਵਾਗਡੋਰ ਕੰਪਨੀ ਤੋਂ ਸਿੱਧੀ ਆਪਣੇ ਹੱਥ ਲੈ ਲਈ। ਇਉਂ ਦੇਸ਼ ਸਿੱਧਾ ਬਰਤਾਨਵੀ ਤਾਜ ਦੇ ਅਧੀਨ ਹੋ ਗਿਆ। ਬਰਤਾਨਵੀ ਤਾਜ ਨੇ ਵੀ ਆਪਣੇ ਰਾਜ ਦੀਆਂ ਹੱਦਾਂ ਲਗਾਤਾਰ ਵਧਾਉਂਦੇ ਜਾਣ ਵਾਸਤੇ ਦੇਸੀ ਰਾਜਿਆਂ ਨੂੰ ਇਕ ਦੂਜੇ ਨਾਲ ਲੜਾ ਕੇ ਉਨ੍ਹਾਂ ਦੇ ਝਗੜੇ ਵਿਚ ਦਖ਼ਲ ਦੇਣ ਤੇ ਲਾਹਾ ਖੱਟਣ ਦੀ, ਕਿਸੇ ਕਮਜ਼ੋਰ ਰਾਜੇ ਨੂੰ ਡਰਾਉਣ ਤੇ ਕਿਸੇ ਹੋਰ ਨੂੰ ਹਰਾਉਣ ਦੀ, ਕਿਸੇ ਨਾਲ ਸਿੱਧੀ ਲੜਾਈ ਲੜਨ ਦੀ-ਗੱਲ ਕੀ ਹਰ ਹੱਥਕੰਡਾ ਵਰਤਣ ਦੀ ਕੰਪਨੀ ਵਾਲੀ ਨੀਤੀ ਜਾਰੀ ਰੱਖੀ। ਅੰਤ ਨੂੰ ਰਣਜੀਤ ਸਿੰਘ ਦੇ ਕਾਇਮ ਕੀਤੇ ਪੰਜਾਬ ਦੇ ਰਾਜ ਉਤੇ ਵੀ ਅੰਗਰੇਜ਼ ਦਾ ਪਰਚਮ ਬੁਲੰਦ ਹੋ ਗਿਆ। 1911 ਵਿਚ ਰਾਜਧਾਨੀ ਕਲਕੱਤੇ ਤੋਂ ਬਦਲ ਕੇ ਦਿੱਲੀ ਲਿਆਂਦੀ ਗਈ।

ਅੰਗਰੇਜ਼ ਰਾਜ ਖ਼ਤਮ ਕਰਨ ਲਈ ਅਨੇਕ ਸੰਗਰਾਮ ਲੜਨੇ ਪਏ ਅਤੇ ਭਾਰੀ ਕੁਰਬਾਨੀਆਂ ਦੇਣੀਆਂ ਪਈਆਂ। ਫਾਂਸੀਆਂ, ਕੈਦਾਂ, ਤਸੀਹਿਆਂ, ਕੁਰਕੀਆਂ, ਆਦਿ ਦੀਆਂ ਸੂਚੀਆਂ ਵਿਚ ਪੰਜਾਬੀਆਂ ਦਾ ਹਿੱਸਾ ਆਪਣੀ ਆਬਾਦੀ ਵਜੋਂ ਨਾਲੋਂ ਹਮੇਸ਼ਾ ਕਈ ਗੁਣਾ ਵੱਧ ਰਿਹਾ। ਇਹ ਸਾਰਾ ਏਨਾ ਸੱਜਰਾ ਇਤਿਹਾਸ ਹੈ ਕਿ ਇਥੇ ਦੁਹਰਾਉਣ ਦੀ ਲੋੜ ਨਹੀਂ। ਆਖ਼ਰ 1947 ਵਿਚ ਅੰਗਰੇਜ਼ ਨਿਕਲਣ ਲਈ ਮਜਬੂਰ ਹੋਇਆ ਤਾਂ ਫੇਰ ਵੀ ਜਿੰਨੀ ਸੱਟ ਮਾਰ ਸਕਦਾ ਸੀ, ਮਾਰ ਕੇ ਹੀ ਨਿਕਲਿਆ। ਦੇਸ਼ ਦੇ ਦੋ ਟੋਟੇ ਹੋ ਗਏ। ਲੱਖਾਂ ਬੇਦੋਸ਼ੇ ਮਾਰੇ ਗਏ, ਲੱਖਾਂ ਧੀਆਂ-ਭੈਣਾਂ ਦੀ ਬੇਪਤੀ ਹੋਈ, ਕਰੋੜਾਂ ਲੋਕ ਘਰਘਾਟ ਤੋਂ ਉਜੜੇ, ਅਰਬਾਂ ਰੁਪਏ ਦੀ ਜਾਇਦਾਦ ਬਰਬਾਦ ਹੋ ਗਈ।

ਏਨਾ ਵੱਡਾ ਮੁੱਲ ਤਾਰ ਕੇ ਸਾਨੂੰ ਆਪਣੀ ਰਾਜਨੀਤਕ ਆਜ਼ਾਦੀ ਪ੍ਰਾਪਤ ਹੋਈ। ਇਹ ਸਾਡੀ ਭਾਰਤੀਆਂ ਦੀ ਵੱਡੀ ਭੁੱਲ ਸੀ ਕਿ ਅਸੀਂ ਇਸ ਰਾਜਨੀਤਕ ਆਜ਼ਾਦੀ ਨੂੰ ਹੀ ਸੰਪੂਰਨ ਆਜ਼ਾਦੀ ਸਮਝ ਬੈਠੇ। ਇਉਂ ਲਗਦਾ ਹੈ ਜਿਵੇਂ ਰਾਜਨੀਤਕ ਆਜ਼ਾਦੀ ਦੇ ਚਾਅ ਵਿਚ ਸਮਾਜਕ ਆਜ਼ਾਦੀ ਅਤੇ ਆਰਥਿਕ ਆਜ਼ਾਦੀ ਦੇ ਟੀਚੇ ਵਿਸਰਦੇ ਵਿਸਰਦੇ ਸਾਡੀਆਂ ਨਜ਼ਰਾਂ ਤੋਂ ਉਝਲ ਹੀ ਹੋ ਗਏ ਹੋਣ!

ਸਮਾਜਕ ਅਤੇ ਆਰਥਿਕ ਆਜ਼ਾਦੀ ਬਿਨਾਂ ਇਸਤਰੀਆਂ ਨਾਲ ਵਿਤਕਰਾ ਤੇ ਧੱਕਾ ਜਿਉਂ ਦਾ ਤਿਉਂ ਕਾਇਮ ਹੈ ਅਤੇ ਕੁੜੀਆਂ ਗਰਭ ਵਿਚ ਮਾਰੀਆਂ ਜਾ ਰਹੀਆਂ ਹਨ। ਵਸੋਂ ਦਾ ਵੱਡਾ ਹਿੱਸਾ ਦਲਿਤ, ਪਿਛੜੇ ਤੇ ਹੋਰ ਅਜਿਹੇ ਨਾਂਵਾਂ ਨਾਲ ਵਿਕਾਸ ਦੀ ਮੁੱਖਧਾਰਾ ਤੋਂ ਦੂਰ ਰੱਖਿਆ ਜਾ ਰਿਹਾ ਹੈ। ਕਰੋੜਾਂ ਲੋਕਾਂ ਦੀ ਸਿਹਤ ਸੇਵਾਵਾਂ ਤੱਕ ਤੇ ਕਰੋੜਾਂ ਬੱਚੇ-ਬੱਚੀਆਂ ਦੀ ਚੰਗੀ ਵਿਦਿਆ ਤੱਕ ਕੋਈ ਪਹੁੰਚ ਨਹੀਂ। ਇਲਾਕੇ, ਧਰਮ ਅਤੇ ਜਾਤ ਦੇ ਨਾਂ ਉਤੇ ਵੰਡੀਆਂ ਉਵੇਂ ਬਣੀਆਂ ਹੋਈਆਂ ਹਨ। ਲੋਕਾਂ ਦੇ ਵੱਖ ਵੱਖ ਤਬਕਿਆਂ ਵਿਚਕਾਰ ਆਰਥਿਕ ਪਾੜਾ ਘਟਣ ਦੀ ਥਾਂ ਵਧਦਾ ਹੀ ਜਾਂਦਾ ਹੈ। ਕਰੋੜਾਂ ਨੌਜਵਾਨਾਂ ਨੂੰ ਆਪਣੀ ਯੋਗਤਾ, ਇੱਛਾ ਤੇ ਲੋੜ ਅਨੁਸਾਰ ਰੁਜ਼ਗਾਰ ਦੀ ਤਲਾਸ਼ ਹੈ। ਕਹਾਵਤ ਹੈ ਕਿ ਕੋਈ ਇਕ ਵਿਹਲੜ ਜਿੰਨੇ ਪੈਸੇ ਨਾਸ਼ਤੇ ਉਤੇ ਖ਼ਰਚ ਕਰ ਦਿੰਦਾ ਹੈ, ਓਨੇ ਹੱਡ-ਭੰਨ ਮਿਹਨਤ ਕਰਨ ਵਾਲੇ ਭਰੇ-ਪੂਰੇ ਪਰਿਵਾਰ ਨੂੰ ਪੂਰੇ ਮਹੀਨੇ ਵਾਸਤੇ ਘਰ ਚਲਾਉਣ ਲਈ ਵੀ ਨਹੀਂ ਮਿਲਦੇ।

ਆਜ਼ਾਦੀ ਦੇ ਦਿਨ ਸਾਡੇ ਲਈ ਕੁਰਬਾਨੀਆਂ ਕਰਨ ਵਾਲੇ ਦੇਸ਼-ਭਗਤਾਂ ਨੂੰ ਸ਼ਰਧਾ ਭੇਟ ਕਰਦਿਆਂ ਸਾਨੂੰ ਉਨ੍ਹਾਂ ਦੀ ਯਾਦ ਵਿਚ ਇਹ ਸੰਕਲਪ ਤੇ ਪ੍ਰਣ ਜ਼ਰੂਰ ਕਰਨਾ ਚਾਹੀਦਾ ਹੈ ਕਿ ਸਾਥੋਂ ਜੋ ਵੀ ਯਤਨ ਸੰਭਵ ਹੈ, ਉਹੋ ਕਰ ਕੇ ਅਸੀਂ ਰਾਜਨੀਤਕ ਆਜ਼ਾਦੀ ਨੂੰ ਸਮਾਜਕ ਅਤੇ ਆਰਥਿਕ ਆਜ਼ਾਦੀ ਨਾਲ ਸੰਪੂਰਨ ਬਣਾਉਣ ਵਾਸਤੇ ਆਪਣਾ ਸਰਦਾ-ਬਣਦਾ ਹਿੱਸਾ ਜ਼ਰੂਰ ਪਾਵਾਂਗੇ!

## ਆਜ਼ਾਦੀ ਦਿਵਸ

ਕੀ ਮਨਾਈਏ, ਗਾਈਏ, ਜਸ਼ਨ, ਗੀਤ ਆਜ਼ਾਦੀ ਦੇ,
ਚਾਰ-ਚੁਫੇਰੇ ਘੋਰ ਨਿਰਾਸ਼ਾ, ਮੰਜ਼ਰ ਨੇ ਬਰਬਾਦੀ ਦੇ।
ਚਿੰਤਾ-ਫਿਕਰ 'ਚ ਡੁੱਬੇ ਲੋਕ ਮੂੰਹਾਂ 'ਤੇ ਉਦਾਸੀ ਛਾਈ
ਇਹ ਕੇਹੀ ਆਜ਼ਾਦੀ ਆਈ।

ਆਜ਼ਾਦੀ ਦੇ ਯੋਧੇ, ਪਰਵਾਨੇ ਦੇਸ਼ ਤੋਂ ਜਾਨਾਂ ਵਾਰ ਗਏ,
ਘਰ-ਬਾਰ, ਪਰਿਵਾਰ ਸਭ ਕੁਝ ਕਰ ਨਿਸਾਰ ਗਏ।
ਕਾਲੇ ਪਾਣੀ-ਜੇਲ੍ਹਾਂ, ਫਾਂਸੀਆਂ, ਉਮਰ ਕੈਦਾਂ ਕੱਟੀਆਂ,
ਪਰ ਸੁਫਨੇ ਸੋਹਣੇ ਆਜ਼ਾਦ ਦੇਸ਼ ਦੇ ਹੋਏ ਛਾਈ-ਮਾਈ।

ਕੁੱਲੀ, ਗੁੱਲੀ, ਜੁੱਲੀ ਅੱਜ ਦੁਰਲੱਭ ਹੁੰਦੀ ਜਾਵੇ,
ਮਹਿੰਗਾਈ ਦੇ ਪੁੜਾਂ 'ਚ ਫਾਥੀ, ਜੰਤਾ ਪਈ ਕੁਰਲਾਵੇ।
ਮਿਹਨਤਕਸ਼, ਕਿਰਤੀ-ਕਾਮੇ ਨੂੰ, ਕੰਮ ਨਾ ਕੋਈ ਲੱਭੇ,
ਇਕ ਡੰਗ ਰੋਟੀ ਦੋ ਡੰਗ ਫਾਕਾ ਪੇਸ਼ ਨਾ ਜਾਵੇ ਕਾਈ।

ਬੇ-ਰੁਜ਼ਗਾਰੀ ਦਾ ਜਿੰਨ, ਮੂੰਹ ਅੱਡੀ ਪਿਆ ਦਹਾੜੇ,
ਬੇ-ਮਕਸਦ, ਪੜ੍ਹੀ ਜਵਾਨੀ, ਨਸ਼ਿਆਂ ਲਾਈ ਆੜੇ।
ਦੁਨੀਆਂ ਦਾ ਅੰਨ ਦਾਤਾ ਪਿਆ ਲੈ ਲੈ ਫਾਹੇ ਮਰਦਾ,
ਭੁੱਖ, ਨੰਗ, ਬੀਮਾਰੀ ਨੇ, ਜ਼ਿੰਦਗੀ ਅਜ਼ਾਬ ਬਣਾਈ।

ਫਿਰਕਾਪ੍ਰਸਤਾਂ ਜਨਤਾ ਦੇ, ਮਨਾਂ 'ਚ ਜ਼ਹਿਰ ਫੈਲਾਈ,
ਧਰਮਾਂ 'ਚ ਵਿੱਥ ਘੱਟਣ ਦੀ ਥਾਂ ਹੋਈ ਦੂਣ ਸਵਾਈ।
ਗੱਦੀ-ਕੁਰਸੀ ਹਿਲਦੀ ਦਿੱਸੇ ਧਰਮ ਦਾ ਪੱਤਾ ਖੇਡਣ,
ਨਾਅਹਿਲ, ਬੇਮੁਰੱਵਤ ਲੀਡਰਾਂ ਲੋਕਾਂ 'ਚ ਫੁੱਟ ਪਾਈ।

ਧਨ-ਕੁਬੇਰਾਂ, ਭ੍ਰਿਸ਼ਟ ਲੀਡਰਾਂ ਡਾਢੀ ਲੁੱਟ ਮਚਾਈ,
ਰਿਸ਼ਵਤਖੋਰ, ਕੁਨਬਾਪ੍ਰਵਰ ਪਿੱਸੂ ਚਿੱਚੜਾਂ ਦੇ ਭਾਈ।
ਮਿਲਾਵਟਖੋਰ, ਸਮੱਗਲਰ, ਤਸਕਰ ਰਲੇ ਨੇ ਸਾਰੇ,
ਚੋਰ, ਜ਼ਖੀਰੇ-ਬਾਜ਼ ਦੇਸ਼ ਨੂੰ ਘੁਣ ਵਾਂਗੂ ਜਾਂਦੇ ਖਾਈ।

ਮੁਲਕ ਦੀ ਅੱਧੋਂ ਵੱਧ ਆਬਾਦੀ ਰਾਤ ਨੂੰ ਭੁੱਖੀ ਸੌਂਦੀ,
ਕੂੜੇ-ਕਰਕਟ 'ਚੋਂ ਖਾਂਦੇ ਬੱਚੇ ਵੇਖ ਹਯਾ ਨਾ ਆਉਂਦੀ।
ਲੀਡਰ-ਲੋਟੂ-ਮੁਕੱਦਮ ਸਾਰੇ, ਇਕ ਹੀ ਥੈਲੀ ਦੇ ਵੱਟੇ,
ਡਾਕੂ, ਮੁਨਸਫ ਇਕੋ ਥਾਲੀ ਰਲ ਮਿਲ ਜਾਂਦੇ ਖਾਈ।

ਫੁੱਟ-ਪਾਥਾਂ 'ਤੇ ਸੌਣ ਵਾਲੇ ਲਈ ਕੀ ਆਜ਼ਾਦੀ ਆਈ,
ਛੱਤ ਸਿਰ 'ਤੇ ਨਾ ਖਾਣ ਨੂੰ ਰੋਟੀ, ਜਾਂਦੇ ਨਰਕ ਹੰਡਾਈ।
ਗੰਦੀਆਂ ਝੁੱਗੀਆਂ ਵਿਚ ਬੰਦੇ ਕੁਰਬਲ ਕੁਰਬਲ ਕਰਦੇ,
ਨਾ ਸਫਾਈ ਨਾ ਰੌਸ਼ਨੀ, ਪਾਣੀ ਮਰਦੇ ਬਿਨ ਦਵਾਈ।

ਟੁੱਟੀਆਂ ਸੜਕਾਂ, ਬੰਦ ਬਿਜਲੀ, ਜ਼ਹਿਰੀ ਆਬੋ-ਹਵਾ,
ਆਮ ਬੰਦੇ ਦੀ ਜ਼ਿੰਦਗੀ ਵਿਚ, ਰਹੀਆਂ ਤਬਾਹੀ ਮਚਾ।
ਮਾਰੂ ਰੋਗਾਂ, ਗਰੀਬ ਬੰਦੇ ਦਾ, ਜਿਊਣਾ ਦੁਭੱਰ ਕੀਤਾ।
ਨਕਲੀ ਦੁਆਈ, ਮਿਲਾਵਟ ਨੇ ਡਾਢੀ ਆਫਤ ਢਾਹੀ।

ਲਾ-ਕਾਨੂੰਨੀ, ਗੁੰਡਾਗਰਦੀ, ਅਖਤਿਆਰੋਂ ਬਾਹਰ ਹੋਏ,
ਸਰਕਾਰੀ ਦਹਿਸ਼ਤ ਆਮ ਬੰਦੇ ਦੇ ਮੁਢਲੇ ਹੱਕ ਨੇ ਖੋਹੇ।
ਭਾਵੇਂ ਚਿਰ ਦੇ ਮੁਲਕ ਨੂੰ ਛੱਡ ਕੇ ਚਲੇ ਗਏ ਜ਼ਰਵਾਣੇ,
ਪਰ ਉਨ੍ਹਾਂ ਤੋਂ ਵੀ ਬਦਤਰ ਸਾਡੇ ਲੀਡਰਾਂ ਅੱਤ ਚਾਈ।

ਹੱਕ ਸੱਚ ਇਨਸਾਫ ਦਾ ਤਰਾਜ਼ੂ ਸਦਾ ਹੀ ਡੰਡੀ ਮਾਰੇ,
ਨਾ ਦਾਦ ਸੁਣੇ, ਫਰਿਆਦ ਸੁਣੇ, ਵੱਸਦੇ ਘਰ ਉਜਾੜੇ।
ਧੀਆਂ-ਭੈਣਾਂ ਦੀ ਇਜ਼ਤ-ਆਬਰੂ ਟਕਿਓਂ ਖੋਟੀ ਹੋਈ,
ਅਪੀਲ ਨਹੀਂ, ਦਲੀਲ ਨਹੀਂ, ਨਹੀਂ ਕਿਤੇ ਸੁਣਵਾਈ।
ਇਹ ਕੇਹੀ ਆਜ਼ਾਦੀ ਆਈ।

-ਚੰਨ, 908-788-8427

# ਮਾਂ ਦਾ ਦਿਲ

***ਪੰਜਾਬੀ ਦੇ ਸਰਬਾਂਗੀ ਲੇਖਕ ਕਰਤਾਰ ਸਿੰਘ ਦੁੱਗਲ ਨੇ ਆਪਣੀ ਸਵੈ-ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਵਿਚ ਆਪਣੇ ਜੀਵਨ ਅਤੇ ਜੀਵਨ ਕਾਲ ਨਾਲ ਜੁੜਿਆ ਬਹੁਤ ਸਾਰਾ ਬਿਰਤਾਂਤ ਪਾਠਕਾਂ ਅੱਗੇ ਪੇਸ਼ ਕੀਤਾ ਹੈ। 15 ਅਗਸਤ ਦੇ ਮੌਕੇ ਅਸੀਂ ਇਸ ਸਵੈ-ਜੀਵਨੀ ਵਿਚੋਂ ਉਹ ਹਿੱਸਾ ਛਾਪ ਰਹੇ ਹਾਂ ਜਦੋਂ 1947 ਦੀ ਕਤਲੋ-ਗਾਰਤ ਸ਼ੁਰੂ ਹੋਣ ਤੋਂ ਐਨ ਪਹਿਲਾਂ ਮਾਰਚ 1947 ਨੂੰ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵਿਚਕਾਰ ਰਾਵਲਪਿੰਡੀ ਵਿਖੇ ਫਿਰਕੂ ਫਸਾਦ ਹੋ ਗਏ ਸਨ। ਬਾਹਰ ਰਾਵਲਪਿੰਡੀ ਫਿਰਕੂ ਫਸਾਦਾਂ ਦੀ ਅੱਗ ਨਾਲ ਸੜ ਰਿਹਾ ਹੈ; ਤੇ ਇਕ ਮਾਂ ਆਪਣੇ ਪੁੱਤਰ ਮੁਨੀਰ ਦੇ ਸਿੱਖ ਦੋਸਤ ਨੂੰ ਉਸ ਦੇ ਪਿੰਡ ਛੱਡਣ ਜਾਂਦੀ ਹੈ। ਦੁੱਗਲ ਨੇ ਇਸ ਕਹਾਣੀ ਨੂੰ ਆਪਣੇ ਹੀ ਰੰਗ ਵਿਚ ਪੇਸ਼ ਕੀਤਾ ਹੈ। -ਸੰਪਾਦਕ***

ਹਿੰਦੂ-ਸਿੱਖ ਮੁੰਡਿਆਂ ਤੋਂ ਵਧੇਰੇ ਮੇਰੀ ਦੋਸਤੀ ਮੁਸਲਮਾਨ ਹਮ-ਜਮਾਤੀਆਂ ਨਾਲ ਹੁੰਦੀ ਸੀ। ਪਤਾ ਨਹੀਂ ਕਿਉਂ, ਉਨ੍ਹਾਂ ਨਾਲ ਖੇਡ ਕੇ ਮੈਂ ਖੁਸ਼ ਹੁੰਦਾ, ਉਨ੍ਹਾਂ ਨਾਲ ਮੇਰੀਆਂ ਸਾਂਝਾ ਬਣਦੀਆਂ ਰਹਿੰਦੀਆਂ। ਸਕੂਲ ਦੇ ਸਾਰੇ ਉਸਤਾਦਾਂ ਵਿਚੋਂ ਮੈਂ ਮੌਲਵੀ ਰਿਆਜ਼ਉਦੀਨ ਦਾ ਚਹੇਤਾ ਸਾਂ। ਹੁਣ ਭਾਵੇਂ ਉਹ ਸਾਡੀ ਕਲਾਸ ਦਾ ਟੀਚਰ ਨਹੀਂ ਸੀ, ਤਾਂ ਵੀ ਮੇਰੀ ਸ਼ਰਧਾ ਉਸ ਪ੍ਰਤੀ ਉਂਜ ਦੀ ਉਂਜ ਬਣੀ ਹੋਈ ਸੀ। ਮਾਸਟਰ ਅਨੂਪ ਚੰਦ, ਮਾਸਟਰ ਗਿਆਨ ਚੰਦ ਤੇ ਹੋਰ ਵੀ ਕਈ ਉਸਤਾਦ ਸਨ



ਕਰਤਾਰ ਸਿੰਘ ਦੁੱਗਲ

ਜਿਹੜੇ ਮੈਨੂੰ ਪਿਆਰ ਕਰਦੇ ਸਨ, ਮੇਰਾ ਖਿਆਲ ਰੱਖਦੇ ਸਨ, ਆਦਰ ਦਿੰਦੇ ਸਨ ਜਿਹੜਾ ਕਿਸੇ ਸਕੂਲ ਵਿਚ ਵਿਰਲੇ ਹੀ ਵਿਦਿਆਰਥੀ ਨੂੰ ਮਿਲਦਾ ਹੈ, ਪਰ ਮੌਲਵੀ ਰਿਆਜ਼ਉਦੀਨ ਨਾਲ ਮੇਰਾ ਰਿਸ਼ਤਾ ਨਿਵੇਕਲਾ ਸੀ।

ਹੁਣ ਕਿਉਂਕਿ ਮੈਂ ਵੱਡਾ ਹੋ ਰਿਹਾ ਸਾਂ, ਮੁਸਲਮਾਨ ਘਰਾਂ ਵਿਚ ਮੈਥੋਂ ਪਰਦਾ ਹੁੰਦਾ ਸੀ ਪਰ ਜਦੋਂ ਮੈਂ ਅਜਿਹੇ ਘਰਾਂ ਵਿਚ ਜਾਂਦਾ, ਇੰਜ ਮਹਿਸੂਸ ਹੁੰਦਾ ਜਿਵੇਂ ਪਹਿਲੋਂ ਤੋਂ ਕਿਤੇ ਵਧੇਰੇ ਮੈਨੂੰ ਕੋਈ ਅੱਖੀਆਂ ਵੇਖ ਰਹੀਆਂ ਹੋਣ। ਸਰਮਾਏਦਾਰ ਮੁਸਲਮਾਨ ਘਰਾਂ ਦੀਆਂ ਕੁੜੀਆਂ-ਚਿੜੀਆਂ ਜਿਨ੍ਹਾਂ ਮਰਦਾਂ ਤੋਂ ਪਰਦਾ ਕਰਦੀਆਂ ਸਨ, ਉਨ੍ਹਾਂ ਨੂੰ ਵੇਖਣ ਲਈ ਅਕਸਰ ਬੇਕਰਾਰ ਰਹਿੰਦੀਆਂ। ਕਈ ਢੰਗ ਉਨ੍ਹਾਂ ਨੇ ਕੱਢੇ ਹੋਏ ਸਨ ਜਿਨ੍ਹਾਂ ਦਾ ਸਦਕਾ ਉਹ ਜਿਸ ਪਰਾਏ ਮਰਦ ਨੂੰ ਚਾਹੁਣ ਵੇਖ ਸਕਦੀਆਂ ਸਨ, ਭਾਵੇਂ ਉਨ੍ਹਾਂ ਦਾ ਆਪਣਾ ਪਰਦਾ ਬਣਿਆ ਰਹਿੰਦਾ। ਜਦੋਂ ਕਦੀ ਵੀ ਮੈਨੂੰ ਮੌਕਾ ਮਿਲਦਾ, ਮੈਂ ਵੇਖਦਾ... ਇਨ੍ਹਾਂ ਅਮੀਰ ਘਰਾਂ ਦੇ ਜ਼ਨਾਨਾ-ਖਾਨਿਆਂ ਦੀਆਂ ਚਿੱਕਾਂ ਦੀਆਂ ਉਨ੍ਹਾਂ ਥਾਂਵਾਂ ਵਿਚੋਂ (ਜਿਥੋਂ ਤੀਕ ਇਕ ਨੌਜਵਾਨ ਕੁੜੀ ਦੀਆਂ ਮੁਖ਼ਤ ਖੜੋ ਕੇ ਅੱਖਾਂ ਪੁੱਜਦੀਆਂ) ਛੇਦ ਹੋਏ ਹੁੰਦੇ। ਚਿੱਕਾਂ ਦੀਆਂ ਛਿਪਕੀਆਂ ਉਸ ਥਾਂ ਤੋਂ ਟੁੱਟੀਆਂ ਹੁੰਦੀਆਂ, ਭਾਵੇਂ ਬਾਕੀ ਚਿੱਕ ਨਵੀਂ ਨਕੋਰ ਹੋਵੇ। ਹੋਰ ਤੇ ਹੋਰ, ਕਈ ਘਰਾਂ ਦੀਆਂ ਬਾਹਰ ਖੁੱਲ੍ਹਦੀਆਂ ਗੈਲਰੀਆਂ ਵਿਚ ਲੱਕੜੀ ਦੀਆਂ ਫੱਟੀਆਂ ਦੀਆਂ ਚਿੱਕਾਂ ਬਣਾ ਕੇ ਲਾਈਆਂ ਹੁੰਦੀਆਂ। ਕੁੜੀਆਂ ਲੱਕੜੀ ਦੀਆਂ ਫੱਟੀਆਂ ਤੱਕ ਨੂੰ ਤੋੜ ਲੈਂਦੀਆਂ। ਗੈਲਰੀ ਵਿਚ ਖਲੋਤੀਆਂ ਜਦੋਂ ਵੀ ਵਿਹਲ ਹੁੰਦੀ, ਬਾਹਰ ਝਾਕਦੀਆਂ ਰਹਿੰਦੀਆਂ। ਉਨ੍ਹਾਂ ਦਾ ਆਪਣਾ ਪਰਦਾ ਬਣਿਆ ਰਹਿੰਦਾ, ਬਾਹਰ ਦਾ ਨਜ਼ਾਰਾ ਉਹ ਪੂਰਾ-ਪੂਰਾ ਕਰ ਲੈਂਦੀਆਂ।

ਇਹੀ ਨਹੀਂ, ਆਪਣੇ ਭਰਾਵਾਂ-ਭਤੀਜਿਆਂ, ਦਾਦੇ-ਪੋਤਰਿਆਂ, ਉਨ੍ਹਾਂ ਦੇ ਦੋਸਤਾਂ ਦੀ ਇਕ-ਇਕ ਗੱਲ ਉਹ ਸੁਣਦੀਆਂ ਰਹਿੰਦੀਆਂ। ਉਨ੍ਹਾਂ ਦੀ ਇਕ-ਇਕ ਹਰਕਤ ਦਾ ਉਨ੍ਹਾਂ ਨੂੰ ਪਤਾ ਹੁੰਦਾ। ਕਈ ਵਾਰ ਮੈਨੂੰ ਅਜੀਬ-ਅਜੀਬ ਲਗਦਾ ਜਦੋਂ ਉਹ ਪਰਦੇ ਪਿਛੇ ਖਲੋ ਕੇ ਚਟਾਕ-ਚਟਾਕ ਗੱਲਾਂ ਕਰਨ ਲੱਗ ਪੈਂਦੀਆਂ। ਕਿਤਨਾ-ਕਿਤਨਾ ਚਿਰ ਹੱਸ-ਹੱਸ ਕੇ ਗੱਲਾਂ ਕਰਦੀਆਂ ਰਹਿੰਦੀਆਂ। ਅਗਲਾ ਹੇਠੋਂ ਉਨ੍ਹਾਂ ਦੇ ਮਹਿੰਦੀ ਰੰਗੇ ਪੈਰ ਵੀ ਵੇਖ ਸਕਦਾ, ਪਰਦੇ ਪਿਛੋਂ ਕਿਤਾਬਾਂ ਕਾਪੀਆਂ ਜਾਂ ਹੋਰ ਕੋਈ ਚੀਜ਼ ਵਸਤ ਦੇ ਲੈ ਰਹੀਆਂ ਉਨ੍ਹਾਂ ਦੇ ਹੱਥ ਵੀ ਵੇਖ ਸਕਦਾ। ਵਧੇ ਹੋਏ ਨਹੁੰ, ਲਵੀਆਂ-ਲਵੀਆਂ ਖੁਸ਼ਬੂ-ਖੁਸ਼ਬੂ ਉਂਗਲੀਆਂ।

ਇਸ ਤਰ੍ਹਾਂ ਪਰਦੇ ਵਿਚ ਰਹਿੰਦੀਆਂ, ਆਪਣੇ ਕਈ ਮੁਸਲਮਾਨ ਦੋਸਤਾਂ ਦੀਆਂ ਭੈਣਾਂ ਨੂੰ ਮੈਂ ਇਸ ਤੋਂ ਕਿਤੇ ਵਧੇਰੇ ਜਾਣਦਾ ਸਾਂ ਜਿਤਨਾ ਮੈਂ ਆਪਣੇ ਹਿੰਦੂ-ਸਿੱਖ ਦੋਸਤਾਂ ਦੀਆਂ ਭੈਣਾਂ ਨੂੰ ਜਾਣਦਾ ਸਾਂ ਜਿਹੜੀਆਂ ਮੈਥੋਂ ਪਰਦਾ ਨਹੀਂ ਕਰਦੀਆਂ ਸਨ। ਇਸ ਤਰ੍ਹਾਂ ਦੀਆਂ ਮੁਸਲਮਾਨ ਕੁੜੀਆਂ ਨਾਲ ਕਿਤੇ ਵਧੇਰੇ ਮੇਰੀ ਗਪ-ਸ਼ਪ ਰਹਿੰਦੀ, ਬਨਿਸਬਤ ਉਨ੍ਹਾਂ ਗੈਰ-ਮੁਸਲਮਾਨ ਕੁੜੀਆਂ ਦੇ ਜਿਹੜੀਆਂ ਪਰਦੇ ਵਿਚ ਨਹੀਂ ਰਹਿੰਦੀਆਂ ਸਨ।

ਅਕਸਰ ਇਹ ਸੋਚ ਕੇ ਮੈਂ ਹੈਰਾਨ ਹੁੰਦਾ ਰਹਿੰਦਾ। ਕਦੀ-ਕਦੀ ਇਸ ਤਰ੍ਹਾਂ ਦੀਆਂ ਪਰਦਾਨਸ਼ੀਨ ਮੁਸਲਮਾਨ ਕੁੜੀਆਂ ਦੀਆਂ ਹਰਕਤਾਂ ਦੀ ਯਾਦ ਕਰ ਕੇ ਮੈਨੂੰ ਜਿਵੇਂ ਕੁਤ-ਕੁਤਾੜੀਆਂ ਹੋਣ ਲੱਗ ਪੈਂਦੀਆਂ। ਪਰਦੇ ਪਿਛੇ ਖਲੋਤੀਆਂ ਕੁੜੀਆਂ ਗੱਲ ਨੂੰ ਲਮਕਾਈ ਜਾਂਦੀਆਂ। ਫਿਲਮਾਂ ਦਾ ਜ਼ਿਕਰ, ਨਾਵਲਾਂ ਦਾ ਜ਼ਿਕਰ ਜਿਹੜੇ ਉਹ ਪੜ੍ਹ ਰਹੀਆਂ ਹੁੰਦੀਆਂ। ਆਂਢਣਾਂ-ਗੁਆਂਢਣਾਂ ਦਾ ਜ਼ਿਕਰ। ਆਪਣੇ ਸਕੂਲ ਦੀਆਂ ਉਸਤਾਨੀਆਂ ਦੀਆਂ ਹਰਕਤਾਂ। ਫਿਰ ਗਲੀ ਦੇ ਮੁੰਡਿਆਂ ਦੀਆਂ ਸ਼ਰਾਰਤਾਂ, ਵਗੈਰਾ-ਵਗੈਰਾ। ਜਿਵੇਂ ਉਨ੍ਹਾਂ ਦੀ ਤਾਰ-ਬਰਕੀ ਹੋਵੇ, ਇਕ ਕੁੜੀ ਦੀ ਗੱਲ ਮਹੱਲੇ ਦੀਆਂ ਬਾਕੀ ਕੁੜੀਆਂ ਨੂੰ ਅੱਖ ਪਲਕਾਰੇ ਵਿਚ ਅੱਪੜ ਜਾਂਦੀ।

ਉਸ ਦਿਨ ਤਾਂ ਮੈਂ ਹੱਕਾ-ਬੱਕਾ ਰਹਿ ਗਿਆ। ਗੱਲ ਇੰਜ ਹੋਈ... ਸਾਵਣ ਦਾ ਮਹੀਨਾ ਸੀ। ਰਿਮ-ਝਿਮ, ਬਾਹਰ ਕਣੀਆਂ ਵਸ ਰਹੀਆਂ ਸਨ। ਮੇਰਾ ਇਕ ਮੁਸਲਮਾਨ ਦੋਸਤ ਜਿਹੜਾ ਅਕਸਰ ਆਪਣੀ ਮੋਟਰ ਵਿਚ ਸਕੂਲ (ਮਿਲਟਰੀ ਛਾਉਣੀ ਪਬਲਿਕ ਸਕੂਲ ਰਾਵਲਪਿੰਡੀ) ਜਾਂਦਾ ਸੀ, ਮੈਨੂੰ ਕਹਿਣ ਲੱਗਾ, "ਸਾਈਕਲ 'ਤੇ ਤੂੰ ਭਿੱਜ ਜਾਵੇਂਗਾ, ਮੇਰੇ ਨਾਲ ਮੋਟਰ 'ਤੇ ਚੱਲ। ਜਦੋਂ ਬਾਰਸ਼ ਰੁਕੀ, ਤੂੰ ਘਰ ਚਲਾ ਜਾਵੀਂ।" ਮੈਨੂੰ ਉਹਦੀ ਗਲ ਸੁਖਾ ਗਈ ਤੇ ਮੈਂ ਕਿਤਾਬਾਂ ਫੜੀ ਉਹਦੀ ਮੋਟਰ ਵਿਚ ਜਾ ਬੈਠਾ। ਪਹਿਲੇ ਵੀ ਕਈ ਵਾਰ ਮੈਂ ਉਨ੍ਹਾਂ ਦੇ ਬੰਗਲੇ ਜਾ ਚੁੱਕਾ ਸਾਂ। ਕਿਤਨਾ-ਕਿਤਨਾ ਚਿਰ ਅਸੀਂ ਬੈਠੇ ਗ੍ਰਾਮੋਫੋਨ ਦੇ ਰਿਕਾਰਡ ਸੁਣਦੇ ਰਹਿੰਦੇ, ਹਾਰਮੋਨੀਅਮ ਵਜਾਂਦੇ ਰਹਿੰਦੇ, ਗਾਣੇ ਗਾਂਦੇ ਰਹਿੰਦੇ, ਹੱਸਦੇ ਰਹਿੰਦੇ, ਖੇਡਦੇ ਰਹਿੰਦੇ।

ਮੇਰੇ ਇਸ ਮੁਸਲਮਾਨ ਦੋਸਤ ਦਾ ਕਮਰਾ ਉਨ੍ਹਾਂ ਦੀਆਂ ਪੌੜੀਆਂ ਚੜ੍ਹੋ, ਤਾਂ ਸੱਜੇ ਪਾਸੇ ਕਈ ਕਮਰਿਆਂ ਦੀ ਕਤਾਰ ਵਿਚ ਪਹਿਲਾ ਸੀ। ਖੱਬੇ ਹੱਥ ਗੋਲ ਕਮਰਾ ਸੀ। ਅਕਸਰ ਅਸੀਂ ਗੋਲ ਕਮਰੇ ਵਿਚ ਉਠਿਆ-ਬੈਠਿਆ ਕਰਦੇ ਸਨ, ਪਰ ਉਸ ਦਿਨ ਮੇਰਾ ਦੋਸਤ ਮੈਨੂੰ ਸੱਜੇ ਹੱਥ ਦੇ ਆਪਣੇ ਨਿਵੇਕਲੇ ਕਮਰੇ ਵਿਚ ਲੈ ਗਿਆ। ਇੰਜ ਜਾਪਦਾ ਹੈ, ਗੋਲ ਕਮਰੇ ਵਿਚ ਕੋਈ ਹੋਰ ਮਹਿਮਾਨ ਸਨ।

ਅਸੀਂ ਅਜੇ ਕਮਰੇ ਵਿਚ ਵੜੇ ਹੀ ਸਾਂ ਕਿ



*ਦੰਗਿਆਂ ਵਿਚ ਮਾਰੇ ਗਏ ਜਿਉੜਿਆਂ ਦੀਆਂ ਲਾਸ਼ਾਂ ਸਮੇਟ ਰਹੇ ਕਾਮੇ।*

ਪਰਦੇ ਪਿਛੋਂ ਉਹਦੀ ਅੰਮੀ ਨੇ ਆਵਾਜ਼ ਦੇ ਕੇ ਮੇਰੇ ਦੋਸਤ ਨੂੰ ਬੁਲਾ ਲਿਆ। ਮੈਂ ਕੱਲਮੁਕੱਲਾ ਉਹਦੇ ਕਮਰੇ ਦੀ ਸ਼ਾਨ ਨੂੰ ਅੱਖੀਆਂ ਫਾੜ-ਫਾੜ ਕੇ ਵੇਖਣ ਲੱਗ ਪਿਆ। ਕਾਲੀਨ ਕੀ, ਪਰਦੇ ਕੀ, ਕੰਧ 'ਤੇ ਲੱਗੀਆਂ ਤਸਵੀਰਾਂ ਕੀ, ਫਰਨੀਚਰ ਕੀ! ਤੇ ਉਹ ਸਕੂਲ ਵਿਚ ਪੜ੍ਹਨ ਵਾਲੇ ਇਕ ਮੁੰਡੇ ਦਾ ਕਮਰਾ ਸੀ ਬੱਸ! ਮੁੰਡਾ ਬੇਸ਼ੱਕ ਦਸਵੀਂ ਵਿਚ ਪੜ੍ਹਦਾ ਸੀ, ਪਰ ਇਸ ਤਰ੍ਹਾਂ ਦੀ ਉਥਲ-ਉਥਲ, ਇਸ ਤਰ੍ਹਾਂ ਦੀ ਅਮਾਰਤ ਵੇਖ ਕੇ ਮੇਰੀਆਂ ਅੱਖੀਆਂ ਟੱਡੀਆਂ ਦੀਆਂ ਟੱਡੀਆਂ ਰਹਿ ਜਾਂਦੀਆਂ।

ਮੈਨੂੰ ਇੰਜ ਕਮਰੇ ਵਿਚ ਇਕੱਲੇ ਬਹੁਤ ਦੇਰ ਨਹੀਂ ਹੋਈ ਸੀ ਕਿ ਮੇਰੇ ਦੋਸਤ ਦਾ ਨੌਕਰ ਤਸ਼ਤਰੀ ਵਿਚ ਦੁੱਧ ਤੇ ਹੋਰ ਢੇਰ ਸਾਰਾ ਨਿੱਕ-ਸੁੱਕ ਖਾਣ ਲਈ ਲੈ ਆਇਆ। ਪੇਸਟਰੀ, ਕੇਕ, ਸੁੱਕਾ ਮੇਵਾ ਆਦਿ। "ਬਾਬਾ ਬਾਹਰ ਗਏ ਨੇ, ਛੋਟੀ ਬੀਬੀ ਨੂੰ ਸਕੂਲੋਂ ਲੈਣ। ਬਾਰਸ਼ ਹੋ ਰਹੀ ਹੈ ਤੇ ਡਰਾਈਵਰ ਅਜੇ ਅਪੜਿਆ ਨਹੀਂ, ਕਿਤੇ ਬਾਹਰ ਗਿਆ ਹੋਇਆ ਏ ਸਾਹਿਬ ਨੂੰ ਲੈ ਕੇ।" ਨੌਕਰ ਮੈਨੂੰ ਦੱਸ ਰਿਹਾ ਸੀ। ਇਤਨੇ ਵਿਚ ਮੇਰੇ ਦੋਸਤ ਦੀ ਅੰਮੀ ਆਪ ਪਰਦਾ ਹਟਾ ਕੇ ਕਮਰੇ ਵਿਚ ਆ ਗਈ।

"ਆਪਣੇ ਬੇਟੇ ਤੋਂ ਕੀ ਪਰਦਾ ਏ। ਬੇਟੇ ਦੇ ਦੋਸਤ ਬੇਟੇ ਹੀ ਤੇ ਹੁੰਦੇ ਨੇ।" ਉਹ ਆਪ ਹੀ ਆਪ ਮੁਸਕਾਨਾਂ ਖਲੇਰਦੀ ਹੋਈ ਆਈ, ਤੇ ਮੈਨੂੰ ਬਾਹਵਾਂ ਵਿਚ ਲੈ ਕੇ ਲਾਡ ਕਰਨ ਲੱਗ ਪਈ। ਆਪਣੇ ਅਤਿਅੰਤ ਨਾਜ਼ੁਕ, ਸ਼ਫਕਤ ਨਾਲ ਭੁੱਲ੍ਹ-ਭੁੱਲ੍ਹ ਪੈਂਦੇ ਹੋਠਾਂ ਨਾਲ ਉਸ ਮੇਰੇ ਮੱਥੇ ਨੂੰ ਚੁੰਮਿਆ, ਤੇ ਫਿਰ ਆਪਣੇ ਕੋਲ ਬਿਠਾ ਕੇ ਮੈਨੂੰ ਖੁਆਣ ਲੱਗ ਪਈ। "ਮੁਨੀਰ ਹੁਣੇ ਆਂਦਾ ਹੈ। ਮੈਂ ਹੀ ਉਸ ਨੂੰ ਝਟ ਘੜੀ ਲਈ ਬਾਹਰ ਭੇਜਿਆ ਹੈ।"

ਮੇਰੇ ਦੋਸਤ ਨੂੰ ਮੁੜਨ ਵਿਚ ਚੋਖਾ ਝੱਟ ਲੱਗ ਗਿਆ। ਉਹਦੀ ਅੰਮੀ ਜਿਵੇਂ ਮੁਹੱਬਤ ਦੀ ਪਟਾਰੀ ਹੋਵੇ, ਇਕ ਅਜੀਬ ਪਿਆਰ ਦੀ ਖੁਸ਼ਬੂ ਉਸ ਦੇ ਅੰਗ-ਅੰਗ ਵਿਚ ਉਮਲ ਰਹੀ ਸੀ। "ਬੇਟਾ ਅਸੀਂ ਬੋਹਰਾ ਲੋਕ ਮੋਟਾ ਮਾਸ ਨਹੀਂ ਖਾਂਦੇ। ਨਾ ਅਸੀਂ ਸਿਗਰਟ ਪੀਂਦੇ ਹਾਂ।" ਉਹਦਾ ਮਤਲਬ ਸੀ, ਮੈਂ ਬੇਖਟਕੇ ਉਨ੍ਹਾਂ ਦੇ ਘਰ ਖਾ ਸਕਦਾ ਸਾਂ, ਪੀ ਸਕਦਾ ਸਾਂ।

ਗੋਰਾ ਰੰਗ, ਲਚ-ਲਚ ਕਰਦੇ ਮੱਖਣ ਦੇ ਪੇੜੇ ਅੰਗ, ਸ਼ਾਹ ਕਾਲੀਆਂ ਅੱਖੀਆਂ, ਸਾਦ-

*(ਬਾਕੀ ਅਗਲੇ ਸਫੇ 'ਤੇ)*

# ਕਾਂਗਰਸੀ ਨੀ ਧੀ

***ਆਪਣੇ ਚੇਤੇ ਦੇ ਬੋਹੀਏ ਵਿਚੋਂ ਇਸ ਵਾਰ ਕਾਨਾ ਸਿੰਘ ਨੇ ਆਪਣੇ ਬਾਲਪਨ ਨਾਲ ਜੁੜੀ ਇਕ ਘਟਨਾ ਦਾ ਜ਼ਿਕਰ ਕੀਤਾ ਹੈ। ਅਸਲ ਵਿਚ ਇਹ ਉਸ ਬਾਲ-ਮਨ ਦੀ ਕੋਈ ਅਵਸਥਾ ਹੈ ਜਿਹੜੀ ਸ਼ੀਸ਼ੇ ਵਾਂਗ ਸਾਫ ਅਤੇ ਵਗਦੇ ਪਾਣੀਆਂ ਵਾਂਗ ਪਵਿੱਤਰ ਹੁੰਦੀ ਹੈ। ਇਸ ਵਿਚ ਕਿਸੇ ਨਿੱਜੀ ਨਫੇ-ਨੁਕਸਾਨ ਦਾ ਰਲਾ ਨਹੀਂ ਹੁੰਦਾ। ਕਾਨਾ ਸਿੰਘ ਨੇ ਇਸ ਸਾਧਾਰਨ ਚਰਚਾ ਨੂੰ ਪੂਰੇ ਰੰਗ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਇਸ ਵਿਚ ਪਾਠਕ ਦੀ ਉਤਸੁਕਤਾ ਕਿਸੇ ਜੰਗਲੀ ਹਿਰਨ ਵਾਂਗ ਟਪੂਸੀਆਂ ਮਾਰਦੀ ਭਾਸਦੀ ਹੈ। -ਸੰਪਾਦਕ***



ਚਿੱਤ ਚੇਤਾ

ਕਾਨਾ ਸਿੰਘ
ਫੋਨ:91-95019-44944

'ਕਾਂਗਰਸੀ ਨੀ (ਦੀ) ਧੀ, ਕਾਂਗਰਸੀ ਨੀ ਧੀ', ਉੱਚੀ-ਉੱਚੀ ਚੀਕਦਿਆਂ ਉਨ੍ਹਾਂ ਮੈਨੂੰ ਧੱਫੇ-ਮੁੱਕੇ ਮਾਰਨੇ ਸ਼ੁਰੂ ਕਰ ਦਿੱਤੇ। ਗਲਮੇ ਤੋਂ ਫੜ ਕੇ ਕਿਸੇ ਮੇਰੀ ਫਰਾਕ ਚੀਰ ਛੋੜੀ, ਤੇ ਕੋਈ ਮੇਰੀਆਂ ਲਿਮ੍ਹਾਂ ਪੁੱਟਣ ਲੱਗੀ। ਵੱਡੀ ਕੱਦਾਵਰ ਅਮਰਜੀਤਾ ਮੇਰੀਆਂ ਦੋਵੇਂ ਬਾਹਵਾਂ ਪਿੱਛੇ ਲਿਜਾ ਕੇ ਮਰੋੜਨ ਲੱਗੀ। ਮੈਂ ਕੁਰਲਾਅ ਉੱਠੀ।

'ਕਾਂਗਰਸੀ ਨੀ ਧੀ ਹਾਇ ਹਾਇ, ਕਾਂਗਰਸੀ ਨੀ ਧੀ ਹਾਇ ਹਾਇ' ਅਲਾਹੁਣੀਆਂ ਦੇਂਦੀਆਂ, ਛਾਤੀਆਂ ਪਿਟਦੀਆਂ ਹੋਰ ਵੀ ਆ ਜੁੜੀਆਂ, ਧਰੱਚੋ ਦਾ ਧਰੱਚਾ। ਮੈਂ ਚੌਥੀ ਜਮਾਤ ਵਿਚ ਸਾਂ। ਮੇਰਾ ਕੀ ਦੋਸ਼ ਸੀ? ਕੀ ਅਨਰਥ ਕੀਤਾ ਸੀ ਮੈਂ, ਜਾਂ ਮੇਰੇ ਭਾਪਾ ਜੀ ਨੇ? ਮੇਰੀ ਬਾਲ-ਬੁੱਧ ਦੀ ਸਮਝ ਤੋਂ ਬਾਹਰ ਸੀ। ਜੇ ਚੇਤੇ ਦੀ ਬੁਣਤੀ ਨੂੰ ਉਧੇੜਨ ਲੱਗਾਂ ਤਾਂ ਇੰਨਾ ਹੀ ਯਾਦ ਆਉਂਦਾ ਹੈ ਕਿ ਇਹ ਸੰਨ 1945-46 ਦੀ ਘਟਨਾ ਹੈ।

ਸਾਰੇ ਗੁਜਰਖਾਨ ਦੇ ਸਿੱਖ ਭਾਈਚਾਰੇ ਵਿਚ ਅਕਾਲੀ ਲਹਿਰ ਦਾ ਜ਼ੋਰ ਸੀ। ਸ਼ਹਿਰ ਵਿਚ ਕੇਵਲ ਤਿੰਨ ਹੀ ਕਾਂਗਰਸੀ ਸੁਣੀਂਦੇ ਸਨ- ਮੂਲ ਸਿੰਘ ਡਮੇਲੀ ਵਾਲਾ, ਹਰਨਾਮ ਸਿੰਘ ਬਾਟਾ (ਉਹਦੀ ਜੁੱਤੀਆਂ-ਜੋੜਿਆਂ ਦੀ ਦੁਕਾਨ ਸੀ, ਜ਼ਾਹਿਰ ਹੈ ਉਸ ਕੋਲ ਬਾਟਾ ਕੰਪਨੀ ਦੀ ਏਜੰਸੀ ਹੋਵੇਗੀ) ਤੇ ਤੀਜੇ ਮੇਰੇ ਭਾਪਾ ਜੀ, ਲੀਡਰ ਸਾਹਿਬ। ਨੌਜੁਆਨ ਪੀੜ੍ਹੀ ਦੇ ਚੋਣਵੇਂ ਸਿੱਟੇ, ਗੁਰਬਖਸ਼ ਭਾਈਆ ਜੀ ਪੱਕੇ ਅਕਾਲੀ ਸਨ।

ਅਕਾਲੀ ਕੌਣ ਸਨ? ਕਾਂਗਰਸੀ ਕੌਣ ਸਨ? ਕਿਉਂ ਸਨ? ਅੱਠ ਨੌਂ ਵਰ੍ਹਿਆਂ ਦੀ ਮੇਰੀ ਬਾਲ ਉਮਰ ਨੂੰ ਪਤਾ ਨਹੀਂ ਸੀ। ਜੇ ਪਤਾ ਸੀ ਤਾਂ ਇੰਨਾ ਹੀ ਕਿ ਜਿਹੜੇ ਗੁਰਬਖਸ਼ ਭਾਈਆ ਜੀ ਆਮ ਤੌਰ 'ਤੇ ਭਾਪਾ ਜੀ ਦੇ ਪੈਰੀਂ ਪੈਂਦੇ, ਉਨ੍ਹਾਂ ਦਾ ਇੰਨਾ ਸਤਿਕਾਰ ਕਰਦੇ, ਉਹੀ ਰਾਤ ਦੇ ਖਾਣੇ ਮਗਰੋਂ ਬੈਠੇ ਉਨ੍ਹਾਂ ਨਾਲ ਖੂਬ ਬਹੁੰਸਦੇ ਸਨ। ਬਹਿਸਾਂ ਵਿਚ ਮਾਸਟਰ ਤਾਰਾ ਸਿੰਘ, ਮਹਾਤਮਾ ਗਾਂਧੀ, ਭਗਤ ਸਿੰਘ ਤੇ ਬਾਬਾ ਖੜਕ ਸਿੰਘ ਦੇ ਨਾਂ ਵਾਰ-ਵਾਰ ਆਉਂਦੇ ਸਨ।

ਕਦੇ-ਕਦੇ, ਕਿਸੇ ਸ਼ਨਿਚਰ-ਐਤਵਾਰ ਨੂੰ ਲਾਹੌਰ, ਮੁਗਲਪੁਰਾ ਵਿਖੇ ਇੰਜੀਨੀਅਰਿੰਗ ਕਾਲਜ ਵਿਚ ਪੜ੍ਹਦੇ ਹੋਏ ਮੇਰੇ ਜੀਤ ਵੀਰ ਜੀ ਵੀ ਇਸ ਬਹਿਸ ਵਿਚ ਸ਼ਾਮਲ ਹੁੰਦੇ ਸਨ। ਉਨ੍ਹਾਂ ਦੇ ਹੋਠਾਂ ਉਤੇ 'ਗਾਂਧੀ ਗਾਂਧੀ' ਤੇ ਨਹਿਰੂ ਦੇ ਉਚਾਰਨ ਤੋਂ ਜਾਪਦਾ ਸੀ, ਗਾਂਧੀ ਕੋਈ ਦੇਵਤਾ ਹੈ; ਸਾਰੇ ਗੁਰੂਆਂ ਦਾ ਗੁਰੂ ਤੇ ਨਹਿਰੂ ਉਸ ਦਾ ਚਹੇਤਾ ਪੁੱਤਰ ਸ਼ਾਇਦ।

ਉਪਰੋਕਤ ਘਟਨਾ ਤੋਂ ਇਕ ਦਿਨ ਪਹਿਲਾਂ ਹੀ ਜੀ.ਟੀ. ਰੋਡ ਉਪਰ ਵੱਡੇ ਸਾਰੇ ਅਹਾਤੇ ਵਿਚ ਇਕੱਠ ਹੋਇਆ ਸੀ, ਕਾਂਗਰਸ ਦਾ ਸਮਾਗਮ। ਨੀਲੇ ਬਾਣੇ ਵਿਚ ਕੋਈ ਹਸਤੀ ਸੀ ਜਿਸ ਨੂੰ ਸਾਰੇ ਬਾਬਾ ਖੜਕ ਸਿੰਘ ਜੀ ਆਖ ਰਹੇ ਸਨ। ਇਸ ਇਕੱਠ ਵਿਚ ਸਾਡੀ ਡਾਕ ਬੰਗਲੇ ਵਿਚ ਉਸਰ ਰਹੀ ਕੋਠੀ ਦਾ ਠੇਕੇਦਾਰ, ਚਾਚਾ ਇਬਰਾਹਿਮ ਵੀ ਸੀ, ਤੇ ਤਾਇਆ ਰਾਮ ਲਾਲ ਵੀ। ਬੰਸੀ ਰਾਮ ਬਾਹਰੀ ਵੀ ਸੀ, ਤੇ ਸੂਬੇਦਾਰ ਹਰਬੰਸ ਸਿੰਘ ਵੀ।

ਵੱਡਾ ਸਮਾਗਮ ਸੀ। ਤਕਰੀਰਾਂ ਹੋ ਰਹੀਆਂ ਸਨ। ਸਭਾ ਵਿਚ ਤੁਰਦੇ-ਫਿਰਦੇ ਸਭ ਨਾਲ, ਹੱਥ ਮਿਲਾਂਦੇ, ਸਤਿ ਸ੍ਰੀ ਅਕਾਲ ਤੇ ਫਤਹਿ ਗਜਾਂਦੇ ਮੇਰੇ ਭਾਪਾ ਜੀ ਕਾਲੀ ਅਚਕਨ ਤੇ ਚਿੱਟੇ ਸਾਫੇ ਅਰ ਪਜਾਮੇ ਵਿਚ, ਜੇਬ ਵਿਚੋਂ ਗੋਲ ਘੜੀ ਦੀ ਲਟਕਦੀ ਜ਼ੰਜੀਰ ਨਾਲ ਟੂੰਪ-ਟੂੰਪ ਟੁਰਦੇ, ਸਭ ਤੋਂ ਵੱਧ ਪ੍ਰਭਾਵਤ ਕਰ ਰਹੇ ਸਨ ਮੈਨੂੰ... ਮੇਰੇ ਲਈ ਇਹ ਤਮਾਸ਼ਾ ਹੀ ਸੀ।

ਰੋਜ਼ ਵਾਂਗ ਹੀ ਦੂਜੇ ਦਿਨ ਮੈਂ ਸਕੂਲ ਗਈ। ਅੱਧੀ ਛੁੱਟੀ ਵੇਲੇ ਉਹ ਸਾਰੀਆਂ ਕੁੜੀਆਂ ਰਲ-ਮਿਲ ਕੇ ਗੋਸ਼ੇ ਕਰ ਰਹੀਆਂ ਸਨ, ਮੈਨੂੰ ਘੂਰ ਰਹੀਆਂ ਸਨ। ਕੋਈ-ਕੋਈ ਮੇਰੇ ਵੱਲ ਤੱਕ ਕੇ ਚੁਪੇੜ-ਮੁੱਕਾ ਵੀ ਵੱਟ ਰਹੀ ਸੀ। ਜਮਾਤ ਵਿਚ ਸਭ ਤੋਂ ਹੁਸ਼ਿਆਰ ਅਤੇ ਨਿੱਕੀਆਂ-ਵੱਡੀਆਂ ਦੀ ਚਹੇਤੀ ਨਾਲ ਇਹ ਕੀ ਭਾਣਾ ਵਰਤ ਗਿਆ ਸੀ, ਮੈਨੂੰ ਸਮਝ ਨਹੀਂ ਸੀ ਆ ਰਹੀ। ਸਾਰੀ ਛੁੱਟੀ ਹੋਈ। ਬਸਤਾ ਚੁੱਕਿਆ। ਸਕੂਲੋਂ ਬਾਹਰ ਹੁੰਦਿਆਂ ਹੀ ਉਹ ਸਾਰੀਆਂ ਮੇਰੇ 'ਤੇ ਟੁੱਟ ਪਈਆਂ, 'ਕਾਂਗਰਸੀ ਨੀ ਧੀ...ਕਾਂਗਰਸੀ ਨੀ ਧੀ', ਚੀਕਦੀਆਂ।

ਜੇ ਸਾਰਾ ਸ਼ਹਿਰ ਅਕਾਲੀ ਸੀ, ਤਾਂ ਭਾਪਾ ਜੀ ਨੂੰ ਕੀ ਵਖ਼ਤ ਪੈ ਗਿਆ ਸੀ ਕਾਂਗਰਸੀ ਹੋਣ ਦਾ? ਉਹ ਹੋਰਨਾਂ ਦੇ ਪਿਉ-ਭਰਾਵਾਂ ਵਰਗੇ ਕਿਉਂ ਨਹੀਂ ਸਨ?...ਕਾਂਗਰਸੀ ਹੋਣਾ ਕੋਈ ਬਹੁਤ ਬੁਰੀ ਗੱਲ ਸੀ, ਚੋਰ ਲੁਟੇਰੇ ਜਾਂ ਡਾਕੂ ਹੋਣ ਵਰਗੀ, ਤੇ ਮੈਂ ਉਸੇ ਭਾਪਾ ਜੀ ਦੀ ਧੀ ਸਾਂ। ਛੀ ਛੀ! ਧਰਤੀ ਵਿਹਲ ਦਵੇ ਤੇ ਮੈਂ ਸਮਾਅ ਜਾਵਾਂ! ਮੈਂ ਆਤਮ ਗਲਾਨੀ ਨਾਲ ਲਬਰੇਜ਼ ਸਾਂ।

ਰੋਂਦੀ-ਰੋਂਦੀ ਘਰ ਆਈ। ਘਰ ਵਿਚ ਮਾਂ ਨਹੀਂ ਸੀ। ਉਹ ਪਿੰਡੀ ਗਈ ਹੋਈ ਸੀ, ਮੈਥੋਂ ਨਿੱਕੇ ਵੀਰ ਨੂੰ ਹੋਲੀ ਫੈਮਿਲੀ ਹਸਪਤਾਲ ਦਿਖਾਣ। ਉਹ ਅਕਸਰ ਬਿਮਾਰ ਰਹਿੰਦਾ ਸੀ। ਉਸ ਦਾ ਜਿਗਰ ਵਧਿਆ ਹੋਇਆ ਸੀ। ਮਾਨਾ ਵੀ ਨਾਲ ਗਈ ਸੀ। ਮਾਨਾ ਮੈਥੋਂ ਦੋ ਸਾਲ ਵੱਡੀ ਸੀ, ਪਰ ਖੁੱਲ੍ਹੇ ਮੋਕਲੇ ਅੰਗਾਂ ਵਾਲੀ ਹੋਣ ਕਾਰਨ ਜ਼ਿਆਦਾ ਵੱਡੀ ਲਗਦੀ। ਉਹ ਪੜ੍ਹਾਈ ਵਿਚ ਕਮਜ਼ੋਰ ਸੀ। ਉਸ ਦਾ ਪੰਜਾ ਬੜਾ ਭਾਰਾ ਸੀ। ਉਸ ਤੋਂ ਅਕਸਰ ਹੀ ਮੈਨੂੰ ਮਾਰ ਖਾਣੀ ਪੈਂਦੀ ਸੀ। ਅਸੀਂ ਉਪਰੋਤਲੀ ਦੀਆਂ ਜੁ ਸਾਂ। ਉਹ ਕਦੋਂ ਵਿਆਹੀ ਜਾਵੇਗੀ, ਤੇ ਮੇਰੀ ਬੰਦ ਖਲਾਸੀ ਹੋਵੇਗੀ, ਮੈਂ ਸੋਚਦੀ ਪਰ ਅੱਜ ਉਸ ਦਾ ਸਕੂਲੋਂ ਗੈਰ-ਹਾਜ਼ਰ ਹੋਣਾ ਮੈਨੂੰ ਡਾਢਾ ਭੈੜਾ ਲੱਗਾ। ਜੇ ਉਹ ਹਾਜ਼ਰ ਹੁੰਦੀ ਤਾਂ ਕਿਸੇ ਦੀ ਹਿੰਮਤ ਨਹੀਂ ਸੀ ਪੈਣੀ ਮੇਰਾ ਵਾਲ ਵੀ ਵਿੰਗਾ ਕਰਨ ਦੀ। ਆਪ ਭਾਵੇਂ ਕਿੰਨਾ ਕੁੱਟ ਲਵੇ ਮਾਨਾ, ਪਰ ਹੋਰ ਕਿਸੇ ਨੂੰ ਉਸ ਹੱਥ ਨਹੀਂ ਸੀ ਲਾਣ ਦੇਣਾ, ਮੈਨੂੰ ਯਕੀਨ ਸੀ।

ਸਾਡੇ ਘਰ ਦੇ ਸਾਹਮਣੇ ਹੀ ਗੋਮਾ ਮਾਸੀ ਦੀ ਹਵੇਲੀ ਸੀ। ਗੋਮਾ ਮਾਸੀ ਸਾਰੇ ਮੁਹੱਲੇ ਦੀ ਚੌਧਰਾਣੀ ਜਿਹੀ ਸੀ। ਸੁਰਮਾ ਤੇ ਕੱਜਲ ਬਣਾਉਣ ਦੀ ਮਾਹਰ। ਹਰ ਮਰਜ਼ ਦੀ ਦਵਾ। ਸਿਆਪੇ ਦੀ ਸਰਦਾਰਨੀ। ਗੋਮਾ ਕੋਲ ਸ਼ਹਿਰ ਦੀਆਂ ਨਵੀਆਂ ਨੂੰਹਾਂ ਵੈਣ ਤੇ ਅਲਾਹੁਣੀਆਂ ਸਿੱਖਣ ਲਈ ਵੀ ਆਉਂਦੀਆਂ ਸਨ, ਤੇ ਤੀਲਾਂ ਨਾਲ ਨਾੜੇ ਬੁਣਨ, ਫੁਲਕਾਰੀ ਕੱਢਣ, ਅਚਾਰ-ਮੁਰੱਬੇ ਅਤੇ ਕੁਲਫ਼ੀ ਬਣਾਉਣ ਦਾ ਵੱਲ ਵੀ। ਪੀਢਾ ਜਿਹਾ ਮੂੰਹ ਕਰ ਕੇ 'ਜਿਤਨਾ ਝੂਠ ਮਾਰੋ, ਥੋੜ੍ਹਾ ਹੈ' ਦੇ ਤਕੀਆ ਕਲਾਮ ਨਾਲ ਗੋਮਾ ਗੱਲ ਸ਼ੁਰੂ ਕਰਦੀ।

ਸਾਹਮਣੇ ਤਾਂ ਨਹੀਂ ਪਰ ਕੰਡੀ ਪਿੱਛੇ ਗੁਆਂਢ, ਮਾਸੀਆਂ, ਚਾਚੀਆਂ ਤੋਂ ਮੈਂ ਉਸ ਨੂੰ 'ਫਫਾਕੁੱਟਣ ਮਾਸੀ' ਵੀ ਆਖਦਿਆਂ ਸੁਣਿਆ ਸੀ। ਫਟੇ ਹਾਲ, ਖੁੱਥੇ ਗਲਮੇ ਤੇ ਬਿਖਰੇ ਵਾਲਾਂ ਅਰ ਝਰੀਟੋ-ਝਰੀਟ ਮੂੰਹ ਦੀ ਤਰਸਯੋਗ ਹਾਲਤ ਵਿਚ ਮੈਨੂੰ ਵੇਖਦਿਆਂ ਹੀ ਗੋਮਾ ਮਾਸੀ ਨੇ ਮੈਨੂੰ ਕਲਾਵੇ ਵਿਚ ਲੈ ਲਿਆ।...ਮਾਂ ਜਦੋਂ ਵੀ ਅੱਗੇ ਪਿੱਛੇ ਜਾਂਦੀ, ਗੋਮਾ ਮਾਸੀ ਹੀ ਅਸਾਂ ਬੱਚਿਆਂ ਦਾ ਧਿਆਨ ਰੱਖਦੀ। ਮੈਂ ਉਹਦੇ ਗੱਲ ਲੱਗ ਕੇ ਫਿੱਸ ਪਈ, ਜ਼ਾਰੋ ਜ਼ਾਰ।

"ਕਲ੍ਹ ਤੂੰ ਸਕੂਲ ਜਾਂਦਿਆਂ ਹੀ ਆਖ ਦੇਵੀਂ, ਹੁਣ ਮੇਰੇ ਭਾਪਾ ਜੀ ਵੀ ਅਕਾਲੀ ਹੋ ਗਏ ਹਨ, ਬੱਸ।" ਗੋਮਾ ਮਾਸੀ ਨੇ ਖੰਡੇਵਾਲੀ ਪੀਲੀ ਝੰਡੀ ਮੇਰੇ ਫਰਾਕ ਦੇ ਸੱਜੇ ਮੋਢੇ ਵੱਲ ਨੱਥੀ ਕਰ ਦਿੱਤੀ ਜੋ ਸਕੂਲ ਵਿਚ ਦਾਖਲ ਹੁੰਦਿਆਂ ਹੀ ਸਭ ਨੂੰ ਨਜ਼ਰ ਆ ਗਈ।... ਹੋ ਸਕਦੈ, ਉਹ ਸਾਰੀਆਂ ਵੀ ਆਪਣੀ ਥਾਂਵੇਂ ਡਰੀਆਂ ਹੋਈਆਂ ਹੋਣ।

"ਮੇਰੇ ਭਾਪਾ ਜੀ ਵੀ ਅਕਾਲੀ ਹੋ ਗਏ ਹਨ।" ਮੇਰੇ ਕਹਿਣ ਦੀ ਦੇਰ ਸੀ ਕਿ ਉਹ ਸਭ ਮੈਨੂੰ ਜੱਫੀਆਂ ਪਾ-ਪਾ ਮਿਲਣ ਲੱਗੀਆਂ। ਅਮਰਜੀਤਾ ਨੇ ਤਾਂ ਚੁੱਕ ਕੇ ਮੈਨੂੰ ਪਿਆਰ-ਭੁਆਟਣੀਆਂ ਹੀ ਦੇ ਦਿੱਤੀਆਂ।

ਦੂਜੇ ਦਿਨ ਵਿਸਾਖੀ ਸੀ, ਜਾਂ ਕੋਈ ਹੋਰ ਪੁਰਬ। ਮੈਂ ਵੀ ਸ਼ਾਮਲ ਸਾਂ ਸੰਗਤ ਵਿਚ ਸਣੇ ਬਾਲ-ਸਖੀਆਂ ਦੇ। ਸਟੇਜ ਉਤੇ ਗਾ ਰਿਹਾ ਸੀ ਉਹ। ਬਚਨ ਸਿੰਘ ਬਚਨ ਸੀ ਉਹਦਾ ਨਾਂ। ਉਹ ਪਿੰਡੀਓਂ ਆਇਆ ਸੀ, ਰੇਡੀਓ ਸਿੰਗਰ। ਤੇ ਗੀਤ ਸੀ,

ਪੰਥ ਜੇ ਆਜ਼ਾਦ ਤੇਰਾ
ਦੇਸ ਵੀ ਆਜ਼ਾਦ ਹੈ
ਪੰਥ ਜੇ ਆਬਾਦ ਤੇਰਾ
ਦੇਸ ਵੀ ਆਬਾਦ ਹੈ।

ਜੋਸ਼ ਦਾ ਦਰਿਆ ਠਾਠਾਂ ਮਾਰ ਰਿਹਾ ਸੀ... ਗੀਤ ਖ਼ਤਮ ਹੁੰਦਿਆਂ ਹੀ ਜੈਕਾਰੇ ਤੇ ਨਾਅਰੇ ਸ਼ੁਰੂ ਹੋ ਗਏ, ਗੂੰਜਦੇ, ਅਕਾਸ਼ ਛੂੰਹਦੇ ਤੇ ਮੈਂ ਵੀ ਸ਼ਾਮਲ ਸਾਂ ਉਸ ਜੋਸ਼ਨਾਦ ਵਿਚ, ਸਣੇ ਸਾਥਣਾਂ ਦੇ ਬਾਹਾਂ ਉਲਾਰਦੀ ਤੇ ਗਰਜਦੀ।

ਹੁਣ ਮੈਂ ਵੀ 'ਅਕਾਲਣ' ਸਾਂ, ਨਾ ਕਿ 'ਕਾਂਗਰਸੀ ਨੀ ਧੀ'... ਸਾਰੀਆਂ ਕੁੜੀਆਂ ਨੂੰ ਯਕੀਨ ਹੋ ਗਿਆ ਸੀ।

*ਆਪਣੀ ਸਵੈ-ਜੀਵਨੀ 'ਤੇਰੀਆਂ ਗਲੀਆਂ' ਦੇ 'ਬਗੀਚੇ ਦਾ ਬਗੀਚਾ' ਨਾਂ ਦੇ ਅਧਿਆਇ ਵਿਚ ਦਲਬੀਰ ਸਿੰਘ ਨੇ ਖੇਤਾਂ ਵਿਚ ਫਸਲਾਂ ਦੀ ਥਾਂ ਉੱਗ ਰਹੀਆਂ ਇਮਾਰਤਾਂ ਅਤੇ ਇਸ ਨਾਲ ਨਸ਼ਟ ਹੋ ਰਹੇ ਕੁਦਰਤੀ ਨਜ਼ਾਰਿਆਂ ਬਾਰੇ ਗੱਲਾਂ ਕੀਤੀਆਂ ਹਨ। ਪੰਜਾਬੀ ਪੱਤਰਕਾਰੀ ਦੀ ਸਿਰਕੱਢ ਸ਼ਖਸੀਅਤ ਮਰਹੂਮ ਦਲਬੀਰ ਸਿੰਘ (20 ਅਗਸਤ 1949-28 ਜੁਲਾਈ 2007) ਇਸ ਸਵੈ-ਜੀਵਨੀ ਵਿਚ ਵੀ 'ਪੰਜਾਬੀ ਟ੍ਰਿਬਿਊਨ' ਵਿਚ ਛਪਦੇ ਰਹੇ ਆਪਣੇ ਹਰਮਨਪਿਆਰੇ ਕਾਲਮ 'ਜਗਤ ਤਮਾਸ਼ਾ' ਵਾਂਗ ਨਿਵੇਕਲੇ ਰੰਗ ਨਾਲ ਹਾਜ਼ਰ ਹੈ। ਆਪਣੀ ਧੀ ਸੁਪਨੀਤ ਨੂੰ ਆਪਣਾ ਪਿੰਡ ਨੰਗਲ ਸ਼ਾਮਾ ਦਿਖਾਉਣ ਦੇ ਬਹਾਨੇ ਉਹਨੇ ਪੰਜਾਬ ਦੇ ਪਿੰਡਾਂ, ਲੋਕਾਂ ਅਤੇ ਆਲੇ-ਦੁਆਲੇ ਬਾਰੇ ਬੜੀਆਂ ਸਿੱਧੀਆਂ ਅਤੇ ਸੂਖਮ ਗੱਲਾਂ ਕੀਤੀਆਂ ਹਨ। ਇਹ ਰਚਨਾ ਇਕੱਲੇ ਨੰਗਲ ਸ਼ਾਮਾ ਪਿੰਡ ਬਾਰੇ ਨਹੀਂ, ਸਗੋਂ ਇਹ ਸਮੁੱਚੇ ਪੰਜਾਬ ਦੇ ਪਿੰਡਾਂ ਦੀ ਕਹਾਣੀ ਹੈ ਜੋ ਪਿਛਲੇ ਕਈ ਦਹਾਕਿਆਂ ਤੋਂ ਬਹੁਤ ਤੇਜ਼ੀ ਨਾਲ ਬਦਲੇ ਹਨ। ਇਨ੍ਹਾਂ ਪਿੰਡਾਂ ਦੀ ਤਾਸੀਰ ਬਦਲ ਗਈ ਹੈ ਅਤੇ ਤੱਤ ਵੀ ਬਦਲ ਰਿਹਾ ਹੈ। ਦਲਬੀਰ ਨੇ ਇਹ ਰਚਨਾ ਧੜਕਦੇ ਦਿਲ ਨਾਲ ਕੀਤੀ ਹੋਈ ਹੈ। -ਸੰਪਾਦਕ*

# ਬਗੀਚੇ ਦਾ ਬਗੀਚਾ

ਰਾਮਾ ਮੰਡੀ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਸੜਕ ਤੋਂ ਆਪਣੇ ਪਿੰਡ ਵੱਲ ਮੁੜਦੇ ਰਾਹ ਉਤੇ ਖੜ੍ਹ ਕੇ ਮੈਂ ਆਪਣੀ ਧੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਖੱਬੇ ਪਾਸੇ ਦੇ ਟੋਏ ਦੇ ਪਰਲੇ ਪਾਸੇ ਬਗੀਚਾ ਸਿੰਘ ਦਾ ਬਗੀਚਾ ਸੀ ਅਤੇ ਬਗੀਚਾ ਸਿੰਘ ਦੇ ਨਾਲ ਭਗਤ ਸਿੰਘ ਉਰਫ਼ ਭਗਤੇ ਦੀ ਜ਼ਮੀਨ। ਬਗੀਚਾ ਸਿੰਘ ਜੰਗਲਾਤ ਮਹਿਕਮੇ ਵਿਚ ਖਬਰੇ ਬੇਲਦਾਰ ਦੇ ਤੌਰ ਉਤੇ ਕੰਮ ਕਰਦਾ ਸੀ ਅਤੇ ਉਸ ਨੇ ਸੜਕ ਨਾਲ ਲਗਦੀ ਆਪਣੀ ਜ਼ਮੀਨ ਉਤੇ ਸੰਤਰਿਆਂ ਦਾ ਬਾਗ ਲਾਇਆ ਹੋਇਆ ਸੀ। ਇਸ ਨੂੰ ਅਸੀਂ ਕਦੇ ਬਾਗ ਨਹੀਂ ਸੀ ਕਿਹਾ, ਬਗੀਚਾ ਹੀ ਕਹਿੰਦੇ ਸਾਂ। ਬਗੀਚਾ ਸਿੰਘ ਦਾ ਬਗੀਚਾ; ਜਾਂ ਹੋਰ ਵੀ ਖੁੱਲ੍ਹ ਕੇ ਕਹੀਏ ਤਾਂ 'ਬਗੀਚੇ ਦਾ ਬਗੀਚਾ।'

ਸੱਜੇ ਪਾਸੇ ਸ਼ਾਮ ਸਿੰਘ ਦੇ ਖੇਤਾਂ ਦੇ ਨਾਲ ਲਗਦੇ ਜੀਤ ਸਿੰਘ ਉਰਫ਼ ਜੀਤੇ ਦੇ ਖੇਤ ਹਨ। ਕਹਿੰਦੇ ਹਨ ਕਿ ਜੀਤ ਸਿੰਘ ਦੇ ਪੁੱਤਰਾਂ ਨੇ ਆਪ ਹੀ ਉਥੇ ਪਲਾਟ ਕੱਟ ਦਿੱਤੇ ਸਨ ਅਤੇ ਉਥੇ ਕਲੋਨੀ ਉਸਰ ਗਈ ਹੈ। ਇਸ ਦਾ ਨਾਂ ਬਲਦੇਵ ਨਗਰ, ਦਸਮੇਸ਼ ਨਗਰ, ਗੁਰਦੇਵ ਨਗਰ ਜਾਂ ਕੋਈ ਵੀ ਨਗਰ ਹੋ ਸਕਦਾ ਹੈ ਪਰ ਇਹ ਜੀਤ ਸਿੰਘ ਦੇ ਖੇਤ ਬਿਲਕੁਲ ਨਹੀਂ ਹਨ।

ਹਾਂ, ਪਰਲੇ ਪਾਸੇ ਦਰਖਤਾਂ ਦਾ ਝੁੰਡ ਜ਼ਰੂਰ ਦਿਖਾਈ ਦਿੰਦਾ ਹੈ ਜਿਹੜਾ ਉਹ ਥਾਂ ਹੈ ਜਿਥੇ ਜੀਤ ਸਿੰਘ ਦਾ ਪਹਿਲਾਂ ਖੂਹ ਅਤੇ ਫਿਰ ਟਿਊਬਵੈਲ ਹੁੰਦਾ ਸੀ। ਜੀਤ ਸਿੰਘ ਬਹੁਤ ਮਿਹਨਤੀ ਕਿਸਾਨ ਸੀ। ਥੋੜ੍ਹੀ ਜ਼ਮੀਨ ਵਾਲੇ ਕਿਸਾਨ ਨੂੰ ਮਿਹਨਤੀ ਹੋਣਾ ਹੀ ਪੈਂਦਾ ਹੈ। ਇਸ ਲਈ ਸਾਡੇ ਪਿੰਡ ਦੇ ਸਾਰੇ ਹੀ ਕਿਸਾਨ ਬਹੁਤ ਮਿਹਨਤੀ ਸਨ। ਮਿੱਟੀ ਨਾਲ ਮਿੱਟੀ ਹੋਣ ਵਾਲੇ। ਦੁਆਬੇ ਵਿਚ ਜ਼ਮੀਨਾਂ ਬਹੁਤ ਘੱਟ ਹਨ। ਮਸਾਂ ਦੋ-ਦੋ ਜਾਂ ਚਾਰ-ਚਾਰ ਏਕੜ। ਇਸੇ ਲਈ ਦੁਆਬੇ ਦੇ ਬਹੁਤੇ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ। ਪਹਿਲਾਂ ਸ਼ੰਘਈ ਤੇ ਮਲੇਸ਼ੀਆ, ਫਿਰ ਇੰਗਲੈਂਡ ਤੇ ਅਮਰੀਕਾ ਅਤੇ ਅੱਜ ਕੱਲ੍ਹ ਡੁਬਈ ਤੇ ਮਸਕਟ ਵੱਲ ਸਭ ਤੋਂ ਵਧੇਰੇ ਦੁਆਬੇ ਦੇ ਲੋਕ ਹੀ ਜਾਂਦੇ ਹਨ।

ਸਾਡੇ ਪਿੰਡ ਦੇ ਵੀ ਕਈ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ ਪਰ ਜਿਹੜੇ ਬਾਹਰ ਨਹੀਂ ਜਾ ਸਕਦੇ, ਉਨ੍ਹਾਂ ਨੂੰ ਤਾਂ ਇਥੇ ਹੀ ਮਿਹਨਤ ਕਰਨੀ ਪੈਂਦੀ ਹੈ। ਇਸ ਲਈ ਸਾਡੇ ਪਿੰਡ ਦੇ ਬਹੁਤੇ ਕਿਸਾਨ ਜੀਤ ਸਿੰਘ ਵਰਗੇ ਹਨ- ਮਿਹਨਤੀ। ਇਸੇ ਜੀਤ ਸਿੰਘ ਨੇ ਸੱਠਵਿਆਂ ਦੇ ਸ਼ੁਰੂ ਵਿਚ ਆਪਣਾ ਕੱਚਾ ਮਕਾਨ ਢਾਹ ਕੇ ਪੱਕਾ ਪਾ ਲਿਆ ਸੀ ਅਤੇ ਅਸੀਂ ਨਿੱਕੇ ਨਿਆਣੇ ਇਸੇ ਮਕਾਨ ਦੇ ਬਾਹਰ ਬਣੀ ਹੋਈ ਬੰਨੀ ਉਤੇ ਹੀ ਬੈਠ ਕੇ ਗੱਪਾਂ ਮਾਰਿਆ ਕਰਦੇ ਸਾਂ; ਜਾਂ ਇਸ ਦੀਆਂ ਤਾਕੀਆਂ ਦੀਆਂ ਸੀਖਾਂ ਨਾਲ ਲਟਕਦੇ ਹੁੰਦੇ ਸਾਂ।

ਖ਼ੈਰ! ਖੱਬੇ ਪਾਸੇ ਵੱਲ ਦੇਖੀਏ। ਹੁਣ ਉਥੇ ਬਗੀਚਾ ਸਿੰਘ ਦਾ ਬਗੀਚਾ ਮੌਜੂਦ ਨਹੀਂ ਹੈ। ਕਹਿੰਦੇ ਹਨ ਕਿ ਉਸ ਨੇ ਕਈ ਸਾਲ ਪਹਿਲਾਂ ਆਪ ਹੀ ਕਟਵਾ ਦਿੱਤਾ ਸੀ। ਹਾਲਾਂਕਿ ਉਹ ਕਾਫੀ ਫਲ ਦਿੰਦਾ ਸੀ, ਫਿਰ ਵੀ ਉਸ ਨੇ ਬਗੀਚਾ ਕਿਉਂ ਕਟਵਾ ਦਿੱਤਾ? ਇਸ ਦਾ ਮੈਨੂੰ ਪਤਾ ਨਹੀਂ ਲੱਗ ਸਕਿਆ। ਸ਼ਾਇਦ ਬਾਗ ਦੇ ਦਰਖਤਾਂ ਦੀ ਉਮਰ ਹੀ ਪੁੱਗ ਗਈ ਹੋਵੇ!

ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ ਕਿਵੇਂ ਇਕ ਵਾਰੀ ਛੋਟੇ ਹੁੰਦਿਆਂ ਅਸੀਂ ਬਗੀਚਾ ਸਿੰਘ ਦੇ ਬਗੀਚੇ ਵਿਚੋਂ ਸੰਤਰੇ ਚੋਰੀ ਕੀਤੇ ਸਨ ਅਤੇ ਨਾਲ ਹੀ ਇਕ ਹੋਰ ਸ਼ਰਾਰਤ ਵੀ ਕੀਤੀ ਸੀ। ਬਗੀਚੇ ਵਿਚ ਬਗੀਚਾ ਸਿੰਘ ਦਾ ਬਜ਼ੁਰਗ ਬਾਪ ਪਹਿਰਾ ਦਿਆ ਕਰਦਾ ਸੀ। ਹਨੇਰਾ ਹੋ ਚੁੱਕਾ ਸੀ। ਅਸੀਂ ਦਸ ਪੰਦਰਾਂ ਦੀ ਮੁੰਡੀਰ ਛਹਿ ਲਾ ਕੇ ਬਗੀਚੇ ਵਿਚ ਦਾਖਲ ਹੋ ਗਏ। ਕਾਫੀ ਸਾਰੇ ਸੰਤਰੇ ਤੋੜ ਲਏ ਪਰ ਬਜ਼ੁਰਗ ਨੂੰ ਪਤਾ ਲੱਗ ਗਿਆ। ਉਹਨੇ ਰੌਲਾ ਪਾ ਦਿੱਤਾ। ਅਸੀਂ ਕੰਡਿਆਲੀ ਤਾਰ ਟੱਪ ਕੇ ਬਾਹਰ ਆ ਗਏ। ਸੰਤਰੇ ਖਾਣ ਮਗਰੋਂ ਅਸੀਂ ਉਨ੍ਹਾਂ ਦੀਆਂ ਛਿੱਲਾਂ ਬਗੀਚਾ ਸਿੰਘ ਦੇ ਪਿੰਡ ਵਿਚਲੇ ਘਰ ਦੇ ਦਰਵਾਜ਼ੇ ਮੂਹਰੇ ਢੇਰੀ ਕਰ ਦਿੱਤੀਆਂ।

ਜਦੋਂ ਬਗੀਚੇ ਵਿਚੋਂ ਨੱਸੇ ਸਾਂ ਤਾਂ ਕਈਆਂ ਦੀਆਂ ਜੁੱਤੀਆਂ ਉਥੇ ਹੀ ਰਹਿ ਗਈਆਂ। ਕਈਆਂ ਦੇ ਜੋੜਿਆਂ ਦਾ ਇਕ-ਇਕ ਪੈਰ ਰਹਿ ਗਿਆ। ਬਗੀਚਾ ਸਿੰਘ ਨੇ ਉਹ ਜੁੱਤੀਆਂ ਇਕੱਠੀਆਂ ਕਰ ਲਈਆਂ। ਸਵੇਰੇ ਜਦੋਂ ਆਪਣੇ ਬੂਹੇ ਮੂਹਰੇ ਛਿੱਲੜਾਂ ਦੇਖੀਆਂ ਤਾਂ ਉਸ ਦਾ ਗੁੱਸਾ ਹੋਰ ਵੀ ਵਧ ਗਿਆ। ਵੈਸੇ ਵੀ ਇਕਹਿਰੇ ਬਦਨ ਵਾਲਾ ਲੰਮਾ ਝੰਮਾ ਬਗੀਚਾ ਸਿੰਘ ਗੁੱਸੇਖੋਰ ਮੰਨਿਆ ਜਾਂਦਾ ਸੀ। ਉਸ ਨੇ ਡਿਓਢੀ ਵਿਚ ਪੰਚਾਇਤ ਸੱਦ ਲਈ। ਨਿੱਕਾ ਜਿਹਾ ਪਿੰਡ ਸੀ, ਇਸ ਲਈ ਜੁੱਤੀਆਂ ਪਛਾਣੀਆਂ ਗਈਆਂ ਕਿ ਕਿਸ-ਕਿਸ ਮੁੰਡੇ ਦੀਆਂ ਹਨ। ਬਗੀਚਾ ਸਿੰਘ ਕਹੇ ਕਿ ਸਾਰੇ ਮਾਫੀ ਮੰਗਣ। ਪਿੰਡ ਦੇ ਸਿਆਣਿਆਂ ਨੇ ਸਮਝਾ-ਬੁਝਾ ਕੇ ਮਸਾਂ ਹੀ ਠੰਢਾ ਕੀਤਾ। ਉਂਜ ਹਾਸਾ ਵੀ ਬਹੁਤ ਪਿਆ।

ਇਸੇ ਤਰ੍ਹਾਂ ਦੀ ਇਕ ਹੋਰ ਘਟਨਾ ਵੀ ਮੈਂ ਬੇਟੀ ਨੂੰ ਸੁਣਾਉਂਦਾ ਹਾਂ। ਸ਼ਾਮ ਨੂੰ ਪੰਜ-ਸੱਤ ਮੁੰਡੇ ਇਕੱਠੇ ਹੋਏ ਤੇ ਸਕੀਮ ਬਣਾਈ ਕਿ ਕਿਸੇ ਦੇ ਵਾੜੇ ਵਿਚੋਂ ਹਦਵਾਣੇ ਤੋੜ ਕੇ ਖਾਧੇ ਜਾਣ। ਸਾਡਾ ਹਾਣੀ ਦਾਲੋ ਵੀ ਨਾਲ ਸੀ। ਉਸ ਨੇ ਦੱਸਿਆ ਕਿ ਹਦਵਾਣੇ ਤਾਂ ਉਨ੍ਹਾਂ ਦੇ ਵਾੜੇ ਵਿਚ ਵੀ ਹਨ। ਇਸ ਲਈ ਉਥੋਂ ਹੀ ਚੋਰੀ ਕਰਨ ਦਾ ਫੈਸਲਾ ਹੋ ਗਿਆ। ਹਦਵਾਣੇ ਲਿਆਂਦੇ ਗਏ ਅਤੇ ਸਕੂਲ ਦੇ ਵਰਾਂਡੇ ਵਿਚ ਬੈਠ ਕੇ ਖਾਧੇ ਗਏ। ਵਰਾਂਡੇ ਦੇ ਨਾਲ ਨਲਕਾ ਲੱਗਾ ਹੋਇਆ ਸੀ। ਸਾਹਮਣੇ ਪਿੰਡ ਦੀ ਉਸ ਵੇਲੇ ਦੀ ਇਕੋ-ਇਕ ਦੁਕਾਨ। ਇਹ ਦੁਕਾਨ ਰਾਜਸਥਾਨ ਜਾਂ ਖਬਰੇ ਗੁਜਰਾਤ ਤੋਂ ਆਇਆ ਮਾਰਵਾੜੀ ਕਰਦਾ ਸੀ। ਉਹ ਕਿਹੜੀ ਥਾਂ ਦਾ ਸੀ? ਇਸ ਦਾ ਕਿਸੇ ਨੂੰ ਪਤਾ ਨਹੀਂ ਸੀ। ਕਈ ਸਾਲਾਂ ਤੋਂ ਪਿੰਡ ਵਿਚ ਰਹਿਣ ਕਾਰਨ ਉਹ ਪੰਜਾਬੀ ਬਹੁਤ ਚੰਗੀ ਬੋਲ ਲੈਂਦਾ ਸੀ। ਉਸ ਦਾ ਨਾਂ ਬਹੁਤਿਆਂ ਨੂੰ ਨਹੀਂ ਸੀ ਪਤਾ। ਸਾਰੇ ਉਸ ਨੂੰ ਲਾਲਾ ਹੀ ਕਹਿੰਦੇ ਸਨ।

ਜਦੋਂ ਅਸੀਂ ਦਾਲੋ ਸਮੇਤ, ਦਾਲੋ ਕੇ ਹੀ ਵਾੜੇ ਵਿਚੋਂ ਤੋੜ ਕੇ ਲਿਆਂਦੇ ਹਦਵਾਣੇ ਸਕੂਲ ਦੇ ਵਰਾਂਡੇ ਵਿਚ ਬੈਠੇ ਖਾ ਰਹੇ ਸਾਂ, ਲਾਲਾ ਦੁਕਾਨ ਵਿਚੋਂ ਨਿਕਲ ਕੇ ਸਕੂਲ ਦੇ ਨਲਕੇ ਤੋਂ ਪਾਣੀ ਭਰਨ ਆ ਗਿਆ। ਭਾਵੇਂ ਹਨੇਰਾ ਸੀ, ਫਿਰ ਵੀ ਉਸ ਨੇ ਵਰਾਂਡੇ ਵਿਚ ਪਰਛਾਵੇਂ ਦੇਖ ਲਏ। ਸ਼ਾਇਦ ਉਸ ਨੇ ਸੋਚਿਆ ਕਿ ਚੋਰ ਬੈਠੇ ਹਨ। ਉਸ ਨੇ 'ਕਿਹੜੈ?' ਕਹਿ ਕੇ ਵਰਾਂਡੇ ਵੱਲ ਮੂੰਹ ਕੀਤਾ। ਇੰਨੇ ਵਿਚ ਅਸੀਂ ਸਾਰੇ ਚੌਕਸ ਹੋ ਗਏ। ਸਾਡੇ ਵਿਚੋਂ ਕਿਸੇ ਨੇ ਹਦਵਾਣੇ ਦਾ ਖਾਲੀ ਖੱਪਰ ਉਸ ਦੇ ਮੂੰਹ ਉਤੇ ਮਾਰਿਆ ਜਿਸ ਨਾਲ ਉਸ ਨੂੰ ਦਿਸਣਾ ਬੰਦ ਹੋ ਗਿਆ। ਨਾਲ ਹੀ ਸਾਰਿਆਂ ਛੂਟ ਵੱਟ ਲਈ। ਲਾਲੇ ਨੇ ਪਿੰਡ ਵਿਚਲੀ ਮਾਸਟਰਨੀ ਦੇ ਭਰਾ ਨੂੰ ਪਛਾਣ ਲਿਆ। ਲਾਲੇ ਦੀ ਆਵਾਜ਼ ਬਹੁਤ ਉਚੀ ਸੀ। ਖੱਪਰ ਵੱਜਦੇ ਸਾਰ ਹੀ ਉਸ ਨੇ 'ਮਾਰ ਦਿੱਤਾ-ਮਾਰ ਦਿੱਤਾ' ਕਰ ਕੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਲੋਕ ਇਕੱਠੇ ਹੋ ਗਏ। ਉਹਨੇ ਮਾਸਟਰਨੀ ਦੇ ਭਰਾ ਦਾ ਨਾਂ ਲੈ ਦਿੱਤਾ। ਮਾਸਟਰਨੀ ਦਾ ਭਰਾ ਅੱਗਿਉਂ ਕੱਚਾ ਨਿਕਲਿਆ। ਉਸ ਨੇ ਬਾਕੀ ਮੁੰਡਿਆਂ ਦੇ ਨਾਂ ਵੀ ਲੈ ਦਿੱਤੇ। ਬਾਕੀਆਂ ਦਾ ਪਤਾ ਨਹੀਂ, ਮੈਨੂੰ ਘਰੋਂ ਗਾਲ੍ਹਾਂ ਜ਼ਰੂਰ ਪਈਆਂ।

ਖ਼ੈਰ! ਬਗੀਚੇ ਦਾ ਬਗੀਚਾ ਹੁਣ ਨਹੀਂ ਰਿਹਾ। ਉਥੇ ਹਾਲੇ ਇਮਾਰਤਾਂ ਨਹੀਂ ਬਣੀਆਂ ਪਰ ਛੇਤੀ ਹੀ ਬਣ ਜਾਣਗੀਆਂ। ਕੁਝ ਸਾਲਾਂ ਮਗਰੋਂ ਸ਼ਾਇਦ ਕੋਈ ਇਹ ਦੱਸਣ ਵਾਲਾ ਵੀ ਨਾ ਬਚੇ ਕਿ ਇਥੇ ਕਦੇ ਬਗੀਚਾ ਸਿੰਘ ਦਾ ਬਗੀਚਾ ਹੁੰਦਾ ਸੀ। ਐਤਕੀਂ ਜਦੋਂ ਪਿੰਡ ਗਿਆ ਸਾਂ ਤਾਂ ਬਗੀਚਾ ਸਿੰਘ ਦੇ ਘਰ ਅੱਗਿਉਂ ਵੀ ਲੰਘਿਆ ਸਾਂ। ਘਰ ਬੰਦ ਪਿਆ ਸੀ। ਕਦੀ ਰੌਣਕ ਵਾਲੀ ਗਲੀ ਹੁਣ ਸੁੰਨੀ ਪਈ ਸੀ।

ਬਗੀਚਾ ਸਿੰਘ ਦੇ ਬਗੀਚੇ ਨਾਲ ਲਗਦੇ ਭਗਤ ਸਿੰਘ ਉਰਫ ਭਗਤੇ ਦੇ ਖੇਤ ਹਾਲੇ ਵੀ ਬਰਕਰਾਰ ਹਨ। ਪਤਾ ਨਹੀਂ ਕਿੰਨੀ ਦੇਰ ਤਕ ਬਰਕਰਾਰ ਰਹਿੰਦੇ ਹਨ। ਇਸ ਭਗਤ ਸਿੰਘ ਨੂੰ ਸਾਰੇ ਉਸ ਦੀ ਪਿੱਠ ਪਿੱਛੇ ਭਗਤਾ ਹੀ ਕਹਿੰਦੇ ਸਨ। ਮਗਰਲੀ ਉਮਰੇ ਉਸ ਨੇ ਗਲ ਵਿਚ ਗਤਰਾ ਪਾ ਲਿਆ ਸੀ ਪਰ ਜਵਾਨੀ ਵੇਲੇ ਉਸ ਨੇ ਬਹੁਤ ਕਾਰਨਾਮੇ ਕੀਤੇ ਦੱਸੇ ਜਾਂਦੇ ਸਨ। ਉਸ ਦੀ ਦਾੜ੍ਹੀ ਬਹੁਤ ਛਿਦਰੀ ਸੀ ਅਤੇ ਕਈ ਵਾਰੀ ਭੁਲੇਖਾ ਪੈਂਦਾ ਸੀ ਕਿ ਇਹ ਕੱਟੀ ਹੋਈ ਹੈ। ਪਿੰਡ ਦੇ ਬਜ਼ੁਰਗਾਂ ਵਿਚੋਂ ਸ਼ਾਇਦ ਹੀ ਕੋਈ ਉਨ੍ਹੀਂ ਦਿਨੀਂ ਦਾੜ੍ਹੀ ਕਤਰਦਾ ਹੋਵੇ। ਭਗਤੇ ਨੇ ਭਾਵੇਂ ਗਾਤਰਾ ਪਾ ਲਿਆ ਸੀ ਅਤੇ ਨੀਲੀ ਪੱਗ ਵੀ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ ਪਰ ਮੈਨੂੰ ਨਹੀਂ ਚੇਤੇ ਕਿ ਮੈਂ ਉਸ ਨੂੰ ਕਦੇ ਗੁਰਦੁਆਰੇ ਦੇਖਿਆ ਹੋਵੇ। ਉਸ ਨੇ ਖੂਹ ਉਤੇ ਹੀ ਕੋਠੇ ਪਾ ਲਏ ਸਨ ਅਤੇ ਸਮੇਤ ਟੱਬਰ ਉਥੇ ਹੀ ਰਹਿੰਦਾ ਸੀ। ਬਜ਼ੁਰਗ ਦੱਸਿਆ ਕਰਦੇ ਸਨ ਕਿ ਭਗਤਾ ਜਵਾਨੀ ਵੇਲੇ ਬਹੁਤ ਮਸ਼ਹੂਰ ਡਕੈਤ ਹੁੰਦਾ ਸੀ। ਅੰਗਰੇਜ਼ਾਂ ਦਾ ਰਾਜ ਸੀ ਪਰ ਉਹ ਪੁਲਿਸ ਦੇ ਯਤਨਾਂ ਦੇ ਬਾਵਜੂਦ ਕਦੇ ਫੜਿਆ ਨਹੀਂ ਸੀ ਗਿਆ। ਦਸਦੇ ਤਾਂ ਇਹ ਵੀ ਹਨ ਕਿ ਉਸ ਨੇ ਆਪਣੇ ਪਿੰਡ ਤਾਂ ਕੀ, ਲਾਗਲੇ ਪਿੰਡਾਂ ਵਿਚ ਵੀ ਕਦੇ ਕੋਈ ਵਾਰਦਾਤ ਨਹੀਂ ਸੀ ਕੀਤੀ, ਸਗੋਂ ਬਾਕੀ ਦੇ ਡਕੈਤ ਜਾਂ ਚੋਰ ਭਗਤੇ ਦੇ ਡਰੋਂ ਸਾਡੇ ਪਿੰਡ ਵਿਚ ਵਾਰਦਾਤ ਨਹੀਂ ਸਨ ਕਰਦੇ।

ਭਗਤੇ ਦੇ ਹੀ ਇਕ ਹੋਰ ਕਾਰਨਾਮੇ ਬਾਰੇ ਵੀ ਚਰਚਾ ਅਕਸਰ ਹੁੰਦੀ ਸੀ। ਕਿਹਾ ਜਾਂਦਾ ਸੀ ਕਿ ਕਿਸੇ ਝਗੜੇ ਕਾਰਨ ਭਗਤੇ ਨੇ ਕਿਸੇ ਬੰਦੇ ਨੂੰ ਸ਼ਰ੍ਹੇਆਮ ਦਿਨ ਦਿਹਾੜੇ ਕਤਲ ਕਰ ਦਿੱਤਾ। ਕਈ ਚਸ਼ਮਦੀਦ ਗਵਾਹਾਂ ਦੇ ਸਾਹਮਣੇ ਉਹ ਉਸ ਦੀ ਲਾਸ਼ ਚੁੱਕ ਕੇ ਰੇਲਵੇ ਲਾਈਨ ਉਤੇ ਸੁੱਟ ਆਇਆ। ਜਲੰਧਰ ਤੋਂ ਹੁਸ਼ਿਆਰਪੁਰ ਨੂੰ ਜਾਂਦੀ ਰੇਲਵੇ ਲਾਈਨ ਸਾਡੇ ਪਿੰਡੋਂ ਮਸਾਂ ਇਕ ਕਿਲੋਮੀਟਰ ਦੀ ਵਿੱਥ ਤੋਂ ਦੀ ਲੰਘਦੀ ਹੈ। ਪੁਲਿਸ ਨੇ ਭਾਵੇਂ ਭਗਤੇ ਨੂੰ ਫੜ ਲਿਆ ਪਰ ਕੋਈ ਵੀ ਚਸ਼ਮਦੀਦ ਗਵਾਹ ਨਾ ਹੋਣ ਕਾਰਨ ਉਸ ਨੂੰ ਸਜ਼ਾ ਨਾ ਹੋ ਸਕੀ।

ਬਗੀਚਾ ਸਿੰਘ ਭਾਵੇਂ ਹਾਲੇ ਜਿਉਂਦਾ ਸੀ ਪਰ ਭਗਤ ਸਿੰਘ ਉਰਫ਼ ਭਗਤਾ ਤੁਰ ਗਿਆ ਸੀ। ਜੀਤ ਸਿੰਘ ਬਾਰੇ ਵੀ ਇਸੇ ਤਰ੍ਹਾਂ ਦੀਆਂ ਕਨਸੋਆਂ ਸਨ। ਪਿੰਡ ਦੇ ਕਈ ਹੋਰ ਬੰਦੇ ਉਨ੍ਹਾਂ ਪੰਝੀ ਸਾਲਾਂ ਦੌਰਾਨ ਤੁਰ ਗਏ ਜਿਹੜੇ ਪੰਝੀ ਸਾਲ ਮੈਂ ਪਿੰਡੋਂ ਬਾਹਰ ਰਿਹਾ ਹਾਂ।... ਹਾਲ ਦੀ ਘੜੀ ਤਾਂ ਮੈਂ ਸ਼ਾਮ ਸਿੰਘ ਦੇ ਟਿਊਬਵੈਲ ਕੋਲ ਖੜ੍ਹ ਕੇ ਦੇਖ ਰਿਹਾ ਹਾਂ ਕਿ ਪਿੰਡ ਦੇ ਬਜ਼ੁਰਗ ਲੋਕਾਂ ਨੇ ਕੀ ਕਦੇ ਚਿਤਵਿਆ ਹੋਵੇਗਾ ਕਿ ਜਿਥੇ ਕਦੇ ਉਹ ਮੁੜ੍ਹਕੇ ਨਾਲ ਮੁੜ੍ਹਕਾ ਹੋਇਆ ਕਰਦੇ ਸਨ, ਫਸਲਾਂ ਉਗਾਇਆ ਕਰਦੇ ਸਨ, ਉਥੇ ਕਦੀ ਇੱਟਾਂ ਤੇ ਸੀਮਿੰਟ ਦੀਆਂ ਫਸਲਾਂ ਉਗਣਗੀਆਂ?

(ਚਲਦਾ)



***ਮੈਂ ਆਪਣੀ ਬੇਟੀ ਨੂੰ ਦੱਸਦਾ ਹਾਂ ਕਿ ਕਿਵੇਂ ਇਕ ਵਾਰੀ ਛੋਟੇ ਹੁੰਦਿਆਂ ਅਸੀਂ ਬਗੀਚਾ ਸਿੰਘ ਦੇ ਬਗੀਚੇ ਵਿਚੋਂ ਸੰਤਰੇ ਚੋਰੀ ਕੀਤੇ ਸਨ ਅਤੇ ਨਾਲ ਹੀ ਇਕ ਹੋਰ ਸ਼ਰਾਰਤ ਵੀ ਕੀਤੀ ਸੀ। ਬਗੀਚੇ ਵਿਚ ਬਗੀਚਾ ਸਿੰਘ ਦਾ ਬਜ਼ੁਰਗ ਬਾਪ ਪਹਿਰਾ ਦਿਆ ਕਰਦਾ ਸੀ। ਹਨੇਰਾ ਹੋ ਚੁੱਕਾ ਸੀ। ਅਸੀਂ ਦਸ ਪੰਦਰਾਂ ਦੀ ਮੁੰਡੀਰ ਛਹਿ ਲਾ ਕੇ ਬਗੀਚੇ ਵਿਚ ਦਾਖਲ ਹੋ ਗਏ। ਕਾਫੀ ਸਾਰੇ ਸੰਤਰੇ ਤੋੜ ਲਏ ਪਰ ਬਜ਼ੁਰਗ ਨੂੰ ਪਤਾ ਲੱਗ ਗਿਆ। ਉਹਨੇ ਰੌਲਾ ਪਾ ਦਿੱਤਾ। ਅਸੀਂ ਕੰਡਿਆਲੀ ਤਾਰ ਟੱਪ ਕੇ ਬਾਹਰ ਆ ਗਏ। ਸੰਤਰੇ ਖਾਣ ਮਗਰੋਂ ਅਸੀਂ ਉਨ੍ਹਾਂ ਦੀਆਂ ਛਿੱਲਾਂ ਬਗੀਚਾ ਸਿੰਘ ਦੇ ਪਿੰਡ ਵਿਚਲੇ ਘਰ ਦੇ ਦਰਵਾਜ਼ੇ ਮੂਹਰੇ ਢੇਰੀ ਕਰ ਦਿੱਤੀਆਂ।***

## ਤੇਰੀਆਂ ਗਲੀਆਂ-4



***ਮੈਂ (ਆਪਣੇ) ਪਿੰਡ (ਨੰਗਲ ਸ਼ਾਮਾ) ਦੀਆਂ ਗਲੀਆਂ, ਨਾਲੀਆਂ, ਖੇਤਾਂ, ਖੂਹਾਂ, ਖੰਡਰਾਂ, ਦਰਖਤਾਂ, ਫਸਲਾਂ, ਤੀਵੀਂਆਂ, ਬੰਦਿਆਂ, ਇਸ ਦੀ ਮਿੱਟੀ ਦੇ ਕਿਣਕਿਆਂ ਆਦਿ ਉਤੇ ਕਵਿਤਾ ਲਿਖਣੀ ਚਾਹੁੰਦਾ ਹਾਂ ਪਰ ਮੈਨੂੰ ਕਵਿਤਾ ਨਾ ਲਿਖ ਸਕਣ ਦਾ ਸਰਾਪ ਹੈ। ਮੇਰੀ ਆਖਰੀ ਖਾਹਸ਼ ਕੀ ਹੈ? ਮੇਰੀ ਧੀ ਸੁਪਨੀਤ ਪੁੱਛਦੀ ਹੈ। ਮੈਂ ਕਹਿੰਦਾ ਹਾਂ ਕਿ ਮੈਂ ਨੰਗਲ ਸ਼ਾਮਾ ਬਾਰੇ ਇੰਨੀਆਂ ਕਵਿਤਾਵਾਂ ਲਿਖਣਾ ਚਾਹੁੰਦਾ ਹਾਂ ਜਿੰਨੀਆਂ ਮੈਂ ਸਾਰੀ ਉਮਰ ਲਾ ਕੇ ਵੀ ਲਿਖ ਨਾ ਸਕਾਂ, ਪਰ ਚਾਹੁੰਦੇ ਹੋਏ ਵੀ ਨਹੀਂ ਲਿਖ ਸਕਦਾ, ਕਿਉਂਕਿ ਕਵਿਤਾ ਨਾ ਲਿਖਣ ਦਾ ਸਰਾਪ ਹੰਢਾਅ ਰਿਹਾ ਹਾਂ। ਇਸ ਲਈ ਘੱਟੋ-ਘੱਟ ਮੈਂ ਉਸ ਦੀ ਜੂਹ ਦੀ ਮਿੱਟੀ ਤਾਂ ਖਾ ਹੀ ਸਕਦਾ ਹਾਂ! ਮੈਂ ਰੱਜ ਕੇ ਪਿੰਡ ਦੀ ਮਿੱਟੀ ਖਾਣਾ ਚਾਹੁੰਦਾ ਹਾਂ। ਮੈਨੂੰ ਇਸ ਤਰ੍ਹਾਂ ਨਾ ਕਰ ਸਕਣ ਦਾ ਕਿਸੇ ਕੋਈ ਸਰਾਪ ਨਹੀਂ ਜੇ ਦਿੱਤਾ। ਸਾਰੀ-ਸਾਰੀ ਰਾਤ ਜਗਦੀਆਂ ਰੌਸ਼ਨੀਆਂ ਦੇ ਸ਼ਹਿਰ ਵਿਚ ਮੈਂ ਬਹੁਤ ਭੁੱਖਾ ਰਹਿ ਗਿਆ ਹਾਂ।***



ਸੁਪਨੀਤ ਕੌਰ

## ਮਾਂ ਦਾ ਦਿਲ

***(ਪਿਛਲੇ ਸਫੇ ਦੀ ਬਾਕੀ)***

ਮੁਰਾਦੀ ਗੁੱਤ; ਉਹਦੇ ਚਿਹਰੇ 'ਤੇ ਜਿਵੇਂ ਨੂਰ ਵਸ ਰਿਹਾ ਹੋਵੇ। ਸ਼ਰਾਫਤ ਦਾ ਪੁਤਲਾ, ਇਤਨੀਆਂ ਮਿੱਠੀਆਂ ਗਲਾਂ ਕਰਦੀ, ਮੇਰੇ ਭੈਣ-ਭਰਾਵਾਂ ਦਾ ਪੁੱਛ ਰਹੀ ਸੀ, ਆਪਣੇ ਬੱਚਿਆਂ ਦੇ ਗੁਣ ਗਿਣਵਾ ਰਹੀ ਸੀ। ਤੇ ਫਿਰ ਇਕ ਦਮ ਹੱਸਣ ਲੱਗ ਪਈ। "ਤੁਹਾਡੇ ਵੀ ਸੁਖ ਨਾਲ ਅੱਠ ਭੈਣ-ਭਰਾ, ਸਾਡੇ ਵੀ ਅੱਠ ਬੱਚੇ ਨੇ, ਪੰਜ ਪੁੱਤਰ ਤੇ ਤਿੰਨ ਧੀਆਂ। ਅੱਲਾ ਦਾ ਬੜਾ ਰਹਿਮ ਏ। ਪਰਵਰਦਿਗਾਰ ਦਾ ਬੜਾ ਫ਼ਜ਼ਲ ਏ।"

ਉਹ ਕਦੀ ਮੈਨੂੰ ਕੁਝ ਖਾਣ ਲਈ ਕਹਿੰਦੀ, ਕਦੀ ਕੁਝ। ਕਦੀ ਕੋਈ ਚੀਜ਼ ਮੇਰੇ ਅੱਗੇ ਕਰਦੀ, ਕਦੀ ਕੋਈ ਚੀਜ਼। ਜਦੋਂ ਮੈਂ ਚਾਹ ਪੀ ਚੁੱਕਾ, ਮੈਨੂੰ ਨਿਉਜ਼ੇ ਛਿਲ-ਛਿਲ ਕੇ ਖੁਆਣ ਲੱਗ ਪਈ। "ਅੰਮੀ ਜਾਨ, ਮੈਂ ਆਪ ਛਿੱਲ ਲਵਾਂਗਾ, ਤੁਸੀਂ ਕਾਹਨੂੰ ਤਕਲੀਫ ਕਰਦੇ ਹੋ? ਆਪਣੇ ਛਿੱਲੇ ਨਿਉਜ਼ੇ ਤੁਸੀਂ ਆਪ ਖਾਓ।" ਮੈਂ ਜ਼ਿਦ ਕਰ ਰਿਹਾ ਸਾਂ।

"ਨਾ ਪੁੱਤਰਾ! ਬੱਚਿਆਂ ਦਾ ਖਾਧਾ ਮਾਂਵਾਂ ਨੂੰ ਲਗਦਾ ਏ।" ਤੇ ਉਹ ਛਿੱਲੇ ਹੋਏ ਨਿਉਜ਼ਿਆਂ ਦੀ ਲਪ ਭਰੀ, ਅੱਗੇ ਵਧ ਕੇ ਮੇਰੇ ਮੂੰਹ ਵਿਚ ਪਾਉਣ ਲੱਗ ਪਈ। ਅੱਠ ਬੱਚਿਆਂ ਦੀ ਮਾਂ ਕਿਸੇ ਪਰਾਏ ਬੱਚੇ ਨਾਲ ਇਤਨਾ ਲਾਡ ਕਰ ਰਹੀ ਸੀ, ਮੈਨੂੰ ਆਪਣੀਆਂ ਅੱਖੀਆਂ 'ਤੇ ਇਤਬਾਰ ਨਾ ਆਉਂਦਾ। ਕੁਝ ਚਿਰ ਬਾਅਦ ਮੈਂ ਆਪਣੇ ਹੱਥੀਂ ਛਿੱਲੇ ਨਿਉਜ਼ੇ ਉਹਨੂੰ ਪੇਸ਼ ਕੀਤੇ, "ਅੰਮੀ ਜਾਨ, ਤੁਸੀਂ ਇਹ ਨਿਉਜ਼ੇ ਖਾਓ।" ਮੈਂ ਆਦਰ ਨਾਲ ਕਿਹਾ। "ਨਾ ਬੱਚਿਆ, ਮੇਰਾ ਤੇ ਰੋਜ਼ਾ ਏ।" ਤੇ ਮੈਨੂੰ ਯਾਦ ਆਇਆ, ਉਹ ਤੇ ਰਮਜ਼ਾਨ ਦਾ ਮਹੀਨਾ ਸੀ।

ਇਤਨੇ ਵਿਚ ਮੁਨੀਰ, ਮੇਰਾ ਦੋਸਤ ਆ ਗਿਆ। ਬੜਾ ਪ੍ਰੇਸ਼ਾਨ ਲੱਗ ਰਿਹਾ ਸੀ।

"ਕੀ ਹੋਇਆ?" ਉਹਦੀ ਮਾਂ ਨੇ ਉਸ ਤੋਂ ਪੁੱਛਿਆ।

"ਬੜਾ ਜ਼ੁਲਮ ਹੋਇਆ।" ਉਹ ਦੱਸਣ ਲੱਗਾ, "ਸ਼ਹਿਰ (ਰਾਵਲਪਿੰਡੀ) ਵਿਚ ਫਿਰਕੂ ਫਸਾਦ ਹੋ ਗਏ ਸਨ। ਮੁਸਲਮਾਨਾਂ ਤੇ ਸਿੱਖਾਂ ਵਿਚ। ਅੱਗਾਂ ਲਾਈਆਂ ਜਾ ਰਹੀਆਂ ਸਨ ਤੇ ਵੱਢ-ਟੁੱਕ ਹੋ ਰਹੀ ਸੀ।" ਮੁਨੀਰ ਨੇ ਆਪਣੇ ਅੱਖੀਂ ਛੁਰੇ ਚਲਦੇ ਵੇਖੇ ਸਨ। ਆਪਣੀ ਭੈਣ ਨੂੰ ਸ਼ਹਿਰ ਦੇ ਇਸਲਾਮੀਆ ਸਕੂਲ ਤੋਂ ਲਿਆ ਰਿਹਾ, ਉਹ ਬੜੀ ਮੁਸ਼ਕਲ ਨਾਲ ਘਰ ਅਪੜਿਆ ਸੀ। ਡਿੰਗੀ ਖੂਹੀ ਦੇ ਸਾਹਮਣੇ ਤਿੰਨ ਸਿੱਖਾਂ ਦੀਆਂ ਲਾਸ਼ਾਂ ਉਸ ਵੇਖੀਆਂ ਸਨ। ਰਾਜਾ ਬਾਜ਼ਾਰ ਵਿਚ ਅੱਗਾਂ ਲਾਈਆਂ ਜਾ ਰਹੀਆਂ ਸਨ। ਹਿੰਦੂਆਂ-ਸਿੱਖਾਂ ਦੀਆਂ ਦੁਕਾਨਾਂ ਲੁੱਟੀਆਂ ਜਾ ਰਹੀਆਂ ਸਨ।

ਕਹਿੰਦੇ ਨੇ ਸਿੱਖਾਂ ਦੇ ਗੁਰਪੁਰਬ ਦਾ ਜਲੂਸ ਜਦੋਂ ਜਾਮਾ ਮਸਜਿਦ ਦੇ ਸਾਹਮਣਿਓਂ ਗੁਜ਼ਰ ਰਿਹਾ ਸੀ, ਤਾਂ ਮਸੀਤ ਦੇ ਅੰਦਰੋਂ ਪੱਥਰਾਂ ਤੇ ਇੱਟਾਂ ਦੀ ਵਾਛੜ ਹੋਣ ਲੱਗ ਪਈ। ਮੁਸਲਮਾਨਾਂ ਦੀ ਇਹ ਹਰਕਤ ਵੇਖ ਕੇ ਸਿੱਖ ਤਲਵਾਰਾਂ ਲਿਸ਼ਕਾਂਦੇ ਮੁਸਲਮਾਨਾਂ 'ਤੇ ਝਪਟ ਪਏ। ਤੇ ਫਿਰ ਇਹ ਅੱਗ ਸਾਰੇ ਸ਼ਹਿਰ ਵਿਚ ਫੈਲ ਗਈ। ਮੁਸਲਮਾਨ ਕਹਿੰਦੇ ਸਨ, ਮਸੀਤ ਦੇ ਸਾਹਮਣੇ ਵਾਜਾ ਨਹੀਂ ਵੱਜ ਸਕਦਾ। ਸਿੱਖ ਕਹਿੰਦੇ, ਕੀਰਤਨ ਕਰਨਾ ਉਨ੍ਹਾਂ ਦਾ ਧਾਰਮਿਕ ਹੱਕ ਹੈ, ਉਹ ਤੇ ਗੁਰਬਾਣੀ ਗਾਉਣਗੇ। ਉਨ੍ਹਾਂ ਨੂੰ ਕੋਈ ਨਹੀਂ ਰੋਕ ਸਕਦਾ।

ਜਦੋਂ ਮੁਨੀਰ ਘਬਰਾਇਆ ਹੋਇਆ ਕਤਲੋ-ਗਾਰਤ ਦਾ ਜ਼ਿਕਰ ਕਰ ਰਿਹਾ ਸੀ ਜਿਹੜਾ ਉਸ ਆਪਣੇ ਅੱਖੀਂ ਝਟ ਕੁ ਪਹਿਲੇ ਵੇਖਿਆ ਸੀ, ਉਹਦੀ ਅੰਮੀ ਆਪਣੀ ਕੁਰਸੀ ਤੋਂ ਉਠੀ ਤੇ ਮੇਰੇ ਸੋਫੇ ਵੱਲ ਆ ਕੇ ਉਸ ਆਪਣੇ ਬੇਟੇ ਦੇ ਸਿੱਖ ਦੋਸਤ ਨੂੰ ਆਪਣੇ ਕਲੇਜੇ ਨਾਲ ਲਾ ਲਿਆ; ਤੇ ਮੁੜ-ਮੁੜ ਕੇ ਅੱਖਾਂ ਨਾਲ ਮੁਨੀਰ ਨੂੰ ਇਸ਼ਾਰੇ ਕਰ ਰਹੀ ਸੀ ਕਿ ਉਹ ਇਸ ਕਿੱਸੇ ਨੂੰ ਕਿਸੇ ਤਰ੍ਹਾਂ ਖਤਮ ਕਰੇ।

ਉਸ ਸ਼ਾਮ ਮੁਨੀਰ ਦੀ ਅੰਮੀ ਆਪ ਮੋਟਰ ਵਿਚ ਬੈਠੀ, ਤੇ ਮੈਨੂੰ ਸਾਡੇ ਪਿੰਡ (ਧਮਿਆਲ, ਰਾਵਲੀਪਿੰਡੀ) ਪਹੁੰਚਾ ਕੇ ਗਈ। ਮੁਨੀਰ ਨੇ ਕਿਹਾ ਕਿ ਉਹ ਮੈਨੂੰ ਪਹੁੰਚਾ ਆਵੇਗਾ, ਪਰ ਉਹ ਨਹੀਂ ਮੰਨੀ।



ਖੇਡ ਸੰਸਾਰ

ਇਕਬਾਲ ਜੱਬੋਵਾਲੀਆ
ਫੋਨ:917-375-6395

# ਕਬੱਡੀ ਦਾ ਸਿਕੰਦਰ-ਰਮੀਦੀ ਵਾਲਾ ਸਰਬਣ ਸਿੰਘ ਬੱਲ

"ਵਿਸ਼ਵ ਕਬੱਡੀ-ਕੱਪਾਂ ਵਿਚ ਮੈਨੂੰ ਦਿਲੋਂ ਯਾਦ ਨਹੀਂ ਕੀਤਾ। ਬੱਸ ਮੂੰਹ ਜਿਹਾ ਚੋਪੜ ਦਿਤਾ ਗਿਆ। 2013 ਅਤੇ 14 ਦੇ ਵਿਸ਼ਵ ਕੱਪਾਂ ਵਿਚ ਵੀ ਇਹੋ ਕੁਝ ਹੋਇਐ। ਇਸ ਗੱਲ ਦਾ ਮੈਨੂੰ ਰੰਜ ਹੈ। ਮਰਨ ਤੋਂ ਬਾਅਦ ਵੱਡੀਆਂ ਵੱਡੀਆਂ ਗੱਲਾਂ ਕਰਨ ਦਾ ਕੀ ਫਾਇਦਾ ਜਦੋਂ ਜੀਉਂਦਿਆਂ ਦੀ ਬਾਤ ਨ੍ਹੀਂ ਪੁੱਛਣੀ। ਸਭ ਤੋਂ ਵੱਡਾ ਦੁੱਖ ਇਹ ਹੈ ਕਿ ਮੈਂ ਜਿਹੜੇ ਆਪਣੇ ਸ਼ਾਗਿਰਦ ਭੇਜੇ, ਉਹ ਵੀ ਬਦਲ ਗਏ। ਵਿਸ਼ਵ-ਕੱਪ ਕਰਾਉਣ ਵਾਲੀ ਕਮੇਟੀ ਨੂੰ ਕਹਿਣ ਲੱਗੇ, ਸਰਬਣ ਬੱਲ ਹੁਣ ਸਿਆਣਾ ਹੋ ਗਿਆ, ਉਹਦੇ ਗੋਡੇ ਨ੍ਹੀਂ ਚੱਲਦੇ। ਫਿਰਨਾ-ਟੁਰਨਾ ਔਖਾ ਹੋ ਗਿਐ, ਉਹਦੇ ਕੋਲੋਂ। ਉਹ ਨਹੀਂ ਸਨ ਚਾਹੁੰਦੇ ਕਿ ਬੱਲ ਦੇ ਉਥੇ ਜਾਣ ਨਾਲ ਉਨ੍ਹਾਂ ਦੀ ਟੌਹਰ ਖਰਾਬ ਹੋਵੇ। ਪੁਰਾਣਿਆਂ ਵਿਚੋਂ ਮੈਂ ਤੇ ਪ੍ਰੀਤਾ ਹੀ ਸਾਂ। ਵਿਸ਼ਵ ਕੱਪ ਮੁਕਾਬਲਿਆਂ ਵੇਲੇ ਸਾਨੂੰ ਵੀ ਚੇਤੇ ਕਰ ਲੈਂਦੇ ਤਾਂ ਕੀ ਫਰਕ ਪੈਣਾ ਸੀ? ਇਸ ਨਾਲ ਸਾਡਾ ਮਾਣ ਵੱਧ ਜਾਣਾ ਸੀ।" ਇਹ ਵਿਚਾਰ ਆਪਣੇ ਸਮੇਂ ਦੇ ਧੱਕੜ ਕਬੱਡੀ ਖਿਡਾਰੀ ਸਰਬਣ ਸਿੰਘ ਬੱਲ ਨੇ ਕਪੂਰਥਲਾ ਸਪੋਰਟਸ ਕਲੱਬ ਨਿਊ ਯਾਰਕ ਦੇ ਪ੍ਰਧਾਨ ਅਤੇ ਆਪਣੇ ਸ਼ਾਗਿਰਦ ਜਗਤਾਰ ਕਾਰੀ ਦੇ ਘਰ ਇਕ ਮੁਲਾਕਾਤ ਦੌਰਾਨ ਪ੍ਰਗਟਾਏ।

ਕਬੱਡੀ ਦੇ ਇਤਿਹਾਸ ਵਿਚ ਰਮੀਦੀ ਵਾਲੇ ਸਰਬਣ ਬੱਲ ਦਾ ਨਾਂ ਸੁਨਹਿਰੀ ਅੱਖਰਾਂ 'ਚ ਛਪ ਚੁੱਕਾ ਹੈ। ਆਪਣੇ ਸਮੇਂ ਦੇ ਬੱਬਰ ਸ਼ੇਰ ਬੱਲ ਦੀ ਕਬੱਡੀ ਨੂੰ ਬਹੁਤ ਵੱਡੀ ਦੇਣ ਹੈ। ਉਸ ਦੇ ਤਰਾਸ਼ੇ ਖਿਡਾਰੀ ਪੰਜਾਬ ਪੁਲਿਸ ਵਿਚ ਉਚੇ ਉਚੇ ਅਹੁਦਿਆਂ 'ਤੇ ਬਿਰਾਜ਼ਮਾਨ ਹਨ ਅਤੇ ਬਹੁਤ ਸਾਰੇ ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਅਨੇਕਾਂ ਹੋਰ ਮੁਲਕਾਂ ਵਿਚ ਸੈਟਲ ਹਨ। ਬੱਲ ਦੇ ਬਹੁਤੇ ਪੁਰਾਣੇ ਸਾਥੀ ਇਸ ਦੁਨੀਆਂ ਤੋਂ ਕੂਚ ਕਰ ਗਏ ਹਨ।

ਸਰਬਣ ਸਿੰਘ ਬੱਲ ਦਾ ਜਨਮ 26 ਮਈ 1938 ਨੂੰ ਲਛਮਣ ਸਿੰਘ ਅਤੇ ਮਾਤਾ ਚੰਨਣ ਕੌਰ ਦੇ ਘਰ ਰਮੀਦੀ ਹੋਇਆ। ਪਿੰਡ ਰਮੀਦੀ ਦੇ ਹਾਈ ਸਕੂਲ ਵਿਚ ਪੜ੍ਹਦਿਆਂ ਚੰਗਾ ਕੱਦ-ਕਾਠ ਅਤੇ ਤਕੜੀ ਸਿਹਤ ਹੋਣ ਕਰਕੇ ਵਾਲੀਬਾਲ ਅਤੇ ਕਬੱਡੀ ਖੇਡਣੀ ਸ਼ੁਰੂ ਕਰ ਦਿਤੀ। ਸਕੂਲੀ ਮੁਕਾਬਲਿਆਂ ਵਿਚ ਜਿਲ੍ਹੇ ਦੇ ਚੈਂਪੀਅਨ ਬਣੇ। ਸਕੂਲ ਦੀ ਵਾਲੀਬਾਲ ਟੀਮ ਦਾ ਕਪਤਾਨ ਬਣਿਆ। ਸੰਨ '57 'ਚ ਮੈਟਰਿਕ ਕੀਤੀ। ਪਿੰਡ ਦੇ ਖਿਡਾਰੀ ਨਿਰਭੈ ਸਿੰਘ ਨੇ ਬੱਲ ਨੂੰ ਲੈ ਰਮੀਦੀ ਦੀ ਕਬੱਡੀ ਟੀਮ ਬਣਾਈ। ਇਸ ਟੀਮ ਨੇ ਆਲੇ-ਦੁਆਲੇ ਦੇ ਪਿੰਡਾਂ ਵਿਚ ਖੇਡਦਿਆਂ ਆਪਣੀ ਪੂਰੀ ਧਾਂਕ ਜਮਾਈ।

ਸਰਬਣ ਸਿੰਘ ਪਹਿਲਾਂ ਤਕੜੇ ਜਾਫੀਆਂ 'ਚ ਗਿਣਿਆ ਜਾਂਦਾ ਸੀ। ਕੈਂਚੀ ਮਾਰਨੀ ਉਹਦਾ ਤਕੜਾ ਦਾਅ ਸੀ। ਤਕੜੇ ਤਕੜੇ ਰੇਡਰ ਉਸ ਦੀ ਕੈਂਚੀ ਤੋਂ ਡਰਦੇ ਲਾਗੇ ਨਾ ਆਉਂਦੇ। ਫਿਰ ਨਿਰਭੈ ਦੇ ਕਹਿਣ 'ਤੇ ਉਹ ਰੇਡਰ ਬਣ ਗਿਆ। ਆਲੇ-ਦੁਆਲੇ ਪ੍ਰਸਿੱਧੀ ਹੋ ਗਈ। ਕਾਲਜਾਂ ਵਾਲੇ ਮਗਰ ਮਗਰ ਘੁੰਮਣ ਲੱਗੇ। ਸਾਰੀਆਂ ਸੁਖ-ਸਹੂਲਤਾਂ ਅਤੇ ਖਰਚਾ-ਪਾਣੀ ਦੇਣ ਦੀਆਂ ਆਫ਼ਰਾਂ ਦੇ ਰਹੇ ਸਨ। ਇਲਾਕਾ ਕਪੂਰਥਲਾ ਦੇ ਲੋਕ ਇਕੱਠੇ ਹੋ ਕੇ ਬੱਲ ਨੂੰ ਮਿਲੇ ਤੇ ਆਪਣੇ ਜਿਲ੍ਹੇ ਵਿਚ ਹੀ ਖੇਡਣ ਉਪਰ ਜ਼ੋਰ ਦਿੱਤਾ। ਉਨ੍ਹਾਂ ਦਾ ਪਿਆਰ ਦੇਖ ਕੇ ਬੱਲ ਨੇ ਰਣਧੀਰ ਕਾਲਜ ਕਪੂਰਥਲੇ ਦਾਖਲਾ ਲੈ ਲਿਆ। 1958 ਤੋਂ 1961 ਤੱਕ ਕਾਲਜ ਦੀ ਪੜ੍ਹਾਈ ਕੀਤੀ ਤੇ ਠੋਕ ਵਜ਼ਾ ਕੇ ਕਬੱਡੀ ਖੇਡੀ। ਰਣਧੀਰ ਕਾਲਜ ਪਹਿਲੇ ਸਾਲ ਖਾਲਸਾ ਕਾਲਜ ਤੋਂ ਹਾਰ ਗਿਆ ਕਿਉਂਕਿ ਬੱਲ ਨਾਲ ਕੋਈ ਤਕੜਾ ਜਾਫੀ ਨਹੀਂ ਸੀ। ਅਗਲੇ ਸਾਲ ਤਕੜਾ ਜਾਫੀ ਰਤਨ ਟਿੱਬਾ ਆ ਦਾਖਲ ਹੋਇਆ। ਫਿਰ ਜਾਫੀ ਜਿੰਬੋ ਆ ਰਲਿਆ। ਟੀਮ ਤਕੜੀ ਬਣ ਗਈ। ਉਸੇ ਸਾਲ ਨੈਸ਼ਨਲ ਸਟਾਈਲ ਵਿਚ ਯੂਨੀਵਰਸਿਟੀ ਦੇ ਚੈਂਪੀਅਨ ਬਣੇ। ਪੰਜਾਬ ਸਟਾਈਲ ਵਿਚ ਸੈਕਿੰਡ ਰਹੇ। ਵਿਰੋਧੀ ਟੀਮ ਡੀ ਏ ਵੀ ਕਾਲਜ ਦੇ ਮਹਿੰਦਰ ਬੋਲਾ, ਜਗਤਾਰ ਸਿੰਘ, ਜਸਕਰਨ ਸਿੰਘ ਤਕੜੇ ਜਾਫੀ ਅਤੇ ਰੋਹਤਕ ਦਾ ਜਾਟ ਜਗਤਾ ਤਕੜਾ ਰੇਡਰ ਸਨ।

1956 'ਚ ਪਹਿਲੀ ਵਾਰ ਪੰਜਾਬ ਕਬੱਡੀ ਐਸੋਸੀਏਸ਼ਨ ਬਣੀ। 1958 'ਚ ਨੈਸ਼ਨਲ ਸਟਾਈਲ ਦੀ ਪਹਿਲਾਂ ਸਠਿਆਲੇ, ਫਿਰ ਕਪੂਰਥਲੇ ਚੈਂਪੀਅਨਸ਼ਿਪ ਹੋਈ। ਪੰਜਾਬ ਦੀ ਟੀਮ ਨੈਸ਼ਨਲ ਸਟਾਈਲ ਖੇਡਣ ਕੋਹਲਾਪੁਰ ਗਈ ਪਰ ਹਾਰ ਗਈ।

ਹਿਮਾਚਲ ਦੇ ਇਲਾਕੇ 'ਚੈਲ' ਵਿਚ ਮਹਾਰਾਜ਼ਾ ਪਟਿਆਲਾ ਦੀ ਆਪਣੀ ਕ੍ਰਿਕਟ ਗਰਾਊਂਡ ਸੀ ਜਿਥੇ ਉਹਦੇ ਨਾਲ ਇੰਗਲੈਂਡ ਦਾ ਵਾਇਸ ਰਾਏ ਵੀ ਕ੍ਰਿਕਟ ਖੇਡਣ ਆਇਆ ਕਰਦਾ। ਉਸੇ ਗਰਾਊਂਡ ਵਿਚ ਕਬੱਡੀ ਅਤੇ ਕੁਸ਼ਤੀਆਂ ਕਰਵਾਈਆਂ ਜਾਣੀਆਂ ਸਨ। ਇਹ ਗੱਲ ਸੰਨ 1958 ਦੀ ਹੈ। ਦਾਰਾ ਸਿੰਘ, ਕਿੰਗ ਕਾਂਗ, ਜੋਗਿੰਦਰ ਟਾਈਗਰ ਤੇ ਹੋਰ ਤਕੜੇ ਮੱਲ ਉਥੇ ਆਏ ਹੋਏ ਸਨ। ਪੰਡਿਤ ਜਵਾਹਰ ਲਾਲ ਨਹਿਰੂ ਖੇਡਾਂ ਵੇਖਣ ਪਹੁੰਚਿਆ ਹੋਇਆ ਸੀ। ਰੋਹਤਕ ਨਾਲ ਕਬੱਡੀ ਮੈਚ ਚਲ ਰਿਹਾ ਸੀ ਤੇ ਬੱਲ ਉਨ੍ਹਾਂ ਕੋਲੋਂ ਰੁਕ ਨਹੀਂ ਸੀ ਰਿਹਾ। ਗੁੱਸੇ 'ਚ ਆ ਕੇ ਪਟਿਆਲੇ ਵਾਲੇ ਹੁਸ਼ਿਆਰ ਸਿੰਘ ਨੇ ਠਿੱਬੀ ਮਾਰੀ ਤੇ ਬੱਲ ਡਿੱਗ ਪਿਆ। ਗਿੱਟੇ ਨੂੰ ਮੋਚ ਆ ਗਈ। ਦੂਜੇ ਦਿਨ ਫ਼ਾਈਨਲ ਮੈਚ ਸੀ। ਫਿਕਰ ਪੈ ਗਿਆ, ਮੈਚ ਕਿਵੇਂ ਖੇਡਾਂਗੇ? ਡਾਕਟਰ ਕੋਲ ਜਾਣ ਦੀ ਸਲਾਹ ਬਣਾਈ, ਜਦੋਂ ਤੁਰਨ ਲੱਗੇ ਤਾਂ ਕੁਦਰਤੀ ਦਾਰਾ ਸਿੰਘ ਤੇ ਜੋਗਿੰਦਰ ਟਾਈਗਰ ਮੂਹਰੇ ਤੋਂ ਆ ਗਏ।

"ਸਰਬਣ ਨੂੰ ਕੀ ਗੱਲ ਹੋ ਗਈ।" ਉਨ੍ਹੀਂ ਪੁਛਿਆ।

"ਸੱਟ ਲੱਗ ਗਈ ਖੇਡਦੇ ਦੇ, ਕੱਲ੍ਹ ਨੂੰ ਫ਼ਾਈਨਲ ਮੈਚ ਆ! ਡਾਕਟਰ ਕੋਲ ਲੈ ਕੇ ਚੱਲੇ ਆਂ।" ਬੱਲ ਦੇ ਨਾਲ ਦੇ ਸਾਥੀ ਖਿਡਾਰੀਆਂ ਨੇ ਜਵਾਬ ਦਿਤਾ।

"ਏਹਨੂੰ ਵਾਪਸ ਕਮਰੇ 'ਚ ਲੈ ਜਾਓ, ਅਰਾਮ ਕਰੋ ਤੇ ਕੱਲ੍ਹ ਨੂੰ ਮੈਚ ਤੋਂ ਦੋ ਘੰਟੇ ਪਹਿਲਾਂ ਸਾਡੇ ਕੋਲ ਆ ਜਾਇਓ।" ਦਾਰਾ ਸਿੰਘ ਨੇ ਕਿਹਾ।

ਇਸੇ ਤਰ੍ਹਾਂ ਹੀ ਕੀਤਾ ਤੇ ਅਗਲੇ ਦਿਨ ਬੱਲ ਨੂੰ ਦਾਰਾ ਸਿੰਘ ਕੋਲ ਲੈ ਗਏ। ਦਾਰਾ ਸਿੰਘ ਨੇ ਗਿੱਟੇ ਦੀ ਮਾਲਸ਼ ਕਰ ਕਰ ਕੇ ਬੱਲ ਦੇ ਅੜਾਹਟ ਕਢਾ ਦਿਤੇ। ਬੜਾ ਰੌਲਾ ਪਾਇਆ ਬੱਲ ਨੇ। ਦਾਰਾ ਸਿੰਘ ਨੇ ਟਾਈਗਰ ਨੂੰ ਬੱਲ ਦੇ ਪੱਟ ਉਤੇ ਬਹਿਣ ਨੂੰ ਕਿਹਾ। ਟਾਈਗਰ ਬੱਲ ਦੇ ਪੱਟ 'ਤੇ ਬਹਿ ਗਿਆ ਤੇ ਦਾਰਾ ਸਿੰਘ ਨੇ ਆਇਓ ਡੈਕਸ ਮਲ ਕੇ ਗਿੱਟੇ ਨੂੰ ਘੁੱਟ ਕੇ ਬੰਨ੍ਹ ਦਿਤਾ ਤੇ ਬੱਲ ਨੂੰ ਥਾਪੜਾ ਦੇ ਗਰਾਊਂਡ ਵੱਲ ਤੋਰ ਦਿਤਾ। ਸਰਬਣ ਸਿੰਘ ਬੱਲ ਦੇ ਦੱਸਣ ਅਨੁਸਾਰ ਉਹ ਮੈਚ ਬੜਾ ਫਸਵਾਂ ਰਿਹਾ। ਦਰਦ ਵਗੈਰਾ ਕੁਝ ਨਾ ਹੋਇਆ। ਇਹ ਮੈਚ ਪੰਡਤ ਨਹਿਰੂ ਦੇ ਨਾਲ ਪ੍ਰਤਾਪ ਸਿੰਘ ਕੈਰੋਂ ਵੀ ਵੇਖ ਰਿਹਾ ਸੀ। ਨਹਿਰੂ ਨੇ ਕੈਰੋਂ ਨੂੰ ਬੱਲ ਦੇ ਗਿੱਟਾ ਬੰਨ੍ਹਣ ਦਾ ਕਾਰਨ ਪੁਛਿਆ ਤਾਂ ਕੈਰੋਂ ਨੇ ਜਗਤਪੁਰ ਵਾਲੇ ਨਿਰੰਜਨ ਸਿੰਘ (ਜੋ ਜਲੰਧਰ ਡਵੀਜ਼ਨਲ ਦੇ ਉਸ ਵੇਲੇ ਦੇ ਸਪੋਰਟਸ ਅਫ਼ਸਰ ਸਨ) ਨੂੰ ਅਵਾਜ਼ ਮਾਰ ਕੇ ਕਾਰਨ ਪੁੱਛਿਆ। ਮੌਕਾ ਸੰਭਾਲਦਿਆਂ ਨਿਰੰਜਨ ਸਿੰਘ ਨੇ ਪੰਡਤ ਨਹਿਰੂ ਨੂੰ ਦੱਸਿਆ, "ਦੇਖੋ ਜੀ, ਸਾਡੀ ਕੌਮ, ਅਜਿਹੀ ਕੌਮ ਹੈ, ਜਿਨ੍ਹਾਂ ਦੇ ਜਰਨੈਲ ਵੀ ਸਿਰ ਲੱਥੇ ਦੀ ਪ੍ਰਵਾਹ ਨਹੀਂ ਸੀ ਕਰਦੇ, ਏਹ ਤਾਂ ਹੈ ਹੀ ਗਿੱਟਾ।" ਫ਼ਾਈਨਲ ਮੈਚ ਵਿਚ ਰੋਹਤਕ ਨੂੰ 18 ਨੰਬਰਾਂ 'ਤੇ ਹਰਾਇਆ। ਮੈਚ ਤੋਂ ਬਾਅਦ ਜਵਾਹਰ ਲਾਲ ਨਹਿਰੂ ਨੇ ਬੱਲ ਨੂੰ ਕਲਾਵੇ ਵਿਚ ਲੈ ਕੇ ਥਾਪੜਾ ਦਿਤਾ। ਬੱਲ ਦਾ ਪੈਰ ਬਹੁਤ ਸੁੱਜ ਗਿਆ ਸੀ।

ਉਸੇ ਸਾਲ ਨਵੰਬਰ-ਦਸੰਬਰ ਵਿਚ ਫ਼ਗਵਾੜਾ ਸਟੇਟ ਪੰਚਾਇਤ ਟੂਰਨਾਮੈਂਟ ਹੋਏ। ਨੈਸ਼ਨਲ ਸਟਾਈਲ ਵਿਚ ਸੰਗਰੂਰ ਨੂੰ ਹਰਾ ਕੇ ਕਪੂਰਥਲਾ ਚੈਂਪੀਅਨ ਰਿਹਾ। ਬੱਲ ਦੇ ਨਾਲ ਉਸ ਵੇਲੇ ਰਤਨ ਟਿੱਬਾ, ਜਿੰਬੋ, ਭਜਨ ਸਿੰਘ ਸੁਲਤਾਨਪੁਰ, ਕਾਂਜਲੀ ਦਾ ਨਿੰਦੀ ਸਾਥੀ ਖਿਡਾਰੀ ਸਨ। ਸੰਗਰੂਰ ਦੀ ਟੀਮ ਵਿਚ ਦਲਜੀਤ ਅਤੇ ਕਸ਼ਮੀਰ ਵਰਗੇ ਤਕੜੇ ਖਿਡਾਰੀ ਸਨ। ਪੰਜਾਬ ਸਟਾਈਲ ਦਾ ਫ਼ਾਈਨਲ ਮੈਚ ਜਿਲ੍ਹਾ ਅੰਮ੍ਰਿਤਸਰ ਨਾਲ ਹੋਇਆ। ਉਸ ਟੂਰਨਾਮੈਂਟ ਦੀ ਪ੍ਰਧਾਨਗੀ ਉਸ ਵੇਲੇ ਦੇ ਮੁਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਕਰ ਰਹੇ ਸਨ। ਬੱਲ ਟੀਮ ਦਾ ਕਪਤਾਨ ਸੀ। ਅੰਮ੍ਰਿਤਸਰ ਦੀ ਟੀਮ ਵਿਚ ਕ੍ਰਿਪਾਲ ਸਾਧ, ਮਹਿੰਦਰ ਸਵਾਜ਼ਪੁਰ, ਹਰਬੰਸ ਚੂਸੜੇ ਵਾਲਾ, ਸੂਬਾ ਰੇਡਰ ਤੇ ਜੋਤਾ ਸਨ। ਬੱਲ ਕਿਸੇ ਕੋਲੋਂ ਰੁਕਿਆ ਨਾ। ਉਥੇ ਹੀ ਬੱਲ ਵਾਸਤੇ ਘਿਓ ਦਾ ਪੀਪਾ ਅਨਾਊਂਸ ਕੀਤਾ ਗਿਆ। ਇਥੇ ਕੈਰੋਂ ਨਾਲ ਦੂਜੀ ਮਿਲਣੀ ਸੀ।



*ਕਪੂਰਥਲਾ ਸਪੋਰਟਸ ਕਲੱਬ-ਨਿਊ ਯਾਰਕ ਦੇ ਮੈਂਬਰਾਂ ਨਾਲ ਸਰਬਣ ਸਿੰਘ ਬੱਲ (ਸੱਜਿਓਂ ਤੀਜੇ)*

ਅਗਲੀ ਚੈਂਪੀਅਨਸ਼ਿਪ 1959 'ਚ ਫ਼ਿਲੌਰ ਲਾਗੇ ਅੱਟੇ ਹੋਈ। ਫ਼ਾਈਨਲ ਵਿਚ ਕਪੂਰਥਲਾ ਤੇ ਜਲੰਧਰ ਦੀਆਂ ਟੀਮਾਂ ਦਾ ਭੇੜ ਹੋਇਆ। ਜਲੰਧਰ ਦੀ ਟੀਮ ਵਿਚ ਦੇਵ ਅੱਟਾ, ਜ਼ੋਰਾ, ਸੋਹਣ ਜੰਪ, ਜਸਕਰਨ ਤੇ ਗੁਰਦਿਆਲ ਵਰਗੇ ਤਕੜੇ ਖਿਡਾਰੀ ਸਨ। ਕਪੂਰਥਲੇ ਦੀ ਟੀਮ ਵਿਚ ਸਰਬਣ ਬੱਲ ਦੇ ਨਾਲ ਰਤਨ ਟਿੱਬਾ, ਜਿੰਬੋ, ਤਲਵੰਡੀ ਵਾਲਾ ਕਰਮਾ, ਭਗਵੰਤ (ਬੱਲ ਦਾ ਭਰਾ), ਸੁੱਚਾ ਕੁੱਦੋਵਾਲ ਅਤੇ ਗਾਂਧੀ ਸੁਲਤਾਨਪੁਰ ਜਿਹੇ ਜ਼ੋਰਦਾਰ ਖਿਡਾਰੀ ਸਨ। ਅੱਧੇ ਸਮੇਂ ਤੋਂ ਬਾਅਦ ਗੁਰਦਿਆਲ ਨੂੰ ਜੱਫ਼ਾ ਲਾਇਆ ਤਾਂ ਰਤਨ ਦਾ ਹੰਸ ਟੁੱਟ ਗਿਆ। ਸੱਟ ਲੱਗਣ ਨਾਲ ਮੈਚ ਹਾਰ ਗਏ। ਉਸ ਮੈਚ ਵਿਚ ਬੱਲ ਨੂੰ ਕੋਈ ਜੱਫ਼ਾ ਨਾ ਲੱਗਾ ਪਰ ਸੱਟ ਲੱਗਣ ਕਰਕੇ ਜਿੱਤ ਨਾ ਸਕੇ। ਜੱਫ਼ੇ ਲਾਉਣੇ ਤੇ ਸਾਹ ਪਾਉਣੇ-ਦੋਵੇਂ ਪਾਸੇ ਚੱਲਣਾ ਬੱਲ ਵਾਸਤੇ ਔਖਾ ਸੀ।

1960 'ਚ ਰਮੀਦੀ ਪੰਜਾਬ ਚੈਂਪੀਅਨਸ਼ਿਪ ਹੋਈ। ਇਥੇ ਵੀ ਦਿਲਚਸਪ ਗੱਲ ਹੋਈ। ਚੌਧਰੀ ਸੁੰਦਰ ਸਿੰਘ ਉਸ ਵੇਲੇ ਡਿਪਟੀ ਕਮਿਸ਼ਨਰ ਸੀ। ਆਖਰੀ ਮੈਚ ਤਕੜਾ ਹੋਵੇ, ਦੀ ਆਸ ਨਾਲ ਡੀ ਸੀ ਨੂੰ ਪ੍ਰਤਾਪ ਸਿੰਘ ਕੈਰੋਂ ਕੋਲ ਚੰਡੀਗੜ੍ਹ ਭੇਜਿਆ। ਗੁੜਗਾਓਂ ਜਾਣ ਦੀ ਮਜ਼ਬੂਰੀ ਦੱਸ ਕੇ ਮੈਚਾਂ 'ਤੇ ਨਾ ਆਉਣ ਲਈ ਕੈਰੋਂ ਨੇ ਡੀ ਸੀ ਨੂੰ ਜਵਾਬ ਦੇ ਦਿਤਾ। ਫਿਰ ਭੁੱਲਰ ਅਤੇ ਬੱਲ ਖ਼ੁਦ ਚੰਡੀਗੜ੍ਹ ਗਏ ਤੇ ਕਿਸੇ ਜਗ੍ਹਾ ਹੋਏ ਕਬੱਡੀ ਮੈਚ ਬਾਰੇ ਬੱਲ ਨੇ ਆਪਣੀ ਕਾਲੀ ਨਿੱਕਰ ਦੀ ਨਿਸ਼ਾਨੀ ਦੱਸੀ ਤਾਂ ਉਹ ਝੱਟ ਸਮਝ ਗਏ ਤੇ ਮੈਚਾਂ 'ਤੇ ਆਉਣ ਲਈ ਰਾਜ਼ੀ ਹੋ ਗਏ। ਸੈਮੀ ਫਾਈਨਲ ਵਿਚ ਜਲੰਧਰ ਵਾਲੇ ਗੁਰਦਿਆਲ ਨੇ ਬੱਲ ਨੂੰ ਇਕ ਜੱਫ਼ਾ ਲਾਇਆ। ਫ਼ਾਈਨਲ ਮੈਚ ਕਪੂਰਥਲਾ ਤੇ ਹੁਸ਼ਿਆਰਪੁਰ ਵਿਚਕਾਰ ਹੋਇਆ। ਕਪੂਰਥਲਾ ਵਲੋਂ ਬੱਲ ਤੇ ਰਤਨ ਨੇ ਜ਼ਬਰਦਸਤ ਖੇਡ ਦਿਖਾਈ। ਹੁਸ਼ਿਆਰਪੁਰ ਵਲੋਂ ਮਹਿੰਦਰ ਬੋਲਾ, ਅਮਰੀਕ ਅਤੇ ਦੋਵੇਂ ਤੋਖੀ (ਟਾਈਗਰ ਤੇ ਐਟਮ ਬੰਬ) ਖੇਡਦੇ ਸਨ।

1960-61 'ਚ ਕੈਰੋਂ ਦੇ ਪਿੰਡ ਖੇਡ ਟੂਰਨਾਮੈਂਟ ਹੋਇਆ। ਕਪੂਰਥਲੇ ਦਾ ਫ਼ਾਈਨਲ ਮੈਚ ਰੋਹਤਕ ਨਾਲ ਹੋਇਆ। ਸਟੇਜ਼ 'ਤੇ ਬੈਠੇ ਕੈਰੋਂ ਨੇ ਐਲਾਨ ਕੀਤਾ ਕਿ ਜਿਹੜਾ ਸਰਬਣ ਬੱਲ ਨੂੰ ਰੋਕੇ, ਇਕ ਸਾਹ ਦਾ ਉਹਨੂੰ ਸੌ ਰੁਪਿਆ। ਜਿੰਨੇ ਵਾਰ ਰੋਕੇ, ਉਨੇ ਵਾਰ ਸੌ-ਸੌ। ਮੈਚ ਇਕ ਤਰਫ਼ਾ ਖਤਮ ਹੋਇਆ। ਪੰਜਾਂ ਮਿੰਟਾਂ 'ਚ ਗਰਾਊਂਡ ਛੁਡਾ ਦਿਤੀ। ਵੱਡੇ ਇਨਾਮਾਂ 'ਚ ਉਸ ਵੇਲੇ ਖਾਲੀ ਅਟੈਚੀ ਹੁੰਦੇ ਸਨ। ਜਦੋਂ ਕੈਰੋਂ ਨੇ ਸਰਬਣ ਨੂੰ ਖਾਲੀ ਅਟੈਚੀ ਦਿਤਾ ਤਾਂ ਇਕ ਬਜ਼ੁਰਗ ਉਠ ਕੇ ਖੜ੍ਹ ਗਿਆ ਤੇ ਕਹਿਣ ਲੱਗਾ, ਕੈਰੋਂ ਸਾਹਿਬ, ਐਡੇ ਤਕੜੇ ਖਿਡਾਰੀ ਨੂੰ ਖਾਲੀ 'ਟੈਚੀ ਦੇਣ ਲੱਗੇ ਓ?

"ਬਜ਼ੁਰਗਾ ਫਿਕਰ ਨਾ ਕਰ ਥੋੜੇ ਦਿਨਾਂ 'ਚ ਭਰ ਦੇਣੈ।" ਹੱਸਦੇ ਕੈਰੋਂ ਨੇ ਸਰਬਣ ਨੂੰ ਅਟੈਚੀ ਫੜਾਉਂਦਿਆਂ ਜਵਾਬ ਦਿਤਾ। ਚੌਥੇ ਦਿਨ ਕੈਰੋਂ ਨੇ ਡੀ ਸੀ ਕੋਲ ਸਰਬਣ ਲਈ ਮੱਝ ਲੈਣ ਵਾਸਤੇ ਚੈਕ ਭੇਜ ਦਿਤਾ। ਤਿੰਨ ਸੌ ਰੁਪਿਆ ਮਹੀਨਾ ਕਿਤਾਬਾਂ, ਕੱਪੜਿਆਂ ਤੇ ਖ਼ੁਰਾਕ ਵਾਸਤੇ ਵਜ਼ੀਫ਼ਾ ਲਾ ਦਿਤਾ। ਉਨ੍ਹਾਂ ਸਮਿਆਂ 'ਚ ਇਹ ਬਹੁਤ ਵੱਡੀ ਰਕਮ ਸੀ।

ਸੰਨ 1967 'ਚ ਸਪੋਰਟਸ ਕਾਲਜ ਜਲੰਧਰ ਚੈਂਪੀਅਨਸ਼ਿਪ ਹੋਈ। ਇਨਾਮਾਂ ਦੀ ਵੰਡ ਉਸ ਵੇਲੇ ਦੇ ਟਰਾਂਸਪੋਰਟ ਮੰਤਰੀ ਕਰਮ ਸਿੰਘ 'ਕਿਰਤੀ' ਨੇ ਕੀਤੀ। ਨਡਾਲੇ ਵਾਲਾ ਪ੍ਰੀਤਾ ਕਪੂਰਥਲੇ ਦੀ ਟੀਮ ਵਿਚ ਆ ਚੁਕਾ ਸੀ। ਪ੍ਰੀਤੇ ਦੇ ਆਉਣ ਨਾਲ ਬੱਲ ਦਾ ਹੌਸਲਾ ਦੂਣਾ ਹੋ ਗਿਆ ਕਿਉਂਕਿ ਪਹਿਲਾਂ ਉਹ 'ਕੱਲਾ ਸਾਹ ਪਾਉਂਦਾ ਹੁੰਦਾ ਸੀ। ਪ੍ਰੀਤੇ ਦੇ ਆਉਣ ਨਾਲ ਕਪੂਰਥਲੇ ਦੇ ਦੋ ਤਕੜੇ ਰੇਡਰ ਹੋ ਗਏ। ਬੱਲ ਦੇ ਬਰਾਬਰ ਪ੍ਰੀਤੇ ਨੇ ਸਾਹ ਪਾਏ। ਬੱਲ ਨਾਲੋਂ ਵੱਧ ਪ੍ਰੀਤੇ ਨੂੰ ਤਾੜੀਆਂ ਮਿਲੀਆਂ।

ਕਾਲਜ ਹੋਸਟਲ ਰਹਿੰਦੇ ਬੱਲ ਨੇ ਚਾਰ ਵਜ਼ੇ ਰੋਜ਼ਾਨਾ ਸਵੇਰੇ ਉਠ ਕੇ ਪ੍ਰੈਕਟਿਸ ਕਰਨੀ। ਇਕ ਵਾਰ ਸਵੇਰੇ ਸਵੇਰੇ ਦੌੜ ਲਾਉਂਦੇ ਬੱਲ ਨੂੰ ਕਾਰ 'ਚ ਜਾਂਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਵੇਖਿਆ, ਕਾਰ ਰੋਕੀ ਅਤੇ ਥਾਪੜਾ ਦਿੱਤਾ। ਮੀਂਹ ਜਾਵੇ, ਹਨੇਰੀ ਜਾਵੇ ਬੱਲ ਪ੍ਰੈਕਟਿਸ ਵਿਚ ਨਾਗਾ ਨਹੀਂ ਸੀ ਪਾਉਂਦਾ। ਦਮ ਪਕਾਉਣ ਲਈ 'ਕੱਲੇ ਨੇ 18-18, 20-20 ਗਿਣ ਕੇ ਰੇਡਾਂ ਪਾਈਆਂ। ਕਾਲਜ ਵਾਲਿਆਂ ਨੇ ਖ਼ੁਰਾਕ ਦਾ ਵੀ ਖਿਆਲ ਰੱਖਿਆ।

ਸੰਨ 1967-68 ਦੀ ਮਈ ਵਿਚ ਸਰਕਾਰ ਨੇ ਬੱਲ ਨੂੰ ਕਬੱਡੀ ਕੋਚ ਲਾ ਦਿਤਾ। ਉਨ੍ਹਾਂ ਸਮਿਆਂ 'ਚ ਕਬੱਡੀ ਕੋਚ ਨਹੀਂ ਸਨ ਹੁੰਦੇ। ਸਰਕਾਰ ਨੇ ਨਵੀਂ ਪੋਸਟ ਬਣਾ ਕੇ ਬੱਲ ਨੂੰ ਕਬੱਡੀ ਕੋਚ ਲਾਇਆ। ਪੰਜਾਬ ਦੀਆਂ ਸਾਰੀਆਂ ਸਟੇਟਾਂ ਦੇ ਕੈਂਪ ਬੱਲ ਦੀ ਦੇਖ-ਰੇਖ ਵਿਚ ਲਗਦੇ। ਫਿਰ ਸਟੇਟ ਕੋਚ ਲਾਇਆ ਤੇ ਉਨ੍ਹਾਂ ਪੱਤੜੀਆ ਬੋਲਾ, ਬਲਵਿੰਦਰ ਫਿੱਡੂ, ਦੇਵੀ ਦਿਆਲ, ਭੱਜੀ ਖੁਰਦਪੁਰ, ਸ਼ਿਵਦੇਵ, ਅਮਰਜੀਤ, ਮਹਿੰਦਰ ਮੋਹਣ, ਗੁਰਦੇਵ, ਭੱਜੀ ਖੀਰਾਂਵਾਲੀ ਤੇ ਮਾਣਕ ਢੇਰੀ ਵਾਲੇ ਰਾਵਲ ਵਰਗੇ ਖਿਡਾਰੀ ਪੈਦਾ ਕੀਤੇ। ਜਲੰਧਰ 'ਚੋਂ ਦੇਵ ਅੱਟਾ, ਸੋਹਣ ਜੰਪ, ਜ਼ੋਰਾ ਸਿੰਘ, ਜਸਕਰਨ ਸਿੰਘ, ਸ਼ੰਕਰੀਆਂ ਘੁੱਗਾ, ਬੰਸਾ ਸ਼ਾਹਕੋਟ, ਮੋਹਣ ਸਿੰਘ (ਖਾਲਸਾ ਕਾਲਜ), ਮੋਹਣਾ, ਕਮਲ ਪੰਡਿਤ, ਹਰਜੀਤ ਬਰਾੜ, ਦੁੱਲਾ, ਮੰਗੀ ਨਕੋਦਰ, ਅਮਰੀਕ ਬਹਿਰਾਮ ਤੇ ਬਲਕਾਰ ਬਹਿਰਾਮ। ਬਲਕਾਰ ਬਹਿਰਾਮ ਦੀ ਗੱਲ ਕਰਦੇ ਹੀ ਬੱਲ ਸਾਹਿਬ ਗੰਭੀਰ ਹੋ ਕੇ ਕਹਿਣ ਲੱਗੇ ਕਿ ਕਤਲ ਤੋਂ ਇਕ ਦਿਨ ਪਹਿਲਾਂ ਉਹ ਕੈਂਪ ਵਿਚੋਂ ਉਹਦੇ ਕੋਲੋਂ ਛੁੱਟੀ ਲੈ ਕੇ ਗਿਆ ਸੀ। ਮਨਹੂਸ ਘੜੀ ਦਾ ਜੇ ਪਤਾ ਹੁੰਦਾ ਤਾਂ ਉਹਨੂੰ ਕਦੇ ਛੁੱਟੀ ਨਾ

*(ਬਾਕੀ ਅਗਲੇ ਸਫੇ 'ਤੇ)*







# ਪਰਮਾਤਮਾ ਦੀ ਪ੍ਰਾਪਤੀ ਦੇ ਮਾਰਗ-2

## ਗਿਆਨ ਮਾਰਗ

ਭਗਵਤ ਗੀਤਾ ਦੇ ਤੀਜੇ ਅਧਿਆਇ ਦੇ ਤੀਜੇ ਸਲੋਕ ਵਿਚ ਅਰਜਨ ਜੋ ਲੜਾਈ ਤੋਂ ਮੁਨਕਰ ਹੋਇਆ ਬੈਠਾ ਹੈ, ਨੂੰ ਕ੍ਰਿਸ਼ਨ ਜੀ ਫਰਮਾਉਂਦੇ ਹਨ, 'ਹੇ ਮਾਸੂਮ ਅਰਜਨ, ਇਸ ਸੰਸਾਰ ਵਿਚ ਬਹੁਤ ਪਹਿਲਾਂ ਮੈਂ ਦੋ ਜੀਵਨ ਪ੍ਰਣਾਲੀਆਂ ਦਾ ਉਪਦੇਸ਼ ਦਿੱਤਾ ਸੀ। ਚਿੰਤਨਸ਼ੀਲ ਵਿਅਕਤੀਆਂ ਲਈ ਗਿਆਨ ਮਾਰਗ ਅਤੇ ਕਰਮਸ਼ੀਲ ਵਿਅਕਤੀਆਂ ਲਈ ਕਰਮ ਮਾਰਗ। ਰਾਗ, ਭੈਅ ਅਤੇ ਕਰੋਧ ਤੋਂ ਮੁਕਤ ਹੋ ਕੇ ਮੇਰੀ ਸ਼ਰਨ ਵਿਚ ਆ ਜਾ। ਮੇਰੀ ਸ਼ਰਨ ਵਿਚ ਆ ਕੇ ਗਿਆਨ ਦੀ ਤਪੱਸਿਆ ਰਾਹੀਂ ਪਵਿੱਤਰ ਹੋਏ ਬਹੁਤ ਸਾਰੇ ਲੋਕਾਂ ਨੇ ਉਹੀ ਅਵਸਥਾ ਪ੍ਰਾਪਤ ਕੀਤੀ ਜੋ ਮੇਰੀ ਹੈ।'



ਪ੍ਰੋ. ਹਰਪਾਲ ਸਿੰਘ
ਫੋਨ: 916-236-8830

ਦੂਜੇ ਅਧਿਆਇ ਦੇ ਅਰੰਭ ਵਿਚ ਅਰਜਨ ਨੂੰ ਸਮਝਾਉਂਦੇ ਹਨ, 'ਪਛਤਾਵਾ ਨਾ ਕਰ। ਚਿੰਤਾ ਤਿਆਗ। ਕਰਮਸ਼ੀਲ ਹੋ, ਕਿਉਂਕਿ ਅਜਿਹਾ ਸਮਾਂ ਕਦੀ ਨਹੀਂ ਹੋਇਆ ਜਦੋਂ ਮੈਂ, ਤੂੰ ਤੇ ਇਹ ਸਾਹਮਣੇ ਖਲੋਤੇ ਲੋਕ ਨਾ ਹੋਏ ਹੋਣ। ਅਜਿਹਾ ਸਮਾਂ ਕਦੀ ਆਵੇਗਾ ਵੀ ਨਹੀਂ ਜਦੋਂ ਅਸੀਂ ਸਾਰੇ ਮਿਟ ਚੁੱਕੇ ਹੋਵਾਂਗੇ।'

ਭਗਵਾਨ ਕ੍ਰਿਸ਼ਨ ਦੁਆਰਾ ਪ੍ਰਚਾਰੇ ਗਏ ਗਿਆਨ ਮਾਰਗ ਨੂੰ ਸਮਝਣਾ ਕੋਈ ਖੇਡ ਨਹੀਂ। ਬੁੱਧੀ ਮੰਡਲ ਵਿਚ ਵਿਚਰਦਾ ਮਨੁੱਖ ਹੀ ਇਸ ਗਿਆਨ ਰੂਪੀ ਸਾਗਰ ਦੀ ਥਾਹ ਪਾ ਸਕਦਾ ਹੈ। ਗਿਆਨ ਮਾਰਗ ਆਮ ਪ੍ਰਾਣੀ-ਮਾਤਰ ਦਾ ਮਾਰਗ ਨਹੀਂ। ਇਹ ਵਿਰਲੇ ਵਿਦਵਾਨ ਅਤੇ ਗਿਆਨਵਾਨ ਪੁਰਸ਼ ਦਾ ਮਾਰਗ ਹੈ। ਬੌਧਿਕ ਤੌਰ 'ਤੇ ਚਿੰਤਨ ਲੋਕਾਂ ਲਈ ਗਿਆਨ ਮਾਰਗ ਹੀ ਉਪਯੋਗੀ ਮਾਰਗ ਹੈ। ਬੁੱਧੀ ਮੰਡਲ ਵਿਚ ਵਿਚਰਨਾ ਅਤੇ ਪਰਮਾਤਮਾ ਦੀ ਹੋਂਦ ਦਾ ਅਨਭੁਵ ਹੋਣਾ ਹੀ ਗਿਆਨ ਮਾਰਗ ਹੈ। ਗੀਤਾ ਵਿਚਲੇ ਗਿਆਨ ਦਾ ਅਰਥ ਹੈ- ਬ੍ਰਹਮ ਗਿਆਨ, ਦੈਵੀ ਗਿਆਨ ਅਤੇ ਆਤਮਿਕ ਗਿਆਨ। ਇਹ ਗਿਆਨ ਕਿਸੇ-ਕਿਸੇ ਨੂੰ ਹੀ ਪ੍ਰਾਪਤ ਹੁੰਦਾ ਹੈ। ਜਣਾ-ਖਣਾ ਸ਼ੰਕਰਾਚਾਰੀਆ ਦੇ ਕਦਮਾਂ ਉਤੇ ਨਹੀਂ ਚੱਲ ਸਕਦਾ।

ਪ੍ਰਾਚੀਨ ਭਾਰਤੀ ਸਭਿਅਤਾ ਵਿਚ ਗਿਆਨ ਮਾਰਗ ਦੇ ਚਿੰਨ੍ਹ ਨਜ਼ਰ ਆਉਂਦੇ ਹਨ। ਇਸ ਦਾ ਉਲੇਖ ਵੇਦ ਅਤੇ ਉਪਨਿਸ਼ਦਾਂ ਵਿਚ ਵੀ ਮਿਲਦਾ ਹੈ। ਉਪਨਿਸ਼ਦ ਵਿਚ ਲਿਖਿਆ ਹੈ, 'ਮੁਕਤਿ ਦੀ ਪ੍ਰਾਪਤੀ ਪਰਮਾਤਮਾ ਦੇ ਗਿਆਨ ਤੋਂ ਹੁੰਦੀ ਹੈ। ਉਸ ਦਾ ਧਿਆਨ ਕੀਤਾ ਜਾਵੇ। ਬ੍ਰਹਮ ਮੰਡਲ ਵਿਚ ਪਰਮਾਨੰਦ ਦੀ ਪ੍ਰਾਪਤੀ ਹੁੰਦੀ ਹੈ।' ਵੇਦਾਂਤ ਅਨੁਸਾਰ ਬ੍ਰਹਮ ਦਾ ਤੱਤ ਸਰੂਪ ਗਿਆਨ ਹੀ ਹੈ। ਚਾਹੇ ਵੇਦਾਂ ਅਤੇ ਉਪਨਿਸ਼ਦਾਂ ਵਿਚ ਗਿਆਨ ਮਾਰਗ ਦਾ ਵਰਣਨ ਮਿਲਦਾ ਹੈ ਪਰ ਇਸ ਨੂੰ ਸਹੀ ਮਾਰਗ ਦੇ ਰੂਪ ਵਿਚ ਪੇਸ਼ ਕਰਨ ਵਾਲਾ ਸ਼ੰਕਰਚਾਰੀਆ ਸੀ। ਉਸ ਅਨੁਸਾਰ, 'ਅਹੰਬ੍ਰਹਮਾਸਮੀ ਜਾਂ ਤਤਵੰਸਮੀ ਹੀ ਸਭ ਕੁਝ ਹੈ, ਭਾਵ ਉਹ ਬ੍ਰਹਮ ਮੈਂ ਹਾਂ ਜਾਂ ਉਹ ਤੂੰ ਹੈਂ। ਮੇਰਾ ਪੁਜਾਰੀ ਉਹ ਹੈ ਜਿਸ ਨੂੰ ਮੇਰਾ ਗਿਆਨ ਹੈ।'

ਸ਼ੰਕਰਚਾਰੀਆ ਅਨੁਸਾਰ ਸੰਸਾਰ ਵਿਚ ਜਿਹੜੇ ਪਦਾਰਥਾਂ ਦੀ ਅਨੇਕਤਾ ਅਸੀਂ ਮਹਿਸੂਸ ਕਰਦੇ ਹਾਂ; ਜਿਵੇਂ ਮੈਂ, ਤੂੰ ਤੇ ਉਹ ਅਤੇ ਹੋਰ ਸਭ ਵਸਤੂਆਂ ਜਿਨ੍ਹਾਂ ਦਾ ਸਬੰਧ ਸਾਡੀਆਂ ਗਿਆਨ ਇੰਦਰੀਆਂ ਨਾਲ ਹੈ, ਇਹ ਸੱਚਮੁੱਚ ਦੀ ਅਨੇਕਤਾ ਨਹੀਂ, ਸਗੋਂ ਬਨਾਵਟੀ ਵਿਚਾਰ ਹੈ। ਅਸਲ ਵਿਚ ਅਨੇਕਾਂ ਪਦਾਰਥਾਂ ਦੇ ਅੰਦਰ ਇਕ ਪਰਮ ਅਮਰ ਤੱਤ ਵਸਤੂ ਦਾ ਗੁਣ ਹੈ ਜਿਸ ਨੂੰ ਪਾਰਬ੍ਰਹਮ ਕਿਹਾ ਜਾਂਦਾ ਹੈ। ਮਾਇਆ ਅਤੇ ਅ-ਵਿਦਿਆ ਕਾਰਨ ਇਨਸਾਨੀ ਗਿਆਨ ਇੰਦਰੀਆਂ 'ਇਕ' ਨੂੰ 'ਅਨੇਕ' ਕਰ ਕੇ ਦੇਖਦੀਆਂ ਹਨ। ਬੱਸ, ਇਹੀ ਸਭ ਤੋਂ ਵੱਡਾ ਭਰਮ ਹੈ। ਅਗਿਆਨ ਸਾਡੇ ਮਨ ਦੀ ਦੁਵਿਧਾ ਹੈ ਜਿਸ ਕਾਰਨ ਵਸਤੂਆਂ ਨੂੰ ਉਨ੍ਹਾਂ ਦੇ ਸਹੀ ਸਰੂਪ ਵਿਚ ਨਹੀਂ ਦੇਖ ਸਕਦੇ। 'ਇਕ' ਬ੍ਰਹਮ ਹੀ 'ਅਨੇਕ' ਹੋ ਕੇ ਦਿਸਦਾ ਹੈ। ਸੰਸਰ ਨੂੰ ਸਦੀਵੀ ਸੱਚ ਮੰਨ ਲਿਆ ਜਾਂਦਾ ਹੈ। ਆਤਮਾ ਜੋ ਜੀਵ ਅੰਦਰ ਹੈ, ਉਹ ਵੀ ਪਾਰਬ੍ਰਹਮ ਦਾ ਅੰਸ਼ ਹੈ। ਮੁਕਤੀ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਗਿਆਨ ਪ੍ਰਾਪਤ ਕੀਤਾ ਜਾਵੇ। ਅਸਲੀ ਗਿਆਨ ਪ੍ਰਾਪਤੀ ਲਈ ਇਹ ਜ਼ਰੂਰੀ ਹੈ ਕਿ ਆਦਮੀ ਵੈਰਾਗੀ ਹੋ ਕੇ ਸ੍ਰਿਸ਼ਟੀ ਤੋਂ ਉਪਰਾਮ ਹੋਵੇ ਅਤੇ ਗ੍ਰਹਿਸਥੀ ਜੀਵਨ ਦਾ ਤਿਆਗ ਕਰੇ। ਕਰਮਾਂ ਅਤੇ ਗਿਆਨ ਦਾ ਵਿਰੋਧ ਹੈ। ਵਿਹਾਰੀ ਜੀਵਨ ਵਿਚ ਕਰਮ ਕਰਨੇ ਜ਼ਰੂਰੀ ਹਨ ਅਤੇ ਕਰਮਾਂ ਦੇ ਜਾਲ ਵਿਚ ਫਸਿਆ ਮਨੁੱਖ ਗਿਆਨ ਪ੍ਰਾਪਤ ਨਹੀਂ ਕਰ ਸਕਦਾ। ਤ੍ਰਿਸ਼ਨਾ ਦਾ ਅਭਾਵ ਤੇ ਕਰਮਾਂ ਦਾ ਤਿਆਗ ਲਾਜ਼ਮੀ ਹੈ। ਸ਼ੰਕਰਚਾਰੀਆ ਦੇ ਮਤ ਦੇ ਸਿਧਾਂਤਕ ਪੱਖ ਨੂੰ ਅਵੈਦੈਵਮਤ ਤੇ ਨਵਿਰਤੀ ਮਾਰਗ ਵੀ ਕਿਹਾ ਜਾਂਦਾ ਹੈ।

ਭਗਵਤ ਗੀਤਾ ਦੇ ਚੌਥੇ ਅਧਿਆਇ ਦੇ ਅਰੰਭਕ ਸਲੋਕ ਵਿਚ ਕ੍ਰਿਸ਼ਨ ਫਰਮਾਉਂਦੇ ਹਨ, 'ਰਾਗ, ਭੈਅ ਅਤੇ ਕਰੋਧ ਤੋਂ ਮੁਕਤ ਹੋ ਕੇ ਮੇਰੇ ਅੰਦਰ ਲੀਨ ਹੋ ਕੇ ਮੇਰੀ ਸ਼ਰਨ ਵਿਚ ਆ।... ਜੋ ਇਹ ਸੋਚਦਾ ਹੈ ਕਿ ਉਹ ਮਾਰਦਾ ਹੈ, ਤੇ ਜੋ ਇਹ ਸੋਚਦਾ ਹੈ ਕਿ ਉਹ ਮਾਰਿਆ ਜਾਂਦਾ ਹੈ, ਉਹ ਦੋਵੇਂ ਸਤਿ ਨੂੰ ਨਹੀਂ ਜਾਣਦੇ। ਆਤਮਾ ਨਾ ਮਾਰਦੀ ਹੈ, ਨਾ ਮਰਦੀ ਹੈ।... ਉਹ ਕਦੀ ਜਨਮ ਨਹੀਂ ਲੈਂਦੀ, ਨਾ ਮਰਦੀ ਹੈ। ਉਸ ਦੀ ਹੋਂਦ ਕਦੇ ਖਤਮ ਨਹੀਂ ਹੁੰਦੀ। ਉਹ ਅ-ਜਨਮ, ਦੈਵੀ, ਨਿੱਤ ਅਤੇ ਪ੍ਰਾਚੀਨ ਹੈ। ਸਰੀਰ ਦੇ ਮਰਨ ਨਾਲ ਉਹ ਮਰਦੀ ਨਹੀਂ। ਸ਼ਸਤਰ ਇਸ ਨੂੰ ਕੱਟ ਨਹੀਂ ਸਕਦੇ। ਅੱਗ ਇਸ ਨੂੰ ਜਾਲ ਨਹੀਂ ਸਕਦੀ। ਪਾਣੀ ਇਸ ਨੂੰ ਡੁਬੋ ਨਹੀਂ ਸਕਦਾ ਤੇ ਹਵਾ ਇਸ ਨੂੰ ਸੁਕਾ ਨਹੀਂ ਸਕਦੀ।'

ਗੀਤਾ ਵਿਚਲੇ ਗਿਆਨ ਦਾ ਅਰਥ ਹੈ- ਬ੍ਰਹਮ ਗਿਆਨ, ਆਤਮਿਕ ਗਿਆਨ ਅਤੇ ਦੈਵੀ ਗਿਆਨ। ਵੇਦਾਂ ਸ਼ਾਸਤਰਾਂ ਦਾ ਪਾਠ ਕਰਾਉਣਾ ਹੀ ਮੁਕਤੀ ਦਾ ਸਾਧਨ ਹੈ।

ਨਿਰਾ ਕਿਤਾਬੀ ਗਿਆਨ, ਤੱਤ ਜਾਂ ਅੰਕੜੇ ਇਕੱਠੇ ਕਰਨੇ ਜਾਂ ਬੇਧਿਆਨੀ ਦੀ ਹਾਲਾਤ ਵਿਚ ਪਾਠ ਕਰੀ ਜਾਣਾ ਗਿਆਨ ਨਹੀਂ ਹੈ। ਗੁਰੂ ਸਾਹਿਬ ਅਜਿਹੇ ਪਾਠ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ ਕਿ ਜਿਸ ਗਿਆਨ ਤੇ ਪਾਠ ਵਿਚ ਗਿਆਨੀ ਤੇ ਪਾਠੀ ਦਾ ਧਿਆਨ ਨਾ ਹੋਵੇ; ਮਨ ਹਜ਼ੂਰੀ ਵਿਚ ਨਾ ਹੋਵੇ, ਉਹ ਮੁਕਤੀ ਦਾ ਸਾਧਨ ਨਹੀਂ। ਬ੍ਰਹਮ ਪ੍ਰਾਪਤੀ ਵਾਲਾ ਗਿਆਨ ਪੋਥੀਆਂ ਦੇ ਪਾਠ ਤੋਂ ਨਹੀਂ ਲੱਭਦਾ, ਭਾਵੇਂ ਉਹ ਪੋਥੀਆਂ ਵੇਦ ਸ਼ਾਸਤਰ ਆਦਿ ਹੀ ਕਿਉਂ ਨਾ ਹੋਣ। ਵਿਵੇਕ ਬੁੱਧੀ ਨਾਲ ਹੀ ਪਾਠ ਦੇ ਅੰਤਰੀਵ ਭਾਵ ਦੀ ਸਮਝ ਆਉਂਦੀ ਹੈ। ਆਤਮਾ ਪਰਮ-ਆਤਮਾ ਵਿਚ ਲੀਨ ਹੋ ਜਾਂਦੀ ਹੈ। ਗੁਰੂ ਜੀ ਫਰਮਾਉਂਦੇ ਹਨ,

ਪੜਿ ਪੜਿ ਗਡੀ ਲਦੀਅਹਿ
ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ
ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ
ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ
ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ
ਹੋਰੁ ਹਉਮੈ ਝਖਣਾ ਝਾਖ॥
(ਸਲੋਕ ੧, ਵਾਰ ਆਸਾ, ਪੰਨਾ 467)

ਫੋਕਾ ਲਿਖਣਾ ਪੜ੍ਹਨਾ ਤਾਂ ਮਨੁੱਖ ਨੂੰ ਕਾਤਦਾ ਹੀ ਹੈ। ਸਤਿ ਵਸਤੂ ਦੀ ਪ੍ਰਾਪਤੀ ਕੇਵਲ ਗਿਆਨ ਰਾਹੀਂ ਹੀ ਹੁੰਦੀ ਹੈ। ਇਹ ਵਿਸਮਾਦ ਦੀ ਹਾਲਾਤ ਹੈ। ਸਾਡੀ ਹੋਂਦ ਦਾ ਹਰ ਜੁਜ਼ ਬ੍ਰਹਿਮੰਡ ਦੀ ਹੋਂਦ ਦੇ ਹਰ ਜੁਜ਼ ਨਾਲ ਇਕਸੁਰ ਹੋਵੇਗਾ ਤੇ ਅਦਵੈਤ ਭਾਵ ਵਿਚ ਆ ਕੇ ਵਿਸਮਾਦੀ ਜੀਵਨ ਪੈਦਾ ਹੋਏਗਾ।

ਗੁਰੂ ਜੀ ਇਸ ਹਕੀਕਤ ਤੋਂ ਵੀ ਜਾਣੂੰ ਸਨ ਕਿ ਸ਼ੰਕਰਚਾਰੀਆ ਦੇ ਨਾਮ-ਲੇਵਾ, ਬ੍ਰਹਮ ਗਿਆਨ ਦੀਆਂ ਨਿਰੀਆਂ ਫੋਕੀਆਂ ਫੜ੍ਹਾਂ ਹੀ ਮਾਰਨ ਲੱਗ ਪੈਂਦੇ ਹਨ। ਇਸ ਦਾ ਸਿੱਟਾ ਪਖੰਡ, ਝੂਠ ਤੇ ਧੋਖਾ ਨਿਕਲਦਾ ਹੈ। ਅਜਿਹੇ ਆਦਮੀਆਂ ਨੂੰ ਗੁਰੂ ਸਾਹਿਬ ਨੇ ਕਾਂ-ਕਾਂ ਕਰਨ ਵਾਲੇ ਚੁੰਜ ਗਿਆਨੀ ਕਉਏ ਕਿਹਾ ਹੈ,

ਜਗੁ ਕਊਆ ਮੁਖਿ ਚੁੰਚ ਗਿਆਨੁ॥
(ਬਿਲਾਵਲੁ ਮਹਲਾ 3, ਪੰਨਾ 832)

ਗੁਰੂ ਸਾਹਿਬ, ਸ਼ੰਕਰਚਾਰੀਆ ਦੇ ਦੱਸੇ ਹੋਏ ਸੰਨਿਆਸ ਤੇ ਤਿਆਗ ਦੇ ਵਿਚਾਰ ਦੇ ਵਿਰੁਧ ਸਨ। ਸਾਰੇ ਹੀ ਸਿੱਖ ਗੁਰੂਆਂ ਨੇ ਵਿਆਹ ਕੀਤੇ ਅਤੇ ਗ੍ਰਹਿਸਥ ਵਿਚ ਰਹਿੰਦੇ ਹੋਏ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਜੀਵਨ ਨਿਰਬਾਹ ਕੀਤਾ। ਗੁਰੂ ਨਾਨਕ ਜੀ ਆਪ ਪੈਲੀਆਂ ਵਿਚ ਹਲ ਵਾਹੁੰਦੇ ਸਨ। ਮਾਲ ਡੰਗਰ ਲਈ ਘਾਹ ਖੋਤਦੇ ਸਨ ਅਤੇ ਆਈ ਸੰਗਤ ਦੀ ਸੇਵਾ ਹੱਥੀਂ ਕਰਦੇ ਸਨ। ਜਦੋਂ ਭੰਗਰ ਨਾਥ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ 'ਤੂੰ ਦੁੱਧ ਵਿਚ ਕਾਂਜੀ ਕਿਉਂ ਪਾਈ ਹੈ, ਭਾਵ ਸਾਧੂ ਹੋ ਕੇ ਗ੍ਰਹਿਸਥੀ ਜੀਵਨ ਕਿਉਂ ਬਤੀਤ ਕਰ ਰਿਹਾ ਹੈਂ', ਤਾਂ ਗੁਰੂ ਸਾਹਿਬ ਨੇ ਉਤਰ ਦਿੱਤਾ ਕਿ 'ਤੇਰੀ ਮਾਂ ਨੇ ਤੈਨੂੰ ਚੰਗੀ ਸਿੱਖਿਆ ਨਹੀਂ ਦਿੱਤੀ, ਤਾਂ ਹੀ ਤੇਰੀ ਮੱਤ ਮਾਰੀ ਗਈ ਹੈ। ਤੂੰ ਗ੍ਰਹਿਸਥੀਆਂ ਦੇ ਘਰ ਜਨਮ ਲੈ, ਘਰ ਦਾ ਤਿਆਗ ਕੀਤਾ ਤੇ ਹੁਣ ਫਿਰ ਟੁੱਕੜ ਮੰਗਣ ਲਈ ਉਨ੍ਹਾਂ ਹੀ ਗ੍ਰਹਿਸਥੀਆਂ ਦੇ ਘਰੀਂ ਫੇਰੇ ਪਾਉਂਦਾ ਹੈਂ।'

'ਬੇਸਮਝ ਬੰਦਾ ਭਾਵੇਂ ਕਿੰਨੇ ਧਰਮ ਗ੍ਰੰਥਾਂ ਦਾ ਪਾਠ ਕਰੇ ਪਰ ਜੇ ਅਮਲ ਨਹੀਂ ਕਰਦਾ ਤਾਂ ਧਰਮ ਫਲ ਦਾ ਹੱਕਦਾਰ ਨਹੀਂ ਬਣਦਾ। ਪਰਾਈਆਂ ਗਾਂਵਾਂ ਦੀ ਗਿਣਤੀ ਕਰਨ ਨਾਲ ਕੋਈ ਚਰਵਾਹਾ ਉਨ੍ਹਾਂ ਦਾ ਮਾਲਕ ਨਹੀਂ ਬਣ ਸਕਦਾ। ਮੂਰਖ ਬੰਦਾ ਬਲਦ ਵਾਂਗ ਬੁੱਢਾ ਹੁੰਦਾ ਜਾਂਦਾ ਹੈ ਜਿਸ ਦਾ ਮਾਸ ਵਧਦਾ ਜਾਂਦਾ ਹੈ, ਅਕਲ ਨਹੀਂ।' (ਬੁੱਧ ਮਤ ਦਾ ਧੰਮਪਦ)

# ਰਮੀਦੀ ਵਾਲਾ ਸਰਬਣ ਸਿੰਘ ਬੱਲ

(ਪਿਛਲੇ ਸਫੇ ਤੋਂ ਜਾਰੀ)

ਦਿੰਦਾ।

ਇਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ 'ਚੋਂ ਕ੍ਰਿਪਾਲ ਸਾਧ, ਰਸਾਲ ਸਿੰਘ ਰਸਾਲਾ, ਮਹਿੰਦਰ ਸਿੰਘ, ਰਾਣਾ ਵੰਝ, ਸੂਬਾ ਅਤੇ ਬੰਸਾ ਚੂਸਤੇ ਵਾਲਾ; ਗੁਰਦਾਸਪੁਰ 'ਚੋਂ ਗੁਰਬਖਸ਼ਾ, ਜੋਗਿੰਦਰ ਭਿੰਡਾ, ਜੱਸੀ, ਸੱਬਾ, ਪੱਪੂ, ਨੱਥਾ ਤੇ ਜਿੰਦਾ ਅਮਲੀ; ਕਪੂਰਥਲਾ 'ਚੋਂ ਪ੍ਰੀਤਾ, ਜਤਿੰਦਰ, ਗਿਆਨੀ ਮੋਠਾਂ ਵਾਲੀਆ (ਜਰਨੈਲ ਸਿੰਘ), ਧੀਰਾ ਡਡਵਿੰਡੀ, ਗੁੰਗੀ ਮਦਨ ਲਾਲ, ਕਾਰੀ, ਬੇਵੀ, ਮੰਗੀ ਤੇ ਨੇਕੀ; ਲੁਧਿਆਣਾ 'ਚੋਂ ਦੇਵੀ ਦਿਆਲ, ਬਲਦੇਵ ਸਿੰਘ ਸਿਮਰੂ, ਪ੍ਰਕਾਸ਼ਾ ਤੇ ਅਜੈਬ ਸਿੰਘ; ਹੁਸ਼ਿਆਰਪੁਰ 'ਚੋਂ ਦੋਨੋਂ ਤੋਖੀ (ਟਾਈਗਰ ਤੇ ਐਟਮ ਬੰਬ), ਪੱਜੋਦਿੱਤੇ ਵਾਲਾ ਮਹਿੰਦਰ ਬੋਲਾ, ਦੋਨੋਂ ਅਮਰੀਕ (ਜਾਫੀ ਤੇ ਰੇਡਰ); ਬਠਿੰਡੇ ਦੇ ਕਰਨੈਲ ਸਿੰਘ, ਰਣਜੀਤ ਸਿੰਘ ਤੇ ਪ੍ਰਕਾਸ਼ ਸਿੰਘ ਅਤੇ ਮੋਗਾ ਦੇ ਹਰਜੀਤ ਬਰਾੜ, ਸ਼ੀਰਾ, ਮੰਦਿਰ ਤੇ ਮੱਖਣ ਸਰਬਣ ਬੱਲ ਦੇ ਉਭਾਰੇ ਕਬੱਡੀ ਖਿਡਾਰੀ ਹਨ।

ਸੰਨ 1972 'ਚ ਉਹ 'ਕੱਲਾ ਇੰਗਲੈਂਡ ਗਿਆ। ਸੰਨ 1973 'ਚ ਖੇਡ ਮੰਤਰੀ ਉਮਰਾਓ ਸਿੰਘ ਨੂੰ ਕਹਿਣ ਕੇ ਕਬੱਡੀ ਟੀਮ ਬਣਵਾਈ। 1974 'ਚ ਫਿਰ ਬੱਲ ਇੰਗਲੈਂਡ ਗਿਆ। ਫਿਰ ਤਾਂ ਸੰਨ '88 ਤੱਕ ਟੀਮਾਂ ਇੰਗਲੈਂਡ ਖੇਡਣ ਜਾਂਦੀਆਂ ਰਹੀਆਂ। ਸੰਨ 1974 'ਚ ਪਹਿਲੀ ਵਾਰ ਇੰਗਲੈਂਡ ਗਈ ਟੀਮ ਦਾ ਕਪਤਾਨ ਪ੍ਰੀਤਾ ਸੀ। ਉਸ ਤੋਂ ਇਲਾਵਾ ਦੇਵੀ ਦਿਆਲ, ਜੀਤਾ ਸਿਪਾਹੀ, ਸੱਤਾ ਅੰਮ੍ਰਿਤਸਰ, ਦਰਸ਼ਨ ਮੰਗਲੀ ਦਾ, ਅਰਜਣ ਲੁਧਿਆਣਾ, ਦਰਬਾਰਾ ਲੁਧਿਆਣਾ ਅਤੇ ਬਿੰਦਰ ਫ਼ਰੀਦਕੋਟ ਹੋਰ ਖਿਡਾਰੀ ਸਨ। ਟੀਮ ਵਿਚ ਇਕੱਲੇ ਕਪੂਰਥਲੇ ਦੇ 7 ਖਿਡਾਰੀ ਸਨ।

1979 'ਚ ਸਰਬਣ ਸਿੰਘ ਸਿੰਘਾਪੁਰ ਟੀਮ ਲੈ ਗਿਆ। ਪੁਰਾਣੇ ਸ਼ਾਗਿਰਦਾਂ ਕਾਰੀ, ਬੇਵੀ ਹੁਣਾਂ ਦੇ ਸੱਦੇ 'ਤੇ ਸੰਨ 1988 'ਚ ਅਮਰੀਕਾ ਤੇ ਉਥੋਂ ਟੋਰਾਂਟੋ ਪਹੁੰਚ ਗਿਆ। ਕਬੱਡੀ ਨੂੰ ਬੱਲ ਦੀ ਦੇਣ ਅਤੇ ਖੇਡ ਪ੍ਰਾਪਤੀਆਂ ਵੇਖਦਿਆਂ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਉਸ ਨੂੰ 'ਦਰੋਣਾਚਾਰੀਆ ਪੁਰਸਕਾਰ' ਦੇਣ ਦਾ ਐਲਾਨ ਕੀਤਾ। ਕਿਸੇ ਨੇ ਈਰਖਾ 'ਚ ਆ ਕੇ ਚਲਾਕੀ ਨਾਲ ਫ਼ਾਈਲ ਅੱਗੇ-ਪਿੱਛੇ ਕਰ ਦਿਤੀ ਤੇ ਪੁਰਸਕਾਰ ਲਟਕ ਗਿਆ। ਡੀ ਜੀ ਪੀ ਆਰ. ਐਸ. ਗਿੱਲ ਨੂੰ ਪਤਾ ਲੱਗਾ ਤਾਂ ਉਸ ਨੇ ਬੱਲ ਨੂੰ ਇਸ ਦਾ ਹੱਕਦਾਰ ਸਮਝਦਿਆਂ ਇਹ ਪੁਰਸਕਾਰ ਦੇਣ ਦਾ ਵਾਅਦਾ ਕੀਤਾ। ਕੁਦਰਤ ਦੀ ਖੇਡ, ਪੁਰਸਕਾਰ ਦੇਣ ਤੋਂ ਪਹਿਲਾਂ ਹੀ ਗਿੱਲ ਦੀ ਮੌਤ ਹੋ ਗਈ। 'ਦਰੋਣਾਚਾਰੀਆ ਪੁਰਸਕਾਰ' ਤੋਂ ਬੱਲ ਵਾਂਝਾ ਰਹਿ ਗਿਆ।

1989 'ਚ ਬੱਲ ਸਾਹਿਬ ਲਾਹੌਰ ਕਬੱਡੀ ਟੀਮ ਲੈ ਕੇ ਗਏ ਜਿਸ ਵਿਚ ਰਾਣਾ ਵੰਝ, ਸੱਬਾ, ਪੱਪੂ, ਕੁਲਵੀਰਾ ਤੇ ਲੁਧਿਆਣੇ ਵਾਲਾ ਕਾਟੋ ਖਿਡਾਰੀ ਸਨ। ਓਥੇ ਸਮੇਂ ਤੱਕ ਪਾਕਿਸਤਾਨ ਦੀ ਟੀਮ ਜਿੱਤ ਰਹੀ ਸੀ। ਪੰਜਾਬ ਦਾ ਮੁੱਖ ਮੰਤਰੀ ਨਵਾਜ਼ ਸ਼ਰੀਫ਼ ਵੀ ਮੈਚ ਵੇਖਣ ਉਚੇਚਾ ਪਹੁੰਚਿਆ ਹੋਇਆ ਸੀ। ਬੱਲ ਸਾਹਿਬ ਦੇ ਨਾਲ ਗਏ ਉਮਰਾਓ ਸਿੰਘ ਨੇ ਕਿਹਾ, ਸਰਬਣ ਸਿਆਂ ਤੇਰੀ ਟੀਮ ਹਰ ਰਹੀ ਹੈ। ਕੁਝ ਨੁਕਤੇ ਦੱਸ ਖਿਡਾਰੀਆਂ ਨੂੰ। ਬੱਲ ਨੇ ਖਿਡਾਰੀਆਂ ਦੇ ਕੰਨਾਂ 'ਚ ਫੂਕ ਮਾਰੀ ਤੇ ਕੁਝ ਦਾਅ-ਪੇਚ ਦੱਸੇ। ਮੈਚ ਸ਼ੁਰੂ ਹੋਇਆ ਤਾਂ ਖਿਡਾਰੀ ਨ੍ਹੇਰੀ ਬਣ ਗਏ। ਗਿਆਰਾਂ ਨੰਬਰਾਂ ਦੇ ਫਰਕ ਨਾਲ ਮੈਚ ਜਿਤਿਆ।

ਮੈਚ ਤੋਂ ਬਾਅਦ ਬੱਲ ਨੇ ਪੁਰਾਣੇ ਕਬੱਡੀ ਖਿਡਾਰੀ ਮੰਨੂ ਮੁਸਲਮਾਨ ਨੂੰ ਮਿਲਣ ਦੀ ਖਾਹਿਸ਼ ਦੱਸੀ ਜੋ ਸਾਂਝੇ ਪੰਜਾਬ ਵਿਚ ਕਦੇ ਜਲੰਧਰ ਦੀ ਦਾਨਸ਼ਮੰਦਾਂ ਬਸਤੀ ਵਿਚ ਰਹਿੰਦਾ ਸੀ। ਤੇ ਤਾਕਤਵਰ ਕਬੱਡੀ ਖਿਡਾਰੀ ਸੀ। ਜਦੋਂ ਬੱਲ ਨੇ ਕਬੱਡੀ ਜਗਤ ਵਿਚ ਪ੍ਰਵੇਸ਼ ਕੀਤਾ, ਮੰਨੂ ਦੀ ਉਸ ਵੇਲੇ ਪੂਰੀ ਚੜ੍ਹਾਈ ਸੀ। ਵੰਡ ਪਿਛੋਂ ਉਹ ਪਾਕਿਸਤਾਨ ਚਲਾ ਗਿਆ ਸੀ। ਅਫਸਰਾਂ ਨੇ ਮੰਨੂ ਨਾਲ ਮਿਲਾਇਆ। ਹੁਣ ਉਹ ਬਹੁਤ ਬਿਰਧ ਹੋ ਚੁੱਕਾ ਸੀ। ਬੱਲ ਨੂੰ ਮਿਲ ਕੇ ਉਹ ਬਹੁਤ ਖ਼ੁਸ਼ ਹੋਇਆ। ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ।

ਦੇਸ਼ ਵਿਦੇਸ਼ ਵਿਚ ਸਰਬਣ ਸਿੰਘ ਬੱਲ ਨੂੰ ਕਬੱਡੀ ਪ੍ਰੇਮੀਆਂ ਨੇ ਬਹੁਤ ਮਾਣ-ਸਨਮਾਨ ਦਿੱਤਾ ਹੈ। ਨਿਊ ਯਾਰਕ ਦੇ ਕਪੂਰਥਲਾ ਸਪੋਰਟਸ ਕਲੱਬ ਵਾਲਿਆਂ ਨੇ ਉਨ੍ਹਾਂ ਦੇ ਨਾਲ ਹੀ ਅਰਜੁਨ ਐਵਾਰਡੀ ਇੰਦਰ ਸਿੰਘ ਨੂੰ ਉਚੇਚਾ ਸੱਦ ਕੇ ਕਬੱਡੀ ਪ੍ਰੇਮੀਆਂ, ਸ਼ਗਿਰਦਾਂ ਅਤੇ ਦਰਸ਼ਕਾਂ ਦੇ ਰੂ-ਬਰੂ ਕੀਤਾ।

ਬੱਲ ਦੀ ਜੀਵਨ-ਸਾਥਣ ਹਰਪ੍ਰੀਤ ਕੌਰ ਆਪ ਵੀ ਹਾਕੀ ਪਲੇਅਰ ਅਤੇ ਕੋਚ ਰਹਿ ਚੁੱਕੀ ਹੈ। ਉਹ 7 ਵਾਰ ਨੈਸ਼ਨਲ ਖੇਡੀ ਅਤੇ 7 ਵਾਰ ਹੀ ਨੈਸ਼ਨਲ ਦੇ ਗੋਲਡ ਜਿੱਤੇ। ਉਹ ਆਪਣੀ ਜ਼ਿੰਦਗੀ ਤੋਂ ਪੂਰੇ ਖ਼ੁਸ਼ ਹਨ। ਦੋ ਬੱਚੇ-ਬੇਟਾ ਮਨਵਿੰਦਰ ਸਿੰਘ ਜਲੰਧਰ ਵਿਚ 'ਹੈਲਥ ਕਲੱਬ' ਚਲਾ ਰਿਹਾ ਹੈ ਅਤੇ ਬੇਟੀ ਸਤਵਿੰਦਰ ਕੌਰ ਹਾਕੀ ਖਿਡਾਰਨ ਰਹੀ ਹੈ ਜੋ ਅੱਜ ਕੱਲ੍ਹ ਨਿਊ ਜਰਸੀ 'ਚ ਰਹਿੰਦੀ ਹੈ। ਜਹਾਜ਼ਾਂ ਦੇ ਝੂਟੇ ਲੈਂਦਿਆਂ ਬੱਲ ਸਾਹਿਬ ਕਦੀ ਬੇਟੀ ਕੋਲ ਅਤੇ ਕਦੀ ਕਾਰੀ, ਬੇਵੀ ਵਰਗੇ ਸ਼ਾਗਿਰਦਾਂ ਕੋਲ, ਕਦੇ ਅਮਰੀਕਾ, ਕਦੇ ਕੈਨੇਡਾ ਅਤੇ ਕਦੇ ਇੰਗਲੈਂਡ। ਸਰੀਰ ਦਾ ਪੂਰਾ ਖਿਆਲ ਰੱਖਦੇ ਹਨ। ਦਾਰੂ ਉਤੇ ਵੀ ਪੂਰਾ ਸੰਜਮ ਹੈ-ਆਪਣੇ ਸ਼ਾਗਿਰਦਾਂ ਅਤੇ ਯਾਰਾਂ-ਬੇਲੀਆਂ ਨੂੰ ਨਾਰਾਜ਼ ਨਹੀਂ ਕਰਦੇ, ਹਾਜ਼ਮਾ ਦਰੁਸਤ ਕਰਨ ਲਈ ਕਿਤੇ ਕੌੜਾ ਘੁੱਟ ਭਰ ਲੈਂਦੇ ਹਨ। ਸਰਬਣ ਸਿੰਘ ਬੱਲ ਨਾਲ ਫੋਨ 91-98767-52554 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਦੂਰਦਰਸ਼ਨ ਲਈ ਪੇਸ਼ਕਾਰੀ ਤੇ ਪ੍ਰੋਗਰਾਮਾਂ ਦਾ ਨਿਰਮਾਣ

(ਸਫਾ 25 ਦੀ ਬਾਕੀ)

ਸੀ ਕਿ ਸ਼ੌਕ ਪੂਰਾ ਹੋ ਜਾਵੇ, ਬਚੇ ਭਾਵੇਂ ਕੁਝ ਨਾ।

ਮੇਰੀ ਇੱਛਾ ਸੀ ਕਿ ਸ਼ੂਟਿੰਗ ਲਈ ਸੈੱਟ ਬੰਗਾ ਜਾਂ ਨਵਾਂ ਸ਼ਹਿਰ ਆਪਣੇ ਹਲਕੇ ਵਿਚ ਲਾਵਾਂ। ਮੇਰੇ ਅਸਰ-ਰਸੂਖ ਕਰ ਕੇ ਸਪਾਂਸਰ ਵੀ ਮਿਲ ਜਾਣੇ ਸਨ, ਪਰ ਹਰਨੇਕ ਨੇ ਨਕੋਦਰ 'ਚ ਨੂਰਮਹਿਲ ਰੋਡ 'ਤੇ ਇਕ ਪੈਲੇਸ ਦਸ ਦਿਨ ਲਈ ਕਿਰਾਏ 'ਤੇ ਲੈ ਕੇ ਉਥੇ ਹੀ ਸਭ ਕੁਝ ਕਰਨ ਦਾ ਫੈਸਲਾ ਕਰ ਲਿਆ। ਦੋ ਲੱਖ ਤੋਂ ਵੱਧ ਰੁਪਿਆ ਖਰਚ ਕੇ ਜਿਹੜਾ ਸੈੱਟ ਅਸੀਂ ਮੁੰਬਈ ਤੋਂ ਸੈੱਟ ਡਿਜ਼ਾਇਨਰ ਮੰਗਵਾ ਕੇ ਲਾਇਆ ਸੀ, ਉਹਦੇ ਨਾਲ ਕਮਾਲ ਹੋ ਗਈ ਸੀ; ਜਿਵੇਂ ਪੂਰੇ ਦਾ ਪੂਰਾ ਪਿੰਡ ਵਸਾ ਦਿੱਤਾ ਗਿਆ ਹੋਵੇ। ਪੈਸੇ-ਧੇਲੇ ਦਾ ਸਾਰਾ ਕਾਰਜ ਭਾਗ ਹਰਨੇਕ ਕੋਲ ਸੀ, ਤੇ ਮੈਂ ਥਿਊਰੈਟੀਕਲ ਕੰਮ ਦੇਖ ਰਿਹਾ ਸਾਂ। ਗਾਇਕਾਂ ਦੀ ਚੋਣ ਤੇ ਉਨ੍ਹਾਂ ਨਾਲ ਹਿਸਾਬ-ਕਿਤਾਬ ਮੇਰੇ ਜ਼ਿੰਮੇ ਸੀ।

ਸਭ ਤੋਂ ਪਹਿਲਾਂ ਮੈਂ ਰਾਜ ਬਰਾੜ ਨੂੰ ਟਾਈਟਲ ਗੀਤ ਲਿਖਣ ਤੇ ਗਾਉਣ ਲਈ ਕਿਹਾ। ਉਹਨੇ ਦੋ ਦਿਨ 'ਚ ਲਿਖ ਕੇ ਮੈਨੂੰ ਸੁਣਾਇਆ ਤੇ ਰਿਕਾਰਡ ਵੀ ਕਰਵਾ ਲਿਆ। ਅਜਿਹਾ ਹੀ ਮਿਲਦਾ-ਜੁਲਦਾ ਗੀਤ ਬਲਕਾਰ ਸਿੱਧੂ ਕੋਲ ਸੀ। ਫੈਸਲਾ ਕੀਤਾ ਕਿ ਇਕ ਪਹਿਲਾਂ ਤੇ ਦੂਜਾ ਅਖੀਰ 'ਚ ਚਲਾ ਲਵਾਂਗੇ। ਓਥੇ ਕੁ ਗਾਇਕਾਂ ਨੇ ਮਾਲੀ ਇਮਦਾਦ ਵੀ ਕੀਤੀ ਪਰ ਸਰਦੂਲ, ਨੂਰੀ, ਕੰਠ ਕਲੇਰ, ਪਰਮਿੰਦਰ ਸੰਧੂ ਨਾਲ ਮੂੰਹ-ਮੁਲਾਹਜ਼ਾ ਵੀ ਰੱਖਣਾ ਪਿਆ। ਯੁਧਵੀਰ ਤੇ ਮੇਰਾ ਭਤੀਜਾ ਮਨਰਾਜ ਭੌਰਾ ਉਂ ਪਰਿਵਾਰਕ ਸੰਬਧਾਂ ਵਿਚੋਂ ਸਨ। ਅੰਮ੍ਰਿਤਾ ਵਿਰਕ ਨੇ ਕਾਫੀ ਸਹਿਯੋਗ ਦਿੱਤਾ।

ਖ਼ੈਰ! ਸਾਰਾ ਕੁਝ ਅੱਛਾ ਚੱਲ ਰਿਹਾ ਸੀ। ਸ਼ੂਟਿੰਗ ਸ਼ੁਰੂ ਹੋਈ। ਦੂਜੇ ਦਿਨ ਜਦੋਂ ਬਲਕਾਰ ਸਿੱਧੂ ਦੇ ਗੀਤ ਵਿਚ ਉਹਦੇ ਨਾਲ ਇਕ ਡਾਂਸਰ ਨੂੰ ਨੱਚਣ ਲਾਇਆ ਤਾਂ ਉਹ ਇਹ ਕਹਿ ਕੇ ਖ਼ਫ਼ਾ ਹੋ ਗਿਆ ਕਿ ਉਹ ਇਹਨੂੰ ਨਾਲ ਨਹੀਂ ਨਚਾ ਸਕਦਾ। ਸ਼ੂਟਿੰਗ ਦੌਰਾਨ ਮੈਂ ਹਾਲੇ ਖਾਣਾ ਹੀ ਖਾਣ ਗਿਆ ਸਾਂ ਕਿ ਉਹ ਇਕ ਟੇਕ ਕਰ ਕੇ ਵਿਚਾਲਿਓਂ ਹੀ ਖਿਸਕ ਗਿਆ, ਮੁੜ ਕੇ ਆਇਆ ਹੀ ਨਹੀਂ। ਭੱਲੇ ਹੋਰਾਂ ਰਾਹੀਂ 'ਸ਼ਮਾਰੂ' ਕੰਪਨੀ ਨਾਲ ਲਗਭਗ ਸੋਲਾਂ ਲੱਖ ਰੁਪਏ 'ਚ ਆਡੀਓ ਵੀਡੀਓ ਰਿਲੀਜ਼ ਦੀ ਗੱਲ ਤੈਅ ਹੀ ਸੀ। ਅਗਲੇ ਦਿਨ ਰਾਜ ਬਰਾੜ ਨੇ ਆਉਣਾ ਸੀ ਪਰ ਉਸ ਨੇ ਪਤਾ ਨਹੀਂ ਕਿਉਂ, ਜਾਂ ਬਲਕਾਰ ਦੇ ਕਹਿਣ 'ਤੇ ਮੇਰਾ ਫੋਨ ਚੁੱਕਣਾ ਬੰਦ ਕਰ ਦਿੱਤਾ, ਨਾ ਉਹ ਖ਼ੁਦ ਸ਼ੂਟਿੰਗ 'ਤੇ ਆਇਆ। ਉਸੇ ਦਿਨ ਮਾਮੂਲੀ ਜਿਹੀ ਗੱਲ ਤੋਂ ਪੈਲਿਸ ਅੰਦਰ ਲੜਾਈ ਹੋ ਜਾਂਦੀ ਤਾਂ ਕੋਈ ਗੱਲ ਨਹੀਂ ਸੀ, ਪਰ ਟੈਂਪੂ ਭਰ ਕੇ ਆਏ ਲੋਕਾਂ ਨੇ ਤਾਂ ਖ਼ੂਨ-ਖ਼ਰਾਬਾ ਕਰ ਦਿੱਤਾ ਸੀ। ਹਰਨੇਕ ਦੇ ਪਰਿਵਾਰ ਦੇ ਕਈ ਜੀਅ, ਬਜ਼ੁਰਗਾਂ ਸਮੇਤ ਬੁਰੀ ਤਰ੍ਹਾਂ ਵੱਢੇ-ਟੁੱਕੇ ਗਏ। ਯੁਧਵੀਰ ਨੂੰ ਅੰਦਰੋਂ ਮਸਾਂ ਕੱਢਿਆ, ਤੇ ਮੈਂ ਭੱਜ ਕੇ ਜਾਨ ਬਚਾਈ। ਨਕੋਦਰ ਦੇ ਇਕ ਕਾਂਗਰਸੀ ਨੇਤਾ ਕਰ ਕੇ ਇਨਸਾਫ ਤਾਂ ਕੀ ਹੋਣਾ ਸੀ, ਪਰਚਾ ਵੀ ਦਰਜ ਨਹੀਂ ਹੋਇਆ। ਲਗਦਾ ਨਹੀਂ ਸੀ ਪ੍ਰੋਗਰਾਮ ਸਿਰੇ ਲੱਗੇਗਾ, ਪਰ ਪੁਲਿਸ ਦੀ ਦੇਖ-ਰੇਖ 'ਚ ਸ਼ੂਟਿੰਗ ਸਿਰੇ ਚੜ੍ਹ ਗਈ। ਉਂਜ ਅਸੀਂ ਕਮਰਸ਼ੀਅਲ ਇਕੱਠੇ ਨਾ ਕਰ ਸਕੇ। ਮਸਾਂ ਇਕੱਠੀ ਦੀ ਰਾਤ ਨੂੰ ਨੌਂ ਤੋਂ ਗਿਆਰਾਂ ਵਜੇ ਤੱਕ ਚੱਲਣ ਵਾਲੇ ਇਸ ਪ੍ਰੋਗਰਾਮ ਦੀ ਕੈਸਿਟ ਹਫੜਾ-ਦਫੜੀ ਵਿਚ ਇਕ ਘੰਟਾ ਪਹਿਲਾਂ ਹੀ ਜਮ੍ਹਾਂ ਹੋਈ। ਗਾਇਕਾਂ ਦੇ ਨਾਂ ਵੀ ਸਕਰੀਨ 'ਤੇ ਨਾ ਵਿਖਾ ਸਕੇ। 'ਸ਼ਮਾਰੂ' ਕੰਪਨੀ ਨੇ ਕਾਮੇਡੀ ਵਿਚ ਭੱਲੇ ਹੋਰਾਂ ਦੀ ਅਤੇ ਬਲਕਾਰ ਤੇ ਰਾਜ ਬਰਾੜ ਦੀ ਗੈਰ-ਹਾਜ਼ਰੀ ਕਰ ਕੇ ਮੈਨੂੰ ਸੀ.ਡੀ. ਤੇ ਡੀ.ਵੀ.ਡੀ. ਰਿਲੀਜ਼ ਕਰਨ ਤੋਂ ਮਨ੍ਹਾਂ ਕਰ ਦਿੱਤਾ। ਅਸੀਂ ਛੇ ਲੱਖ ਦੇ ਘਾਟੇ ਨਾਲ ਗੋਇਲ ਬਠਿੰਡੇ ਤੋਂ ਦਸ ਲੱਖ ਲੈ ਕੇ ਇਹ ਰਿਲੀਜ਼ ਕਰਵਾ ਸਕੇ। ਪ੍ਰੋਗਰਾਮ ਤਾਂ ਸਫ਼ਲ ਰਿਹਾ ਸੀ ਪਰ ਅੱਧੀ ਰਾਤ ਨੂੰ ਸ਼ਮਸ਼ੇਰ ਸੰਧੂ ਦੀ ਫੋਨ 'ਤੇ ਟਿੱਪਣੀ ਆਈ, 'ਛਣਕਾਟਾ ਪੈਂਦਾ ਗਲੀ ਗਲੀ' ਤੂੰ ਉਸ ਪੱਧਰ ਦਾ ਨਹੀਂ ਬਣਾ ਸਕਿਆ ਜਿਸ ਤਰ੍ਹਾਂ ਦੀ ਤੈਥੋਂ ਆਸ ਸੀ।... ਹਾਲਾਂਕਿ ਜਲੰਧਰ ਦੂਰਦਰਸ਼ਨ ਦੀਆਂ ਨਜ਼ਰਾਂ 'ਚ ਮੈਂ ਪਾਸ ਹੋ ਗਿਆ ਸਾਂ। ਪਹਿਲੀ ਵਾਰ ਸੀ ਕਿ ਕੁਲਦੀਪ ਮਾਣਕ ਨੇ ਇਸ ਪ੍ਰੋਗਰਾਮ ਨੂੰ ਮੇਰੇ ਨਾਲ ਸੰਚਾਲਨ ਕੀਤਾ ਸੀ।

'ਅਜੀਤ' ਅਖ਼ਬਾਰ ਅਤੇ ਜਲੰਧਰ ਦੂਰਦਰਸ਼ਨ ਮੇਰੇ ਲਈ ਪਰਿਵਾਰ ਤੇ ਘਰ ਵਾਂਗ ਰਹੇ ਹਨ। ਰੂਪ ਲਾਲ ਮਹੇ, ਢਿੱਲੋਂ, ਸ਼ਮਸ਼ੇਰ ਕੈਮਰਾਮੈਨ ਹੀ ਨਹੀਂ, ਲਾਲ ਚੰਦ ਤੇ ਸ਼ਮਸ਼ੇਰ ਵਰਗੇ ਟੈਕਨੀਕਲ ਮੰਚ ਸੰਭਾਲਣ ਵਾਲੇ ਤੇ ਟ੍ਰਾਂਸਮਿਸ਼ਨ ਵਿਭਾਗ ਮੇਰੀ ਦੀਦ ਹੁਣ ਤੱਕ ਕਰਦਾ ਹੈ। ਬਲਵਿੰਦਰ ਅਤਰੀ, ਜੀ.ਐਸ. ਟਿਵਾਣਾ, ਹਰਬੰਸ ਸੋਢੀ ਵਰਗੇ ਸਮਾਚਾਰ ਸੰਪਾਦਕ ਮੇਰੇ ਮਿੱਤਰ ਹੋਣ ਕਰ ਕੇ ਮੇਰੀਆਂ ਖ਼ਬਰਾਂ ਤੇ ਮੇਰੇ ਨਾਂ ਹੇਠ ਜਾਰੀ ਬਿਆਨਾਂ ਨੂੰ ਲੀਡਰਾਂ ਵਾਂਗ ਮਾਣ ਦਿੰਦੇ ਰਹੇ ਹਨ। ਸਤਨਾਮ ਕੈਂਥ ਤੱਕ ਅਨੇਕਾਂ ਰਾਜਨੀਤਕ ਲੋਕ ਦੂਰਦਰਸ਼ਨ ਦੇ ਸਮਾਚਾਰ ਵਿਭਾਗ ਤੱਕ ਮੈਂ ਪਹੁੰਚਾਏ।

ਯਾਦਾਂ ਦਾ ਫਲਸਫਾ ਹਰ ਇਨਸਾਨ ਦੀ ਬੁੱਕਲ ਚਾਹੁੰਦਾ ਹੈ ਪਰ ਇਹ ਗੱਲ ਮੈਂ ਮਾਣ ਨਾਲ ਕਹਾਂਗਾ ਕਿ ਮੇਰੀ ਕਲਾਤਮਿਕ ਜ਼ਿੰਦਗੀ ਨੂੰ ਜਲੰਧਰ ਦੂਰਦਰਸ਼ਨ ਨੇ ਧੋਬੀ ਦੇ ਧੋਤੇ ਕੱਪੜਿਆਂ ਵਾਂਗ ਨਿਖਾਰਿਆ ਬਹੁਤ ਹੈ। ਅਸਲ ਵਿਚ, ਧਰਮ ਦੇ ਪੋਕੇ ਕਈ ਵਾਰ ਸੱਚੀਂ ਵਫਾਦਾਰ ਬੜੇ ਹੁੰਦੇ ਹਨ।

## ਬੀਬੀ-2

# ਸਾਹਬ ਨਾ ਦੇਂਦਾ ਛੁੱਟੀਆਂ...

*ਮਾਂਵਾਂ-ਧੀਆਂ ਦੇ ਰਿਸ਼ਤੇ ਦੀ ਵਿਆਖਿਆ ਦੀ ਕਦੀ ਕਿਸੇ ਨੂੰ ਲੋੜ ਨਹੀਂ ਪਈ। ਰਿਸ਼ਤੇ ਦੀ ਇਹ ਗੰਢ ਆਪ-ਮੁਹਾਰੇ ਅਤੇ ਬਹੁਤ ਪੀਡੀ ਜੁੜੀ ਹੋਈ ਹੈ। ਰਜਵੰਤ ਕੌਰ ਸੰਧੂ ਨੇ ਆਪਣੇ ਇਸ ਲੰਮੇ ਲੇਖ 'ਬੀਬੀ' ਵਿਚ ਭਾਵੇਂ ਨਿਰੋਲ ਆਪਣੀ ਮਾਂ ਬਾਰੇ ਗੱਲਾਂ ਕੀਤੀਆਂ ਹਨ, ਪਰ ਇਹ ਲੇਖ ਪੂਰੇ ਜੱਗ-ਜਹਾਨ ਦੀਆਂ ਧੀਆਂ ਤੇ ਮਾਂਵਾਂ ਦੀ ਗੱਲ ਕਰਦਾ ਜਾਪਦਾ ਹੈ। ਇਹੀ ਇਸ ਲੇਖ ਅਤੇ ਇਸ ਰਿਸ਼ਤੇ ਦੀ ਖ਼ੂਬਸੂਰਤੀ ਹੈ। ਸਮਾਜ ਦੀਆਂ ਵਿੰਗੀਆਂ-ਟੇਢੀਆਂ ਸੁੰਨ-ਮਸਾਣ ਗਲੀਆਂ ਵਿਚੋਂ ਲੰਘਦੀਆਂ ਮਾਂਵਾਂ-ਧੀਆਂ ਬਾਰੇ ਇਹ ਚਰਚਾ ਇੰਨੀ ਸਹਿਜ-ਭਰਪੂਰ ਹੈ ਕਿ ਪਾਠਕ-ਮਨ ਦੀਆਂ ਲੜੀਆਂ ਆਪਣੇ ਚੇਤਿਆਂ ਦੀ ਚੰਗੇਰ ਫਰੋਲਣ ਬਹਿ ਜਾਂਦੀਆਂ ਹਨ। ਇਸ ਲੇਖ ਦੀ ਦੂਜੀ ਤੇ ਆਖਰੀ ਕਿਸ਼ਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ*

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*



**ਰਜਵੰਤ ਕੌਰ ਸੰਧੂ**

ਇਕਲੌਤੇ ਪੁੱਤਰ ਦੇ ਮਰਨ ਤੋਂ ਬਾਅਦ ਪਿਤਾ ਜੀ ਦੀ ਮੌਤ ਦੇ ਸਦਮੇ ਦਾ ਅਸਰ ਅਜੇ ਖ਼ਤਮ ਨਹੀਂ ਸੀ ਹੋਇਆ ਕਿ ਇਕ ਹੋਰ ਭਿਆਨਕ ਮੌਤ ਉਹਦੀਆਂ ਬਰੂਹਾਂ 'ਤੇ ਆਣ ਖਲੋਤੀ। ਸਾਡਾ ਮਾਮਾ ਜਿਹੜਾ ਹੁਣ ਆਪਣੀ ਜ਼ਮੀਨ 'ਤੇ ਯੂ.ਪੀ. ਚਲਾ ਗਿਆ ਸੀ, ਤੇ ਜੋ ਸਾਡੀ ਮਾਂ ਦਾ ਦੁੱਖ ਵੰਡਣ ਵਾਲਾ ਇਕੋ ਇਕ ਆਸਰਾ ਸੀ, ਇਹ ਆਸਰਾ ਵੀ ਖੁੱਸ ਗਿਆ। ਯੂ.ਪੀ. ਵਿਚ ਉਹਨੂੰ ਸ਼ੇਰ ਨੇ ਖਾ ਲਿਆ। ਬੀਬੀ ਕਦੀ ਸਾਡੇ ਭਰਾ, ਕਦੀ ਪਿਉ ਤੇ ਕਦੀ ਭਰਾ ਦਾ ਨਾਂ ਲੈ ਕੇ ਵੈਣ ਪਾਉਣ ਲੱਗਦੀ। ਕੁਝ ਚਿਰ ਬਾਅਦ ਬੀਬੀ ਦਾ ਸਾਕ ਲੈ ਕੇ ਆਉਣ ਵਾਲੀ ਸਾਡੀ ਵੱਡੀ ਧਿਰ, ਵੱਡੀ ਮਾਸੀ ਦਾ ਪਤੀ, ਸਾਡਾ ਮਾਸੜ ਵੀ ਤੁਰ ਗਿਆ। ਹਰ ਵੇਲੇ ਸਾਡੇ ਘਰ ਮਕਾਣਾਂ ਦੀ ਆਵਾਜ਼ ਆਉਂਦੀ। ਮੈਂ ਬੱਚੀ ਸਾਂ, ਮਾਂ ਨੂੰ ਰੋਜ਼ ਰੋਂਦਿਆਂ ਵੇਖ ਕੇ ਘਬਰਾ ਜਾਂਦੀ। ਰੋਣ ਲੱਗਦੀ। ਦਰੱਖਤਾਂ 'ਤੇ ਬੋਲਦੇ ਪੰਛੀ ਵੀ ਰੋਂਦੇ ਲੱਗਦੇ। ਚਰਖ਼ੇ ਦੀ ਘੂੰ-ਘੂੰ ਵੀ ਵੈਣ ਪਾਉਂਦੀ ਲੱਗਦੀ। ਹਰ ਵੇਲੇ ਕੁਝ ਮੰਦਾ ਵਾਪਰ ਜਾਣ ਦਾ ਡਰ ਲੱਗਾ ਰਹਿੰਦਾ। ਆਸਰਾ ਭਾਲਣ ਲਈ ਆਪਣੇ ਪਿਉ ਦੇ ਜਿਉਂਦੇ ਹੋਣ ਦੇ ਚੰਗੇ ਸਮੇਂ ਦੀਆਂ ਗੱਲਾਂ ਸੁਣਾਉਣ ਲਈ ਬੀਬੀ ਨੂੰ ਆਖਦੀ। ਬੀਬੀ ਨਾਲੇ ਰੋਂਦੀ ਨਾਲੇ ਦੱਸਦੀ, "ਤੇਰੇ ਭਾਪਾ ਜੀ ਜਦੋਂ ਘਰ ਆਉਂਦੇ ਤਾਂ ਹੱਸਦੇ ਗਾਉਂਦੇ ਆਉਂਦੇ। ਬੂਹਾ ਲੰਘਦਿਆਂ ਮਖ਼ੌਲ ਨਾਲ ਕਹਿਣਾ, 'ਘਰ ਆਏ ਪ੍ਰਾਹੁਣੇ ਤੇ ਆਲੂ ਬਣਾਉਣੇ।' ਗਲੀ ਗਵਾਂਢ ਦੇ ਨਿਆਣੇ ਭੱਜੇ ਆਉਂਦੇ। ਉਨ੍ਹਾਂ ਦੁਆਲੇ 'ਕੱਠੇ ਹੋ ਕੇ ਰੌਲਾ ਪਾਉਂਦੇ ਤੇ ਲਾਡ ਲਡਾਉਂਦੇ। ਉਹ ਉਨ੍ਹਾਂ ਵਿਚ ਪੈਸੇ, ਫ਼ਲ ਤੇ ਮਠਿਆਈਆਂ ਵੰਡਦੇ। ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ।"

ਇਹ ਸੋਚ ਕੇ ਮੇਰੇ ਕਲੇਜੇ ਦਾ ਹੁਣ ਵੀ ਰੁੱਗ ਭਰਿਆ ਜਾਂਦਾ ਹੈ। ਸਾਨੂੰ ਤਾਂ ਕਿਸੇ ਨੇ ਵੀ ਇੰਦਾਂ ਲਾਡ ਨਾ ਲਡਾਏ। ਇਹ ਵੱਖਰੀ ਗੱਲ ਹੈ ਕਿ ਸਾਡੀ ਮਾਂ ਬਹੁਤ ਦੁਖੀ ਸੀ; ਇਸ ਦੇ ਬਾਵਜੂਦ ਉਹ ਤੰਗੀਆਂ ਤੁਰਸ਼ੀਆਂ ਝੱਲਦੀ ਸਾਡੀ ਹਰ ਲੋੜ ਪੂਰੀ ਕਰਨ ਦੀ ਕੋਸ਼ਿਸ਼ ਕਰਦੀ। ਚਾਚੀਆਂ-ਤਾਈਆਂ ਜੇ ਕਿਸੇ ਦਿਨ-ਦਿਹਾਰ, ਦੀਵਾਲੀ, ਵਿਸਾਖੀ 'ਤੇ ਘਰ ਵਿਚ ਲੱਡੂ ਮਠਿਆਈ ਆਦਿ ਬਣਾਉਂਦੀਆਂ ਤਾਂ ਮੇਰੀ ਮਾਂ ਬਰਾਬਰ ਦਾ ਹਿੱਸਾ ਪਾ ਕੇ ਸਾਡੇ ਲਈ ਵੀ ਮਠਿਆਈ ਬਣਵਾਉਂਦੀ ਤੇ ਕਹਿੰਦੀ ਕਿ ਮੇਰੇ ਬੱਚੇ ਤਰਸਣ ਨਾ, ਤੇ ਦੂਜਿਆਂ ਦੇ ਮੂੰਹ ਵੱਲ ਨਾ ਵੇਖਣ ਪਰ ਪਿਉ ਦਾ ਪਿਆਰ ਕੀ ਹੁੰਦਾ ਹੈ, ਇਹ ਸੁੱਖ ਸਾਨੂੰ ਸਾਰੀ ਉਮਰ ਨਸੀਬ ਨਾ ਹੋਇਆ। ਪਿਉ ਨਾ ਹੋਣ ਦਾ ਦੁੱਖ, ਪੀੜ ਤੇ ਵਿਗੋਚਾ ਕੀ ਹੁੰਦਾ ਹੈ, ਇਹ ਸਾਡੇ ਬਿਨਾਂ ਹੋਰ ਕੌਣ ਦੱਸ ਸਕਦਾ ਹੈ!

ਇਕ ਹਸਾਉਣੀ ਗੱਲ ਚੇਤੇ ਆ ਗਈ। ਇਕ ਵਾਰ ਸੰਧੂ ਸਾਹਿਬ ਸ਼ੁਗਲ-ਸ਼ੁਗਲ ਵਿਚ ਬੀਬੀ ਨੂੰ ਪੁੱਛਦੇ, "ਬੀਬੀ! ਤੂੰ ਏਨੀ ਸੋਹਣੀ ਸੈਂ; ਬੜਾ ਪਿਆਰ ਕਰਦੇ ਹੋਣੇ ਨੇ ਤੈਨੂੰ ਭਾਪਾ ਜੀ। ਤੂੰ ਕਿੰਨਾ ਕੁ ਪਿਆਰ ਕਰਦੀ ਸੈਂ ਉਨ੍ਹਾਂ ਨੂੰ?"

ਬੀਬੀ ਨਿਰਭਾਵ ਹੋ ਕੇ ਕਹਿੰਦੀ, "ਨਾ, ਮੋਇਆਂ ਨਾਲ ਕਾਹਦਾ ਪਿਆਰ ਕਰਨਾ ਹੋਇਆ!"

**ਇਸ ਦਾ ਪਿਛੋਕੜ ਚੇਤੇ ਆਉਂਦਾ ਹੈ:** ਸਾਡੀ ਵੱਡੀ ਮਾਸੀ ਬੀਬੀ ਦੀ ਮਾਨਸਿਕ ਹਾਲਤ ਵੱਲ ਵੇਖ ਕੇ ਕਿਸੇ ਸਿਆਣੇ ਕੋਲ ਲੈ ਕੇ ਗਈ। ਪਿਤਾ ਜੀ ਦੇ ਸੁਪਨੇ ਵਿਚ ਮਿਲਣ ਦੀ ਸਾਰੀ ਕਹਾਣੀ ਦੱਸ ਕੇ ਆਖਿਆ ਕਿ ਇਹਨੂੰ ਦਬਾਅ ਪੈ ਜਾਂਦਾ ਹੈ ਤੇ ਫਿਰ ਕਈ ਕਈ ਦਿਨ ਇਹ ਸਦਮੇ 'ਚੋਂ ਬਾਹਰ ਨਹੀਂ ਨਿਕਲਦੀ। ਸਿਆਣਾ ਸਾਡੇ ਪਿੰਡ ਦਾ ਜਵਾਈ ਸੀ ਤੇ ਸਾਡੇ ਟੱਬਰਾਂ ਦਾ ਜਾਣਕਾਰ ਸੀ। ਉਸ ਨੇ ਕਿਹਾ ਕਿ ਮੋਏ ਕਿਸੇ ਦੇ ਮਿੱਤ ਨਹੀਂ ਹੁੰਦੇ, ਉਨ੍ਹਾਂ ਨੂੰ ਯਾਦ ਨਹੀਂ ਕਰਨਾ ਚਾਹੀਦਾ। ਜਦੋਂ ਵੀ ਯਾਦ ਆਉਣ ਲੱਗਣ ਤਾਂ ਪਾਠ ਕਰਨਾ ਸ਼ੁਰੂ ਕਰ ਲਓ। ਰਾਤ ਨੂੰ ਵੀ ਸੌਣ ਤੋਂ ਪਹਿਲਾਂ ਪਾਠ ਕਰੋ। ਮਰਿਆਂ ਵੱਲ ਧਿਆਨ ਹੀ ਨਾ ਖੜੋ। ਇਸ ਦਾ ਕੁਝ ਚੰਗਾ ਅਸਰ ਹੋਇਆ। ਉਹ ਰੱਬ ਦੇ ਲੜ ਲੱਗ ਗਈ। ਦਿਨੇ ਰਾਤ ਪਾਠ ਕਰਨ ਲੱਗੀ। ਸਕਿਆਂ ਵਿਚੋਂ ਸਾਡੇ ਇਕ ਤਾਏ ਦੀ ਧੀ ਵੀ ਦੁਖੀ ਸੀ। ਉਹਦੇ ਪਤੀ ਨੇ ਵੀ ਦੂਜਾ ਵਿਆਹ ਕਰਵਾ ਲਿਆ ਸੀ, ਤੇ ਉਹ ਛੁੱਟੜ ਹੋ ਕੇ ਪੇਕੇ ਘਰ ਬੈਠੀ ਸੀ। ਉਹ ਵੀ ਰੱਬ ਦੀ ਭਗਤਣੀ ਸੀ। ਉਹਦਾ ਨਾਂ ਵੀ ਸਵਰਨੋ ਸੀ। ਦੋਵੇਂ 'ਕੱਠੀਆਂ ਹੋ ਕੇ ਉਚੀ-ਉਚੀ ਸ਼ਬਦ ਪੜ੍ਹਦੀਆਂ। ਆਪਣੇ ਦੁੱਖ ਦਾ ਨਿਕਾਸ ਕਰ ਕੇ ਮਨ ਨੂੰ ਹੌਲਾ ਕਰਦੀਆਂ। ਜਿਵੇਂ ਪਹਿਲਾਂ ਦੱਸਿਆ ਹੈ, ਸਾਡਾ ਵਿਹੜਾ ਸਾਂਝਾ ਸੀ। ਮੇਰੇ ਦਾਦੇ ਹੁਰੀਂ ਤਿੰਨ ਭਰਾ ਸਨ। ਮੇਰੇ ਦਾਦੇ ਦੇ ਦੋ ਪੁੱਤ ਸਨ। ਇਕ ਮੇਰਾ ਪਿਤਾ, ਇਕ ਸਾਡਾ ਤਾਇਆ। ਦੋਵੇਂ ਗੁਜ਼ਰ ਚੁੱਕੇ ਸਨ। ਦਾਦੇ ਦੇ ਦੂਜੇ ਭਰਾਵਾਂ ਦੇ ਪੁੱਤ ਤੇ ਅੱਗਿਉਂ ਉਨ੍ਹਾਂ ਦੇ ਪੁੱਤ। ਪੰਦਰਾਂ-ਵੀਹ ਟੱਬਰ ਬਣ ਜਾਂਦੇ ਸਨ। ਸਾਡੀ ਸੰਭਾਲ ਤੱਕ ਕਈ ਟੱਬਰ ਥਾਂ ਦੀ ਘਾਟ ਕਰ ਕੇ ਬਾਹਰਲੇ ਨਵੇਂ ਬਣਾਏ ਘਰਾਂ ਵਿਚ ਜਾ ਚੁੱਕੇ ਸਨ, ਪਰ ਅਜੇ ਵੀ ਤਿੰਨ ਮੰਜ਼ਿਲੇ ਪੁਰਾਣੇ ਮਹਿਲਾਂ ਦੀ ਵੱਡੀ ਇਮਾਰਤ ਵਿਚ ਸਾਡੇ ਸਮੇਤ ਚਾਰ ਕੁ ਟੱਬਰ ਵੱਸਦੇ ਸਨ। ਬੀਬੀ ਹੁਰੀਂ ਸ਼ਬਦ ਪੜ੍ਹਦੀਆਂ ਤਾਂ ਕਈ ਵਾਰ ਸਕਿਆਂ 'ਚੋਂ ਮੇਰੀਆਂ ਭਾਬੀਆਂ ਨੇ ਵੀ ਨਾਲ ਗਾਉਣ ਲੱਗ ਜਾਣਾ। ਮੈਨੂੰ ਸ਼ਬਦ ਗਾਉਣ ਦੀ ਧੁਨੀ ਵੀ ਰੋਣ ਵਾਂਗ ਲੱਗਦੀ। ਮੈਂ ਬੀਬੀ ਨਾਲ ਲੜਨਾ ਕਿ ਉਹ ਰੌਲਾ ਨਾ ਪਾਉਣ, ਸ਼ਬਦ ਗਾਉਣਾ ਬੰਦ ਕਰ ਦੇਣ। ਮੇਰੀ ਮੰਗ ਦੇ ਜਵਾਬ ਵਿਚ ਉਨ੍ਹਾਂ ਹੋਰ ਵੀ ਜ਼ੋਰ ਨਾਲ ਗਾਉਣ ਲੱਗ ਜਾਣਾ, "ਨਾਮ ਜਪਣ ਨਹੀਂ ਦਿੰਦੇ ਇਹ ਮਿੱਠੇ ਕੀੜੇ।"

ਰਾਤ ਨੂੰ ਉਹ ਸਾਨੂੰ ਪੈਂਤੀ-ਅੱਖਰੀ ਸੁਣਾਉਂਦੀ, ਤੇ ਇਸ ਵਿਚ ਦੱਸੀ ਸਿੱਖਿਆ ਨਾਲ ਜੁੜਨ ਲਈ ਕਹਿੰਦੀ,

ੳ- ਓਂਕਾਰ ਦਾ ਭਜਨ ਕਰੀਏ। ਕਾਮ ਤੇ ਕ੍ਰੋਧ ਦਿਲੋਂ ਚੁੱਕ ਧਰੀਏ।

ਅ- ਅਸਲ ਮੂਰਤੀ ਜੋ ਏਕ ਹੈ। ਏਕ ਅੱਖਰ ਜਾਣ ਲੈ ਉਹੋ ਅਨੇਕ ਹੈ।

ੲ- ਈਸ਼ਰ ਦਾ ਤੂੰ ਲੈ ਲੈ ਨਾਮ ਜੀ। ਛੱਡ ਦੇ ਘਰਾਂ ਦੇ ਤਮਾਮ ਕਾਮ ਜੀ।

ਸ- ਸਤਿ-ਬਚਨ ਗੁਰਾਂ ਦਾ ਸਤਿ ਕਹਿਣਾ ਜੀ। ਥਿਰ ਨਾ ਜਹਾਨ ਵਿਚ ਕਿਸੇ ਰਹਿਣਾ ਜੀ।


ਹ- ਹੰਕਾਰ ਵਾਲੀ ਗੱਲ ਵੱਢ ਦੇ। ਚੁਗਲੀ ਤੇ ਨਿੰਦਿਆ ਤਮਾਮ ਛੱਡ ਦੇ।

ਇੰਜ ਬੀਬੀ ਰੋਂਦੀ ਤਾਂ ਰਹੀ, ਪਰ ਹਾਰੀ ਨਹੀਂ। ਹਾਲਾਤ ਨਾਲ ਲੜਦੀ ਰਹੀ। ਪੈਨਸ਼ਨ ਤੇ ਜ਼ਮੀਨ ਦੀ ਕਮਾਈ ਨਾਲ ਧੀਆਂ ਪਾਲਦੀ ਰਹੀ। ਵੱਡੀ ਭੈਣ ਨੂੰ ਸਿਲਾਈ ਦਾ ਕੋਰਸ ਕਰਵਾਇਆ। ਉਸ ਤੋਂ ਛੋਟੀ ਨੂੰ ਵੀ ਪੜ੍ਹਨੇ ਪਾਇਆ। ਮੈਨੂੰ ਤੇ ਮੈਥੋਂ ਛੋਟੀ ਨੂੰ ਪੜ੍ਹਾ ਕੇ ਅਧਿਆਪਕਾ ਬਣਾਇਆ। ਮੇਰੇ ਪਿਤਾ ਦੇ ਚਾਚੇ ਦਾ ਇਕ ਪੁੱਤ, ਸਾਡਾ ਤਾਇਆ ਸੋਹਣ ਸਿੰਘ ਸਾਡੀ ਮਾਂ ਨੂੰ ਸਮਝਾਉਂਦਾ, "ਸਵਰਨ ਕੁਰੇ! ਕਿਉਂ ਔਖੀ ਹੋ ਕੇ ਇਨ੍ਹਾਂ ਕੁੜੀਆਂ ਨੂੰ ਪੜ੍ਹਾਉਨੀਂ ਏਂ। ਇਨ੍ਹਾਂ ਤਾਂ ਅਗਲੇ ਘਰ ਚਲੇ ਜਾਣਾ ਹੈ।" ਸਾਡੀ ਮਾਂ ਨੇ ਘੁੰਡ ਦੇ ਓਹਲੇ 'ਚੋਂ ਆਖਣਾ, "ਜੀ, ਮੈਂ ਤਾਂ ਔਖੀ ਹੋਈ ਆਂ। ਮੇਰੀਆਂ ਧੀਆਂ ਨਾ ਜ਼ਿੰਦਗੀ ਵਿਚ ਔਖੀਆਂ ਹੋਣ।"

ਪੈਨਸ਼ਨ ਤੋਂ ਇਲਾਵਾ ਸਾਡੀਆਂ ਫੀਸਾਂ, ਕਿਤਾਬਾਂ ਤੇ ਪੜ੍ਹਾਈ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਵਿਚ ਹੱਥ ਵਟਾਉਣ ਲਈ ਮੇਰੀ ਵੱਡੀ ਭੈਣ ਸਵਾਈ 'ਤੇ ਕੱਪੜੇ ਸਿਊਣ ਲੱਗੀ। ਮਾਂ ਨੇ ਉਹਨੂੰ ਸਿੰਗਰ ਸਿਲਾਈ ਮਸ਼ੀਨ ਲੈ ਦਿੱਤੀ। ਉਹ ਹਰ ਤਰ੍ਹਾਂ ਦੇ ਸੂਟ, ਫਰਾਕਾਂ, ਪੈਂਟਾਂ, ਸਿਊਂਦੀ ਤੇ ਕਢਾਈ ਵੀ ਆਪ ਕਰ ਲੈਂਦੀ। ਦੂਜੇ ਨੰਬਰ ਦੀ ਭੈਣ ਘਰ ਦੀ ਸਫ਼ਾਈ ਕਰ ਕੇ ਸਕੂਲ ਜਾਂਦੀ। ਮਾਂ ਰੋਟੀ ਟੁੱਕ ਕਰ ਕੇ ਚਰਖ਼ਾ ਕੱਤਣ ਬਹਿ ਜਾਂਦੀ। ਧੀਆਂ ਨਾਲ ਰਲ ਕੇ ਨਵਾਰ ਬੁਣਦੀ, ਦਰੀਆਂ ਬਣਾਉਂਦੀ ਤੇ ਧੀਆਂ ਦੇ ਦਾਜ ਲਈ ਸੰਦੂਕ ਵਿਚ ਸਾਂਭ ਲੈਂਦੀ। ਇੰਜ ਸਾਰੀ ਦਿਹਾੜੀ ਮਿਹਨਤ ਕਰ ਕੇ ਘਰ ਦਾ ਗੁਜ਼ਾਰਾ ਚੱਲਦਾ। ਅਸੀਂ ਦੋਵੇਂ ਛੋਟੀਆਂ ਹੋਣ ਕਰ ਕੇ ਸਿਰਫ਼ ਪੜ੍ਹਦੀਆਂ, ਘਰ ਦੇ ਕੰਮ ਵਿਚ ਅਜੇ ਹੱਥ ਵਟਾਉਣ ਜੋਗੀਆਂ ਨਹੀਂ ਸਾਂ।

ਲੋਕ ਮਾਂ ਦੀ ਹਿੰਮਤ ਦੀ ਦਾਦ ਦਿੰਦੇ। ਉਮਰ ਦੀ ਸਿਖ਼ਰ ਦੁਪਹਿਰੇ ਉਹ ਧੀਆਂ ਦੇ ਸਿਰ ਦੀ ਛਾਂ ਬਣੀ ਹੋਈ ਸੀ। ਮਾਂ ਵਿਹਾਰ ਦੀ ਬੜੀ ਸਾਫ਼ ਸੀ। ਮਹੀਨਾ ਭਰ ਦੁਕਾਨ ਤੋਂ ਸੌਦਾ ਲਿਆਉਣਾ ਤੇ ਪੈਨਸ਼ਨ ਮਿਲਦੇ ਹੀ ਸਿੱਧੀ ਦੁਕਾਨ 'ਤੇ ਜਾਂਦੀ, ਪਿਛਲੇ ਮਹੀਨੇ ਦਾ ਹਿਸਾਬ ਚੁਕਤਾ ਕਰ ਦਿੰਦੀ।

ਮਾਂ ਨੂੰ 'ਕੱਲੇ ਆਰਥਿਕ ਮੁਹਾਜ਼ 'ਤੇ ਹੀ ਲੜਾਈ ਨਹੀਂ ਸੀ ਲੜਨੀ ਪੈ ਰਹੀ, ਸਗੋਂ ਸਮਾਜਕ ਤੇ ਸਭਿਆਚਾਰਕ ਪੱਧਰ 'ਤੇ ਵੀ ਲੜਨਾ ਪਿਆ। ਉਹਦੀ ਅਜੇ ਭਰ ਜਵਾਨੀ ਦੀ ਉਮਰ ਸੀ, ਰੰਗ-ਰੂਪ ਵੀ ਸੋਹਣਾ। ਇਕੱਲੀ, ਬੇਸਹਾਰਾ ਤੇ ਸੋਹਣੀ ਔਰਤ ਨੂੰ ਇਸ ਸਮਾਜ ਵਿਚ ਜਿਉਣਾ ਕਿਹੜਾ ਸੌਖਾ ਹੈ। ਮਾਂ ਇਸ ਪੱਖੋਂ ਡਰਦੀ ਵੀ, ਤੇ ਚੌਕਸ ਵੀ ਰਹਿੰਦੀ ਸੀ ਕਿ ਉਹਦੇ 'ਤੇ ਕੋਈ ਊਜ ਲੱਗਣ ਦਾ ਕਿਸੇ ਸ਼ਰੀਕ ਨੂੰ ਮੌਕਾ ਨਾ ਮਿਲੇ। ਜਦੋਂ ਕਿਤੇ ਕੰਮ-ਕਾਰ ਲਈ ਘਰੋਂ ਬਾਹਰ ਜਾਣਾ ਹੁੰਦਾ ਤਾਂ ਉਹ ਆਪਣੇ ਭਰਾ, ਸਾਡੇ ਮਾਮੇ ਨੂੰ, ਜਿਹੜਾ ਉਦੋਂ ਸਾਡੀ ਵੱਡੀ ਮਾਸੀ ਦੇ ਘਰ ਰਹਿੰਦਾ ਸੀ, ਨਾਲ ਲੈ ਕੇ ਜਾਂਦੀ। ਜੇ ਕਦੀ ਉਹ ਵਿਹਲਾ ਨਾ ਹੁੰਦਾ ਤਾਂ ਸਾਡੇ ਰਾਜੇ ਦੇ ਬਾਰਾਂ-ਤੇਰਾਂ ਕੁ ਸਾਲ ਦੇ ਲੜਕੇ ਨੂੰ ਨਾਲ ਲੈ ਕੇ ਜਾਣਾ।



ਵਰਿਆਮ ਸਿੰਘ ਸੰਧੂ ਆਪਣੇ ਬੇਟੇ ਸੁਪਨ ਸੰਧੂ ਨਾਲ

ਸਿਆਣੇ ਕਹਿੰਦੇ ਨੇ ਕਿ ਰੰਡੀ ਤਾਂ ਰੰਡੇਪਾ ਕੱਟ ਲੈਂਦੀ ਹੈ ਪਰ ਮੁਸ਼ਟੰਡੇ ਨਹੀਂ ਕੱਟਣ ਦਿੰਦੇ। ਇਹੀ ਹਾਲ ਸਾਡੀ ਮਾਂ ਦਾ ਸੀ। ਜਿਹੜਾ ਉਠਦਾ, ਉਹੀ ਕਹਿੰਦਾ, ਏਨੀ ਛੋਟੀ ਉਮਰ ਤੇ ਏਨਾ ਹੁਸਨ! ਇਹ ਕਿੱਥੇ ਰੰਡੇਪਾ ਕੱਟਣ ਜੋਗੀ ਏ! ਇਹ ਗੱਲਾਂ ਮਾਂ ਦੇ ਦੁੱਖ ਵਿਚ ਹੋਰ ਵਾਧਾ ਕਰਦੀਆਂ। ਉਹਨੇ ਹੋਰ ਵੀ ਦ੍ਰਿੜ੍ਹ ਸੰਕਲਪ ਕਰ ਲਿਆ ਕਿ ਖ਼ਾਨਦਾਨ ਦੀ ਇੱਜ਼ਤ ਬਚਾਉਣੀ ਹੀ ਨਹੀਂ, ਸਗੋਂ ਬਣਾਉਣੀ ਵੀ ਹੈ।

ਸਾਡੇ ਆਪਣੇ ਸਕੇ ਤਾਏ ਦੇ ਪੁੱਤ ਤਾਂ ਫੌਜ ਵਿਚ ਨੌਕਰੀ ਕਰਦੇ ਸਨ ਪਰ ਜਦ ਵੀ ਛੁੱਟੀ ਆਉਂਦੇ, ਆਪਣੀ ਵਿਧਵਾ ਚਾਚੀ ਦਾ ਬਹੁਤ ਮਾਣ ਕਰਦੇ। ਉਨ੍ਹਾਂ ਦੀਆਂ ਘਰਵਾਲੀਆਂ, ਸਾਡੀਆਂ ਭਾਬੀਆਂ ਵੀ, ਬੀਬੀ ਨੂੰ ਸੱਸਾਂ ਵਾਂਗ ਆਦਰ ਦਿੰਦੀਆਂ। ਸਾਂਝੇ ਵਿਹੜੇ ਵਾਲੇ ਘਰ ਵਿਚ ਰਹਿਣ ਵਾਲੇ ਦੂਜੇ ਸਕਿਆਂ 'ਚੋਂ ਲੱਗਦੇ ਚਾਚੇ-ਤਾਏ ਤੇ ਉਨ੍ਹਾਂ ਦੇ ਲੜਕੇ ਵੀ ਸਾਡੀ ਮਾਂ ਤੇ ਸਾਡੀ ਇੱਜ਼ਤ ਨੂੰ ਆਪਣੇ ਘਰ ਦੀ ਇੱਜ਼ਤ ਸਮਝਦੇ ਸਨ। ਉਨ੍ਹਾਂ ਦਾ ਸਾਨੂੰ ਬੜਾ ਆਸਰਾ ਸੀ ਪਰ ਬਾਹਰਲੇ ਘਰਾਂ ਵਿਚ ਰਹਿੰਦਾ ਸਕਿਆਂ 'ਚੋਂ ਲੱਗਦਾ ਇਕ ਚਾਚਾ ਮਾਂ 'ਤੇ ਮੈਲੀ ਨਜ਼ਰ ਰੱਖਦਾ। ਉਂਜ ਚੱਲਦਾ-ਪੁਰਜਾ ਸੀ ਪਰ ਉਹਦੀ ਸੋਭਾ ਚੰਗੀ ਨਹੀਂ ਸੀ। ਮਾਂ ਨੂੰ ਨੇੜੇ ਕਰਨ ਦੇ ਯਤਨ ਕਰਦਾ ਰਹਿੰਦਾ ਪਰ ਉਹ ਹਮੇਸ਼ਾ ਉਸ ਤੋਂ ਦੂਰ ਰਹਿੰਦੀ। ਰਾਹ-ਖਹਿੜੇ ਮਿਲਦਾ ਤਾਂ ਬੁਲਾਉਣ ਦੀ ਕੋਸ਼ਿਸ਼ ਕਰਦਾ। ਉਹਨੇ ਬੀਬੀ ਨੂੰ ਨੇੜੇ ਕਰਨ ਦੇ ਕਈ ਕੁ-ਯਤਨ ਕੀਤੇ। ਇਕ ਵਾਰ ਹਮਦਰਦ ਬਣ ਕੇ ਘਰ ਵੀ ਆ ਗਿਆ। ਬੀਬਾ ਬਣ ਕੇ ਕਹਿੰਦਾ, "ਸਵਰਨ ਕੌਰੇ! ਕੱਲ੍ਹ ਮੰਨਣ ਪਿੰਡ ਵਿਚ ਤਸੀਲਦਾਰ ਨੇ ਆਉਣਾ। ਉਹ ਮੇਰੀ ਮੰਨਦੈ, ਮੇਰੇ ਨਾਲ ਚੱਲ। ਉਹਨੂੰ ਆਖ ਕੇ ਤੈਨੂੰ ਮਸ਼ੀਨ ਦਿਵਾ ਦਊਂ।"



*ਬੀਬੀ ਸਵਰਨ ਕੌਰ*

ਬੀਬੀ ਨੇ ਇਨਕਾਰ ਕਰ ਦਿੱਤਾ ਕਿ ਉਹਦੇ ਕੋਲ ਪਹਿਲਾਂ ਹੀ ਮਸ਼ੀਨ ਹੈਗੀ, ਉਹਨੂੰ ਲੋੜ ਨਹੀਂ ਪਰ ਉਹ ਵਾਰ-ਵਾਰ ਆਖੇ ਕਿ ਨਹੀਂ, ਮੁਫ਼ਤ ਮਸ਼ੀਨ ਮਿਲਦੀ ਹੈ, ਮੇਰੇ ਨਾਲ ਚੱਲ ਕੇ ਲੈ ਆ।

ਅਗਲੇ ਦਿਨ ਸਾਂਝੇ ਵਿਹੜੇ ਵਿਚ ਰਹਿੰਦੀ ਗਵਾਂਢਣ ਭਾਬੀ ਨੇ ਕਿਹਾ, "ਚਾਚੀ ਜੀ! ਤੁਸੀਂ ਉਹਨੂੰ ਨਾਂਹ ਕਰ ਕੇ ਬੜਾ ਚੰਗਾ ਕੀਤਾ, ਪਰ ਕੀ ਪਤਾ ਉਥੇ ਸੱਚੀਂ ਵਿਧਵਾਵਾਂ ਨੂੰ ਮਸ਼ੀਨਾਂ ਮਿਲਦੀਆਂ ਹੋਣ। ਤੁਸੀਂ ਆਪਣੇ ਜੈਲ ਨੂੰ ਨਾਲ ਲੈ ਜੋ, ਜੇ ਭਲਾ ਗੱਲ ਬਣ ਜੇ। ਜੇ ਉਹ ਕਲਮੂੰਹਾਂ ਗਿਆ ਵੀ ਹੋਇਆ ਤਾਂ ਜੈਲ ਦੇ ਹੁੰਦਿਆਂ ਤੁਹਾਨੂੰ ਕੀ ਆਖ ਲਊ।"

ਭਾਬੀ ਨੇ ਆਪਣਾ ਪੰਦਰਾਂ-ਸੋਲਾਂ ਸਾਲ ਦਾ ਦਿਓਰ ਬੀਬੀ ਨਾਲ ਤੋਰ ਦਿੱਤਾ। ਬੀਬੀ ਨੇ ਜਾ ਕੇ ਪਿੰਡ ਦੇ ਸਰਪੰਚ ਨੂੰ ਤਹਿਸੀਲਦਾਰ ਦੇ ਆਉਣ ਬਾਰੇ ਪੁੱਛਿਆ ਤਾਂ ਉਹ ਕਹਿੰਦਾ, 'ਇਥੇ ਤਾਂ ਕਿਸੇ ਤੜੇ-ਤਸੀਲਦਾਰ ਨੇ ਨਹੀਂ ਸੀ ਆਉਣਾ।'

ਬੀਬੀ ਨਾਲ ਕੁਝ ਕੁ ਸ਼ਰੀਕਾਂ ਵੱਲੋਂ ਕੀਤੀਆਂ ਜ਼ਿਆਦਤੀਆਂ ਦੀ ਸੂਚੀ ਬੜੀ ਲੰਮੀ ਹੈ। ਸਕਿਆਂ 'ਚੋਂ ਹੀ ਇਕ ਤਾਇਆ ਉਨ੍ਹੀਂ ਦਿਨੀਂ ਸਰਪੰਚ ਸੀ ਜਦੋਂ ਵੱਡੇ ਹੜ੍ਹ ਆਏ। ਸਰਕਾਰ ਨੇ ਫ਼ਸਲਾਂ ਮਾਰੀਆਂ ਜਾਣ ਦੇ ਮੁਆਵਜ਼ੇ ਵਜੋਂ ਕਣਕ ਵੰਡੀ। ਬੀਬੀ ਆਪਣੇ ਹਿੱਸੇ ਦੀ ਕਣਕ ਲੈਣ ਪਹੁੰਚੀ ਤਾਂ ਪਤਾ ਲੱਗਾ ਕਿ ਸਰਪੰਚ ਉਹਦੇ ਹਿੱਸੇ ਦੀ ਕਣਕ ਵੀ ਚੁਕਾ ਕੇ ਲੈ ਗਿਆ ਸੀ। ਸਾਰੇ ਪਿੰਡ ਨੂੰ ਇਸ ਦਾ ਪਤਾ ਸੀ। ਲੋਕ ਫਿਟਕਾਰਾਂ ਪਾਉਣ ਕਿ ਮਹਿੱਟਰਾਂ ਦੀ ਕਣਕ ਲੈ ਗਿਆ, ਕਿੰਨਾ ਮਾਂਵਾਂ ਕੀਤਾ ਸੂ। ਦਿਲਚਸਪ ਗੱਲ ਇਹ ਕਿ ਸਾਡਾ ਉਹ ਤਾਇਆ ਪਿੰਡ ਦਾ ਮੁਖੀ ਸਰਪੰਚ ਹੋਣ ਦੇ ਨਾਲ-ਨਾਲ ਇਲਾਕੇ ਦੇ ਮੰਨੇ ਪ੍ਰਮੰਨੇ ਕਮਿਊਨਿਸਟ ਕਾਰਕੁਨਾਂ ਵਿਚ ਵੀ ਗਿਣਿਆਂ ਜਾਂਦਾ ਸੀ।

ਇਨ੍ਹਾਂ ਹਾਲਾਤ ਵਿਚ ਬੀਬੀ ਨੇ ਚਹੁੰ ਧੀਆਂ ਪਾਲੀਆਂ। ਉਨ੍ਹਾਂ ਲਈ ਚੰਗੇ ਵਰ-ਘਰ ਵੀ ਲੱਭੇ। ਥੋੜ੍ਹਾ-ਥੋੜ੍ਹਾ ਜੋੜ ਕੇ ਤਲਾਅ ਭਰ ਲੈਣ ਦੀ ਜੁਗਤ ਨਾਲ ਉਹ ਧੀਆਂ ਦੇ ਦਾਜ ਦੀਆਂ ਚੀਜ਼ਾਂ ਬਣਾਉਂਦੀ, ਖ਼ਰੀਦਦੀ ਤੇ ਜੋੜਦੀ ਰਹੀ ਸੀ। ਜਿੰਨਾ ਦਾਜ ਸਾਡੇ ਸ਼ਰੀਕੇ ਦੀਆਂ ਦੂਜੀਆਂ ਧੀਆਂ-ਭੈਣਾਂ ਦੇ ਵਿਆਹ 'ਤੇ ਦਿੱਤਾ ਜਾਂਦਾ ਸੀ, ਬੀਬੀ ਨੇ ਉਨ੍ਹਾਂ ਤੋਂ ਰੱਤੀ-ਮਾਸਾ ਵੱਧ ਹੀ ਦਿੱਤਾ ਹੋਊ। ਧੀਆਂ ਦੇ ਵਿਆਹੇ ਜਾਣ ਪਿੱਛੋਂ ਮੈਂ ਤੇ ਸੰਧੂ ਸਾਹਿਬ ਬੀਬੀ ਨੂੰ ਮਨਾ ਕੇ ਆਪਣੇ ਕੋਲ ਲੈ ਆਏ। ਅਸੀਂ ਸੋਚਿਆ, ਬੀਬੀ ਨੇ ਦੁੱਖ ਦੇ ਬੜੇ ਦਿਨ ਵੇਖ ਲਏ ਨੇ, ਹੁਣ ਅਸੀਂ ਉਹਦੇ ਦੁੱਖ ਧੋਣੇ ਹਨ। ਇਸ ਵਿਚ ਸਭ ਤੋਂ ਵੱਡੀ ਤਾਕਤ ਬਣਿਆਂ ਸਾਡੇ ਪੁੱਤਰ ਸੁਪਨ ਦਾ ਜਨਮ ਲੈਣਾ। ਬੀਬੀ ਨੂੰ ਲੱਗਾ ਜਿਵੇਂ ਵਰ੍ਹਿਆਂ ਬਾਅਦ ਉਹਦਾ ਗਵਾਚਾ ਭਗਵੰਤ ਉਹਨੂੰ ਮਿਲ ਗਿਆ ਹੋਵੇ। ਇਹ ਉਹ ਦਿਨ ਸਨ ਜਦੋਂ ਬੀਬੀ ਦਾ ਸਦੀਵੀ ਰੋਣਾ ਬੰਦ ਹੋ ਗਿਆ। ਉਹ ਸਾਡੇ ਬੱਚਿਆਂ ਨੂੰ ਸਾਂਭਦੀ, ਪਾਲਦੀ। ਖ਼ੁਸ਼ੀਆਂ ਉਹਦੇ ਮਨ ਦੇ ਵਿਹੜੇ ਵਿਚ ਪਰਤ ਆਈਆਂ ਸਨ। ਮੇਰੇ ਧੀਆਂ ਪੁੱਤ ਆਪਣੀ ਨਾਨੀ ਨੂੰ ਲਾਡ ਲਡਾਉਂਦੇ। ਨਾਨੀ ਉਨ੍ਹਾਂ 'ਤੇ ਵਿਛ-ਵਿਛ ਜਾਂਦੀ।

ਕਦੀ-ਕਦੀ ਲੱਗਦਾ ਬੀਬੀ ਰੱਬੀ ਰੂਹ ਸੀ। ਕਿਸੇ ਨਾਲ ਤੇਰ-ਮੇਰ ਨਹੀਂ। ਘਰ ਆਏ ਸਾਰੇ ਪ੍ਰਾਹੁਣੇ ਉਹਦੇ ਲਈ ਆਦਰ ਦਾ ਥਾਂ ਹੁੰਦੇ। ਸਾਡੇ ਪਿੰਡ ਰਹਿੰਦਿਆਂ ਇਕ ਵਾਰ ਖੇਤਾਂ ਵਿਚ ਰਹਿੰਦੇ, ਮੇਰੇ ਦਿਓਰ ਸੁਰਿੰਦਰ ਨੂੰ ਬੁਖ਼ਾਰ ਹੋ ਗਿਆ। ਸਾਡੇ ਘਰ ਦੇ ਗਵਾਂਢ ਡਾਕਟਰ ਲਾਲ ਦੀ ਦੁਕਾਨ ਤੋਂ ਦਵਾਈ ਲੈਣ ਆਇਆ ਤਾਂ ਵਾਪਸ ਜਾਣ ਦੀ ਹਿੰਮਤ ਨਾ ਰਹੀ। ਘਰ ਆ ਗਿਆ। ਅਸੀਂ ਦੋਵੇਂ ਜੀਅ ਸਕੂਲ ਗਏ ਹੋਏ ਸੀ। ਬੀਬੀ ਨੇ ਉਹਦੀ ਹਾਲਤ ਵੇਖੀ ਤਾਂ ਸੇਵਾ ਵਿਚ ਜੁੱਟ ਗਈ। ਪਾਣੀ ਦੀਆਂ ਪੱਟੀਆਂ ਭਿਉਂ-ਭਿਉਂ ਕੇ ਕਈ ਘੰਟੇ ਉਹਦੇ ਮੱਥੇ, ਲੱਤਾਂ-ਬਾਹਾਂ 'ਤੇ ਫੇਰਦੀ ਰਹੀ। ਨਾਲ-ਨਾਲ ਵਾਹਿਗੁਰੂ ਦਾ ਜਾਪ। ਜਿਵੇਂ ਉਹਦਾ ਆਪਣਾ ਪੁੱਤ ਬਿਮਾਰ ਹੋ ਗਿਆ ਹੋਵੇ। ਬੁਖ਼ਾਰ ਵਿਗੜ ਗਿਆ, ਤੇ ਸੁਰਿੰਦਰ ਲਗਭਗ ਦਸ ਦਿਨ ਘਰੇ ਰਿਹਾ। ਅਸੀਂ ਤਾਂ ਡਿਊਟੀ 'ਤੇ ਚਲੇ ਜਾਂਦੇ, ਬੀਬੀ ਨਾਲੇ ਤਾਂ ਖੇਤਾਂ ਵਿਚੋਂ ਸੁਰਿੰਦਰ ਦੀ ਸੁਰਤ ਲਈ ਆਉਣ ਵਾਲਿਆਂ ਦੀ ਜਲ-ਪਾਣੀ ਨਾਲ ਸੇਵਾ ਕਰਦੀ, ਨਾਲੇ ਸੁਰਿੰਦਰ ਨੂੰ ਸਾਂਭਦੀ। ਸੁਰਿੰਦਰ ਸਦਾ ਆਖਦਾ, "ਇਹ ਮਾਸੀ ਹੀ ਸੀ ਜੀਹਨੇ ਸੇਵਾ ਕਰ ਕੇ ਮੈਨੂੰ ਬਚਾ ਲਿਆ ਸੀ।"

ਇਕ ਵਾਰ ਸੰਧੂ ਸਾਹਿਬ ਦੀ ਮਾਤਾ, ਸਾਡੀ ਬੀਜੀ ਵੀ ਬੜੀ ਬਿਮਾਰ ਹੋ ਗਈ। ਉਹ ਮਹੀਨਾ ਭਰ ਬਿਮਾਰ ਰਹੀ। ਬੀਬੀ ਨੇ ਉਹਨੂੰ ਵੀ ਸੁਰਿੰਦਰ ਵਾਂਗ ਹੀ ਸਾਂਭਿਆ। ਇਥੋਂ ਤੱਕ ਕਿ ਜਦੋਂ ਮੈਂ ਸਕੂਲ ਗਈ ਹੁੰਦੀ ਤਾਂ ਮਗਰੋਂ ਉਹਦੀ ਛਾਤੀ ਵਿਚੋਂ ਨਿਕਲਦੀ ਬਲਗਮ ਵੀ ਆਪ ਸਾਫ਼ ਕਰਦੀ। ਬੀਜੀ ਬੀਬੀ ਦਾ ਬੜਾ ਆਦਰ-ਮਾਣ ਕਰਦੀ, ਤੇ ਦੋਵਾਂ ਦਾ ਇਕ-ਦੂਜੀ ਨੂੰ "ਭੈਣ ਜੀ ਭੈਣ ਜੀ" ਕਹਿੰਦਿਆਂ ਮੂੰਹ ਸੁੱਕਦਾ।

ਬੀਬੀ ਤਾਂ ਹਰ ਇਕ ਦੇ ਦੁੱਖ-ਸੁੱਖ ਵਿਚ ਭਾਈਵਾਲ ਹੁੰਦੀ। ਕਿਸੇ ਦੇ ਘਰ ਮਰਗ ਹੁੰਦੀ ਤਾਂ ਭਿੱਜ-ਭਿੱਜ ਜਾਂਦੀ। ਘਰ ਆ ਕੇ ਵੀ ਰੋਂਦੀ ਰਹਿੰਦੀ। ਕਿਸੇ ਘਰ ਖ਼ੁਸ਼ੀ ਹੋਣੀ ਤਾਂ ਵਧਾਈ ਦੇਣ ਭੱਜੀ ਜਾਣਾ ਤੇ ਘਰ ਆ ਕੇ ਵੀ ਉਨ੍ਹਾਂ ਦੀ ਖ਼ੁਸ਼ੀ ਦੀਆਂ ਗੱਲਾਂ ਕਰਦਿਆਂ ਖੀਵੀ ਹੋਈ ਜਾਣਾ। ਹੋਰ ਤੇ ਹੋਰ, ਕਿਸੇ ਦਾ ਘਰਵਾਲਾ ਫੌਜ ਵਿਚੋਂ ਛੁੱਟੀ ਆਉਂਦਾ, ਤਾਂ ਬੀਬੀ ਨੇ ਫੌਜਣ ਭਰਜਾਈ ਨੂੰ ਵਧਾਈ ਦੇਣ ਤੁਰ ਜਾਣਾ। ਬੀਬੀ ਲਈ ਪਤੀ ਦੇ ਛੁੱਟੀ ਆਉਣ ਦਾ ਕਿੰਨਾ ਵੱਡਾ ਮੁੱਲ ਹੋਵੇਗਾ, ਇਸ ਬਾਰੇ ਗੱਲ ਚੇਤੇ ਆ ਗਈ। ਇਕ ਵਾਰ ਸੁਪਨ ਬੀਬੀ ਨੂੰ ਲਾਡ ਲਡਾਉਂਦਿਆਂ ਕਹਿੰਦਾ, "ਬੀਬੀ! ਕੋਈ ਗੌਣ ਸੁਣਾ।"

ਬੀਬੀ ਗਾਉਣ ਲੱਗੀ,
ਤੇਰਾ ਕੁੜਤਾ ਤਾਂ ਫੁੱਟੀਆਂ-ਫੁੱਟੀਆਂ ਵੇ

*(ਬਾਕੀ ਅਗਲੇ ਸਫੇ 'ਤੇ)*

ਕਹਾਣੀ

# ਡਾਕ-ਪੱਥਰ

***ਕਹਾਣੀਕਾਰ ਪ੍ਰੀਤਮ ਸਿੰਘ ਪੰਛੀ ਦੀ ਕਹਾਣੀ 'ਡਾਕ-ਪੱਥਰ' ਦਿਨ ਭਰ ਦੇ ਛੋਟੇ ਜਿਹੇ ਸਫਰ ਦੀ ਕਥਾ ਹੈ ਪਰ ਇਹ ਜ਼ਿੰਦਗੀ ਦਾ ਸੱਚ ਬੜੇ ਧੜੱਲੇ ਨਾਲ ਬਿਆਨ ਕਰਦੀ ਹੈ। ਕਹਾਣੀ ਦੇ ਦੋਵੇਂ ਹੀ ਪਾਤਰ, ਮੁੱਖ ਪਾਤਰ ਹਨ ਅਤੇ ਸਫਰ ਦੌਰਾਨ ਦੁੱਖ-ਦਰਦ ਫਰੋਲਦੇ ਜਾਂਦੇ ਹਨ। ਇਨ੍ਹਾਂ ਗੱਲਾਂ-ਬਾਤਾਂ ਵਿਚੋਂ ਜਿਹੜਾ ਬਿਰਤਾਂਤ ਉਭਰਦਾ ਹੈ, ਉਹ ਅਣਖੀ ਜਿਉੜਿਆਂ ਨਾਲ ਜੁੜਿਆ ਹੋਇਆ ਹੈ। ਇਸੇ ਅਣਖ ਨਾਲ ਗੜੁੱਚ ਇਸ ਕਹਾਣੀ ਦਾ ਇਕ ਪਾਤਰ ਲਗਾਤਾਰ ਸਫਰ 'ਤੇ ਪਿਆ ਹੋਇਆ ਹੈ। ਉਸ ਵੱਲੋਂ ਗਾਇਆ ਗੀਤ ਇਸ ਸਫਰ ਦੀ ਨਿਰੰਤਰਤਾ ਦੀ ਕਨਸੋਅ ਦਿੰਦਾ ਜਾਪਦਾ ਹੈ। ਇਹ ਔਖਾ ਸਫਰ ਅਮੁੱਕ ਹੈ। -ਸੰਪਾਦਕ***

**ਪ੍ਰੀਤਮ ਸਿੰਘ ਪੰਛੀ**

ਉਹ ਮੈਨੂੰ ਚਾਣਚੱਕ ਚਕਰੌਤਾ ਰੋਡ 'ਤੇ ਮਿਲ ਗਿਆ ਸੀ। ਸੜਕ ਦੇ ਦੋਨੋਂ ਬੰਨੀਂ ਚੀਲ੍ਹ ਤੇ ਸਫੈਦੇ ਦੇ ਦਿਓ-ਕੱਦ ਰੁੱਖਾਂ ਦੀਆਂ ਲੰਮੀਆਂ ਪਾਲਾਂ ਖੜ੍ਹੀਆਂ ਸਨ। ਦੂਰ ਤਕ ਨਿਵਾਣਾਂ ਹੀ ਨਿਵਾਣਾਂ ਸਨ। ਉਚਾਣਾਂ ਤੋਂ ਨਿਵਾਣਾਂ ਵੱਲ ਲਹਿੰਦੀ ਤੇ ਕਈ ਵਲ ਖਾਂਦੀ ਤਾਰਕੋਲ ਦੀ ਸੜਕ ਤੰਦੂਰ ਵਾਂਗ ਤਪ ਰਹੀ ਸੀ ਪਰ ਕਦੇ-ਕਦੇ ਜਦੋਂ ਹਵਾ ਦਾ ਕੋਈ ਬੁੱਲਾ ਰੁਮਕਦਾ ਤਾਂ ਬੁਝੇ ਜੀਅ ਵਿਚ ਜਿੰਦ ਪੈ ਜਾਂਦੀ। ਹਾੜ੍ਹ ਦਾ ਮਹੀਨਾ ਲੱਗ ਚੁੱਕਾ ਸੀ। ਅਸੀਂ ਦੋਵੇਂ ਰੁੱਖਾਂ ਦੀ ਛਾਂ ਦਾ ਉਹਲਾ ਲੈਂਦੇ ਚੁੱਪ-ਚੁਪੀਤੇ ਸੜਕ ਦੇ ਆਰ-ਪਾਰ ਤੁਰੇ ਜਾ ਰਹੇ ਸਾਂ।

ਜਦੋਂ ਕਦੇ ਅਸੀਂ ਅਛੋਪਲੇ ਹੀ ਇਕ-ਦੂਜੇ ਵੱਲ ਤਕਦੇ ਤਾਂ ਸਾਡੇ ਵਿਚਲੀ ਸੜਕ ਦੀ ਵਿੱਥ ਸੌੜੀ ਹੁੰਦੀ ਜਾਪਦੀ ਤੇ ਸਾਡੀਆਂ ਅੱਖਾਂ ਵਿਚ ਇਕ-ਦੂਜੇ ਨੂੰ ਬੁਲਾਉਣ ਦੀ ਆਪ ਮੁਹਾਰੀ ਜਿਹੀ ਉਮੰਗ ਲਿਸ਼ਕ ਉਠਦੀ।

ਮਾਤਾ ਦੇ ਨਿੰਮ੍ਹੇ-ਨਿੰਮ੍ਹੇ ਦਾਗਾਂ ਨਾਲ ਭਰਿਆ ਉਹਦਾ ਖੁਰਦਰਾ ਜਿਹਾ ਮੂੰਹ ਇੰਨਾ ਲਿੱਸਾ ਸੀ ਕਿ ਗੱਲ੍ਹਾਂ ਦੀਆਂ ਹੱਡੀਆਂ ਇਕ-ਇਕ ਕਰ ਕੇ ਉਭਰ ਆਈਆਂ ਸਨ ਤੇ ਅੱਖਾਂ ਅੰਦਰ ਨੂੰ ਧਸ ਗਈਆਂ ਸਨ। ਉਹਦੇ ਪੈਰ ਨੰਗੇ ਸਨ ਤੇ ਉਨ੍ਹਾਂ 'ਤੇ ਮੈਲ ਦੀ ਮੋਟੀ ਤਹਿ ਜੰਮ ਗਈ ਸੀ। ਨਿੱਕ-ਸੁੱਕ ਦੀ ਛੋਟੀ ਜਿਹੀ ਗੰਢੜੀ ਉਹਨੇ ਪਿੱਠ ਪਿਛੇ ਮਾਰੀ ਹੋਈ ਸੀ।

ਅੱਗੇ ਸੜਕ ਦਾ ਮੋੜ ਸੀ। ਉਹ ਮੋੜ ਤੋਂ ਸੜਕ ਟੱਪ ਕੇ ਮੇਰੇ ਬਰਾਬਰ ਆ ਗਿਆ। ਲੋਹੜੇ ਦੀ ਤਪਸ਼ ਨਾਲ ਡੌਰ-ਭੌਰ ਹੋਏ ਅਸੀਂ ਉਤਾਵਲੇਪਣ ਨਾਲ ਕਿੰਨਾ ਚਿਰ ਇਕ-ਦੂਜੇ ਵੱਲ ਤੱਕਦੇ ਰਹੇ, ਫਿਰ ਅਚਨਚੇਤ ਜਿਵੇਂ ਉਹਨੂੰ ਕੋਈ ਖਿਆਲ ਸੁੱਝ ਪਿਆ ਹੋਵੇ। ਉਹਨੇ ਮੈਨੂੰ ਪੁੱਛਿਆ, "ਕਿਥੇ ਜਾ ਰਿਹਾ ਏਂ ਮਿੱਤਰਾ?"

ਮੈਂ ਉਹਨੂੰ ਦੱਸਿਆ, "ਮੈਂ ਕੰਮ ਦੀ ਭਾਲ ਵਿਚ ਡਾਕ-ਪੱਥਰ ਜਾ ਰਿਹਾ ਹਾਂ। ਸੁਣਿਐ, ਉਥੇ ਮਜ਼ੂਰਾਂ ਦੀ ਭਰਤੀ ਖੁੱਲ੍ਹੀ ਹੋਈ ਹੈ, ਪਰ ਮੈਂ ਇਨ੍ਹਾਂ ਰਾਹਾਂ ਤੋਂ ਅਸਲੋਂ ਅਨਜਾਣ ਹਾਂ।"

ਉਹਦੀਆਂ ਅੱਖਾਂ ਫੈਲ ਕੇ ਡਰਾਉਣੀਆਂ ਜਿਹੀਆਂ ਹੋ ਗਈਆਂ ਤੇ ਉਹ ਬੁੱਤ ਬਣਿਆ ਅੰਦਰੇ-ਅੰਦਰ ਕੁਝ ਗਿਣਤੀਆਂ-ਮਿਣਤੀਆਂ ਕਰਦਾ ਰਿਹਾ। ਫਿਰ ਉਹਨੇ ਮੇਰੇ ਮੋਢਿਆਂ 'ਤੇ ਪੋਲਾ ਜਿਹਾ ਹੱਥ ਰੱਖਦਿਆਂ ਕਿਹਾ, "ਆ ਜ਼ਰਾ ਆਰਾਮ ਕਰ ਲਈਏ, ਫਿਰ ਅੱਗੇ ਤੁਰਾਂਗੇ। ਮੈਂ ਵੀ ਡਾਕ-ਪੱਥਰ ਜਾ ਰਿਹਾ ਹਾਂ। ਖੂਬ ਸਾਥ ਹੋਇਆ।"

ਇਹ ਕਹਿ ਕੇ ਉਹ ਰੁੱਖਾ ਜਿਹਾ ਹਾਸਾ ਹੱਸਿਆ। ਮੈਨੂੰ ਉਹਦੇ ਇਸ ਹਾਸੇ ਪਿੱਛੇ ਕਿਸੇ ਗੁੱਝੀ ਪੀੜ ਦਾ ਅਹਿਸਾਸ ਛੁਪਿਆ ਜਾਪਿਆ। ਅਸੀਂ ਸੜਕ ਤੋਂ ਲਾਂਭੇ ਹੋ ਕੇ ਸੰਘਣੇ ਜਿਹੇ ਰੁੱਖ ਹੇਠਾਂ ਸੁਸਤਾਣ ਲਈ ਬੈਠ ਗਏ।

ਵਲ-ਵਿੰਗ ਖਾਂਦੀ ਤਾਰਕੋਲ ਦੀ ਸੜਕ 'ਤੇ ਕਦੇ-ਕਦੇ ਕੋਈ ਟਾਵੀਂ-ਟਾਵੀਂ ਮੋਟਰ ਲੰਘ ਜਾਂਦੀ ਸੀ, ਜਾਂ ਇੱਕੜ-ਦੁੱਕੜ ਪਹਾੜੀਏ ਪਿੱਠਾਂ ਪਿਛੇ ਲੱਕੜਾਂ ਦਾ ਭਾਰ ਲੱਦੀ ਸ਼ਹਿਰ ਜਾਂਦੇ ਨਜ਼ਰੀਂ ਪੈ ਜਾਂਦੇ ਸਨ। ਰੁੱਖਾਂ 'ਤੇ ਜਨੌਰਾਂ ਦਾ ਸ਼ੋਰ ਉਕਾ ਸੁਣਾਈ ਨਹੀਂ ਸੀ ਦਿੰਦਾ। ਤਿੱਖੀ ਧੁੱਪ ਹੋਣ ਕਰ ਕੇ ਸ਼ਾਇਦ ਉਹ ਖੋਹਾਂ ਵਿਚ ਵੜੇ ਪਰਛਾਵਿਆਂ ਦੇ ਢਲ ਜਾਣ ਦੀ ਉਡੀਕ ਕਰ ਰਹੇ ਸਨ।

ਉਹਨੇ ਬਹਿੰਦਿਆਂ ਹੀ ਮੈਨੂੰ ਕਿਹਾ, "ਇਧਰ ਦੇ ਪਹਾੜੀ ਲੋਕ ਗਰੀਬ ਹੁੰਦੇ ਹਨ। ਮੈਂ ਵੀ ਗੜ੍ਹਵਾਲ ਦਾ ਪਹਾੜੀ ਹਾਂ, ਪਰ ਇਨ੍ਹਾਂ ਦਾ ਦਿਲ ਦਲੇਰ ਹੁੰਦਾ ਹੈ।" ਉਹਦੇ ਕਹਿਣ ਦਾ ਢੰਗ ਮਿੱਤਰਾਂ ਵਾਲਾ ਸੀ।

ਮੈਂ ਉਹਨੂੰ ਪੁੱਛਿਆ, "ਤੇਰਾ ਨਾਂ ਕੀ ਏ?"

ਉਹਨੇ ਬੜੇ ਮਾਣ ਭਰੇ ਲਹਿਜ਼ੇ ਵਿਚ ਕਿਹਾ, "ਮੇਰਾ ਨਾਂ ਧਰਮ ਸਿੰਘ ਗੜ੍ਹਵਾਲੀ ਹੈ। ਮੇਰਾ ਬਾਪੂ ਫੌਜੀ ਸੀ। ਸੰਨ '30 ਵਿਚ ਪਿਸ਼ੌਰ ਵਿਚ ਸਤਿਆਗ੍ਰਿਹੀ ਪਠਾਣਾਂ 'ਤੇ ਗੋਲੀ ਨਾ ਚਲਾਉਣ ਦੇ ਜੁਰਮ ਵਿਚ ਉਹਨੂੰ ਗੋਰਿਆਂ ਨੇ ਉਮਰ ਕੈਦ ਕਰ ਦਿੱਤਾ ਸੀ। ਲੰਮੀ ਕੈਦ ਨੇ ਉਹਨੂੰ ਬੁੱਢਾ ਕਰ ਦਿੱਤਾ ਹੈ, ਪਰ ਅੱਜ ਬੁੱਢੀ ਉਮਰੇ ਵੀ ਉਹਨੂੰ ਡਾਕ-ਪੱਥਰ ਕਾਲੋਨੀ ਵਿਚ ਲੁਹਾਰ ਦੀ ਭੱਠੀ 'ਤੇ ਲੋਹਾ ਢਾਲਣ ਦਾ ਕੰਮ ਕਰਨਾ ਪੈ ਰਿਹਾ ਹੈ। ਮੈਂ ਉਹਦੇ ਕੋਲ ਹੀ ਜਾ ਰਿਹਾ ਹਾਂ। ਤੈਨੂੰ ਮੈਂ ਡਾਕ-ਪੱਥਰ ਲੈ ਜਾਵਾਂਗਾ। ਉਥੇ ਪਹਾੜ ਤੇ ਦਰਿਆ ਹਨ, ਮੇਰੇ ਸਾਥੀ ਹਨ।"

ਫਿਰ ਉਹਨੇ ਰੁਕ ਕੇ ਮੇਰੇ ਵੱਲ ਖਾਸ ਅਦਾ ਵਿਚ ਤੱਕਿਆ ਤੇ ਮੇਰੇ ਸੂਹਲ ਸਰੀਰ ਨੂੰ ਟੋਹ ਕੇ ਕਹਿਣ ਲੱਗਾ, "ਮਜ਼ੂਰੀ ਕਰੇਂਗਾ ਨਾ? ਡਾਕ-ਪੱਥਰ ਵਿਚ ਸਰਕਾਰ ਡੈਮ ਬਣਾ ਰਹੀ ਹੈ। ਅਜੇ ਕੁਝ ਦਿਨ ਪਹਿਲਾਂ ਡਾਕ-ਪੱਥਰ ਸਕੀਮ ਦੀ ਨੀਂਹ ਰੱਖਣ ਲਈ ਦਿੱਲੀ ਤੋਂ ਵੱਡਾ ਵਜ਼ੀਰ ਆਇਆ ਸੀ।"

ਮੈਂ ਉਹਨੂੰ ਵਿਚਾਲਿਓਂ ਟੋਕ ਦਿੱਤਾ, "ਤਾਂ ਕੀ ਉਥੇ ਪਹਾੜ ਵੀ ਹਨ ਤੇ ਦਰਿਆ ਵੀ?"

"ਹਾਂ ਹਾਂ, ਪਹਾੜ ਵੀ ਤੇ ਦਰਿਆ ਵੀ। ਮੈਂ ਪਹਿਲੋਂ ਡਾਕ-ਪੱਥਰ ਵਿਚ ਹੀ ਕੰਮ ਕਰਦਾ ਸਾਂ। ਉਥੇ ਕੁਲੀਆਂ ਵਿਚ ਭਰਤੀ ਹੋਇਆ ਸਾਂ, ਪਰ ਵੱਡੇ ਸਾਬ੍ਹ ਨਾਲ ਲੜ ਪੈਣ 'ਤੇ ਮੈਨੂੰ ਉਥੋਂ ਕੱਢ ਦਿੱਤਾ ਗਿਆ ਸੀ। ਸੁਣਿਐ, ਉਹ ਸਾਬ੍ਹ ਬਦਲ ਕੇ ਭਾਖੜੇ ਚਲਾ ਗਿਆ ਏ। ਉਥੇ ਮੇਰੇ ਕਈ ਮਿੱਤਰ ਸਨ। ਉਨ੍ਹਾਂ ਵਿਚ ਮਾਸਟਰ ਭਟਨਾਗਰ ਸੀ ਜਿਹੜਾ ਪਹਿਲਾਂ ਮੁਰਾਦਾਬਾਦ ਦੇ ਕਿਸੇ ਸਕੂਲ ਵਿਚ ਮਾਸਟਰ ਹੁੰਦਾ ਸੀ, ਪਰ ਛਾਂਟੀ ਵਿਚ ਆ ਗਿਆ ਸੀ, ਤੇ ਡਾਕ-ਪੱਥਰ ਆ ਕੇ ਕੁਲੀ ਭਰਤੀ ਹੋ ਗਿਆ ਸੀ। ਉਨ੍ਹਾਂ ਵਿਚ ਬੰਗਾਲੀ ਬਾਬੂ ਸੀ ਜਿਹੜਾ ਹਰ ਸੁਆਲ 'ਤੇ ਮਜ਼ੂਰਾਂ ਦਾ ਪੱਖ ਪੂਰਦਾ ਸੀ, ਜੀਹਦਾ ਪਿਉ ਕਲਕੱਤੇ ਦੇ ਮਜ਼ੂਰਾਂ ਦੀ ਹੜਤਾਲ ਵਿਚ ਪੁਲਿਸ ਦੀ ਗੋਲੀ ਨਾਲ ਮਾਰਿਆ ਗਿਆ ਸੀ। ਉਨ੍ਹਾਂ ਵਿਚ ਗੋਰਖੇ ਸਨ, ਗੜ੍ਹਵਾਲੀ ਸਨ ਅਤੇ ਪੰਜਾਬੀ ਸ਼ਰਨਾਰਥੀ ਸਨ।"



ਕੁਝ ਚਿਰ ਰੁਕ ਕੇ ਉਹਨੇ ਕਿਹਾ, "ਤੂੰ ਸ਼ਹਿਰ ਕੀ ਕੰਮ ਕਰਦਾ ਸੈਂ?"

"ਮੈਂ ਸ਼ਹਿਰ ਦੀ ਇਕ ਬੇਕਰੀ ਵਿਚ ਨੌਕਰ ਸਾਂ। ਘਿਨਾਉਣੀ ਤੇ ਨਰਕ ਵਰਗੀ ਹਨੇਰੀ ਕੋਠੜੀ ਵਿਚ ਮੈਨੂੰ ਅੱਧ-ਭੁੱਖਾ, ਅੱਧ-ਨੰਗਾ ਰਹਿ ਕੇ ਲਗਾਤਾਰ ਸੋਲਾਂ-ਸੋਲਾਂ ਘੰਟੇ ਬਿਸਕੁਟ ਬਣਾਉਣ ਦਾ ਕੰਮ ਕਰਨਾ ਪੈਂਦਾ ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਸਾਡਾ ਘਰ ਲਾਇਲਪੁਰ ਦੀ ਬਾਰ ਵਿਚ ਹੁੰਦਾ ਸੀ। ਲਾਇਲਪੁਰ ਦੀ ਬਾਰ, ਜਿਥੇ ਮੇਰੇ ਖੇਤ ਸਨ... ਖੇਤ, ਜਿਹੜੇ ਸੋਨਾ ਉਗਲਦੇ ਸਨ... ਜਿਥੇ ਮੇਰਾ ਬਚਪਨ ਗੀਤ ਗਾਉਂਦਿਆਂ ਬੀਤਿਆ ਸੀ... ਜਿਥੋਂ ਦੀ ਕਣਕ ਦੇ ਸੁਨਹਿਰੀ ਸਿੱਟੇ ਸਾਰੀ ਦੁਨੀਆਂ ਵਿਚ ਮਸ਼ਹੂਰ ਹਨ, ਪਰ ਹੁਣ ਮੇਰਾ ਕੋਈ ਘਰ ਨਹੀਂ, ਕੋਈ ਨਹੀਂ।"

ਮੈਂ ਤੱਕਿਆ, ਧਰਮ ਸਿੰਘ ਗੜ੍ਹਵਾਲੀ ਦੀਆਂ ਪਲਕਾਂ ਝੁਕ ਗਈਆਂ ਸਨ ਤੇ ਉਹ ਕਿਸੇ ਗੂੜ੍ਹੀ ਸੋਚ ਵਿਚ ਡੁੱਬ ਗਿਆ ਸੀ। ਮੇਰਾ ਖਿਆਲ ਸੀ, ਉਹ ਮੇਰੇ ਕੋਲੋਂ ਹੋਰ ਬੜਾ ਕੁਝ ਪੁੱਛੇਗਾ, ਪਰ ਜਾਪਦਾ ਸੀ ਜਿਵੇਂ ਮੈਂ ਉਹਦੇ ਦਿਲ ਦਾ ਕੋਈ ਡੂੰਘਾ ਜ਼ਖ਼ਮ ਉਚੇੜ ਦਿੱਤਾ ਹੋਵੇ। ਮੈਂ ਚੁੱਪ ਹੋ ਗਿਆ, ਤੇ ਉਹਦੇ ਚਿਹਰੇ 'ਤੇ ਉਕਰੇ ਭਾਵਾਂ ਨੂੰ ਭਾਂਪਣ ਲੱਗਾ।

ਰੁੱਖਾਂ ਦੀ ਛਾਂ ਸਾਥੋਂ ਥੋੜ੍ਹੀ ਜਿਹੀ ਦੂਰ ਖਿਸਕ ਗਈ ਸੀ ਤੇ ਸੰਘਣੀ ਝੰਗੀ ਵੱਲੋਂ ਕੁਝ ਸਰਸਰਾਹਟ ਸ਼ੁਰੂ ਹੋ ਗਈ ਸੀ। ਕੁਝ ਪਹਾੜੀ ਕੁੜੀਆਂ ਰੁੱਖਾਂ ਦੇ ਸੁੱਕੇ ਪੱਤੇ ਹੂੰਝ ਰਹੀਆਂ ਸਨ। ਥੋੜ੍ਹੀ ਵਿੱਥ 'ਤੇ ਹੀ ਦੋ ਪਹਾੜੀਏ ਸੁੱਕਾ ਰੁੱਖ ਵੱਢ ਰਹੇ ਸਨ, ਤੇ ਪਹਾੜੀ ਕੁੜੀਆਂ ਵੱਲ ਚੋਰ ਨਿਗਾਹਾਂ ਨਾਲ ਘੂਰਦੇ ਗਾ ਰਹੇ ਸਨ,

ਨੱਥੁਲੀ ਤੋਲਾ ਕੀ
ਥੋੜ੍ਹਾ ਘਿੱਚੀ ਪੇਨੇ ਦੋ
ਨੱਥੁਲੀ ਤੋਲਾ ਕੀ...।

ਧਰਮ ਸਿੰਘ ਗੜ੍ਹਵਾਲੀ ਬੁੱਤ ਬਣਿਆ ਬੈਠਾ ਸੀ ਤੇ ਕਦੇ-ਕਦੇ ਭਰਵੀਂ ਨਿਗ੍ਹਾ ਨਾਲ ਮੇਰੇ ਵੱਲ ਤੱਕ ਲੈਂਦਾ ਸੀ। ਫਿਰ ਚੁੱਪ ਤੋੜਦਿਆਂ ਉਹਨੇ ਕਿਹਾ, "ਸਾਨੂੰ ਹੁਣ ਚੱਲਣਾ ਚਾਹੀਦਾ ਏ। ਅੱਗੇ ਕਿਸੇ ਬਸਤੀ ਵਿਚ ਚੱਲ ਕੇ ਆਰਾਮ ਕਰਾਂਗੇ।"

ਫਿਰ ਉਹਨੇ ਆਪਣਾ ਨਿੱਕ-ਸੁੱਕ ਸਮੇਟ ਲਿਆ, ਤੇ ਅਸੀਂ ਸੜਕ ਉਤੇ ਤੁਰਨ ਲੱਗੇ।

ਸੜਕ ਬਿਲਕੁਲ ਸੁੰਨ-ਸਾਨ ਸੀ। ਉਹ ਛੋਹਲੇ-ਛੋਹਲੇ ਪੈਰ ਪੁੱਟੀ ਤੁਰਿਆ ਜਾਂਦਾ। ਜਦੋਂ ਆਪਣੀ ਮੱਠੀ ਚਾਲ ਕਾਰਨ ਮੈਨੂੰ ਉਸ ਕੋਲੋਂ ਪਿੱਛੇ ਰਹਿਣਾ ਪੈ ਜਾਂਦਾ, ਤਾਂ ਉਹ ਇਕਦਮ ਰੁਕ ਜਾਂਦਾ ਤੇ ਮੈਨੂੰ ਨਾਲ ਰਲਾ ਕੇ ਕਹਿੰਦਾ, "ਕਦੇ ਸ਼ਾਇਦ ਪੈਦਲ ਨਹੀਂ ਤੁਰਿਆ ਹੋਏਂਗਾ। ਪੂਰਾ ਸ਼ਹਿਜ਼ਾਦਾ ਜਾਪਦਾ ਏਂ। ਅਸੀਂ ਆਪਣੇ ਸਾਰੇ ਪਹਾੜ ਪੈਦਲ ਹੀ ਗਾਹ ਛੱਡੇ ਹਨ। ਅਸੀਂ ਬੜੇ ਹੱਠ ਵਾਲੇ ਲੋਕ ਹਾਂ।"

ਉਹਨੇ ਸੜਕ ਦੇ ਇਕ ਲਾਂਭੇ ਖਲੋ ਕੇ ਹੱਥ ਹਿਲਾਉਣਾ ਸ਼ੁਰੂ ਕਰ ਦਿੱਤਾ। ਟਰੱਕ ਐਨ ਸਾਡੇ ਨੇੜੇ ਢੁੱਕ ਆਏ ਸਨ। ਮੇਰੇ ਟੁੱਟੇ-ਖੁੱਸੇ ਜਿਸਮ ਵਿਚ ਨਵੇਂ ਸਿਰਿਓਂ ਜਿੰਦ ਆ ਗਈ ਸੀ, ਤੇ ਮੇਰਾ ਦਿਮਾਗ ਕਲਪਨਾ ਦੇ ਗੇੜ ਵਿਚ ਭੌਣ ਲੱਗ ਪਿਆ ਸੀ, 'ਹੁਣ ਅਸੀਂ ਜਲਦੀ ਡਾਕ-ਪੱਥਰ ਪੁੱਜਾਂਗੇ। ਟਰੱਕ ਸਾਨੂੰ ਬਿਠਾ ਕੇ ਲੈ ਜਾਣਗੇ। ਹੁਣ ਸੜਕ 'ਤੇ ਲੱਤਾਂ ਨਹੀਂ ਘਸੀਟਣੀਆਂ ਪੈਣਗੀਆਂ।'

ਧਰਮ ਸਿੰਘ ਲਗਾਤਾਰ ਹੱਥ ਹਿਲਾ ਰਿਹਾ ਸੀ, ਪਰ ਟਰੱਕਾਂ ਦੀ ਰਫ਼ਤਾਰ ਵਿਚ ਕੋਈ ਫਰਕ ਨਹੀਂ ਸੀ ਆਇਆ। ਉਹ ਸਾਨੂੰ ਪਿੱਛੇ ਛੱਡ ਕੇ ਆਪਣੇ ਰਾਹ ਅੱਗੇ ਲੰਘ ਗਏ ਸਨ।

ਧਰਮ ਸਿੰਘ ਨੇ ਮੇਰੇ ਮੋਢਿਆਂ 'ਤੇ ਹੱਥ ਰੱਖਦਿਆਂ ਕਿਹਾ, "ਇਨ੍ਹਾਂ ਲੋਕਾਂ ਨੂੰ ਜ਼ਰਾ ਲਿਹਾਜ਼ ਨਹੀਂ। ਸਭ ਨਵੀਂ ਭਰਤੀ ਹੈ। ਪੁਰਾਣੇ ਡਰਾਈਵਰ ਮੈਨੂੰ ਜਾਣਦੇ ਸਨ।" ਤੇ ਫਿਰ ਮੈਨੂੰ ਦਿਲਾਸਾ ਦਿੰਦਿਆਂ ਕਿਹਾ, "ਤਕੜਾ ਹੋ, ਆਥਣ ਹੋਣ ਤੋਂ ਪਹਿਲਾਂ ਅਸੀਂ ਜ਼ਰੂਰ ਡਾਕ-ਪੱਥਰ ਪੁੱਜ ਜਾਵਾਂਗੇ।"

ਕੁਝ ਫਰਲਾਂਗ ਅੱਗੇ ਜਾ ਕੇ ਛੋਟੀ ਜਿਹੀ ਬਸਤੀ ਆ ਗਈ ਸੀ। ਸੜਕ ਦੇ ਦੋਹੀਂ ਪਾਸੀਂ ਦੁਕਾਨਾਂ ਦੀਆਂ ਲੰਮੀਆਂ ਪਾਲਾਂ ਸਨ ਤੇ ਢਲਦੇ ਬੰਨੇ ਖਪਰੈਲ ਦੀਆਂ ਝੁੱਗੀਆਂ ਦਾ ਝੁੰਡ ਖੜ੍ਹਾ ਸੀ। ਧਰਮ ਸਿੰਘ ਨੇ ਕਿਹਾ, "ਇਥੇ ਕੁਝ ਖਾ ਕੇ ਅੱਗੇ ਤੁਰਾਂਗੇ। ਤੈਨੂੰ ਜ਼ਰੂਰ ਭੁੱਖ ਲੱਗੀ ਹੋਵੇਗੀ।"

ਫਿਰ ਉਹ ਮੈਨੂੰ ਸੜਕ ਤੋਂ ਕੁਝ ਵਿੱਥ 'ਤੇ ਲੈ ਗਿਆ। ਅਸੀਂ ਇਕ ਸੰਘਣੇ ਰੁੱਖ ਦੀ ਛਾਂ ਹੇਠ ਬੈਠ ਗਏ। ਉਹਨੇ ਆਪਣੀ ਗੰਢੜੀ ਖੋਲ੍ਹ ਕੇ ਧਰਤੀ 'ਤੇ ਵਿਛਾ ਦਿੱਤੀ। ਉਹਦੇ ਵਿਚ ਕੁਝ ਸੁੱਕੇ ਟੁੱਕੜ ਸਨ। ਫਿਰ ਉਹਨੇ ਮੈਨੂੰ ਕਈ ਗੱਲਾਂ ਲਈ ਹੁਸ਼ਿਆਰ ਕੀਤਾ, "ਜਿਉਣ ਲਈ ਪਹਾੜ ਜੇਡਾ ਜੇਰਾ ਚਾਹੀਦੈ। ਮੈਂ ਬੜੀਆਂ ਲੰਮੀਆਂ ਤੇ ਬਿਖੜੀਆਂ ਵਾਟਾਂ ਲੰਘ-ਝਾਗ ਚੁੱਕਿਆ ਹਾਂ, ਤੇ ਮੈਨੂੰ ਇਨ੍ਹਾਂ ਵਾਟਾਂ ਤੋਂ ਸਦਾ ਕੋਈ ਨਵੀਂ ਗੱਲ ਲੱਭੀ ਹੈ। ਮੈਂ ਕਦੇ ਕਿਸੇ ਅੱਗੇ ਹੱਥ ਅੱਡਣੇ ਪਸੰਦ ਨਹੀਂ ਕਰਦਾ। ਜੇ ਕਦੇ ਤੁਹਾਨੂੰ ਮਜ਼ੂਰੀ ਨਾ ਮਿਲੇ ਤੇ ਜੇਬ ਖਾਲੀ ਹੋਵੇ ਤਾਂ ਕਿਸੇ ਮੋਟੇ ਬਾਣੀਏ ਦੀ ਦੁਕਾਨ 'ਤੇ ਖਾਣ ਬੈਠ ਜਾਓ। ਪੇਟ ਭਰ ਚੁੱਕਣ ਬਾਅਦ ਆਖੋ, 'ਲਾਲਾ ਭੁੱਖਾਂ ਸਾਂ, ਜੇਬ ਖਾਲੀ ਹੈ। ਅਜਿਹਾ ਕਰਨ ਲਈ ਮਜਬੂਰ ਸਾਂ।' ਕੁਝ ਝਾੜ-ਝੰਬ ਕਰਨ ਬਾਅਦ ਉਹ ਜ਼ਰੂਰ ਤੁਹਾਨੂੰ ਜਾਣ ਦਏਗਾ। ਸਮਝੇ? ਇਸ ਦੁਨੀਆਂ ਵਿਚ ਜਿਉਣ ਲਈ ਅਜਿਹੇ ਢੰਗ ਸੋਚਣੇ ਹੀ ਪੈਂਦੇ ਹਨ। ਜਿਉਂਦੇ ਰਹਿਣ ਦੀ ਖਾਹਿਸ਼ ਨੂੰ ਕਦੇ ਮਰਨ ਨਾ ਦਿਓ... ਭਾਵੇਂ ਤੁਸੀਂ ਸਮਾਜ ਦੀਆਂ ਨਜ਼ਰਾਂ ਵਿਚ ਮੁਜਰਮ ਹੀ ਕਿਉਂ ਨਾ ਠਹਿਰਾਏ ਜਾਓ!" ਇਹ ਕਹਿੰਦਾ ਹੋਇਆ ਉਹ ਆਪ-ਮੁਹਾਰਾ ਹੱਸਣ ਲੱਗ ਪਿਆ। ਮੇਰਾ ਚਿਹਰਾ ਵੀ ਮੁਸਕਰਾਹਟ ਨਾਲ ਭਖ ਉਠਿਆ। "ਹੱਸੋ, ਜੀਅ ਭਰ ਕੇ ਹੱਸੋ। ਜਿਉਣ ਲਈ ਹੱਸਣਾ ਕਿੰਨਾ ਜ਼ਰੂਰੀ ਹੈ!" ਉਹ ਆਪਣੇ ਟੁੰਬਵੇਂ ਲਹਿਜ਼ੇ ਵਿਚ ਕਹਿੰਦਾ ਗਿਆ।

ਮੈਂ ਫਿਰ ਆਪਣੀ ਗੱਲ ਦੁਹਰਾਈ, "ਕੀ ਅਜੇ ਵੀ ਡਾਕ-ਪੱਥਰ ਦੂਰ ਹੈ?"

ਉਹਨੇ ਮੇਰੇ ਵੱਲ ਤਿੱਖੀ ਨਿਗ੍ਹਾ ਨਾਲ ਤੱਕਿਆ ਤੇ ਕਹਿਣ ਲੱਗਾ, "ਡਾਕ-ਪੱਥਰ ਦੂਰ ਨਹੀਂ। ਆਥਣ ਹੋਣ ਤੱਕ ਜ਼ਰੂਰ ਅਸੀਂ ਉਥੇ ਪੁੱਜ ਜਾਵਾਂਗੇ।"

ਦਿਨ ਢਲ ਚੁੱਕਾ ਸੀ। ਅਸਮਾਨ 'ਤੇ ਅਜੇ ਲਾਲੀ ਖਿਲਰੀ ਹੋਈ ਸੀ। ਹੁਣ ਅਸੀਂ ਚਕਰੌਤਾ ਰੋਡ ਛੱਡ ਕੇ ਅਧ-ਕੱਚੀ ਜਿਹੀ ਸੜਕ 'ਤੇ ਆ ਪਏ ਸਾਂ। ਟਰੱਕਾਂ ਦੀ ਭਰਵੀਂ ਗੂੰਜ ਫਿਰ ਸਾਡੇ ਕੰਨੀਂ ਪਈ। ਧਰਮ ਸਿੰਘ ਨੇ ਕਿਹਾ, "ਹੁਣ ਟਰੱਕ ਡਾਕ-ਪੱਥਰ ਤੋਂ ਆ ਰਹੇ ਹਨ।"

ਜਦੋਂ ਟਰੱਕ ਐਨ ਸਾਡੇ ਨੇੜੇ ਆ ਗਏ ਤਾਂ ਅਸੀਂ ਤੱਕਿਆ, ਟਰੱਕਾਂ 'ਤੇ ਬੋਝਲ ਮਸ਼ੀਨਾਂ ਲੱਦੀਆਂ ਹੋਈਆਂ ਸਨ। ਧਰਮ ਸਿੰਘ ਹੰਭਲੇ ਨਾਲ ਕੁੱਦ ਕੇ ਸੜਕ ਵਿਚ ਜਾ ਖਲੋਤਾ। ਜਦੋਂ ਪਹਿਲਾ ਟਰੱਕ ਉਸ ਦੇ ਕੋਲ ਆ ਰੁਕ ਗਿਆ ਤਾਂ ਉਹਨੇ ਕਾਹਲੀ ਵਿਚ ਥਥਲਾਉਂਦਿਆਂ ਡਰਾਇਵਰ ਨੂੰ ਪੁੱਛਿਆ, "ਸ਼ਹਿਰ ਜਾ ਰਹੇ...?" ਅੱਧੀ ਗੱਲ ਉਹਦੇ ਮੂੰਹ ਵਿਚ ਹੀ ਅਟਕੀ ਰਹਿ ਗਈ। ਫਿਰ ਉਹਨੇ ਮੇਰੇ ਵੱਲ ਡੂੰਘੀ ਹਮਦਰਦੀ ਨਾਲ ਤੱਕਿਆ ਤੇ ਡਰਾਈਵਰ ਨੂੰ ਕਹਿਣ ਲੱਗਾ, "ਡਾਕ-ਪੱਥਰ ਭਰਤੀ ਖੁੱਲ੍ਹੀ ਹੋਈ ਹੈ ਨਾ?"

ਡਰਾਈਵਰ ਗੋਰਖਾ ਸੀ। ਉਹਦੇ ਮੱਥੇ 'ਤੇ ਬੇ-ਮਲੂਮੀ ਜਿਹੀ ਘੂਰੀ ਦੇ ਵੱਟ ਉਘੜੇ, ਪਰ ਜਦੋਂ ਉਸ ਨੇ ਸਾਡੀ ਹਾਲਤ ਤੱਕੀ ਤਾਂ ਉਹਦੀ ਘੂਰੀ, ਹਮਦਰਦੀ ਵਿਚ ਪਲਟ ਗਈ। ਉਹ ਕਹਿਣ ਲੱਗਾ, "ਡਾਕ-ਪੱਥਰ ਸਕੀਮ ਫੇਲ੍ਹ ਹੋ ਗਈ ਹੈ। ਅਫ਼ਸਰਾਂ ਕਿਹਾ ਹੈ, ਬਰਸਾਤ ਤੋਂ ਪਹਿਲਾਂ-ਪਹਿਲਾਂ ਮਸ਼ੀਨਾਂ ਸ਼ਹਿਰ ਪੁੱਜ ਜਾਣਗੀਆਂ ਚਾਹੀਦੀਆਂ ਹਨ, ਨਹੀਂ ਤਾਂ ਇਨ੍ਹਾਂ ਨੂੰ ਜੰਗਾਲ ਖਾ ਜਾਏਗਾ। ਸਰਕਾਰ ਨੂੰ ਹੋਰ ਹਾਨੀ ਹੋਏਗੀ।"

ਫਿਰ ਉਹ ਨੇ ਪਾਗਲ ਹਾਸਾ ਹੱਸਦਿਆਂ ਟਰੱਕ ਠੇਲ੍ਹ ਦਿੱਤਾ। ਦੂਜੇ ਟਰੱਕਾਂ ਵਾਲਿਆਂ ਨੇ ਵੀ ਸਾਡੇ ਧੂੜ-ਲਿਬੜੇ ਮੂੰਹਾਂ ਵੱਲ ਹਮਦਰਦੀ-ਭਰੀ ਨਿਗ੍ਹਾ ਸੁੱਟੀ, ਤੇ ਉਹ ਧੂੜ ਉਡਾਉਂਦੇ ਸ਼ਹਿਰ ਦੇ ਰੁਖ ਪੈ ਗਏ।

ਮੇਰੇ ਸਵੈ-ਕਾਬੂ ਦੀਆਂ ਤਣੀਆਂ ਇਕ-ਇਕ ਕਰ ਕੇ ਟੁੱਟਣ ਲੱਗੀਆਂ, ਪਰ ਧਰਮ ਸਿੰਘ ਪਹਿਲੋਂ ਵਾਂਗ ਹੀ ਅਹਿੱਲ ਸੀ। ਉਹ ਕੁਝ ਗੁਣ-ਗੁਣਾਉਣ ਲੱਗਾ,

ਚੀਲ੍ਹ ਕੇ ਪੰਖ ਕਾਟੋ
ਉਡਣ ਤੋ ਰਹੀਓ
ਚੀਲ੍ਹ ਕੇ ਪੰਖ...।

ਮੈਂ ਉਹਨੂੰ ਪੁੱਛਿਆ, "ਤੇ ਹੁਣ ਕੀ ਬਣੇਗਾ?"

ਉਹਨੇ ਮੈਨੂੰ ਦਿਲਬਰੀ ਦਿੰਦਿਆਂ ਕਿਹਾ, "ਡਾਕ-ਪੱਥਰ ਵਿਚ ਮੇਰਾ ਬੁੱਢਾ ਬਾਪੂ ਮੇਰਾ ਰਾਹ ਤੱਕ ਰਿਹਾ ਹੈ। ਮੇਰੇ ਸਾਥੀ ਮੇਰੀ ਵਾਟ ਜੋਹ ਰਹੇ ਨੇ। ਡਾਕ-ਪੱਥਰ ਦੂਰ ਨਹੀਂ।"

ਮੈਂ ਆਪਣੇ ਜ਼ਖਮਾਂ ਨਾਲ ਪੱਛੇ ਪੈਰ ਘਸੀਟਦਾ ਉਹਦੇ ਪਿੱਛੇ ਲੱਗ ਤੁਰਿਆ। ਸਾਰੇ ਪੁਲਾੜ ਵਿਚ ਤੱਤੀ ਹਵ੍ਵਾੜ ਖਿੰਡੀ ਹੋਈ ਸੀ। ਸਾਹਮਣੇ ਖਪਰੈਲ ਦੀਆਂ ਝੁਗੀਆਂ ਤੋਂ ਉਠ ਰਿਹਾ ਧੂੰਆਂ ਅਸਮਾਨ ਵੱਲ ਲਪਕ ਰਿਹਾ ਸੀ। ਜਦੋਂ ਹਨੇਰਾ ਹੋਰ ਸੰਘਣਾ ਹੁੰਦਾ ਗਿਆ ਤੇ ਹੋਰ ਸੰਘਣਾ, ਤਾਂ ਉਹਨੇ ਕੋਈ ਗੜ੍ਹਵਾਲੀ ਗੀਤ ਗੁਣ-ਗੁਣਾਉਣਾ ਸ਼ੁਰੂ ਕਰ ਦਿੱਤਾ,

...ਗੇਹੂੰ ਪਿਸ ਮਣੀ ਕਾ
ਹੱਸੀ ਜਾ ਘੜੀ ਕਾ...
ਬਾਂਹਜਗ ਬਰੀਂਜਾ
ਕਭ ਘਰ ਆਲੋ
ਕਾਂਠਾ ਕੁ ਸੁਰਜਾ...।

# ਸਾਹਬ ਨਾ ਦੇਂਦਾ ਛੁੱਟੀਆਂ...

***(ਪਿਛਲੇ ਸਫੇ ਦੀ ਬਾਕੀ)***

ਤੈਨੂੰ ਸਾਹਬ ਨਾ ਦੇਂਦਾ ਛੁੱਟੀਆਂ ਵੇ।
ਤੇਰਾ ਕੁੜਤਾ ਤਾਂ ਦਾਣਾ-ਦਾਣਾ ਵੇ
ਤਾਹੀਓਂ ਲੜਦਾਂ, ਸਵੇਰੇ ਉਠ ਜਾਣਾ ਵੇ।

ਇਨ੍ਹਾਂ ਬੋਲੀਆਂ ਵਿਚ ਵਿਛੋੜੇ ਵਿਚ ਵਿਲਕਦੀ ਅਤੇ ਵਿਛੋੜੇ ਤੋਂ ਡਰਦੀ ਕਿਸੇ ਮੁਟਿਆਰ ਦੇ ਭਾਵਾਂ ਦੀ ਤਰਜਮਾਨੀ ਹੋਈ ਹੈ। ਅਸਲ ਵਿਚ ਇਹ ਭਾਵ ਤਾਂ ਬੀਬੀ ਦੇ ਆਪਣੇ ਸਨ। ਉਹ ਵੀ ਤਾਂ ਪਤੀ ਦੀ ਛੁੱਟੀ ਇੰਜ ਹੀ ਉਡੀਕਦੀ ਹੋਵੇਗੀ। 'ਸਵੇਰੇ ਉਠ ਜਾਣ' ਦਾ ਉਹਨੂੰ ਵੀ ਤਾਂ ਫਿਕਰ ਹੁੰਦਾ ਹੋਵੇਗਾ। ਕੀ ਪਤਾ ਸੀ, ਇਕ ਦਿਨ ਸਵੇਰੇ ਉਠ ਕੇ ਉਹਦਾ ਪਤੀ ਅਜਿਹਾ ਜਾਵੇਗਾ ਕਿ ਮੁੜ ਕਦੀ ਨਹੀਂ ਪਰਤੇਗਾ।

ਕਦੀ ਸੋਚਦੀ ਹਾਂ, ਕੀ ਸੀ ਬੀਬੀ ਦੀ ਜ਼ਿੰਦਗੀ? ਇਹ ਜ਼ਿੰਦਗੀ ਸੀ ਜਾਂ ਕਈ ਸਾਲ ਲੰਮੀ ਮੌਤ ਜਿਹੜੀ ਉਹ ਪਲ-ਪਲ ਮਰਦੀ ਰਹੀ ਸੀ। ਫਿਰ ਸੋਚਦੀ ਹਾਂ, ਨਹੀਂ... ਬੀਬੀ ਤਾਂ ਸੰਘਰਸ਼ ਦਾ ਨਾਂ ਸੀ, ਹਿੰਮਤ ਦਾ ਨਾਂ ਸੀ, ਸਬਰ ਦਾ ਨਾਂ ਸੀ, ਪ੍ਰੇਰਨਾ ਦਾ ਨਾਂ ਸੀ। ਬੀਬੀ ਸਾਡੇ ਜੀਆਂ ਦੀ ਧਰਤੀ ਹੇਠਲਾ ਧੌਲ ਸੀ।

ਬੀਬੀ ਨੇ ਦੁੱਖਾਂ ਦੇ ਪਹਾੜ ਆਪ ਚੁੱਕੇ, ਤੇ ਸਾਨੂੰ ਜ਼ਿੰਦਗੀ ਦੇ ਸੁੱਖ ਦਿੱਤੇ। ਜਦੋਂ ਮੈਂ ਅਧਿਆਪਕਾ ਲੱਗੀ ਤਾਂ ਰਾਹ ਖਹਿੜੇ ਮਿਲਦਾ ਪਿੰਡ ਦਾ ਕੋਈ ਬਜ਼ੁਰਗ ਮੇਰੇ ਸਿਰ 'ਤੇ ਪਿਆਰ ਦੇ ਕੇ ਆਖਦਾ, "ਸੁਖੀ ਵੱਸੇਂ ਧੀਏ! ਤੁਹਾਡੀ ਮਾਂ ਨੇ ਤੁਹਾਡੇ ਲਈ ਬੜੇ ਜਫ਼ਰ ਜਾਲੇ ਨੇ। ਨਰਕ ਦੀ ਅੱਗ ਵਿਚੋਂ ਆਪਣੀ ਬੁੱਕਲ ਵਿਚ ਲੁਕਾ ਕੇ ਤੁਹਾਨੂੰ ਚਹੁੰ ਭੈਣਾਂ ਨੂੰ ਸੁਖੀ-ਸਾਂਦੀ ਬਾਹਰ ਲੈ ਆਉਣਾ, ਉਸੇ ਦੀ ਹਿੰਮਤ ਸੀ। ਹੁਣ ਤੁਸਾਂ ਮਾਂ ਨੂੰ ਪੁੱਤ ਬਣ ਕੇ ਵਿਖਾਉਣਾ।"

ਬੀਬੀ ਗੁਜ਼ਰੀ ਤਾਂ ਅੰਤਮ ਇਸ਼ਨਾਨ ਕਰਾਉਣ ਵੇਲੇ ਆਲੇ-ਦੁਆਲੇ ਜੁੜੀਆਂ ਪਿੰਡ ਦੇ ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ ਆਖਣ, "ਮੈਨੂੰ ਵੀ ਮਾਤਾ ਨੂੰ ਹੱਥ ਲਾ ਲੈਣ ਦਿਓ। ਇਹ ਤਾਂ ਸਤਿਜੁਗੀ ਔਰਤ ਸੀ। ਇਹ ਤਾਂ ਦੇਵੀ ਸੀ।"

ਇਹ ਸੁਣ ਕੇ ਮੈਂ ਆਪਣੇ ਅੱਥਰੂ ਪੂੰਝੇ। ਧੁੰਦਲੀਆਂ ਅੱਖਾਂ ਨਾਲ ਬੀਬੀ ਦੇ ਚਿਹਰੇ ਵੱਲ ਵੇਖਿਆ। ਮਨ ਵਿਚ ਆਇਆ, ਦੇਵੀ ਬਣਨ ਦਾ ਕਿੰਨਾ ਵੱਡਾ ਮੁੱਲ ਤਾਰਨਾ ਪਿਆ ਸੀ ਸਾਡੀ ਬੀਬੀ ਨੂੰ!

ਹੁਣ ਖ਼ਿਆਲ ਆਉਂਦਾ ਹੈ, ਉਹ ਮਾਈ ਭਾਗੋ ਦੇ ਪਿੰਡ ਦੀ ਨੂੰਹ ਸੀ, ਜ਼ਿੰਦਗੀ ਦੇ ਰਣ-ਤੱਤੇ ਵਿਚ ਪਿੱਠ ਕਿਵੇਂ ਵਿਖਾਉਂਦੀ! ਉਹਦੀ ਲੜਾਈ ਬੇਸ਼ੱਕ ਨਿੱਕੀ ਤੇ ਨਿਜੀ ਹੋਵੇਗੀ, ਪਰ ਉਹਨੇ ਹਾਰਨਾ ਨਹੀਂ ਸੀ, ਉਹਨੇ ਤਾਂ ਲੜਨਾ ਸੀ, ਜੂਝਣਾ ਸੀ। ਉਹਨੇ ਤਾਂ ਆਪਣੀ ਵਡੇਰੀ ਮਾਈ ਭਾਗੋ ਨਾਲ ਰਿਸ਼ਤੇ ਦੀ ਲੱਜ ਪਾਲਣੀ ਸੀ।

***(ਸਮਾਪਤ)***


# ਸਰਬੱਤ ਦੀ ਅਰਦਾਸ ਦੇ ਸ਼ਹੀਦਾਂ ਦੀ ਕੜੀ 'ਹੰਗਰ'



ਫਿਲਮ 'ਹੰਗਰ' ਵਿਚ ਅਦਾਕਾਰ ਮਾਈਕਲ ਫਾਸਬੈਂਡਰ ਪਿੱਛੇ ਭੱਜ ਰਹੇ ਬ੍ਰਿਟਿਸ਼ ਸਿਪਾਹੀ।

*ਬ੍ਰਿਟਿਸ਼ ਫਿਲਮਸਾਜ਼ ਸਟੀਵ ਮੈਕੁਇਨ ਦੀ ਫਿਲਮ 'ਹੰਗਰ' ਆਇਰਸ਼ ਜਾਂਬਾਜ਼ ਬੌਬੀ ਸੈਂਡਜ਼ ਦੀ ਜ਼ਿੰਦਗੀ 'ਤੇ ਆਧਾਰਤ ਹੈ। 2008 ਵਿਚ ਬਣਾਈ ਇਸ ਫਿਲਮ ਦੀ ਵਾਹਵਾ ਚਰਚਾ ਹੋਈ ਸੀ। ਇਸ ਫਿਲਮ ਤੋਂ ਬਾਅਦ ਸਟੀਵ ਨੇ 'ਸ਼ੇਮ' (2011) ਅਤੇ '12 ਯੀਅਰਜ਼ ਏ ਸਲੇਵ' (2013) ਫੀਚਰ ਫਿਲਮਾਂ ਬਣਾਈਆਂ। '12 ਯੀਅਰਸ ਏ ਸਲੇਵ' ਨੂੰ ਸਰਵੋਤਮ ਫਿਲਮ ਦਾ ਆਸਕਰ ਪੁਰਸਕਾਰ ਵੀ ਮਿਲਿਆ ਸੀ। ਅਦਾਕਾਰ ਮਾਈਕਲ ਫਾਸਬੈਂਡਰ ਨਾਲ ਸਟੀਵ ਦੀ ਖੂਬ ਜੁਗਲਬੰਦੀ ਬਣਦੀ ਹੈ। ਫਾਸਬੈਂਡਰ ਨੇ ਸਟੀਵ ਦੀਆਂ ਇਨ੍ਹਾਂ ਤਿੰਨਾਂ ਫਿਲਮਾਂ ਵਿਚ ਕਿਰਦਾਰ ਨਿਭਾਏ ਹਨ। ਸਟੀਵ ਨੇ ਇਨ੍ਹਾਂ ਫਿਲਮਾਂ ਤੋਂ ਇਲਾਵਾ 13 ਛੋਟੀਆਂ ਫਿਲਮਾਂ ਵੀ ਬਣਾਈਆਂ ਹਨ। -ਸੰਪਾਦਕ*

ਅਸੀਂ ਸਰਬੱਤ ਦੇ ਭਲੇ ਦੀ ਅਰਦਾਸ ਵਿਚ ਹਰ ਰੋਜ਼ ਉਨ੍ਹਾਂ ਸੂਰਮਿਆਂ ਨੂੰ ਯਾਦ ਕਰਦੇ ਹਾਂ ਜਿਨ੍ਹਾਂ ਨੇ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਉਤੇ ਚੜ੍ਹੇ ਅਤੇ ਆਰਿਆਂ ਨਾਲ ਚਿਰਾਏ ਗਏ; ਪਰ ਧਰਮ ਅਤੇ ਸਿਦਕ ਨਹੀਂ ਹਾਰਿਆ। ਸਿਆਹਫ਼ਾਮ ਹਦਾਇਤਕਾਰ ਸਟੀਵ ਮੈਕੁਇਨ ਦੀ ਫ਼ਿਲਮ 'ਹੰਗਰ' ਦੇਖਦੇ ਹੋਏ ਅਰਦਾਸ ਦੇ ਉਪਰਲੇ ਸ਼ਬਦ ਲਗਾਤਾਰ ਜ਼ਿਹਨ ਵਿਚ ਘੁੰਮਦੇ ਹਨ। ਇਹ ਫ਼ਿਲਮ ਸੰਨ 2008 ਵਿਚ ਪਰਦਾਪੇਸ਼ ਹੋਈ




**ਜਤਿੰਦਰ ਮੌਹਰ**

ਫੋਨ: 91-97799-34747


ਸੀ ਜੋ ਆਇਰਸ਼ ਮੁਕਤੀ ਸੰਗਰਾਮ ਦੇ ਨਾਇਕ ਬੌਬੀ ਸੈਂਡਜ਼ ਦੀ ਜ਼ਿੰਦਗੀ ਦੇ ਅੰਤਲੇ ਸਮਿਆਂ ਬਾਬਤ ਹੈ। ਬਰਤਾਨਵੀ ਬਸਤਾਨਾਂ ਦੇ ਦਾਬੇ ਵਿਰੁਧ ਆਇਰਸ਼ ਲੋਕਾਂ ਨੇ ਲੰਮਾ ਮੁਕਤੀ ਸੰਗਰਾਮ ਲੜਿਆ ਹੈ। ਬੌਬੀ ਸੈਂਡਜ਼ 18 ਸਾਲ ਦੀ ਉਮਰ ਵਿਚ ਆਇਰਸ਼ ਰਿਪਬਲਿਕਨ ਆਰਮੀ ਦਾ ਕਾਰਕੁਨ ਬਣਿਆ ਅਤੇ ਉਸੇ ਵਰ੍ਹੇ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ ਸਾਲ ਦੀ ਸਜ਼ਾ ਕੱਟਣ ਤੋਂ ਬਾਅਦ ਵਾਪਸ ਪਰਤਿਆ ਅਤੇ ਫਿਰ ਕੌਮੀ ਕਾਰਜ ਵਿਚ ਸਰਗਰਮ ਹੋ ਗਿਆ। ਦੁਬਾਰਾ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਹਨੂੰ 14 ਵਰ੍ਹਿਆਂ ਦੀ ਸਜ਼ਾ ਸੁਣਾਈ ਗਈ। ਜੇਲ੍ਹ ਵਿਚ ਉਹਨੇ ਲੇਖ ਅਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ। ਉਹਦੀਆਂ ਲਿਖਤਾਂ ਸਰਕਾਰੀ ਰੋਕਾਂ ਦੇ ਬਾਵਜੂਦ ਜੇਲ੍ਹ ਤੋਂ ਬਾਹਰ ਆਉਂਦੀਆਂ ਰਹੀਆਂ। ਉਨ੍ਹਾਂ ਦਿਨਾਂ ਵਿਚ ਬਰਤਾਨਵੀ ਬਸਤਾਨਾਂ ਨੇ ਆਇਰਸ਼ ਮੁਕਤੀ ਸੰਗਰਾਮ ਨੂੰ ਬਦਨਾਮ ਕਰਨ ਲਈ ਸਿਆਸੀ ਕੈਦੀਆਂ ਦਾ 'ਸਿਆਸੀ ਦਰਜਾ' ਖਾਰਜ ਕਰ ਦਿੱਤਾ ਅਤੇ ਆਮ ਮੁਜਰਮ ਸਿੱਧ ਕਰਨ ਦਾ ਕਾਨੂੰਨ ਪਾਸ ਕਰ ਦਿੱਤਾ। ਇਸ ਕਾਨੂੰਨ ਵਿਰੁਧ ਆਇਰਸ਼ ਸਿਆਸੀ ਕੈਦੀਆਂ ਨੇ ਭਿਆਨਕ ਸਰਦੀ ਵਿਚ ਕੰਬਲ ਲੈਣ ਅਤੇ ਜੇਲ੍ਹ ਕਮਰੇ ਦੀ ਸਫ਼ਾਈ ਕਰਨ ਤੋਂ ਮਨ੍ਹਾਂ ਕਰ ਦਿੱਤਾ। ਬਰਤਾਨੀਆ ਦੀ ਬਦਨਾਮ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਉਸ ਵੇਲੇ ਆਪਣੇ ਪੂਰੇ ਜਲੌਅ ਉਤੇ ਸੀ। ਇਸ ਅਖੌਤੀ 'ਲੋਹ-ਔਰਤ' (ਆਇਰਨ ਲੇਡੀ) ਨੇ ਆਇਰਸ਼ ਲੋਕਾਂ ਦੀਆਂ ਮੰਗਾਂ ਨੂੰ ਬੇਦਰਦੀ ਨਾਲ ਕੁਚਲਿਆ। ਸਿਆਸੀ ਕੈਦੀਆਂ ਉਤੇ ਵਰਤਾਏ ਗਏ ਕਹਿਰ ਨੂੰ ਲੇਖ ਵਿਚ ਬਿਆਨ ਕਰਨਾ ਪਾਠਕ ਉਤੇ ਤਸ਼ੱਦਦ ਹੋਵੇਗਾ। ਜੋ ਤਸ਼ੱਦਦ ਆਇਰਸ਼ ਸਿਆਸੀ ਕੈਦੀਆਂ ਨੇ ਸਹਿਣ ਕੀਤਾ, ਉਹਨੂੰ ਯਾਦ ਕਰ ਕੇ ਸਾਨੂੰ ਸਾਡੇ ਖਿੱਤੇ ਦੀ ਅਰਦਾਸ ਯਾਦ ਆਉਂਦੀ ਹੈ। ਹਕੂਮਤੀ ਜਬਰ ਸੂਰਿਆਂ ਦਾ ਸਿਦਕ ਨਹੀਂ ਡੁਲਾ ਸਕਿਆ।

ਨਾਬਰੀ ਦੀ ਇਸ ਕੜੀ ਵਿਚ ਬੌਬੀ ਸੈਂਡਜ਼ ਨੇ ਦੇਹ ਨੂੰ ਨਾਬਰੀ ਦਾ ਆਖਰੀ ਹਥਿਆਰ ਬਣਾ ਲਿਆ। ਉਹਨੇ ਹੱਕੀ ਮੰਗਾਂ ਮੰਨਵਾਉਣ ਲਈ ਜੇਲ੍ਹ ਵਿਚ ਅਣਮਿਥੇ ਸਮੇਂ ਲਈ ਭੁੱਖ ਹੜਤਾਲ ਸ਼ੁਰੂ ਕੀਤੀ ਪਰ ਜਾਬਰਾਂ ਦੇ ਕੰਨ ਉਤੇ ਜੂੰ ਨਹੀਂ ਸਰਕੀ। 'ਹੰਗਰ' ਫ਼ਿਲਮ ਰਾਜਤੰਤਰ ਦੇ ਬੇਰਹਿਮ ਜਬਰ ਦੀ ਝਲਕ ਦਿਖਾਉਂਦੀ ਹੈ। ਮਨੁੱਖੀ ਪਿੰਡਿਆਂ ਉਤੇ ਵਰਤਾਏ ਕਹਿਰ ਦੀ ਮਿਸਾਲ ਬੌਬੀ ਸੈਂਡਜ਼ ਦੀ ਦੇਹ ਬਣਦੀ ਹੈ। ਇਹ ਦਰਦ ਉਹਦੇ ਤਨ-ਮਨ ਉਤੇ ਦਿਖਦਾ ਹੈ ਜੋ ਦਰਸ਼ਕ ਦੇ ਧੁਰ ਅੰਦਰ ਤੱਕ ਉਤਰ ਜਾਂਦਾ ਹੈ। ਫ਼ਿਲਮ ਜਿੱਥੇ ਰਾਜਤੰਤਰ ਦੇ ਭਿਆਨਕ ਖ਼ਾਸੇ ਨੂੰ ਬੇਪਰਦ ਕਰਦੀ ਹੈ, ਉਥੇ ਮਨੁੱਖੀ ਸਿਦਕ ਦੀ ਸਿਖ਼ਰ ਵੀ ਹੋ ਨਿਬੜਦੀ ਹੈ।



ਬੌਬੀ ਸੈਂਡਜ਼ (ਸੱਜੇ) ਆਪਣੇ ਇਕ ਸਾਥੀ ਨਾਲ।



ਫਿਲਮਸਾਜ਼ ਸਟੀਵ ਮੈਕੁਇਨ

ਬਚਪਨ ਵਿਚ ਸੁਣਿਆ ਸੀ ਕਿ ਜੋ ਮਨੁੱਖ ਦੂਜਿਆਂ ਲਈ ਜਾਨ ਦੇਣ ਤੁਰਦੇ ਹਨ, ਉਹ ਮਨੁੱਖੀ ਸਮਾਜ ਦੀ ਸਭ ਤੋਂ ਖ਼ੂਬਸੂਰਤ ਪਰਤ ਹੁੰਦੇ ਹਨ। ਬੌਬੀ ਸੈਂਡਜ਼ ਵਿਚੋਂ ਇਹੀ ਖ਼ੂਬਸੂਰਤ ਮਨੁੱਖ ਦਿਸਦਾ ਹੈ ਜਿਹਦੇ ਸਰੀਰ ਨੂੰ ਭਾਵੇਂ ਜਾਬਰਾਂ ਨੇ ਵਿੰਨ੍ਹ ਦਿੱਤਾ ਪਰ ਉਹਦੀ ਸਦੀਵੀ ਖ਼ੂਬਸੂਰਤੀ ਨਹੀਂ ਖੋਹ ਸਕੇ। ਬੌਬੀ ਉਨ੍ਹਾਂ ਅਣਗਿਣਤ ਖ਼ੂਬਸੂਰਤ ਜੀਆਂ ਦੀ ਕਤਾਰ ਵਿਚ ਖੜ੍ਹਾ ਦਿਖਾਈ ਦਿੰਦਾ ਹੈ ਜੋ ਮਨੁੱਖ ਦੀ ਮੁਕੰਮਲ ਮੁਕਤੀ ਅਤੇ ਬਿਹਤਰ ਜ਼ਿੰਦਗੀ ਦੀ ਲੜਾਈ ਵਿਚ ਜਿੰਦੜੀਆਂ ਲਾ ਗਏ।


27 ਸਾਲਾ ਬੌਬੀ 66 ਦਿਨਾਂ ਦੀ ਭੁੱਖ ਹੜਤਾਲ ਤੋਂ ਬਾਅਦ ਸ਼ਹੀਦੀ ਪਾ ਗਿਆ। ਭੁੱਖ ਹੜਤਾਲ ਦੌਰਾਨ ਉਹ ਸੰਸਦ ਮੈਂਬਰ ਚੁਣਿਆ ਗਿਆ ਪਰ ਉਹਨੇ ਭੁੱਖ ਹੜਤਾਲ ਨਹੀਂ ਤੋੜੀ ਅਤੇ ਕਦੇ ਵੀ ਸੰਸਦ ਵਿਚ ਨਹੀਂ ਜਾ ਸਕਿਆ। ਬੌਬੀ ਦਾ ਸੰਸਦ ਮੈਂਬਰ ਚੁਣਿਆ ਜਾਣਾ ਮਾਰਗਰੇਟ ਥੈਚਰ ਲਈ ਸਿੱਧੀ ਸੱਟ ਦੀ ਤਰ੍ਹਾਂ ਸੀ। ਬੌਬੀ ਦੇ ਸੰਸਦ ਮੈਂਬਰ ਚੁਣੇ ਜਾਣ ਤੋਂ ਸਾਲ ਬਾਅਦ ਬਰਤਾਨਵੀ ਹਕੂਮਤ ਨੇ ਕਾਨੂੰਨ ਪਾਸ ਕਰ ਦਿੱਤਾ ਕਿ ਇੱਕ ਸਾਲ ਤੋਂ ਵੱਧ ਸਜ਼ਾ ਭੁਗਤਣ ਵਾਲਾ ਕੈਦੀ ਸੰਸਦ ਦੀ ਚੋਣ ਨਹੀਂ ਲੜ ਸਕਦਾ। ਇਸ ਕਾਨੂੰਨ ਦਾ ਮਕਸਦ ਆਇਰਸ਼ ਸਿਆਸੀ ਕੈਦੀਆਂ ਨੂੰ, ਖਾਸ ਕਰ ਕੇ ਭੁੱਖ ਹੜਤਾਲ ਉਤੇ ਬੈਠੇ ਕਾਰਕੁਨਾਂ ਨੂੰ ਸੰਸਦ ਵਿਚ ਪਹੁੰਚਣ ਤੋਂ ਰੋਕਣਾ ਸੀ। ਬੌਬੀ ਸੈਂਡਜ਼ ਦੀ ਭੁੱਖ ਹੜਤਾਲ ਅਤੇ ਸ਼ਹੀਦੀ ਸਮੇਂ, ਥੈਚਰ ਦੇ ਦਿੱਤੇ ਬਿਆਨ ਰਾਜਤੰਤਰ ਦੇ ਜਾਬਰ ਸੁਭਾਅ ਦੀ ਨੁਮਾਇੰਦਗੀ ਕਰਦੇ ਹਨ। ਬੌਬੀ ਸੈਂਡਜ਼ ਦੀ ਮੌਤ ਤੋਂ ਬਾਅਦ ਥੈਚਰ ਨੇ 'ਹਾਊਸ ਔਫ ਕਾਮਨਜ਼' ਵਿਚ ਬਿਆਨ ਦਿੱਤਾ, "ਬੌਬੀ ਸਜ਼ਾਯਾਫ਼ਤਾ ਮੁਜਰਮ ਸੀ। ਉਹਨੇ ਖ਼ੁਦਕੁਸ਼ੀ ਦਾ ਰਸਤਾ ਚੁਣਿਆ। ਇਹ ਉਹ ਚੋਣ ਸੀ ਜਿਹਦਾ ਹੱਕ ਬੌਬੀ ਦੀ ਜਥੇਬੰਦੀ ਆਪਣੇ ਪੀੜਤਾਂ ਨੂੰ ਨਹੀਂ ਦਿੰਦੀ।"

ਸਰਕਾਰੀ ਮਸ਼ੀਨਰੀ ਨੇ ਬੌਬੀ ਅਤੇ ਉਹਦੇ ਸਾਥੀਆਂ ਦੇ ਕੌਮੀ ਮੁਕਤੀ ਦੇ ਕਾਜ ਨੂੰ ਬਦਨਾਮ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਬੌਬੀ ਦੀ ਹਰਮਨ ਪਿਆਰਤਾ ਹੋਰ ਵਧਦੀ ਗਈ। ਸਰਕਾਰੀ ਰੋਕਾਂ ਦੇ ਬਾਵਜੂਦ ਲੱਖ ਤੋਂ ਵੱਧ ਲੋਕ ਬੌਬੀ ਦੀਆਂ ਅੰਤਮ ਰਸਮਾਂ ਵਿਚ ਸ਼ਾਮਲ ਹੋਏ। ਥੈਚਰ ਨੇ ਬੌਬੀ ਦੀ ਮੌਤ ਨੂੰ ਆਇਰਸ਼ ਰਿਪਬਲਿਕਨ ਆਰਮੀ (ਆਈ.ਆਰ.ਏ.) ਦਾ 'ਆਖ਼ਰੀ ਪੱਤਾ' ਕਿਹਾ ਸੀ ਪਰ ਬੌਬੀ ਦੀ ਮੌਤ ਤੋਂ ਬਾਅਦ ਉਹਦੀ ਜਥੇਬੰਦੀ ਆਈ.ਆਰ.ਏ. ਨੂੰ ਮਿਸਾਲੀ ਹੁੰਗਾਰਾ ਮਿਲਿਆ। ਕੌਮਾਂਤਰੀ ਪੱਧਰ ਉਤੇ ਆਇਰਸ਼ ਕੌਮੀ ਮੁਕਤੀ ਲਹਿਰ ਦੀ ਪਛਾਣ ਉਘੜਵੇਂ ਰੂਪ ਵਿਚ ਦਰਜ ਹੋਈ। ਯੂਰਪ ਦੇ ਬਹੁਤੇ ਮੁਲਕਾਂ ਵਿਚ ਬੌਬੀ ਦੀ ਯਾਦ ਵਿਚ ਵੱਡੇ ਮੁਜ਼ਾਹਰੇ ਹੋਏ। ਦੱਖਣੀ ਅਫ਼ਰੀਕਾ ਦੀ ਕੌਮੀ ਮੁਕਤੀ ਲਹਿਰ ਦੇ ਨਾਇਕ ਨੈਲਸਨ ਮੰਡੇਲਾ ਨੇ ਮੰਨਿਆ ਕਿ ਰੌਬਨ ਆਈਲੈਂਡ ਜੇਲ੍ਹ ਵਿਚ ਉਹਦੀ ਕਾਮਯਾਬ ਭੁੱਖ ਹੜਤਾਲ ਪਿੱਛੇ ਬੌਬੀ ਦੀ ਸ਼ਹੀਦੀ ਦਾ ਅਸਰ ਸੀ। ਭਾਰਤ ਦੀ ਰਾਜ ਸਭਾ ਵਿਚ ਵਿਰੋਧੀ ਧਿਰ ਨੇ ਬੌਬੀ ਦੀ ਯਾਦ ਵਿਚ ਇੱਕ ਮਿੰਟ ਦਾ ਮੌਨ ਰੱਖਿਆ ਸੀ, ਪਰ ਸੱਤਾਧਾਰੀ ਕਾਂਗਰਸ ਨੇ ਇਹਦਾ ਬਾਈਕਾਟ ਕੀਤਾ। ਅਮਰੀਕਾ ਦੇ ਬਹੁਤੇ ਅਖਬਾਰਾਂ ਨੇ ਬੌਬੀ ਅਤੇ ਉਹਦੇ ਕਾਜ ਦਾ ਭੰਡੀ ਪ੍ਰਚਾਰ ਕਰਦੇ ਲੇਖ ਛਾਪੇ ਪਰ ਅਮਰੀਕੀ ਲੋਕਾਂ ਨੇ ਮੁਲਕ ਦੇ ਵੱਖਰੇ-ਵੱਖਰੇ ਖਿੱਤਿਆਂ ਵਿਚ ਬੌਬੀ ਨੂੰ ਮਾਣ ਨਾਲ ਚੇਤੇ ਕੀਤਾ। ਬੌਬੀ ਦੀ ਹਰਮਨ ਪਿਆਰਤਾ ਮੌਜੂਦਾ ਸਮਿਆਂ ਵਿਚ ਵੀ ਉਭਰ ਕੇ ਸਾਹਮਣੇ ਆ ਰਹੀ ਹੈ। ਪਿਛਲੇ ਦਿਨੀਂ ਇਸਰਾਇਲੀ ਜੇਲ੍ਹ ਵਿਚ ਭੁੱਖ ਹੜਤਾਲ ਉਤੇ ਬੈਠੇ ਫ਼ਲਸਤੀਨੀ ਕੈਦੀ ਦੇ ਮੁੰਡੇ ਨੇ ਆਇਰਲੈਂਡ ਜਾ ਕੇ ਬੌਬੀ ਦੀ ਯਾਦਗਾਰ ਦੀ ਯਾਤਰਾ ਕੀਤੀ। ਮੁੰਡੇ ਨੇ ਆਇਰਲੈਂਡ ਅਤੇ ਫ਼ਲਸਤੀਨੀ ਸੰਗਰਾਮ ਦੀ ਸਾਂਝ ਨੂੰ ਪੁਖਤਾ ਕੀਤਾ ਹੈ।

ਇਸ ਫ਼ਿਲਮ ਬਾਬਤ ਚਰਚਾ ਅਦਾਕਾਰ ਮਾਈਕਲ ਫਾਸਬੈਂਡਰ ਦੀ ਗੱਲ ਕੀਤੇ ਬਿਨਾਂ ਅਧੂਰੀ ਹੋਵੇਗੀ। 'ਹੰਗਰ' ਵਿਚ ਮਾਈਕਲ ਨੇ ਬੌਬੀ ਸੈਂਡਜ਼ ਦਾ ਕਿਰਦਾਰ ਨਿਭਾਇਆ ਹੈ। ਉਹਦੀ ਮੁਸ਼ੱਕਤ ਪਰਦੇ ਉਤੇ ਸਾਕਾਰ ਹੁੰਦੀ ਹੈ। ਬੌਬੀ ਸੈਂਡਜ਼ ਦੀ ਭੁੱਖ ਹੜਤਾਲ 66 ਦਿਨ ਜਾਰੀ ਰਹੀ ਜਿਸ ਦੌਰਾਨ ਉਹ ਸੁੱਕ ਕੇ ਤੀਲਾ ਹੋ ਗਿਆ ਸੀ। ਮਾਈਕਲ ਨੇ ਇਸ ਕਿਰਦਾਰ ਨੂੰ ਹੂ-ਬ-ਹੂ ਪੇਸ਼ ਕਰਨ ਲਈ ਆਪਣੇ ਸਰੀਰ ਨੂੰ ਤੀਲੇ ਵਰਗਾ ਕਰ ਲਿਆ। ਹਦਾਇਤਕਾਰ ਸਟੀਵ ਮੈਕੁਇਨ ਨੇ ਜਬਰ, ਸਬਰ ਅਤੇ ਸਿਦਕ ਦਾ ਮਾਹੌਲ ਸਿਰਜਣ ਲਈ ਫ਼ਿਲਮ ਦਾ ਨਿਭਾਅ ਮਾਰਮਿਕ ਤਰੀਕੇ ਨਾਲ ਸਾਹਮਣੇ ਲਿਆਂਦਾ ਹੈ। ਇਹ ਹਦਾਇਤਕਾਰ ਦੀ ਸਿਦਕਦਿਲੀ ਅਤੇ ਹੁਨਰ ਦਾ ਸਬੂਤ ਹੈ।



ਬੌਬੀ ਸੈਂਡਜ਼ ਨੂੰ ਆਖਰੀ ਸਲਾਮੀ ਦੇ ਰਹੇ ਉਸ ਦੇ ਆਇਰਸ਼ ਸਾਥੀ।




ਬੌਬੀ ਸੈਂਡਜ਼ ਦੇ ਕਿਰਦਾਰ ਖਾਤਰ ਸੁੱਕ ਕੇ ਤੀਲਾ ਹੋਇਆ ਮਾਈਕਲ ਫਾਸਬੈਂਡਰ।

WEBSITE: DHOLRADIO.ORG

# Dhol Radio

ਪਿੰਡ ਤੋਂ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ

Request Song



Listen On Phone

Live Calls: USA 1-951-824-6365
Canada 1-604-210-1955
Skype: DHOLRADIO.ORG
1PM to 3PM
9:30PM To 11:30PM (IST)
Listen By Call: USA 702-489-0211
UK 44-20-3519-1210


Music 24/7

*Application for android and iPhone- Dhol Radio*

# Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।



*We Accept Personal Injury (PI) Cases*

Medicare & Most Private Insurances Accepted



*Contact:* Dr. Baljit Jammu
*Doctor of Chiropractic*
Ph: 510-940-8236
1090 La Playa Dr., Hayward CA 94545

# Security Solution

HD IP
ULTRA High Resolution
Gas stations, Liquor Store, Hotel/Motels, Homes
or
Any Kind Of Business

-Cash Register Interface.
-Fully Trained Tech.Staff.
-16 Year Satisfied Custmer.




2 Year Warranty

Vista CCTV TECHNOLOGY

Call Mr.Sukhpal
1-661-586-5080

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# Dhillon Truck Stop
## Dhillon Road Service

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਰੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536


ਪਹਿਲੀ ਵਾਰ ਟਾਇਰਾਂ ਦੀ ਸਭ ਤੋਂ ਵੱਡੀ ਸੇਲ
GILL EXPRESS
TRUCK TIRE ON SALE
WITH PURCHASE OF 8 TIRES
279.99
Installed
PRICE GOOD @ THESE LOCATIONS
Bakersfield @ 24/7 Truck Stop
Fresno @ Kline Truck Stop
Frazier Park @ Flying J Truck Stop
Ripon @ Jimco Truck Stop
LP22.5
CASH PRICE
STEER OR DRIVE
FET, SALES TAX, MOUNTING INCLUDED
INSTALLED OUT THE DOOR PRICE
661-203-0433


STATEN SOLAR
AFFORDABLE ENERGY FOR EVERYONE
ਸੋਲਰ ਸਿਸਟਮ ਲਗਵਾਓ ਅਤੇ ਪੈਸੇ ਬਚਾਓ
Commercial, Agricultural and Residential
Choose between $0 Down Lease or Lowest Cash Price
ਅਪਣੇ ਸਟੋਰ, ਫਾਰਮ ਅਤੇ ਘਰ ਫਰੀ ਸੋਲਰ ਸਿਸਟਮ ਲਗਵਾਓ। ਬਿਜਲੀ ਦੇ ਬਿੱਲ ਤੋਂ ਸਦਾ ਲਈ ਛੁਟਕਾਰਾ ਪਾਓ ਅਤੇ ਪੈਸੇ ਬਚਾਓ
ਕੀ ਤੁਸੀਂ ਅਪਣੇ ਸਟੋਰ, ਬਿਜ਼ਨਿਸ, ਫਾਰਮ ਜਾਂ ਘਰ ਸੋਲਰ ਸਿਸਟਮ ਕਿਸੇ ਤਜ਼ਰਬੇਕਾਰ ਇੰਜੀਨੀਅਰ ਦੀ ਸਲਾਹ ਨਾਲ ਲਗਵਾਉਣਾ ਚਾਹੋਗੇ ਜਾਂ ਕਿਸੇ ਸੇਲਜ਼ਮੈਨ ਦੀ ਸਲਾਹ ਨਾਲ? ਤਕਨੀਕੀ ਗੱਲਾਂ ਨੂੰ ਨਜ਼ਰਅੰਦਾਜ਼ ਨਾ ਕਰੋ, ਜੋ ਤੁਹਾਨੂੰ ਇਕ ਇੰਜੀਨੀਅਰ ਹੀ ਦੱਸ ਸਕਦਾ ਹੈ
ਫਰੀ, ਮਾਹਿਰਾਨਾ ਅਤੇ ਸਹੀ ਸਲਾਹ
7 ਸਾਲ ਤੋਂ ਵੀ ਵੱਧ ਸੋਲਰ ਇੰਜੀਨੀਅਰ ਵਜੋਂ ਤਜ਼ਰਬਾ
20 ਸਾਲ ਬਿਲਕੁਲ ਫਰੀ ਮੇਂਟੀਨੈਂਸ ਦੀ ਗਾਰੰਟੀ। ਹਰ ਤਰ੍ਹਾਂ ਦੀ ਦੇਖ ਭਾਲ ਅਤੇ ਇਂਸ਼ੋਰੈਂਸ ਦੀ ਜ਼ਿੰਮੇਵਾਰੀ ਵੀ ਕੰਪਨੀ ਦੀ।
Simran Deol
(Solar Engineer)
661-412-4728
Receive $500 By Referring Friends.
www.Statensolar.com
No One Can Beat Our Price Guaranteed!
$ 0 down Worry Free Lease
Fixed Monthly Bill, No Increase
Guaranteed Lowest Monthly Bill
Or Buy the System for Lowest Price
Top Quality Product
20 Year Performance Guarantee
25 Year Guarantee for Panels
FREE Maintenance for 20 years
No Need to Worry About Increasing Cost of Utility
Professional Installation
24/7 Monitoring